ਐਤਵਾਰ, 11 ਜਨਵਰੀ, 2026
28 ਪੋਹ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 222

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 11 JANUARY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪ੍ਰੂਫ਼-ਰੀਡ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਸਾਥੀ ਗੁਰਨਾਮ ਸਿੰਘ ਗਿੱਲ ਦੇ ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼



## ਅਦੁੱਤੀ ਸ਼ਖਸੀਅਤ ਦੇ ਮਾਲਕ ਸਨ

ਸਮਾਜ ਵਿੱਚ ਕੁਝ ਚੋਣਵੇਂ ਲੋਕ ਹੀ ਅਜਿਹੇ ਹੁੰਦੇ ਹਨ, ਜੋ ਆਪਣੇ ਨਿੱਜੀ ਜੀਵਨ ਤੋਂ ਉਪਰ ਉਠ ਕੇ ਸਮਾਜ ਵਿੱਚ ਵਾਪਰਦੀਆਂ ਘਟਨਾਵਾਂ ਅਤੇ ਉਹਨਾਂ ਦੇ ਮਨੁੱਖੀ ਜੀਵਨ ਉੱਤੇ ਪੈਂਦੇ ਪ੍ਰਭਾਵਾਂ ਪ੍ਰਤੀ ਸੁਚੇਤ ਹੁੰਦੇ ਹਨ ਤੇ ਆਪਣੇ ਤੋਂ ਸਿਵਾਏ ਸਮਾਜ ਲਈ ਦੇਸ਼ ਤੇ ਲੋਕਾਂ ਲਈ, ਖਾਸ ਕਰਕੇ ਦੱਬੇ-ਕੁਚਲਿਆਂ ਪ੍ਰਤੀ ਚੰਗਾ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ।

ਇਸ ਨਿਧੜਕ, ਸੂਝਵਾਨ ਅਤੇ ਵਿਲੱਖਣ ਸ਼ਖਸੀਅਤ ਦਾ ਜਨਮ 01.11.1942 ਨੂੰ ਪਿੰਡ ਵਰਪਾਲ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪਿਤਾ ਬਲਵੰਤ ਸਿੰਘ ਅਤੇ ਮਾਤਾ ਜੁਗਿੰਦਰ ਕੌਰ ਦੀ ਕੁੱਖੋਂ ਹੋਇਆ। ਮੁੱਢਲੀ ਵਿੱਦਿਆ ਪਿੰਡ ਦੇ ਸਕੂਲ ਤੋਂ ਕੀਤੀ ਅਤੇ ਅੱਠਵੀਂ ਜਮਾਤ ਵਿੱਚ ਖੰਨਾ ਸ਼ਹਿਰ ਆਪਣੇ ਭੂਆ-ਫੁੱਫੜ ਕੋਲ ਆ ਕੇ ਪੜ੍ਹਨਾ ਸ਼ੁਰੂ ਕੀਤਾ। ਮਿਡਲ ਪਾਸ ਕਰਨ ਉਪਰੰਤ ਹਾਇਰ ਸੈਕੰਡਰੀ ਸਕੂਲ ਵਿੱਚ ਦਾਖਲਾ ਲੈ ਲਿਆ, ਪਰ ਦਸਵੀਂ ਤੱਕ (ਜੋ ਕੋਰ ਕਲਾਸ ਸੀ) ਹੀ ਪੜ੍ਹਾਈ ਕੀਤੀ ਤੇ ਅੱਗੇ ਪੜ੍ਹਨਾ ਬੰਦ ਕਰ ਦਿੱਤਾ। ਪੜ੍ਹਨ ਸਮੇਂ ਦੌੜਨ ਦਾ ਸ਼ੌਕ ਸੀ, ਸਕੂਲ ਵੱਲੋਂ ਪੰਜਾਬ ਦੀਆਂ ਗੇਮਾਂ ਵਿੱਚ ਭਾਗ ਲਿਆ ਤੇ ਨੈਸ਼ਨਲ ਪੱਧਰ ਤੇ ਚੋਣ ਹੋਈ ਐਥਲੈਟਿਕ 100 ਮੀਟਰ ਦੀ ਦੌੜ ਵਿਦਿਆਰਥੀਆਂ ਵਿੱਚੋਂ ਅਹਿਮਦਾਬਾਦ ਵਿਖੇ ਨੈਸ਼ਨਲ ਗੇਮਾਂ ਵਿੱਚ ਭਾਰਤ ਵਿੱਚੋਂ ਦੂਜੇ ਸਥਾਨ 'ਤੇ ਜਿੱਤ ਪ੍ਰਾਪਤ ਕੀਤੀ।

ਸਕੂਲ ਛੱਡਣ ਉਪਰੰਤ ਵੀ ਇਹ ਸ਼ੌਕ ਜਾਰੀ ਰੱਖਿਆ ਅਤੇ ਐਕਸੀਅਨ ਕੰਵਰ ਰਜਿੰਦਰ ਸਿੰਘ ਨੇ ਸਾਥੀ ਗੁਰਨਾਮ ਸਿੰਘ ਗਿੱਲ ਦੀ ਐਥਲੈਟਿਕਸ ਦੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਹੋਇਆਂ ਬਿਜਲੀ ਬੋਰਡ ਵਿੱਚ ਨੌਕਰੀ ਦੇ ਦਿੱਤੀ ਤੇ ਸਾਥੀ ਨੇ ਸਿਟੀ ਸੈਂਟਰ ਡਵੀਜ਼ਨ, ਸਿਟੀ ਈਸਟ ਸਬ-ਡਵੀਜ਼ਨ ਵਿੱਚ 09.09.1963 ਨੂੰ ਸਹਾਇਕ ਲਾਈਨਮੈਨ ਦੇ ਤੌਰ 'ਤੇ ਬਿਜਲੀ ਬੋਰਡ ਵਿੱਚ ਜੁਆਇਨ ਕੀਤਾ ਅਤੇ 17.07.1968 ਨੂੰ ਲਾਈਨਮੈਨ ਵਜੋਂ ਪ੍ਰਮੋਟ ਹੋ ਗਏ। ਇਸ ਸਮੇਂ ਦੌਰਾਨ ਪ੍ਰਾਈਵੇਟ ਤੌਰ 'ਤੇ ਮੈਟਰਿਕ ਪਾਸ ਕੀਤੀ ਅਤੇ ਆਈ ਟੀ ਆਈ ਪਾਸ ਕੀਤੀ।

ਹਰ ਮਨੁੱਖ ਦੀਆਂ ਆਪਣੀਆਂ ਕੁਝ ਰੁਚੀਆਂ ਹੁੰਦੀਆਂ ਹਨ, ਉਹਨਾਂ ਰੁਚੀਆਂ ਮੁਤਾਬਕ ਕਈ ਵਾਰ ਹਾਲਤ ਬਣ ਜਾਂਦੇ ਹਨ ਤੇ ਉਹਨਾਂ ਨੂੰ ਅਮਲੀ ਰੂਪ ਦੇਣਾ ਸੌਖਾ ਹੋ ਜਾਂਦਾ ਹੈ। ਸਾਥੀ ਐੱਚ ਐੱਸ ਪ੍ਰਮਾਰ ਲੁਧਿਆਣਾ ਵਿਖੇ ਯੂਨੀਅਨ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਪਹੁੰਚੇ ਸਨ ਸਾਥੀ ਪ੍ਰਮਾਰ ਦੇ ਲੋਕ-ਪੱਖੀ ਵਿਚਾਰ ਸੁਣਕੇ ਪ੍ਰਭਾਵਤ ਹੋ ਗਏ ਅਤੇ ਜਥੇਬੰਦੀ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਸ ਸਮੇਂ ਸਾਥੀ ਐੱਚ ਐੱਸ ਪ੍ਰਮਾਰ ਟੀ ਐੱਸ ਯੂ ਪੰਜਾਬ ਦੇ ਪ੍ਰਧਾਨ ਸਨ। ਜਥੇਬੰਦੀ ਵਿੱਚ ਮਿਹਨਤ ਅਤੇ ਲਗਨ ਨਾਲ ਕੰਮ ਕਰਨ ਕਰਕੇ ਜਲਦੀ ਹੀ ਮੋਹਰਲੀ ਕਤਾਰ ਦੇ ਆਗੂਆਂ ਵਿੱਚ ਸ਼ਾਮਲ ਹੋ ਗਏ। 1970 ਦੇ ਦਸੰਬਰ ਮਹੀਨੇ ਵਿੱਚ ਪੰਜਾਬ ਦੇ ਸਮੁੱਚੇ ਮੁਲਾਜ਼ਮਾਂ ਨੇ ਮੰਗਾਂ ਪ੍ਰਤੀ ਇੱਕ ਦਿਨ ਦੀ ਹੜਤਾਲ ਕੀਤੀ ਬਿਜਲੀ ਬੋਰਡ ਦੇ ਮੁਲਾਜ਼ਮ ਵੀ ਇਸ ਹੜਤਾਲ ਵਿੱਚ ਸ਼ਾਮਲ ਹੋਏ।

ਅਕਾਲੀ ਸਰਕਾਰ ਵੱਲੋਂ ਇਸ ਹੜਤਾਲ ਨੂੰ ਦਬਾਉਣ ਲਈ ਵੱਡੇ ਪੱਧਰ ਤੇ ਗ੍ਰਿਫਤਾਰੀਆਂ ਸ਼ੁਰੂ ਕਰ ਦਿੱਤੀਆਂ । ਸਾਥੀ ਗੁਰਨਾਮ ਸਿੰਘ ਗਿੱਲ ਨੂੰ ਵੀ ਗ੍ਰਿਫਤਾਰ ਕਰਕੇ ਜੇਲ ਭੇਜ ਦਿੱਤਾ ਗਿਆ। ਜੇਲ੍ਹ ਵਿੱਚ ਸਾਥੀ ਗਿੱਲ ਦੀ ਮੁਲਾਕਾਤ ਪੀ ਏ ਯੂ ਦੇ ਗ੍ਰਿਫਤਾਰ ਕੀਤੇ ਮੁਲਾਜ਼ਮ ਆਗੂ ਸਾਥੀ ਰੂਪ ਸਿੰਘ ਰੂਪਾ ਨਾਲ ਹੋਈ। ਜੇਲ੍ਹ ਵਿੱਚ ਸਾਥੀ ਰੂਪਾ ਜੀ ਦੇ ਵਿਚਾਰਾਂ ਤੋਂ ਪ੍ਰਭਾਵਤ ਹੋ ਕੇ ਗਿੱਲ ਜੀ ਦੇ ਵਿਚਾਰਾਂ ਵਿੱਚ ਹੋਰ ਪ੍ਰਪੱਕਤਾ ਆਈ ਤੇ ਲੋਕ-ਪੱਖੀ ਵਿਚਾਰਧਾਰਾ ਗ੍ਰਹਿਣ ਕਰ ਲਈ ਜਿਸ ਦੇ ਆਖਰ ਤੱਕ ਪਹਿਰਾ ਦਿੰਦੇ ਰਹੇ।

ਅਪ੍ਰੈਲ 1973 ਵਿੱਚ ਜਲੰਦਰ ਵਿਖੇ ਜਥੇਬੰਦੀ ਦੀ ਕਾਨਫਰੰਸ ਹੋਈ, ਜਿਸ ਵਿੱਚ ਸਾਥੀ ਕੇਵਲ ਸਿੰਘ ਪ੍ਰਧਾਨ, ਸਾਥੀ ਮੁਖਵੰਤ ਸਿੰਘ ਸਿੱਧੂ ਜਨਰਲ ਸਕੱਤਰ ਅਤੇ ਸਾਥੀ ਗੁਰਨਾਮ ਸਿੰਘ ਗਿੱਲ ਨੂੰ ਸਹਾਇਕ ਸਕੱਤਰ ਵੱਡੇ ਬਹੁਮਤ ਨਾਲ ਚੁਣ ਲਿਆ ਗਿਆ।

ਜਦੋਂ ਲੁਧਿਆਣਾ ਤੋਂ ਕਾਫੀ ਟਰੇਡ ਯੂਨੀਅਨ ਦੇ ਸਾਥੀ ਜਲੰਧਰ ਜਥੇਬੰਦੀ ਦੀ ਚੋਣ ਵਿੱਚ ਪਹੁੰਚੇ ਹੋਏ ਸਨ ਤਾਂ ਪਿੱਛੋਂ ਛਾਉਣੀ ਮੁਹੱਲਾ ਸਾਹਮਣੇ ਬਿਜਲੀ ਬੋਰਡ ਦੀ ਕਾਲੋਨੀ ਵਿੱਚ ਇੱਕ ਅਫ਼ਸਰ ਵੱਲੋਂ ਬਿਜਲੀ ਮੁਲਾਜ਼ਮ ਦੀ ਪਤਨੀ ਨਾਲ ਗਲਤ ਹਰਕਤ ਕੀਤੀ ਗਈ, ਜਿਸ ਦਾ ਮੁਲਾਜ਼ਮਾਂ ਵਿੱਚ ਰੋਹ ਪ੍ਰਗਟ ਹੋਇਆ ਤੇ ਮੁਲਾਜ਼ਮ ਗੇਟ ਤੇ ਇੱਕਠੇ ਹੋਏ ਤੇ ਮੁਜ਼ਾਹਰਾ ਸ਼ੁਰੂ ਕਰ ਦਿੱਤਾ। ਇਸ ਅਫ਼ਸਰ ਨੂੰ ਕੁਝ ਅਫ਼ਸਰਾਂ ਵੱਲੋਂ ਕੰਧ ਟਪਾ ਕੇ ਭਜਾਇਆ ਗਿਆ। ਇਸ ਸਮੇਂ ਤੱਕ ਸਾਥੀ ਗਿੱਲ ਤੇ ਹੋਰ ਆਗੂ ਵੀ ਲੁਧਿਆਣਾ ਪਹੁੰਚ ਗਏ ਸਨ, ਐੱਫ ਆਈ ਆਰ ਦਰਜ ਕਰਾਈ ਗਈ ਤੇ ਉਸ ਅਫ਼ਸਰ ਨੂੰ ਗ੍ਰਿਫਤਾਰ ਕਰਾਇਆ।

ਇਸ ਕੇਸ ਨੂੰ ਲੜਨ ਲਈ ਇੱਕ ਤਿੰਨ ਮੈਂਬਰੀ ਕਮੇਟੀ ਬਣਾਈ ਗਈ, ਜਿਸ ਦੇ ਮੈਂਬਰ ਗੁਰਨਾਮ ਸਿੰਘ ਗਿੱਲ ਸਨ। ਸਾਥੀ ਗਿੱਲ ਤੇ ਉਸ ਸਮੇਂ ਦੇ ਅਫ਼ਸਰਾਂ ਵੱਲੋਂ ਅਤੇ ਪੁਲਸ ਵੱਲੋਂ ਕੇਸ ਤੋਂ ਵੱਖ ਹੋਣ ਲਈ ਬਹੁਤ ਦਬਾਅ ਪਾਇਆ ਗਿਆ, ਪਰ ਸਾਥੀ ਗਿੱਲ ਕਿਸੀ ਵੀ ਦਬਾਅ ਥੱਲੇ ਨਾ ਆਉਂਦੇ ਹੋਏ ਇਸ ਕੇਸ ਨੂੰ ਆਖ਼ਿਰ ਤੱਕ ਲੜਦੇ ਰਹੇ।

ਸਾਲ 1973 ਵਿੱਚ ਭਾਰਤ ਪੱਧਰ 'ਤੇ ਸਾਰੇ ਪ੍ਰਾਂਤਾਂ ਦੇ ਬਿਜਲੀ ਮੁਲਾਜ਼ਮਾਂ ਨੇ ਆਪਣੀਆਂ ਆਰਥਕ ਮੰਗਾਂ ਪ੍ਰਤੀ ਇੱਕ ਦਿਨ ਦੀ ਹੜਤਾਲ ਕਰਨ ਦਾ ਫੈਸਲਾ ਕੀਤਾ। ਹੜਤਾਲ ਤੋਂ ਇੱਕ ਦਿਨ ਪਹਿਲਾਂ ਭਾਰਤ ਸਰਕਾਰ ਦੇ ਬਿਜਲੀ ਮੰਤਰੀ ਨਾਲ ਮੀਟਿੰਗ ਹੋਣ ਤੇ 25 ਰੁਪਏ ਅੰਤਰਮ ਸਹਾਇਤਾ ਮਿਲਣ 'ਤੇ ਹੜਤਾਲ ਵਾਪਸ ਲੈ ਲਈ ਗਈ, ਇਸ ਮੰਗ ਨੂੰ ਪੰਜਾਬ ਵਿੱਚ ਲਾਗੂ ਕਰਾਉਣ ਲਈ ਅਪ੍ਰੈਲ 1974 ਵਿੱਚ ਪੰਜਾਬ ਬਿਜਲੀ ਬੋਰਡ ਦੇ ਮੁਲਾਜ਼ਮਾਂ ਵੱਲੋਂ ਇੱਕ ਦਿਨ ਦੀ ਹੜਤਾਲ ਸ਼ੁਰੂ ਕੀਤੀ, ਜੋ ਕਿ ਲੰਮੇ ਸਮੇਂ ਲਈ ਵਧਾ ਦਿੱਤੀ ਗਈ।ਇਸ ਹੜਤਾਲ ਨੂੰ ਫੇਲ੍ਹ ਕਰਨ ਲਈ ਵੱਡੇ ਪੱਧਰ 'ਤੇ ਗ੍ਰਿਫਤਾਰੀਆਂ ਹੋਈਆਂ, ਉਸ ਸਮੇਂ ਸਾਥੀ ਗੁਰਨਾਮ ਸਿੰਘ ਗਿੱਲ ਨਾਰਥ ਸਬ-ਡਵੀਜ਼ਨ ਵਿੱਚ ਤਾਇਨਾਤ ਸਨ।

ਇਸ ਦਫ਼ਤਰ ਤੋਂ ਪਹਿਲਾਂ ਚਾਰ ਸਾਥੀਆਂ ਨੂੰ ਟਾਵਰ ਸੁੱਟਣ ਦੇ ਕੇਸ ਵਿੱਚ ਗ੍ਰਿਫਤਾਰ ਕੀਤਾ ਗਿਆ। ਇਸੇ ਕੇਸ ਵਿੱਚ ਹੋਰ ਸਾਥੀਆਂ ਨੂੰ ਜੋੜਨਾ ਸ਼ੁਰੂ ਕਰ ਦਿੱਤਾ ਤੇ ਗ੍ਰਿਫਤਾਰ ਕਰ ਲਏ ਗਏ। ਬਹੁਤ ਸਾਰੇ ਆਗੂਆਂ 'ਤੇ ਭੰਨਤੋੜ ਦੇ ਕੇਸ ਪਾਏ ਗਏ ਤੇ ਅੰਮ੍ਰਿਤਸਰ ਇਨਟੈਰੋਗੇਸ਼ਨ ਸੈਂਟਰ ਭੇਜਿਆ ਗਿਆ। ਸਾਥੀ ਗੁਰਨਾਮ ਸਿੰਘ ਗਿੱਲ 'ਤੇ ਵੀ ਭੰਨ-ਤੋੜ ਦੀ ਸਾਜ਼ਿਸ਼ ਰਚਣ ਦਾ ਕੇਸ ਪਾਇਆ ਤੇ ਅੰਮ੍ਰਿਤਸਰ ਇੰਟੈਰੋਗੇਸ਼ਨ ਸੈਂਟਰ ਰੱਖ ਕੇ ਪੁਛਗਿੱਛ ਲਈ ਪੁਲਸ ਨੇ ਅਥਾਹ ਤਸ਼ੱਦਦ ਕੀਤਾ, ਪਰ ਅੱਛੀ ਗੱਲ ਇਹ ਹੋਈ ਕਿ ਇਹ ਸਾਰੇ ਕੇਸ ਝੂਠੇ ਸਾਬਤ ਹੋਏ ਤੇ ਅਦਾਲਤ ਵੱਲੋਂ ਬਾਇੱਜ਼ਤ ਸਾਰੇ ਸਾਥੀ ਬਰੀ ਕਰ ਦਿੱਤੇ ਗਏ।

ਬਿਜਲੀ ਮੁਲਾਜ਼ਮਾਂ ਦੀ 1974 ਦੀ ਹੜਤਾਲ ਨੂੰ ਫੇਲ੍ਹ ਹੋਣ ਦੇ ਕਾਰਨ ਘੋਖਣ 'ਤੇ ਮਹਿਸੂਸ ਕੀਤਾ ਗਿਆ ਕਿ ਵੱਖ-ਵੱਖ ਕਿਤਾਵਾਰ (ਕੈਟਾਗਰੀ ਵਾਈਜ਼) ਜਥੇਬੰਦੀਆਂ ਬਣਾ ਕੇ ਵਰਕਰਾਂ ਦੀ ਤਾਕਤ ਵੰਡੀ ਜਾਂਦੀ ਹੈ ਤੇ ਉਹਨਾਂ ਦੀ ਕਮਜ਼ੋਰ ਲੀਡਰਸ਼ਿਪ ਇਸ ਹੜਤਾਲ ਨੂੰ ਫੇਲ੍ਹ ਕਰਨ ਵਿੱਚ ਭਾਗੀਦਾਰ ਬਣਦੀਆਂ ਹਨ। ਇਸ ਸਮਝ ਨੂੰ ਮੁੱਖ ਰੱਖਦੇ ਹੋਏ ਇੱਕ ਅਦਾਰਾ ਇੱਕ ਯੂਨੀਅਨ ਬਣਾਉਣ ਦਾ ਫੈਸਲਾ ਸਤੰਬਰ 1975 ਵਿੱਚ ਸਾਰੀਆਂ ਜਥੇਬੰਦੀਆਂ ਨੂੰ ਇੱਕ ਜਥੇਬੰਦੀ ਵਿੱਚ ਅਮਰਜ ਕਰਕੇ ਅਗਸਤ 1976 ਵਿੱਚ ਇਸ ਜੱਥੇਬੰਦੀ ਦੀ ਪਹਿਲੀ ਕਾਨਫਰੰਸ ਪਟਿਆਲਾ ਵਿਖੇ ਕਰਕੇ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਦਾ ਮੁੱਢ ਬੰਨ੍ਹਿਆ ਗਿਆ।

ਲਗਾਤਾਰ ਸਮਾਜ ਦੀ ਅਤੇ ਬਿਜਲੀ ਮੁਲਾਜ਼ਮਾਂ ਦੀ ਸੇਵਾ ਕਰਦੇ ਹੋਏ ਆਪ ਲਾਈਨਮੈਨ ਤੋਂ 1985 ਵਿੱਚ ਜੇ ਈ ਦੇ ਅਹੁਦੇ 'ਤੇ ਪਹੁੰਚੇ ਅਤੇ ਟ੍ਰੇਡ ਯੂਨੀਅਨ ਵਿੱਚ ਵੱਖ-ਵੱਖ ਅਹੁਦਿਆਂ 'ਤੇ ਰਹਿੰਦੇ ਹੋਏ 1997 ਵਿੱਚ ਮੋਗਾ ਕਾਨਫਰੰਸ ਸਮੇਂ ਸਰਬਸੰਮਤੀ ਨਾਲ ਪੰਜਾਬ ਦੇ ਪ੍ਰਧਾਨ ਚੁਣੇ ਗਏ।

ਸਾਥੀ ਗਿੱਲ ਗਿਆਨ ਨੂੰ ਪਿਆਰ ਕਰਨ ਵਾਲੇ ਸਨ। ਉਹ ਸਮਾਜਿਕ ਸਮੱਸਿਆਵਾਂ ਦਾ ਹੱਲ ਮਾਰਕਸਵਾਦੀ ਗਿਆਨ 'ਚ ਵੇਖਦੇ ਸਨ। ਉਹਨਾਂ ਮਾਰਕਸਵਾਦ ਦਾ ਅਧਿਐਨ ਕੀਤਾ ਤੇ ਜਾਣਿਆ ਕਿ ਮਾਰਕਸਵਾਦੀ ਗਿਆਨ ਬਿਨਾਂ ਸਮਾਜਕ ਤਬਦੀਲੀ ਸੰਭਵ ਨਹੀਂ। ਇਸ ਗਿਆਨ ਕਰਕੇ ਹੀ ਗਿੱਲ ਸਾਹਿਬ ਸਮਾਜਿਕ ਸਮੱਸਿਆਵਾਂ ਦਾ ਹੱਲ ਦੂਜਿਆਂ ਦੇ ਮੁਕਾਬਲੇ ਪਹਿਲਾਂ ਕਰ ਲੈਂਦੇ ਸਨ। ਉਹਨਾ ਦੀ ਤਰਕ ਸ਼ਕਤੀ ਅਤੇ ਮੌਕੇ ਮੁਤਾਬਕ ਸਹੀ ਫੈਸਲਾ ਲੈਣ ਦੇ ਗੁਣ ਕਾਰਨ ਹੀ ਜਥੇਬੰਦੀ ਨੂੰ ਉਹਨਾਂ ਨੂੰ ਸੂਬਾਈ ਆਗੂ ਵਜੋਂ ਪ੍ਰਵਾਨ ਕੀਤਾ।

ਰਿਟਾਇਰ ਹੋਣ ਤੋਂ ਬਾਅਦ ਕੁਝ ਸਮਾਂ ਫੈਡਰੇਸ਼ਨ ਏਟਕ ਵਿੱਚ ਕੰਮ ਕਰਦੇ ਰਹੇ, ਪਰ ਇਸ ਤੋਂ ਬਾਅਦ ਖੁੱਲ੍ਹੇ ਤੌਰ 'ਤੇ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਤੇ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸਟੇਟ ਕੌਂਸਲ ਦੇ ਮੈਂਬਰ ਬਣੇ। ਸਾਥੀ ਸੰਤੋਖ ਸਿੰਘ ਬੋਪਾਰਾਏ ਦੀ ਬੇਨਤੀ' ਤੇ ਪਾਰਟੀ ਦੇ ਨਾਲ-ਨਾਲ ਪੈਨਸ਼ਨਰ ਵਿੱਚ ਵੀ ਕੰਮ ਕਰਨਾ ਸ਼ੁਰੂ ਕੀਤਾ ਤੇ ਪੈਨਸ਼ਨਰਜ਼ ਐਸੋਸੀਏਸ਼ਨ ਦੇ ਪੰਜਾਬ ਦੇ ਆਗੂ ਬਣੇ, ਵੱਖ-ਵੱਖ ਸਰਕਲਾਂ ਵਿੱਚ ਪਹੁੰਚ ਕਰਕੇ ਜੱਥੇਬੰਦੀ ਦੀ ਮੈਂਬਰਸ਼ਿਪ ਵਿੱਚ ਵਾਧਾ ਕੀਤਾ, ਪਰ ਕੁਝ ਸਮਾਂ ਇਸ ਜੱਥੇਬੰਦੀ ਵਿੱਚ ਕੰਮ ਕਰਦਿਆਂ ਕਈ ਸਾਥੀਆਂ ਵੱਲੋਂ ਇਹ ਮਹਿਸੂਸ ਕੀਤਾ ਗਿਆ ਕਿ ਬਿਜਲੀ ਬੋਰਡ ਦੀ ਮੈਨੇਜਮੈਂਟ ਵਿਰੁੱਧ ਜਥੇਬੰਦੀ ਵਿੱਚ ਕੰਮ ਕਰਦੇ ਕੁਝ ਆਗੂਆਂ ਦਾ ਸੰਘਰਸ਼ ਕਰਨ ਦਾ ਢੰਗ ਠੀਕ ਨਹੀਂ ਹੈ ਤੇ ਉਹ ਆਪਣੇ ਢੰਗ ਨਾਲ ਹੀ ਜਥੇਬੰਦੀ ਨੂੰ ਚਲਾਉਂਦੇ ਹਨ ਤੇ ਵਿਰੋਧੀ ਵਿਚਾਰਾਂ ਦੀ ਕਦਰ ਨਹੀਂ ਕੀਤੀ ਜਾਂਦੀ।

ਇਸ ਗੱਲ ਨੂੰ ਮੁੱਖ ਰੱਖਦਿਆਂ 21.07.2022 ਨੂੰ ਮੋਗਾ ਵਿਖੇ ਵੱਡਾ ਇਕੱਠ ਕਰਕੇ ਜਥੇਬੰਦਕ ਕਾਨਫਰੰਸ ਕੀਤੀ ਗਈ ਤੇ ਪਾਵਰਕਾਮ ਅਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਦੀ ਸਥਾਪਨਾ ਕੀਤੀ, ਜਿਸ ਵਿੱਚ ਸਾਥੀ ਰਾਧੇ ਸ਼ਿਆਮ ਪ੍ਰਧਾਨ ਅਤੇ ਅਮਰੀਕ ਸਿੰਘ ਮਸੀਤਾਂ ਜਨਰਲ ਸਕੱਤਰ ਅਤੇ ਸਾਥੀ ਗੁਰਨਾਮ ਸਿੰਘ ਗਿੱਲ ਜੱਥੇਬੰਦੀ ਦੇ ਸਰਬ-ਸੰਮਤੀ ਨਾਲ ਸਰਪ੍ਰਸਤ ਚੁਣੇ ਗਏ, ਜੋ ਕਿ ਹੁਣ ਤੱਕ ਵੀ ਇਸ ਜੱਥੇਬੰਦੀ ਦੇ ਸਰਪ੍ਰਸਤ ਬਣੇ ਹੋਏ ਹਨ ਤੇ ਸਾਥੀ ਗਿੱਲ ਦੇ ਵਿਚਾਰਾਂ ਨੂੰ ਪੈਨਸ਼ਨਰਜ਼ ਵਿੱਚ ਲਿਜਾ ਕੇ ਜੱਥੇਬੰਦੀ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ।

ਸਾਥੀ ਗਿੱਲ ਅੱਠ ਦਹਾਕੇ ਪੂਰੇ ਕਰਨ ਤੱਕ ਮਜ਼ਦੂਰਾਂ, ਮੁਲਾਜ਼ਮਾਂ ਪ੍ਰਤੀ ਹੁੰਦੇ ਧੱਕਿਆਂ ਵਿਰੁੱਧ ਉਹਨਾਂ ਨੂੰ ਇਨਸਾਫ ਦਿਵਾਉਣ ਲਈ ਸੰਘਰਸ਼ ਕਰਦਾ ਰਿਹਾ, ਪਰ ਉਪਕਾਰ ਦੀ ਅਜਿਹੀ ਪਾਣ ਚੜ੍ਹੀ ਹੋਈ ਸੀ ਕਿ ਦੂਜਿਆਂ ਦੇ ਦੁਖੜੇ ਹਰਨ ਲਈ ਮੁਸੀਬਤਾਂ ਦੇ ਪਹਾੜ ਆਪਣੇ ਸਿਰ ਲੈ ਲੈਣੇ ਗਿੱਲ ਸਾਹਿਬ ਦੀ ਜ਼ਿੰਦਗੀ ਦਾ ਹਿੱਸਾ ਬਣ ਗਏ ਸਨ।

ਸਾਥੀ ਗਿੱਲ ਦੀ ਸ਼ਾਦੀ ਬੀਬੀ ਨਰਿੰਦਰ ਕੌਰ ਨਾਲ 7 ਜੂਨ 1968 ਵਿੱਚ ਹੋਈ, ਜਿਨ੍ਹਾ ਸਾਰੀ ਜ਼ਿੰਦਗੀ ਦੁੱਖ-ਸੁੱਖ ਵਿੱਚ ਸਾਥ ਦਿੱਤਾ । ਜਦੋਂ 1974 ਦੀ ਹੜਤਾਲ ਸਮੇਂ ਗ੍ਰਿਫਤਾਰ ਹੋਣ ਤੋਂ ਪਹਿਲਾਂ ਸਾਥੀ ਜੀ ਅੰਡਰ-ਗਰਾਊਂਡ ਸਨ ਤਾਂ ਘਰ ਨੂੰ ਸੀਲ ਕਰ ਦਿੱਤਾ ਗਿਆ। ਬੱਚੇ ਉਸ ਸਮੇਂ ਛੋਟੇ ਸਨ, ਘਰ ਤੋਂ ਬਾਹਰ ਬੱਚਿਆਂ ਨੂੰ ਲੈ ਕੇ ਰਹਿਣਾ ਬਹੁਤ ਮੁਸ਼ਕਲ ਸੀ। ਗੁਆਂਢੀਆਂ ਕੋਲ ਰਹਿਣਾ ਤੇ ਰਿਸ਼ਤੇਦਾਰਾਂ ਕੋਲ ਰਹਿ ਕੇ ਗੁਜ਼ਾਰਾ ਕੀਤਾ, ਪਰ ਗਿੱਲ ਸਾਹਿਬ ਨਾਲ ਕੋਈ ਸ਼ਿਕਵਾ, ਸ਼ਿਕਾਇਤ ਨਹੀਂ ਕੀਤੀ, ਸਗੋਂ ਇਸ ਸੰਘਰਸ਼ ਵਿੱਚ ਪੂਰਾ ਸਾਥ ਦਿੱਤਾ ਤੇ ਆਖ਼ਰੀ ਡੇਢ ਦੋ ਸਾਲ ਜਦੋਂ ਗਿੱਲ ਜੀ ਚੂਲ੍ਹੇ 'ਤੇ ਸੱਟ ਲੱਗਣ ਕਰਕੇ ਆਪਣੇ ਆਪ ਉਠਣ ਤੋਂ ਰਹਿ ਗਏ ਤਾਂ ਸਾਰੇ ਪਰਵਾਰ ਪੁੱਤਰਾਂ, ਨੂੰਹਾਂ ਅਤੇ ਪੋਤੇ-ਪੋਤੀਆਂ ਨੇ ਉਹਨਾਂ ਦੀ ਪੂਰੀ ਸੇਵਾ ਕੀਤੀ ਅਤੇ ਦਵਾਈ-ਬੂਟੀ ਦਾ ਧਿਆਨ ਰੱਖਿਆ। ਕਿਸੇ ਕਿਸਮ ਦੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ। ਸਾਥੀ ਗਿੱਲ ਇਕੱਲਾ ਬਿਜਲੀ ਮੁਲਾਜ਼ਮਾਂ ਦਾ ਹੀ ਲੀਡਰ ਨਹੀਂ ਸੀ, ਸਗੋਂ ਲਾਲ ਬਾਗ ਮੁਹੱਲੇ ਵਿੱਚ ਵੀ ਜਾਣਿਆ-ਪਛਾਣਿਆ ਚਿਹਰਾ ਸੀ। ਲਾਲ ਬਾਗ ਮੁਹੱਲੇ ਦਾ ਬੂਟਾ ਲਾਉਣ ਵਾਲਾ ਅਤੇ ਲਾਲ ਬਾਗ ਮੁਹੱਲੇ ਦੀ ਮੋਹੜੀ ਗੱਡਣ ਵਾਲਾ ਗੁਰਨਾਮ ਸਿੰਘ ਗਿੱਲ ਹਮੇਸ਼ਾ ਲੋਕਾਂ ਦੇ ਦਿਲਾਂ ਵਿੱਚ ਵਸਦਾ ਰਹੇਗਾ।

ਇਸ ਬਹੁਪੱਖੀ ਸ਼ਖਸੀਅਤ ਦੇ ਅਚਾਨਕ ਤੁਰ ਜਾਣ ਨਾਲ ਜਿੱਥੇ ਪਰਵਾਰ ਨੂੰ ਬਹੁਤ ਵੱਡਾ ਸਦਮਾ ਲੱਗਿਆ ਹੈ, ਉਥੇ ਮਿਹਨਤਕਸ਼ ਲੋਕਾਂ ਦੇ ਸੰਘਰਸ਼ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਾਥੀ ਗਿੱਲ ਸਰੀਰਕ ਤੌਰ 'ਤੇ ਭਾਵੇਂ ਸਾਡੇ ਤੋਂ ਵਿਛੜ ਗਏ ਹਨ, ਪਰ ਮਿਹਨਤਕਸ਼ ਲੋਕਾਂ ਦੇ ਘੋਲਾਂ ਵਿੱਚ ਪਾਏ ਯੋਗਦਾਨ ਸਦਕਾ ਸਦਾ ਅਮਰ ਰਹਿਣਗੇ।

ਬਿਜਲੀ ਮੁਲਾਜ਼ਮਾਂ ਦਾ ਪਿਆਰਾ ਆਗੂ ਦੁੱਖ-ਸੁੱਖ ਵਿੱਚ ਬਰਾਬਰ ਖੜ੍ਹਨ ਵਾਲਾ ਇੱਕ ਸੱਚਾ ਕਰਮਯੋਗੀ, ਪਰਉਪਕਾਰੀ, ਆਤਮ ਸਮਰਪਣ ਕੰਮ ਪ੍ਰਤੀ ਸੱਚੀ ਨਿਸ਼ਠਾ, ਦ੍ਰਿੜ੍ਹ ਸੰਕਲਪ, ਸਮਾਜ ਪ੍ਰਤੀ ਸਮਰਪਣ ਅਤੇ ਪ੍ਰਗਤੀਸ਼ੀਲ ਵਿਚਾਰਾਂ ਦਾ ਧਾਰਨੀ ਨਿਰਸਵਾਰਥ ਸ਼ਖਸੀਅਤ ਨੂੰ ਉਹਨਾ ਦੇ ਸੰਘਰਸ਼ਾਂ ਵਿੱਚ ਨਾਲ ਚੱਲਣ ਵਾਲੇ ਸਾਥੀ ਹਮੇਸ਼ਾ ਯਾਦ ਰੱਖਣਗੇ। ਗਿੱਲ ਸਾਹਿਬ ਦੀ ਗ਼ੈਰਮੌਜੂਦਗੀ ਦਾ ਡੂੰਘਾ ਜ਼ਖਮ ਭਰਨਾ ਉਹਨਾ ਦੇ ਵਿਚਾਰਾਂ ਨੂੰ ਲੋਕਾਂ ਵਿੱਚ ਲੈ ਕੇ ਜਾਣਾ ਉਹਨਾ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਸਮੁੱਚੇ ਮਿਹਨਤਕਸ਼ ਲੋਕਾਂ ਨੂੰ ਲਾਮਬੰਦ ਕਰਕੇ ਸਮਾਜਵਾਦੀ ਸਮਾਜ ਸਿਰਜਣ ਲਈ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਲਈ ਤਿਆਰ ਰਹੀਏ ਅਤੇ ਦਿਨੋਂ-ਦਿਨ ਵਧ ਰਹੇ ਆਰਥਕ ਪਾੜੇ, ਮਿਹਨਤਕਸ਼ ਅਵਾਮ ਦੀ ਵਧ ਰਹੀ ਲੁੱਟ ਅਤੇ ਸਰਮਾਏਦਾਰੀ ਜਮਾਤ ਦੇ ਦਿਨ ਦੁਗਣੇ ਅਤੇ ਰਾਤ ਚੌਗਣੇ ਹੋ ਰਹੇ ਮੁਨਾਫ਼ੇ ਸੋਚਣ ਲਈ ਮਜਬੂਰ ਕਰਦੇ ਹਨ ਕਿ ਇਸ ਪਾੜਾ ਪਾਉਣ ਵਾਲੀ, ਵਿਤਕਰੇ ਕਰਨ ਵਾਲੀ ਅਤੇ ਸਮਾਜ ਵਿੱਚ ਫੁੱਟ ਪਾ ਕੇ ਰਾਜ ਕਰਨ ਵਾਲੀ ਪਾਰਟੀ ਵਿਰੁੱਧ ਮਜ਼ਬੂਤ ਏਕਾ ਉਸਾਰ ਕੇ ਸੰਘਰਸ਼ ਕਰੀਏ, ਤਾਂ ਕਿ ਮਜ਼ਦੂਰ ਕਲਾਸ ਦੀ ਬੰਦ-ਖਲਾਸੀ ਦਾ ਰਾਹ ਪੱਧਰਾ ਹੋ ਸਕੇ ਤੇ ਇਨਸਾਫ ਮਿਲ ਸਕੇ।

**- ਕੇਵਲ ਸਿੰਘ ਬਨਵੈਤ**
ਮੀਤ ਪ੍ਰਧਾਨ, ਪਾਵਰਕਾਮ ਐਂਡ ਟ੍ਰਾਂਸਕੋ
ਪੈਨਸ਼ਨਰਜ਼ ਯੂਨੀਅਨ ਪੰਜਾਬ (ਸੰਬੰਧਤ ਏਟਕ)
ਸੰਪਰਕ 98725-82013

## ਦ੍ਰਿੜ੍ਹ ਇਰਾਦੇ, ਕਹਿਣੀ ਤੇ ਕਥਨੀ ਦੇ ਪੱਕੇ

ਇਕ ਕਰਮਯੋਗੀ ਦੀ ਤਰ੍ਹਾਂ ਪੂਰਾ ਜੀਵਨ ਨਿਰਸਵਾਰਥ ਰਹਿ ਕੇ ਸੰਘਰਸ਼ਾਂ ਦੇ ਪਾਧੀਂ ਬਣ ਮਿਹਨਤਕਸ਼ ਜਮਾਤ ਦੀ ਬੰਦ ਖਲਾਸੀ ਲਈ ਸਰਕਾਰਾਂ ਦੇ ਤਸ਼ੱਦਦ ਝੱਲ ਕੇ ਵੀ ਅਡੋਲ ਰਹਿਣ ਵਾਲੇ ਦ੍ਰਿੜ੍ਹ ਇਰਾਦੇ, ਕਹਿਣੀ ਅਤੇ ਕਥਨੀ ਦੇ ਪੱਕੇ ਕਾਮਰੇਡ ਗੁਰਨਾਮ ਸਿੰਘ ਗਿੱਲ ਦਾ ਅਚਾਨਕ ਵਿਛੋੜਾ ਜਿੱਥੇ ਪਰਵਾਰ ਲਈ ਬੇਹੱਦ ਦੁੱਖਦਾਈ ਹੈ ਉਥੇ ਬਿਜਲੀ ਕਾਮਿਆਂ, ਪੈਨਸ਼ਨਰਾਂ ਸਮੇਤ ਮਿਹਨਤਕਸ਼ ਜਮਾਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ।ਕਾਮਰੇਡ ਗਿੱਲ ਨੇ ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ : 41 ਦੇ ਵੱਖ-ਵੱਖ ਅਹੁੱਦਿਆਂ 'ਤੇ ਲਗਾਤਾਰ ਨੇਕ ਨੀਤੀ ਨਾਲ ਕੰਮ ਕਰਕੇ ਆਪਣੀ ਮਿਹਨਤ ਦੇ ਬੱਲਬੂਤੇ 1996 ਵਿੱਚ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਭਵਨ ਮੋਗਾ ਵਿਖੇ ਹੋਈ ਸੱਤਵੀਂ ਜਥੇਬੰਦਕ ਕਾਨਫਰੰਸ ਵਿੱਚ ਸੂਬਾ ਪ੍ਰਧਾਨ ਦਾ ਸਿਖਰਲਾ ਅਹੁੱਦਾ ਹਾਸਲ ਕਰਕੇ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਦੇ ਹੋਏ ਵੀ ਨਾਮਣਾ ਖੱਟਿਆ।ਕਾਮਰੇਡ ਗਿੱਲ ਨੇ ਨਵੀਂ ਲੀਡਰਸ਼ਿਪ ਨੂੰ ਮੌਕਾ ਦੇਣ ਲਈ ਸੁਨਾਮ ਵਿਖੇ ਹੋਈ ਅੱਠਵੀਂ ਜਥੇਬੰਦਕ ਕਾਨਫਰੰਸ ਸਮੇਂ ਸੇਵਾ ਵਿੱਚ ਹੋਣ ਦੇ ਬਾਵਜੂਦ ਸੂਬਾ ਪ੍ਰਧਾਨ ਦਾ ਅਹੁੱਦਾ ਮਰਜ਼ੀ ਨਾਲ ਖਾਲੀ ਕਰਕੇ ਵੱਡੇ ਤਿਆਗ ਦੀ ਭਾਵਨਾ ਦਾ ਪ੍ਰਗਟਾਵਾ ਕੀਤਾ।ਕਾਮਰੇਡ ਗਿੱਲ ਦੇ ਸੰਘਰਸ਼ਮਈ ਜੀਵਨ ਦੀ ਗਾਥਾ ਬਹੁਤ ਲੰਮੀ ਹੈ।ਜਿਸ ਨਾਲ ਅਣਗਿਣਤ ਘਟਨਾਵਾਂ ਜੁੜੀਆਂ ਹਨ ਜਿਨ੍ਹਾਂ ਤੋਂ ਉਨ੍ਹਾਂ ਦੀ ਸੂਝ-ਸਿਆਣਪ, ਦੂਰਅੰਦੇਸ਼ੀ, ਨਿਡਰਤਾ, ਸਿਰੇ ਦੀ ਕਾਬਲੀਅਤ ਝਲਕਦੀ ਰਹੀ ਹੈ।

ਕਾਮਰੇਡ ਗੁਰਨਾਮ ਸਿੰਘ ਗਿੱਲ ਨੇ ਲੁਧਿਆਣਾ ਵਿੱਚ ਜਥੇਬੰਦੀ ਦੀ ਨਰਸ਼ਰੀ ਤਿਆਰ ਕਰਕੇ ਅਣਗਿਣਤ ਕਿਸਮ ਦੇ ਫੁੱਲਾਂ ਦੀ ਪੈਦਾਵਾਰ ਕੀਤੀ।ਜਿਨ੍ਹਾਂ ਤੋਂ ਬਣੇ ਗੁਲਦਸਤੇ ਦੀ ਖੁਸ਼ਬੂ ਨੇ ਬਿਜਲੀ ਕਾਮਿਆਂ ਦੀ ਸਿਰਮੌਰ ਜਥੇਬੰਦੀ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਨੂੰ ਮਹਿਕਾਉਣ ਦਾ ਸ਼ਾਨਦਾਰ ਕੰਮ ਕੀਤਾ।ਕੁੱਲ ਹਿੰਦ ਬਿਜਲੀ ਫੈਡਰੇਸ਼ਨ (ਐਫ ਈ) ਦੀ ਲੁਧਿਆਣਾ ਵਿਖੇ 2006 ਵਿੱਚ ਹੋਈ ਨੈਸ਼ਨਲ ਕਾਨਫਰੰਸ ਦੀ ਕਾਮਯਾਬੀ ਲਈ ਲੋਕਾਂ ਸੰਗ ਖੜਨ ਵਾਲੇ ਆਪਣੇ ਚੰਗੇ ਅਕਸ ਦੀ ਬਾਦੌਲਤ ਆਗੂ ਟੀਮ ਦਾ ਸਹਿਯੋਗ ਕਰਕੇ ਲੋੜ ਨਾਲੋਂ ਜ਼ਿਆਦਾ ਫੰਡ ਇਕੱਠਾ ਕਰਵਾ ਕੇ ਜਿਥੇ ਸ਼ਾਨਦਾਰ ਤਰੀਕੇ ਨਾਲ (ਐਫ ਈ) ਦੀ ਕਾਨਫਰੰਸ ਨੂੰ ਨੇਪਰੇ ਚਾੜ੍ਹਿਆ ਉਥੇ ਲੋਕਾਂ ਦੁਆਰਾ ਭਰੋਸੇ ਨਾਲ ਦਿੱਤੇ ਫੰਡ ਦੀ ਬਚਤ ਨੂੰ ਆਗੂ ਟੀਮ ਨੇ ਦੂਰਅੰਦੇਸ਼ੀ ਸਮਝ ਨਾਲ ਸਾਂਭ ਕੇ ਰੱਖ ਲਿਆ,ਜਿਸ ਨਾਲ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਦੀ ਤੀਸਰੀ ਮੰਜ਼ਿਲ ਤੇ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦਾ ਹੁਣ ਸ਼ਾਨਦਾਰ ਦਫਤਰ ਬਣ ਗਿਆ ਹੈ ਜੋ ਜਥੇਬੰਦਕ ਸਰਗਰਮੀਆਂ ਲਈ ਕੰਮ ਕਰ ਰਿਹਾ ਹੈ।ਕਾਮਰੇਡ ਗਿੱਲ ਜੁਝਾਰੂ ਬਿਰਤੀ ਵਾਲੇ ਸਾਹਮਣੇ ਵਾਲੇ ਨੂੰ ਬੇਬਾਕੀ ਨਾਲ ਦੋ ਟੁੱਕ ਤਰੀਕੇ ਨਾਲ ਸਹੀ ਗੱਲ ਕਹਿਣ ਵਾਲੇ ਆਗੂ ਸਨ।ਉਹਨਾਂ ਦੀ ਅੰਤਿਮ ਅਰਦਾਸ ਮੌਕੇ ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ.41 ਦੀ ਸੂਬਾ ਅਤੇ ਵਰਕਿੰਗ ਕਮੇਟੀ ਦੀ ਤਰਫ਼ੋ ਪਰਵਾਰ ਨਾਲ ਹਮਦਰਦੀ ਜ਼ਾਹਰ ਕਰਦੇ ਹੋਏ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

**- ਗੁਰਪ੍ਰੀਤ ਸਿੰਘ ਗੰਡੀਵਿੰਡ**
ਸੂਬਾ ਪ੍ਰਧਾਨ
ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿ. 41

## ਮਿਹਨਤਕਸ਼ ਲੋਕਾਂ ਦਾ ਸਾਥੀ ਸੀ ਗਿੱਲ

ਸਮਾਜ ਵਿੱਚ ਦੋ ਤਰ੍ਹਾਂ ਦੇ ਇਨਸਾਨ ਵਸਦੇ ਹਨ ਪਹਿਲੇ ਉਹ ਹਨ ਜਿਹੜੇ ਆਪਣੇ ਪਰਿਵਾਰ ਤੱਕ ਸੀਮਿਤ ਰਹਿੰਦੇ ਹਨ ਜਿਵੇਂ ਕਿ ਬੱਚਿਆਂ ਦਾ ਚੰਗਾ ਪਾਲਣ ਪੋਸ਼ਣ ਕਰਦੇ ਹਨ, ਚੰਗੀ ਪੜਾਈ ਕਰਵਾਉਦੇ ਹਨ, ਵਧੀਆ ਮਕਾਨ ਬਣਾਉਦੇ ਹਨ, ਵਧੀਆ ਖਾਂਦੇ ਪੀਦੇ ਹਨ ਅਤੇ ਜਿੰਦਗੀ ਵਿੱਚ ਵਧੀਆ ਸਹੂਲਤਾਂ ਮਾਨਣ ਲਈ ਜਦੋ ਜਹਿਦ ਕਰਦੇ ਰਹਿੰਦੇ ਹਨ ਪਰੰਤੂ ਸਮਾਜ ਪ੍ਰਤੀ ਬਣਦੀ ਜਿੰਮੇਵਾਰੀ ਵੱਲ ਕੋਈ ਧਿਆਨ ਨਹੀ ਦਿੰਦੇ।ਦੂਸਰੀ ਕਿਸਮ ਦੇ ਇਨਸਾਨ ਉਪਰੋਕਤ ਗੱਲਾਂ ਦੇ ਨਾਲ ਨਾਲ ਸਮਾਜ ਵਿੱਚ ਵਾਪਰ ਰਹੀਆਂ ਮਾੜੀਆਂ ਚੰਗੀਆਂ ਘਟਨਾਵਾਂ ਅਤੇ ਹੋ ਰਹੀ ਉਥਲ ਪੁੱਥਲ ਜਿਵੇਂ ਕਿ ਮਿਹਨਤਕਸ਼ ਲੋਕਾਂ ਨਾਲ ਵਧੀਕੀਆਂ, ਜਿਆਦਤੀਆਂ, ਲੁੱਟ-ਘਸੁੱਟ, ਨਾਇਨਸਾਫੀ, ਧੱਕੇਸ਼ਾਹੀ ਦੇ ਖਿਲਾਫ ਆਪਣਾ ਬਣਦਾ ਯੋਗਦਾਨ ਵੀ ਜ਼ਰੂਰ ਪਾਉਂਦੇ ਹਨ। ਸਾਡਾ ਪਿਆਰਾ ਅਤੇ ਜੁਝਾਰੂ ਯੋਧਾ ਸਾਥੀ ਗੁਰਨਾਮ ਸਿੰਘ ਗਿੱਲ ਦੂਸਰੀ ਕਿਸਮ ਦੇ ਇਨਸਾਨਾਂ ਵਿੱਚੋਂ ਸੀ ਅਤੇ ਜਿੰਦਗੀ ਦੇ ਆਖਰੀ ਪਲਾਂ ਤੱਕ ਵੀ ਇਸ ਵਿਚਾਰਧਾਰਾ ਨਾਲ ਜੁੜਿਆ ਰਿਹਾ।

ਸਾਥੀ ਗੁਰਨਾਮ ਸਿੰਘ ਗਿੱਲ 1963 ਵਿੱਚ ਬਿਜਲੀ ਬੋਰਡ ਵਿੱਚ ਭਰਤੀ ਹੋਣ ਤੋ ਜਲਦੀ ਬਾਅਦ ਸਾਡੇ ਬਹੁਤ ਹੀ ਸਤਿਕਾਰਯੋਗ ਸਾਥੀ ਮਰਹੂਮ ਕਾਮਰੇਡ ਐਚ ਐਸ ਪ੍ਰਮਾਰ ਦੇ ਸੰਪਰਕ ਵਿੱਚ ਆਉਣ ਤੇ ਜਥੇਬੰਦੀ ਟੈਕਨੀਕਲ ਸਰਵਿਸ ਯੂਨੀਅਨ ਜੋ ਕਿ ਬਾਅਦ ਵਿੱਚ ਫਡਰੇਸ਼ਨ ਏਟਕ ਵਿੱਚ ਸ਼ਾਮਲ ਹੋ ਗਈ ਸੀ ਵਿੱਚ ਸਰਗਰਮੀ ਨਾਲ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ।ਲਗਾਤਾਰ ਮਿਹਨਤ ਅਤੇ ਲਗਨ ਨਾਲ ਜਥੇਬੰਦੀ ਦਾ ਕੰਮ ਕਰਦਿਆਂ ਮੁਲਾਜ਼ਮਾਂ ਦੇ ਮਸਲੇ ਹੱਲ ਕਰਵਾਉਦੇ ਰਹੇ।ਇਸ ਸਮੇਂ ਵਿੱਚ ਬਹੁਤ ਸਾਰੀਆਂ ਮੁਸ਼ਕਲਾਂ ਵਿੱਚੋ ਵੀ ਗੁਜਰਨਾ ਪਿਆ ਜਿਵੇ ਕਿ ਘਰ ਨੂੰ ਸੀਲ ਕਰ ਦੇਣਾ, 1974 ਦੀ ਹੜਤਾਲ ਸਮੇਂ ਗਿਰਫ਼ਤਾਰ ਹੋਣ ਤੇ ਅੰਮ੍ਰਿਤਸਰ ਵਿਖੇ ਤਸੀਹਾ ਕੇਂਦਰ ਵਿੱਚ ਤਸੀਹੇ ਝੱਲਣੇ, ਐਕਸੀਅਨ ਬੈਂਸ ਦੇ ਖਿਲਾਫ ਫਗਵਾੜਾ ਵਿਖੇ ਚਲਦੇ ਸੰਘਰਸ਼ ਵਿੱਚ ਜੇਲ ਜਾਣਾ, ਵੱਖ-ਵੱਖ ਐਜੀਟੇਸ਼ਨ ਸਮੇਂ ਮੁਅੱਤਲ ਹੋਣ ਦੇ ਬਾਵਜੂਦ ਇਹਨਾਂ ਸਾਰੀਆਂ ਮੁਸ਼ਕਿਲਾਂ ਸਮੇਂ ਬਿਲਕੁਲ ਅਡੋਲ ਖੜੇ ਰਹੇ।

ਉਪਰੋਕਤ ਸਾਰੀਆਂ ਮੁਸ਼ਕਲਾਂ ਵਿੱਚੋਂ ਗੁਜਰਨ ਸਮੇਂ ਇਕ ਗੱਲ ਦਾ ਜਿਕਰ ਕਰਨਾ ਕੁਥਾਂ ਨਹੀ ਹੋਵੇਗਾ ਕਿ ਅਗਰ ਇਹਨਾਂ ਹਾਲਤਾਂ ਵਿੱਚ ਗਿੱਲ ਸਾਹਿਬ ਦੀ ਜੀਵਨ ਸਾਥਣ ਜੋ ਕਿ ਬਹੁਤ ਹੀ ਸਿਆਣੀ ਅਤੇ ਦਲੇਰ ਔਰਤ ਸ਼੍ਰੀਮਤੀ ਨਰਿੰਦਰ ਕੌਰ ਜੀ ਦਾ ਸਾਥ ਨਾ ਹੁੰਦਾ ਤਾਂ ਇਹਨਾਂ ਨੂੰ ਪਾਰ ਕਰਨਾ ਬਹੁਤ ਮੁਸ਼ਕਿਲ ਸੀ। ਮੈਨੂੰ ਨਿੱਜੀ ਤੌਰ 'ਤੇ ਉਹ ਸਮਾਂ ਯਾਦ ਹੈ ਕਿ ਪੰਜਾਬ ਦੇ ਬਹੁਤ ਮਾੜੇ ਹਾਲਤਾਂ ਵਿੱਚ ਅਗਰ ਲੁਧਿਆਣੇ ਦੇ ਸਾਥੀ ਮੇਰੀ ਮਦਦ ਨਾ ਕਰਦੇ ਤਾਂ ਮੇਰਾ ਆਗੂ ਦੇ ਤੌਰ ਤੇ ਕੰਮ ਕਰਨਾ ਨਾ ਮੁਮਕਣ ਹੋ ਜਾਦਾ ਕਿਉਕਿ ਮੇਰੀ ਰਹਾਇਸ਼ ਤਰਨ ਤਾਰਨ ਵਿਖੇ ਹੋਣ ਕਾਰਣ ਅਤੇ ਬਿਜਲੀ ਬੋਰਡ ਦਾ ਹੈਡ ਆਫਿਸ ਪੰਜਾਬ ਦੇ ਦੂਸਰੇ ਸਿਰੇ ਤੇ ਪਟਿਆਲੇ ਹੋਣ ਕਾਰਣ ਵਾਪਸ ਪਹੁੰਚਣਾ ਨਾਮੁਮਕਨ ਹੁੰਦਾ ਸੀ ਅਤੇ ਮੈਨੂੰ ਆਮ ਤੌਰ ਤੇ ਲੁਧਿਆਣੇ ਦੇ ਸਾਥੀ ਰਾਤ ਸਮੇਂ ਆਪਣੇ ਪਾਸ ਠਹਿਰਾਉਦੇ ਸਨ ਕਿਉਕਿ ਤਰਨ ਤਾਰਨ ਦੇ ਇਲਾਕੇ ਵਿੱਚ ਸੂਰਜ ਛਿਪਣ ਤੋਂ ਬਾਅਦ ਸਫਰ ਕਰਨਾ ਖਤਰੇ ਤੋ ਖਾਲੀ ਨਹੀਂ ਸੀ ਅਤੇ ਇਸ ਵਿੱਚ ਸਾਥੀ ਗਿੱਲ ਦੇ ਪਰਿਵਾਰ ਦਾ ਅਹਿਮ ਯੋਗਦਾਨ ਸੀ।

ਸਾਥੀ ਗਿੱਲ ਨਾਲ ਜੁੜੀਆਂ ਬਹੁਤ ਸਾਰੀਆਂ ਯਾਦਾਂ ਹਨ ਜਿਹਨਾਂ ਦਾ ਜਿਕਰ ਕੀਤਾ ਜਾ ਸਕਦਾ ਸੀ ਪਰੰਤੂ ਜਗ੍ਹਾ ਦੀ ਕਮੀ ਕਾਰਨ ਨਾਮੁਮਕਨ ਹੈ। ਸੋ ਅਸੀ ਗਿੱਲ ਦੇ ਸਾਥੀ ਪ੍ਰਣ ਕਰਦੇ ਹਾਂ ਕਿ ਜਿੰਦਗੀ ਦਾ ਬਾਕੀ ਰਹਿੰਦਾ ਸਮਾਂ ਵੀ ਦੱਬੇ ਕੁਚਲੇ ਲੋਕਾਂ ਸੰਗ ਖੜੇ ਰਹਿ ਕੇ ਸੰਘਰਸ਼ਾਂ ਨੂੰ ਸਮਰਪਿਤ ਰਹਾਂਗੇ।ਇਹੋ ਕਾਮਰੇਡ ਗੁਰਨਾਮ ਸਿੰਘ ਗਿੱਲ ਨੂੰ ਸੱਚੀ ਸੁੱਚੀ ਸ਼ਰਧਾਂਜਲੀ ਹੋਵੇਗੀ।

**- ਤਾਰਾ ਸਿੰਘ ਖਹਿਰਾ**
ਮੀਤ ਪ੍ਰਧਾਨ, ਪਾਵਰਕਾਮ ਐਂਡ ਟ੍ਰਾਂਸਕੋ
ਪੈਨਸ਼ਨਰਜ਼ ਯੂਨੀਅਨ ਪੰਜਾਬ (ਸੰਬੰਧਤ ਏਟਕ)

## ਯਾਦਾਂ ਦੇ ਝਰੋਖੇ 'ਚੋਂ



1983 ਵਿੱਚ ਏਟਕ ਦੀ ਨੈਸ਼ਨਲ ਕਾਨਫਰੰਸ ਲਾਲ ਬਾਗ ਬੰਗਲੌਰ ਕਰਨਾਟਕ ਵਿਖੇ ਹੋਈ, ਜਿਸ ਵਿੱਚ ਪੰਜਾਬ ਵਿੱਚੋਂ ਬਿਜਲੀ ਫਰੰਟ ਦੇ ਡੈਲੀਗੇਸ਼ਨ ਦੀ ਪੰਜਾਬ ਦੇ ਸੀਨੀਅਰ ਸਾਥੀਆਂ ਨਾਲ ਯਾਦਗਾਰੀ ਤਸਵੀਰ। (ਖੱਬੇ ਤੋਂ ਸੱਜੇ) ਸਰਵ ਸਾਥੀ ਦਰਸ਼ਨ ਸਿੰਘ ਬਾਗੀ, ਪਦਮ ਸਿੰਘ ਠਾਕੁਰ, ਜੀਤ ਸਿੰਘ ਦੁਖੀ, ਪਾਲ ਸਿੰਘ ਮੁੰਡੀ, ਮੁੱਖਵੰਤ ਸਿੰਘ ਸਿੱਧੂ, ਪ੍ਰਦਿਊਮਣ ਸਿੰਘ, ਪਿਆਰਾ ਸਿੰਘ ਦਿਉਸੀ, ਸੱਤਪਾਲ ਡਾਂਗ, ਮਦਨ ਲਾਲ ਦੀਦੀ, ਭਗਵਾਨ ਸਿੰਘ ਅਣਖੀ, ਮਹਿੰਦਰ ਸਿੰਘ, ਜਗਜੀਤ ਸਿੰਘ ਜੋਗਾ, ਗੁਰਨਾਮ ਸਿੰਘ ਗਿੱਲ, ਤਾਰਾ ਸਿੰਘ ਖਹਿਰਾ ਅਤੇ ਦਰਸ਼ਨ ਸਿੰਘ ਢਿੱਲੋਂ।



ਪੀ ਐਸ ਈ ਬੀ ਇੰਪਲਾਈਜ਼ ਫੈਡਰੇਸ਼ਨ (ਏਟਕ) ਦਾ ਡੈਪੂਟੇਸ਼ਨ ਨਿੱਜੀਕਰਨ ਦੇ ਸੰਬੰਧ ਵਿੱਚ ਕਾਮਰੇਡ ਏ ਬੀ ਬਰਧਨ ਨੂੰ ਮਿਲਦਿਆਂ।



ਜਥੇਬੰਦੀ ਦੇ ਸਾਬਕਾ ਸੂਬਾ ਪ੍ਰਧਾਨ ਕਾਮਰੇਡ ਐੱਚ ਐੱਸ ਪਰਮਾਰ ਨੂੰ ਸਨਮਾਨਤ ਕਰ ਰਹੇ ਸੂਬਾ ਪ੍ਰਧਾਨ ਕਾਮਰੇਡ ਗੁਰਨਾਮ ਸਿੰਘ ਗਿੱਲ।

ਵੱਲੋਂ : **ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ ਏਟਕ ਅਤੇ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ**

## ਬਾਬਾ ਫ਼ਰੀਦ ਯੂਨੀਵਰਸਿਟੀ ਵੱਲੋਂ ਉਮੀਦਾਂ ਤੇ ਪ੍ਰਾਪਤੀਆਂ ਨਾਲ ਨਵੇਂ ਸਾਲ ਦਾ ਸ਼ਾਨਦਾਰ ਸਵਾਗਤ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਫ਼ਰੀਦਕੋਟ ਵਿਖੇ ਨਵੇਂ ਸਾਲ 2026 ਦਾ ਆਗਾਜ਼ ਪਿਛਲੇ ਸਾਲ ਦੀਆਂ ਪ੍ਰਾਪਤੀਆਂ ਦੇ ਜਸ਼ਨ ਤੇ ਭਵਿੱਖ ਦੇ ਨਵੇਂ ਟੀਚਿਆਂ ਦੇ ਅਹਿਦ ਨਾਲ ਕੀਤਾ ਗਿਆ।ਯੂਨੀਵਰਸਿਟੀ ਦੇ ਸੈਨੇਟ ਹਾਲ ਵਿੱਚ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਦੀ ਪ੍ਰਧਾਨਗੀ ਹੇਠ ਇੱਕ ਵਿਸ਼ੇਸ਼ ਪ੍ਰੋਗਰਾਮ ਉਲੀਕਿਆ ਗਿਆ, ਜਿਸ ਵਿੱਚ ਯੂਨੀਵਰਸਿਟੀ ਦੇ ਸਮੂਹ ਅਧਿਕਾਰੀਆਂ ਤੇ ਫੈਕਲਟੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ।ਸਮਾਗਮ ਦੌਰਾਨ ਡਾ. ਰਾਜੀਵ ਸੂਦ ਨੇ ਸਾਲ 2025 ਦੇ ਸਫ਼ਰ ਨੂੰ ਯਾਦ ਕਰਦਿਆਂ ਦੱਸਿਆ ਕਿ ਯੂਨੀਵਰਸਿਟੀ ਨੇ ਸਿਹਤ ਸਿੱਖਿਆ ਤੇ ਖੋਜ ਦੇ ਖੇਤਰ ਵਿੱਚ ਕੌਮੀ ਪੱਧਰ 'ਤੇ ਨਾਮਣਾ ਖੱਟਿਆ ਹੈ।ਉਨ੍ਹਾਂ ਵਿਸ਼ੇਸ਼ ਤੌਰ 'ਤੇ 'ਹੱਬ ਐਂਡ ਸਪੋਕ ਮਾਡਲ' ਦੀ ਸਫ਼ਲਤਾ, ਨਵੇਂ ਪੈਰਾ-ਮੈਡੀਕਲ ਕੋਰਸਾਂ ਦੀ ਸ਼ੁਰੂਆਤ ਤੇ ਡਿਜੀਟਲ ਸਿੱਖਿਆ ਪ੍ਰਣਾਲੀ ਦੇ ਵਿਸਥਾਰ ਦਾ ਜ਼ਿਕਰ ਕੀਤਾ।ਉਨ੍ਹਾਂ ਕਿਹਾ ਕਿ ਖ਼ੂਨਦਾਨ ਕੈਂਪਾਂ ਤੇ ਵਾਤਾਵਰਣ ਦੀ ਸੰਭਾਲ ਵਰਗੇ ਸਮਾਜਿਕ ਕਾਰਜਾਂ ਵਿੱਚ ਵੀ ਸੰਸਥਾ ਮੋਹਰੀ ਰਹੀ ਹੈ।ਆਪਣੇ ਸੰਬੋਧਨ ਵਿੱਚ ਡਾ. ਸੂਦ ਨੇ ਸਮੂਹ ਸਟਾਫ਼ ਨੂੰ ਪ੍ਰੇਰਿਤ ਕਰਦਿਆਂ ਇੱਕ ਨਵਾਂ ਵਿਜ਼ਨ ਸਾਂਝਾ ਕੀਤਾ।ਉਨ੍ਹਾਂ ਕਿਹਾ ਕਿ ਸਾਡੀ ਤਰਜੀਹ ਵਿੱਚ ਸਭ ਤੋਂ ਪਹਿਲਾਂ ਦੇਸ਼ ਦੀ ਤਰੱਕੀ, ਫਿਰ ਸੰਸਥਾ ਦਾ ਹਿੱਤ ਤੇ ਅੰਤ ਵਿੱਚ ਨਿੱਜੀ ਤਰੱਕੀ ਹੋਣੀ ਚਾਹੀਦੀ ਹੈ।ਜੇਕਰ ਦੇਸ਼ ਤੇ ਸੰਸਥਾ ਤਰੱਕੀ ਕਰਨਗੇ, ਤਾਂ ਸਾਡੀ ਨਿੱਜੀ ਤਰੱਕੀ ਆਪਣੇ-ਆਪ ਯਕੀਨੀ ਹੋ ਜਾਵੇਗੀ।ਉਨ੍ਹਾਂ ਸਾਫ਼-ਸੁਥਰੀ ਪ੍ਰੀਖਿਆ ਪ੍ਰਣਾਲੀ ਤੇ ਵਿਦਿਆਰਥੀਆਂ ਦੀ ਭਲਾਈ ਨੂੰ ਯੂਨੀਵਰਸਿਟੀ ਦਾ ਮੁੱਖ ਉਦੇਸ਼ ਦੱਸਿਆ।ਇਸ ਮੌਕੇ ਰਜਿਸਟਰਾਰ ਸ੍ਰੀ ਅਰਵਿੰਦ ਕੁਮਾਰ, ਪ੍ਰੀਖਿਆ ਕੰਟਰੋਲਰ ਡਾ. ਰਾਜੀਵ ਸ਼ਰਮਾ, ਐਡੀਸ਼ਨਲ ਰਜਿਸਟਰਾਰ ਡਾ. ਰੋਹਿਤ ਚੋਪੜਾ, ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ. ਸੰਜੇ ਗੁਪਤਾ ਤੇ ਮੈਡੀਕਲ ਸੁਪਰਡੈਂਟ ਡਾ. ਨੀਤੂ ਕੁੱਕੜ ਵੀ ਮੌਜੂਦ ਸਨ।ਇਨ੍ਹਾਂ ਸਾਰੇ ਅਧਿਕਾਰੀਆਂ ਨੇ ਨਵੇਂ ਸਾਲ ਵਿੱਚ ਮਰੀਜ਼ਾਂ ਦੀ ਸੇਵਾ ਤੇ ਸਿਹਤ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਦਾ ਪ੍ਰਣ ਲਿਆ।ਪ੍ਰੋਗਰਾਮ ਦੇ ਅਖੀਰ ਵਿੱਚ ਸਮੂਹ ਸਟਾਫ਼ ਨੇ ਟੀਮ ਵਰਕ ਤੇ ਸਖ਼ਤ ਮਿਹਨਤ ਨਾਲ ਯੂਨੀਵਰਸਿਟੀ ਨੂੰ ਨਵੀਆਂ ਬੁਲੰਦੀਆਂ 'ਤੇ ਲਿਜਾਣ ਦਾ ਅਹਿਦ ਲਿਆ।

## ਬਰਸਟ ਵੱਲੋਂ 5 ਕਰੋੜ 57 ਲੱਖ ਰੁਪਏ ਦੇ ਵਿਕਾਸ ਕਾਰਜ ਦਾ ਉਦਘਾਟਨ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੀਆਂ ਸੜਕਾਂ ਦੇ ਨਵੀਨੀਕਰਨ ਤੇ ਮੁਰੰਮਤ ਦੇ ਸ਼ੁਰੂ ਕੀਤੇ ਪ੍ਰੋਜੈਕਟ ਤਹਿਤ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੱਲੋਂ ਲਗਭਗ 5 ਕਰੋੜ 57 ਲੱਖ ਰੁਪਏ ਦੀ ਲਾਗਤ ਦੇ ਵਿਕਾਸ ਕਾਰਜ ਦੀ ਸ਼ੁਰੂਆਤ ਕੀਤੀ ਗਈ ਹੈ।ਪਿੰਡ ਬਾਦਸ਼ਾਹਪੁਰ ਵਿਖੇ ਹਰਚੰਦ ਸਿੰਘ ਬਰਸਟ ਵੱਲੋਂ ਰਿਬਨ ਕੱਟ ਕੇ ਸੜਕ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕੀਤੀ ਗਈ।ਇਹ ਸੜਕ ਬਾਦਸ਼ਾਹਪੁਰ ਤੋਂ ਗੱਜੂਮਾਜਰਾ ਵਾਇਆ ਖੇੜੀ ਮੱਲਾ ਨਾਲ ਲਿੰਕ ਗੁਰਦੁਆਰਾ ਸਾਹਿਬ, ਖੇੜੀ ਮੱਲਾਂ ਤੋਂ ਗੱਜੂਮਾਜਰਾ ਨੂੰ ਜਾਂਦੀ ਹੈ।ਇਸਦੀ ਲੰਬਾਈ ਕਰੀਬ 7.35 ਕਿਲੋਮੀਟਰ ਹੈ।ਲਗਭਗ 5 ਕਰੋੜ 57 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਇਸ ਸੜਕ ਨੂੰ 10 ਫੁੱਟ ਤੋਂ 18 ਫੁੱਟ ਚੌੜਾ ਕੀਤਾ ਜਾਵੇਗਾ। ਬਰਸਟ ਦੱਸਿਆ ਕਿ ਇਲਾਕਾ ਨਿਵਾਸੀਆਂ ਵੱਲੋਂ ਇਸ ਸੜਕ ਨੂੰ ਬਣਵਾਉਣ ਦੀ ਲੰਬੇ ਸਮੇਂ ਤੋਂ ਮੰਗ ਕੀਤੀ ਜਾ ਰਹੀ ਸੀ, ਜਿਸ ਨੂੰ ਪੂਰਾ ਕਰਦਿਆਂ ਹੋਇਆਂ ਇਸ ਸੜਕ ਦੇ ਨਿਰਮਾਣ ਕਾਰਜ ਨੂੰ ਸ਼ੁਰੂ ਕਰਵਾਇਆ ਗਿਆ ਹੈ ਤੇ ਹੁਣ ਇਸ ਨੂੰ 10 ਫੁੱਟ ਤੋਂ 18 ਫੁੱਟ ਚੌੜਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਆਵਾਜਾਈ ਲਈ ਚੰਗੀਆਂ ਸੜਕਾਂ ਮੁਹੱਈਆ ਕਰਾਉਣਾ ਹੈ, ਜਿਸ ਤਹਿਤ ਸੂਬੇ ਦੀਆਂ ਸੜਕਾਂ ਦੇ ਨਵੀਨੀਕਰਨ ਤੇ ਨਿਰਮਾਣ ਦੇ ਕਾਰਜਾਂ ਨੂੰ ਤੇਜੀ ਨਾਲ ਪੂਰਾ ਕੀਤਾ ਜਾ ਰਿਹਾ ਹੈ, ਜਿਨ੍ਹਾਂ ਦੀ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਸੜਕਾਂ ਦੇ ਕੰਮਾਂ ਦੀ ਗੁਣਵੱਤਾ ਦੀ ਨਿਗਰਾਨੀ ਸੀ.ਐਮ. ਫਲਾਇੰਗ ਸਕੁਐਡ ਵੱਲੋਂ ਲਗਾਤਾਰ ਕੀਤੀ ਜਾ ਰਹੀ ਹੈ। ਚੇਅਰਮੈਨ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਕਦਮ ਕਿਸਾਨਾਂ, ਵਪਾਰੀਆਂ, ਵਿਦਿਆਰਥੀਆਂ, ਆਮ ਜਨਤਾ ਲਈ ਆਵਾਜਾਈ ਨੂੰ ਆਸਾਨ ਤੇ ਤੇਜ਼ ਬਣਾਉਣ ਵਿੱਚ ਮਦਦਗਾਰ ਸਾਬਤ ਹੋਵੇਗਾ। ਇਸ ਨਾਲ ਨਾ ਸਿਰਫ ਆਰਥਿਕ ਗਤੀਵਿਧੀਆਂ ਨੂੰ ਵਾਧਾ ਮਿਲੇਗਾ, ਸਗੋਂ ਕਿਸਾਨਾਂ ਨੂੰ ਆਪਣੀ ਫ਼ਸਲ ਮੰਡੀ ਤੱਕ ਲਿਜਾਣ ਵਿੱਚ ਵੀ ਆਸਾਨੀ ਹੋਵੇਗੀ।ਉਨ੍ਹਾਂ ਕਿਹਾ ਕਿ ਹਲਕਾ ਸਮਾਣਾ ਦੀਆਂ ਸੜਕਾਂ ਤੇ ਵਿਕਾਸ ਵਿੱਚ ਕਿਸੇ ਕਿਸਮ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

## ਵਾਰਡ ਨੰਬਰ 9 'ਚ ਇੰਟਰਲਾਕ ਦਾ ਕੰਮ ਸ਼ੁਰੂ ਕਰਾਇਆ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਨਗਰ ਕੌਂਸਲ ਸਰਹਿੰਦ ਦੇ ਅਧੀਨ ਆਉਂਦੇ ਵਾਰਡ ਨੰਬਰ 09 ਵਿਖੇ ਇੰਟਰਲੋਕ ਟਾਈਲਾਂ ਦਾ ਕੰਮ ਸ਼ੁਰੂ ਕਰਵਾਇਆ ਗਿਆ।ਵਿਧਾਇਕ ਰਾਏ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਕਾਸ ਕਾਰਜਾਂ ਦੀ ਝੜੀ ਲਾ ਦਿੱਤੀ ਗਈ ਹੈ।ਰੋਜ਼ਾਨਾ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਜਾ ਰਹੇ ਹਨ ਤੇ ਕੰਮ ਨੂੰ ਰਫ਼ਤਾਰ ਦੇ ਨਾਲ ਚਲਾਇਆ ਜਾ ਰਿਹਾ ਹੈ ਤਾਂ ਜੁ ਵਿਕਾਸ ਪੱਖੋਂ ਸ਼ਹਿਰ ਦੀ ਨੁਹਾਰ ਬਦਲੀ ਜਾ ਸਕੇ। ਉਨ੍ਹਾਂ ਕਿਹਾ ਕਿ ਕੌਂਸਲਰ ਹਰਵਿੰਦਰ ਕੌਰ ਤੇ ਸਾਡੇ ਬਲਾਕ ਪ੍ਰਧਾਨ ਬਲਵੀਰ ਸੋਢੀ ਦੇ ਵਾਰਡ 09 ਵਿਖੇ ਕਰੀਬ 10 ਲੱਖ ਰੁਪਏ ਦੀ ਲਾਗਤ ਦੇ ਨਾਲ ਕੰਮ ਸ਼ੁਰੂ ਕਰਾਇਆ ਗਿਆ ਹੈ।ਇਸ ਰਾਸਤੇ ਦੇ ਬਣਨ ਨਾਲ ਪੂਰਾ ਏਰੀਆ ਸ਼ਹਿਰ ਦੇ ਨਾਲ ਕਨੈਕਟ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਇਲਾਕੇ ਦੇ ਵਿੱਚ ਪੀਣ ਪਾਲੇ ਪਾਣੀ ਦੀ ਲੰਬੇ ਸਮੇਂ ਤੋਂ ਸਮੱਸਿਆ ਚੱਲੀ ਆ ਰਹੀ ਹੈ।ਉਸ ਨੂੰ ਧਿਆਨ ਵਿੱਚ ਰੱਖਦਿਆਂ ਜਲਦ ਹੀ ਇੱਥੇ ਇੱਕ ਨਵਾਂ ਟਿਊਬਵੈਲ ਲਾਉਣ ਦਾ ਵੀ ਕੰਮ ਸ਼ੁਰੂ ਕਰਾਇਆ ਜਾਵੇਗਾ।ਫਿਰ ਇਲਾਕੇ 'ਚ ਪੀਣ ਵਾਲੇ ਪਾਣੀ ਦੀ ਸਮੱਸਿਆ ਖਤਮ ਹੋ ਜਾਵੇਗੀ।ਉਨ੍ਹਾਂ ਭਰੋਸਾ ਦਿੱਤਾ ਕਿ ਆਉਣ ਵਾਲੇ ਦਿਨਾਂ ਵਿੱਚ ਵਿਕਾਸ ਦੇ ਹੋਰ ਕੰਮ ਵੀ ਕਰਾਏ ਜਾ ਰਹੇ ਹਨ।ਇਲਾਕਾ ਨਿਵਾਸੀਆਂ ਵੱਲੋਂ ਜਿੱਥੇ ਆਈ ਟੀਮ ਦਾ ਹਾਰਾਂ ਦੇ ਨਾਲ ਸਵਾਗਤ ਕੀਤਾ ਗਿਆ, ਉੱਥੇ ਵਿਧਾਇਕ ਲਖਬੀਰ ਸਿੰਘ ਰਾਏ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਤ ਕੀਤਾ ਗਿਆ।

## ਗਿੱਲੇ ਕੂੜੇ ਤੋਂ ਤਿਆਰ ਕੀਤੀ ਖਾਦ ਘਰਾਂ 'ਚ ਵੰਡੀ



**ਕੋਟ ਈਸੇ ਖਾਂ (ਅਰੋੜਾ)**-ਨਗਰ ਪੰਚਾਇਤ ਕੋਟ ਈਸੇ ਖਾਂ ਦੇ ਕਾਰਜ ਸਾਧਕ ਅਫਸਰ ਸ੍ਰੀ ਅਮਰਇੰਦਰ ਸਿੰਘ ਜੀ ਦੀ ਯੋਗ ਅਗਵਾਈ ਹੇਠ ਗਿੱਲੇ ਕੂੜੇ ਤੋਂ ਤਿਆਰ ਕੀਤੀ ਖਾਦ ਨੂੰ ਘਰਾਂ ਵਿੱਚ ਵੰਡਿਆ ਗਿਆ ਅਤੇ ਨਾਲ ਨਾਲ ਸ਼ਹਿਰ ਵਾਸੀਆਂ ਨੂੰ ਘਰ ਵਿੱਚ ਹੀ ਖਾਦ ਤਿਆਰ ਕਰਨ ਵਾਸਤੇ ਵੀ ਅਪੀਲ ਕੀਤੀ ਗਈ। ਸੈਕਟਰੀ ਇੰਸਪੈਕਟਰ ਦਵਿੰਦਰ ਸਿੰਘ ਜੀ ਵੱਲੋਂ ਘਰ ਵਿੱਚ ਖਾਦ ਤਿਆਰ ਕਰਨ ਵਾਸਤੇ ਲੋਕਾਂ ਨਾਲ ਵਿਧੀ ਸਮਝਾਈ ਗਈ ਕਿ ਕਿਸ ਤਰ੍ਹਾਂ ਅਸੀਂ ਆਪਣੇ ਘਰ ਦੇ ਗਿੱਲੇ ਕੂੜੀ ਨੂੰ ਘਰ ਵਿੱਚ ਹੀ ਮੈਨੇਜ ਕਰਕੇ ਉਸ ਤੋਂ ਬਹੁਤ ਹੀ ਵਧੀਆ ਜੈਵਿਕ ਖਾਦ ਤਿਆਰ ਕਰ ਸਕਦੇ ਹਾਂ ਜਿਸ ਨਾਲ ਕਿ ਅਸੀਂ ਆਪਣੇ ਘਰ ਨੂੰ ਜ਼ੀਰੋ ਵੇਸਟ ਹੋਮ ਬਣਾ ਸਕਦੇ ਹਾਂ ਇਸ ਸਮੇਂ ਸੀ ਐਫ ਸੀਮਾ ਮੋਟੀਵੇਟਰ ਗੀਤਾ ਰਾਣੀ ਤੇ ਗੀਤਾ ਸ਼ਰਮਾ ਹਾਜ਼ਰ ਸਨ।

## ਲੋੜਵੰਦ ਪਰਵਾਰਾਂ ਨੂੰ ਬੂਟ, ਜੁਰਾਬਾਂ, ਕੰਬਲ ਵੰਡੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਢੱਡੇ ਦੀ ਸਮੂਹ ਮੈਨੇਜਮੈਂਟ, ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਰਲ-ਮਿਲ ਕੇ ਲੋੜਵੰਦ ਪਰਵਾਰਾਂ ਲਈ ਗ਼ਰਮ ਕੰਬਲ, ਕੱਪੜੇ, ਜੁਰਾਬਾਂ ਤੇ ਬੂਟਾਂ ਦਾ ਪ੍ਰਬੰਧ ਕੀਤਾ ਗਿਆ।ਚੇਅਰਮੈਨ ਕੁਲਵੰਤ ਸਿੰਘ ਸਿੱਧੂ ਤੇ ਐੱਮ ਡੀ ਗੁਰਬਿੰਦਰ ਸਿੰਘ ਬੱਲੀ ਨੇ ਦੱਸਿਆ ਕਿ ਸਮੂਹ ਸੰਸਥਾ ਵੱਲੋਂ ਇਹ ਪੁੰਨ ਧਰਮ ਦਾ ਕੰਮ ਦਸਮੇਸ਼ ਪਿਤਾ ਦੇ ਸਤਿਕਾਰਯੋਗ ਚਾਰੋਂ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ ਨੂੰ ਸਮਰਪਤ ਕੀਤਾ ਗਿਆ ਹੈ।ਉਨ੍ਹਾਂ ਨੇ ਪੂਰੇ ਸੰਸਾਰ ਵਿੱਚ ਸਮੁੱਚੀ ਮਾਨਵਤਾ ਤੇ ਜ਼ਬਰ ਜ਼ੁਲਮ ਦੇ ਖਿਲਾਫ ਲੜਦਿਆਂ ਹੋਇਆਂ ਸ਼ਹਾਦਤ ਦਿੱਤੀ ਜੋ ਪੂਰੇ ਸੰਸਾਰ ਵਿੱਚ ਤਵੱਡੀ ਮਿਸਾਲ ਹੈ।ਸੰਸਥਾ ਦੇ ਡਾਇਰੈਕਟਰ ਐਡਮਿਨਿਸਟਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਇਹ ਸਮੁੱਚਾ ਕਾਰਜ ਬਿਰਧ ਆਸ਼ਰਮ ਮੌੜ ਮੰਡੀ ਸੰਚਾਲਕ ਡਾਕਟਰ ਯਾਦਵਿੰਦਰ ਸਿੰਘ, ਜੱਟਾਂ ਦਾ ਇੱਟਾਂ ਦਾ ਭੱਠਾ ਘੁੰਮਣ ਕਲਾਂ ਤੇ ਬਲਜੀਤ ਸਿੰਘ ਸਿੱਧੂ ਸਬ ਇੰਸਪੈਕਟਰ ਪੰਜਾਬ ਪੁਲਸ ਦੇ ਸਹਿਯੋਗ ਨਾਲ ਬਿਰਧ ਆਸ਼ਰਮ, ਮੌੜ ਮੰਡੀ, ਘੁੰਮਣ ਕਲਾਂ ਅਤੇ ਹਰਕਿਸ਼ਨਪੁਰਾ ਇੱਟਾਂ ਦੇ ਭੱਠਿਆਂ ਉੱਪਰ ਕੰਮ ਕਰਦੀ ਪਰਦੇਸੀ ਲੇਬਰ ਤੇ ਝੁੱਗੀ ਝੌਂਪੜੀ ਰਾਮਪੁਰਾ ਵਿਖੇ ਲੋੜਵੰਦ ਪਰਿਵਾਰਾਂ ਨੂੰ ਗਰਮ ਕੰਬਲ, ਕੱਪੜੇ, ਜੁਰਾਬਾਂ ਤੇ ਬੂਟ ਵੰਡਣ ਦਾ ਕਾਰਜ ਕੀਤਾ ਗਿਆ।ਕਾਲਜ ਪ੍ਰਿੰਸੀਪਲ ਰਾਜ ਸਿੰਘ ਬਾਘਾ ਤੇ ਦੀ ਪੋਲਰ ਸਟਾਰ ਸਕੂਲ ਦੇ ਪ੍ਰਿੰਸੀਪਲ ਕੰਵਰਦੀਪ ਸਿੰਘ ਗਿੱਲ ਨੇ ਦੱਸਿਆ ਕਿ ਅਜਿਹੇ ਕਾਰਜ ਵਿਦਿਆਰਥੀਆਂ ਵਿੱਚ ਸਮਾਜ ਸੇਵਾ ਦੀ ਭਾਵਨਾ ਪੈਦਾ ਕਰਦੇ ਹਨ ਤੇ ਆਪਣੀ ਅਮੀਰ ਵਿਰਾਸਤ ਨਾਲ ਜੋੜਦੇ ਹਨ।

# ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ ਵੱਲੋਂ ਸਰਕਾਰਾਂ ਦੀਆਂ ਲੋਕਮਾਰੂ ਨੀਤੀਆਂ ਦਾ ਸਖ਼ਤ ਵਿਰੋਧ



**ਮੋਗਾ (ਇਕਬਾਲ ਸਿੰਘ ਖਹਿਰਾ)**

ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ (ਏ.ਆਈ.ਟੀ.ਯੂ.ਸੀ.) ਦੇ ਸ਼ਹਿਰੀ ਤੇ ਉਪਨਗਰੀ ਵਿਭਾਗਾਂ ਨੇ ਡਵੀਜ਼ਨਲ ਪ੍ਰਧਾਨ ਗੁਰਮੇਲ ਨਾਹਰ ਗੁਰਨਾਮ ਸਿੰਘ ਦੀ ਯੋਗ ਅਗਵਾਈ ਹੇਠ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਇਮਾਰਤ ਦੇ ਸ਼ਹੀਦ ਸਤੀਸ਼ ਲੂੰਬਾ ਹਾਲ ਵਿੱਚ ਰਾਸ਼ਟਰੀ ਪੈਨਸ਼ਨਰਜ਼ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ। ਪੰਜਾਬ ਪਾਵਰਕਾਮ ਟਰਾਂਸਕੋ ਪੈਨਸ਼ਨਰਜ਼ ਯੂਨੀਅਨ (ਏ.ਆਈ.ਟੀ.ਯੂ.ਸੀ.) ਦੇ ਸੂਬਾਈ ਕਾਰਜਕਾਰੀ ਜਨਰਲ ਸਕੱਤਰ ਨਰਿੰਦਰ ਬੱਲ ਤੇ ਵਿੱਤ ਸਕੱਤਰ ਜਸਦੇਵ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਫਰੀਦਕੋਟ ਸਰਕਲ ਦੇ ਸਾਰੇ ਵਿਭਾਗਾਂ ਦੇ ਪੈਨਸ਼ਨਰ ਤੇ ਪਰਿਵਾਰਕ ਪੈਨਸ਼ਨਰ ਵੀ ਸ਼ਾਮਲ ਹੋਏ।ਸੂਬਾਈ ਅਧਿਕਾਰੀਆਂ ਨੇ ਸਾਰੇ ਮੈਂਬਰਾਂ ਦੇ ਸਮੂਹਕ ਸਮਰਥਨ ਨਾਲ ਝੰਡਾ ਲਹਿਰਾਇਆ।ਯੂਨੀਅਨ ਦੇ ਝੰਡੇ ਨੂੰ ਲਾਲ ਸਲਾਮੀ ਦਿੱਤੀ ਗਈ ਅਤੇ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ, ਪੈਨਸ਼ਨਰ ਵਿਰੋਧੀ, ਕਰਮਚਾਰੀ ਵਿਰੋਧੀ ਨੀਤੀਆਂ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ।ਇਸ ਤੋਂ ਬਾਅਦ, ਯੂਨੀਅਨ ਦੇ ਜਨਰਲ ਸਕੱਤਰ ਪ੍ਰਿਆਵਰਤ ਗੁਪਤਾ ਨੇ ਪੈਨਸ਼ਨਰ ਦਿਵਸ ਦੀ ਮਹੱਤਤਾ ਬਾਰੇ ਸੰਖੇਪ ਵਿੱਚ ਦੱਸਿਆ ਤੇ ਵਿਸ਼ੇਸ਼ ਤੌਰ 'ਤੇ ਪੈਨਸ਼ਨਰਾਂ ਤੇ ਕਰਮਚਾਰੀਆਂ ਦੀਆਂ ਭਖਦੀਆਂ ਮੰਗਾਂ 'ਤੇ ਚਰਚਾ ਕੀਤੀ।ਇਸ ਤੋਂ ਬਾਅਦ, ਸੂਬਾਈ ਕਾਰਜਕਾਰੀ ਜਨਰਲ ਸਕੱਤਰ ਨਰਿੰਦਰ ਬੱਲ ਤੇ ਸੁਖਜੰਤ ਸਿੰਘ ਨੇ ਕਰਮਚਾਰੀਆਂ ਤੇ ਪੈਨਸ਼ਨਰਾਂ ਦੀਆਂ ਮੰਗਾਂ 'ਤੇ ਵਿਸਥਾਰ ਵਿੱਚ ਚਰਚਾ ਕੀਤੀ, ਖਾਸ ਤੌਰ 'ਤੇ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਕੀਤਾ।ਸੁਖਦੇਵ ਸਿੰਘ ਬਾਬਾ, ਚੰਦ ਸਿੰਘ ਡੋਡ, ਡਿਪਟੀ ਪ੍ਰਧਾਨ, ਗੁਰਮੇਲ ਸਿੰਘ ਨਾਹਰ, ਸਕੱਤਰ, ਇੰਦਰਜੀਤ ਸਿੰਘ ਗਿੱਲ, ਸਰਕਲ ਪ੍ਰਧਾਨ, ਗੁਰਮੀਤ ਸਿੰਘ ਧਾਲੀਵਾਲ ਤੇ ਜੋਗਿੰਦਰ ਸਿੰਘ ਨੇ ਪੈਨਸ਼ਨਰ ਦਿਵਸ 'ਤੇ ਸਾਰਿਆਂ ਨੂੰ ਨਿੱਘੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।ਸਮੂਹ ਦੇ ਸਾਰੇ ਆਗੂਆਂ ਤੇ ਮੈਂਬਰਾਂ ਨੇ ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ।ਉਨ੍ਹਾਂ ਨੇ ਮਜ਼ਦੂਰ, ਕਿਸਾਨ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਦੀ ਵੀ ਆਲੋਚਨਾ ਕੀਤੀ ਤੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰਾਂ ਲੋਕ ਵਿਰੋਧੀ ਨੀਤੀਆਂ ਲਾਗੂ ਕਰਦੀਆਂ ਹਨ, ਤਾਂ ਕੇਂਦਰ ਤੇ ਰਾਜ ਸਰਕਾਰਾਂ ਨੂੰ ਗੰਭੀਰ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ।ਇਸ ਸਮਾਗਮ ਵਿੱਚ ਯੂਨੀਅਨ ਦੇ ਸਾਲ 2026 ਦਾ ਕੈਲੰਡਰ ਸਮੂਹਕ ਤੌਰ 'ਤੇ ਜਾਰੀ ਕੀਤਾ ਗਿਆ।70 ਸਾਲ ਤੋਂ ਵੱਧ ਉਮਰ ਦੇ ਸਾਰੇ 20 ਪੈਨਸ਼ਨਰਾਂ ਤੇ ਪਰਿਵਾਰਕ ਪੈਨਸ਼ਨਰਾਂ ਨੂੰ ਹਾਰ ਪਾ ਕੇ ਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਯੂਨੀਅਨ ਦੇ ਸੀਨੀਅਰ ਵਰਕਰ ਗੁਰਮੀਤ ਸਿੰਘ ਨੇ ਯੂਨੀਅਨ ਦਾ ਉਨ੍ਹਾਂ ਦੇ ਬਕਾਏ ਜਾਰੀ ਕਰਵਾਉਣ ਲਈ 5100 ਰੁਪਏ ਦੀ ਸਹਾਇਤਾ ਪ੍ਰਦਾਨ ਕਰਨ ਲਈ ਧੰਨਵਾਦ ਕੀਤਾ। ਸਮਾਗਮ ਦੇ ਅੰਤ ਵਿੱਚ ਗੁਰਨਾਮ ਸਿੰਘ ਪ੍ਰਧਾਨ ਨੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸੂਬਾਈ, ਸਰਕਲ ਦੇ ਨੁਮਾਇੰਦਿਆਂ, ਮਹਿਮਾਨਾਂ, ਪੈਨਸ਼ਨਰਾਂ ਤੇ ਪਰਿਵਾਰਕ ਪੈਨਸ਼ਨਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਜਥੇਦਾਰ ਮਾਹਲਾ ਨੂੰ ਵੱਡੀ ਲੀਡ ਨਾਲ ਜਿਤਾਵਾਂਗੇ : ਸੁਖਬੀਰ ਬਰਾੜ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਵਿਧਾਨ ਸਭਾ ਹਲਕਾ ਬਾਘਾ ਪੁਰਾਣਾ ਦੇ ਇੰਚਾਰਜ ਤੇ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਜਥੇਦਾਰ ਤੀਰਥ ਸਿੰਘ ਮਾਹਲਾ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਵੱਡੀ ਲੀਡ ਨਾਲ ਜਿਤਾਉਣ ਦਾ ਭਰੋਸਾ ਅਕਾਲੀ ਆਗੂਆਂ ਵੱਲੋਂ ਦਿੱਤਾ ਗਿਆ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੁਖਬੀਰ ਸਿੰਘ ਸੁੱਖਾ ਬਰਾੜ ਬਾਘਾ ਪੁਰਾਣਾ, ਅਮਨ ਚੰਨੂਵਾਲਾ, ਜੱਗਾ ਕੋਟਲਾ ਤੇ ਗਗਨਾ ਰਾਜਿਆਣਾ ਨੇ ਸਾਂਝੇ ਤੌਰ 'ਤੇ ਕੀਤਾ।ਉਨ੍ਹਾਂ ਕਿਹਾ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਇੱਕ ਤਜਰਬੇਕਾਰ, ਲੋਕਪੱਖੀ ਤੇ ਜ਼ਮੀਨੀ ਆਗੂ ਹਨ, ਜਿਨ੍ਹਾਂ ਨੇ ਹਮੇਸ਼ਾ ਹੀ ਹਲਕੇ ਦੇ ਲੋਕਾਂ ਦੇ ਦੁੱਖ-ਸੁੱਖ ਵਿੱਚ ਅੱਗੇ ਹੋ ਕੇ ਭੂਮਿਕਾ ਨਿਭਾਈ ਹੈ।ਉਨ੍ਹਾਂ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਨੇ ਬਾਘਾ ਪੁਰਾਣਾ ਹਲਕੇ ਵਿੱਚ ਮਜ਼ਬੂਤ ਸੰਗਠਨ ਤਿਆਰ ਕੀਤਾ ਹੈ, ਜਿਸ ਕਾਰਨ ਹਰ ਵਰਗ ਦਾ ਭਰਪੂਰ ਸਹਿਯੋਗ ਪਾਰਟੀ ਨੂੰ ਮਿਲ ਰਿਹਾ ਹੈ।ਇਸ ਮੌਕੇ ਆਗੂਆਂ ਨੇ ਇਹ ਵੀ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਯੂਥ ਕੋਰ ਕਮੇਟੀ ਮੈਂਬਰ ਸੁਖਜੀਤ ਸਿੰਘ ਮਾਹਲਾ ਨੇ ਨੌਜਵਾਨਾਂ ਵਿੱਚ ਆਪਣੀ ਇੱਕ ਵੱਖਰੀ ਪਹਿਚਾਣ ਬਣਾਈ ਹੈ। ਨੌਜਵਾਨ ਵਰਗ ਵਿੱਚ ਉਨ੍ਹਾਂ ਦੀ ਸਰਗਰਮ ਭੂਮਿਕਾ, ਸੰਗਠਨਕ ਮਜ਼ਬੂਤੀ ਤੇ ਲੋਕ ਸੰਪਰਕ ਕਾਰਨ ਅੱਜ ਹਲਕੇ ਦਾ ਯੂਥ ਵਰਗ ਪੂਰੀ ਤਰ੍ਹਾਂ ਅਕਾਲੀ ਦਲ ਦੇ ਨਾਲ ਖੜਾ ਹੈ।ਨੌਜਵਾਨਾਂ ਨੂੰ ਰੋਜ਼ਗਾਰ, ਸਿੱਖਿਆ ਤੇ ਨਸ਼ਿਆਂ ਵਰਗੀਆਂ ਗੰਭੀਰ ਸਮੱਸਿਆਵਾਂ ਤੋਂ ਬਚਾਉਣ ਲਈ ਸੁਖਜੀਤ ਸਿੰਘ ਮਾਹਲਾ ਵੱਲੋਂ ਕੀਤੇ ਉਪਰਾਲੇ ਕਾਬਿਲ-ਏ-ਤਾਰੀਫ਼ ਹਨ।ਆਗੂਆਂ ਨੇ ਦਾਅਵਾ ਕੀਤਾ ਕਿ ਬਾਘਾ ਪੁਰਾਣਾ ਹਲਕੇ ਦਾ ਹਰ ਵਰਗ ਜਥੇਦਾਰ ਤੀਰਥ ਸਿੰਘ ਮਾਹਲਾ ਤੇ ਸੁਖਜੀਤ ਸਿੰਘ ਮਾਹਲਾ ਦਾ ਸਾਥ ਦੇਣ ਲਈ ਪੱਬਾਂ ਭਾਰ ਹੋ ਚੁੱਕਾ ਹੈ।ਲੋਕਾਂ ਵਿੱਚ ਮੌਜੂਦਾ ਸਥਿਤੀ ਨੂੰ ਲੈ ਕੇ ਭਾਰੀ ਨਾਰਾਜ਼ਗੀ ਹੈ ਤੇ ਉਹ ਇੱਕ ਮਜ਼ਬੂਤ, ਇਮਾਨਦਾਰ ਤੇ ਲੋਕਾਂ ਦੀ ਆਵਾਜ਼ ਬਣਨ ਵਾਲੇ ਨੇਤ੍ਰਿਤਵ ਨੂੰ ਅੱਗੇ ਲਿਆਉਣਾ ਚਾਹੁੰਦੇ ਹਨ।ਉਨ੍ਹਾਂ ਆਖਿਆ ਕਿ ਆਉਣ ਵਾਲੇ ਸਮੇਂ ਵਿੱਚ ਹਲਕੇ ਅੰਦਰ ਪਿੰਡ-ਪਿੰਡ ਤੇ ਘਰ-ਘਰ ਪਹੁੰਚ ਕਰਕੇ ਪਾਰਟੀ ਦੀਆਂ ਨੀਤੀਆਂ ਲੋਕਾਂ ਤੱਕ ਪਹੁੰਚਾਈਆਂ ਜਾਣਗੀਆਂ ਅਤੇ ਵੱਡੀ ਲੀਡ ਨਾਲ ਜਿੱਤ ਦਰਜ ਕਰਕੇ ਜਥੇਦਾਰ ਤੀਰਥ ਸਿੰਘ ਮਾਹਲਾ ਨੂੰ ਵਿਧਾਨ ਸਭਾ ਵਿੱਚ ਭੇਜਿਆ ਜਾਵੇਗਾ।

■ ਸੁਖਜੀਤ ਮਾਹਲਾ ਨੇ ਵੀ ਲੋਕਾਂ ਦੇ ਦਿਲਾਂ 'ਚ ਆਪਣੀ ਜਗ੍ਹਾ ਬਣਾਈ



## ਭਗੌੜਾ ਤੇ ਨਜਾਇਜ਼ ਸ਼ਰਾਬ ਸਮੇਤ 2 ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੁਲਸ ਵੱਲੋਂ 2 ਵੱਖ-ਵੱਖ ਮਾਮਲਿਆਂ ਵਿੱਚ ਮਾਣਯੋਗ ਅਦਾਲਤ ਵੱਲੋਂ ਭਗੌੜਾ ਕਰਾਰ ਤੇ ਨਜਾਇਜ਼ ਸ਼ਰਾਬ ਸਮੇਤ 2 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਗੁਰਦੀਪ ਸਿੰਘ ਵਾਸੀ ਗੜ੍ਹੀ ਤਰਖਾਣਾ ਖਿਲਾਫ਼ 26-10-2021 ਨੂੰ ਐੱਨਡੀਪੀਸੀ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਗੁਰਦੀਪ ਸਿੰਘ ਜ਼ਮਾਨਤ 'ਤੇ ਰਿਹਾਅ ਹੋਣ ਉਪਰੰਤ ਮੁੜ ਅਦਾਲਤ ਵਿੱਚ ਪੇਸ਼ ਨਾ ਹੋਇਆ, ਜਿਸ 'ਤੇ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ। ਪੁਲਸ ਨੂੰ ਸੂਚਨਾ ਮਿਲੀ ਕਿ ਗੁਰਦੀਪ ਸਿੰਘ ਗੜ੍ਹੀ ਤਰਖਾਣਾ ਵਿਖੇ ਆਇਆ ਹੋਇਆ ਹੈ, ਜਿਸ 'ਤੇ ਸਹਾਇਕ ਥਾਣੇਦਾਰ ਸੰਜੀਵ ਕੁਮਾਰ ਨੇ ਕਾਰਵਾਈ ਕਰਦਿਆਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਦੂਸਰੇ ਮਾਮਲੇ ਵਿੱਚ ਪੁਲਸ ਪਾਰਟੀ ਵੱਲੋਂ ਸ਼ੱਕੀ ਵਿਅਕਤੀਆਂ ਸੰਬੰਧੀ ਦਾਨਾ ਮੰਡੀ ਹੇਡੋਂ ਬੇਟ ਨੇੜੇ ਗਸ਼ਤ ਕੀਤੀ ਜਾ ਰਹੀ ਸੀ ਤਾਂ ਕਿਸੇ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਕਰਮਵੀਰ ਸਿੰਘ ਵਾਸੀ ਰਾਏਪੁਰ ਬੇਟ ਨਜਾਇਜ਼ ਸ਼ਰਾਬ ਵੇਚਣ ਦਾ ਕੰਮ ਕਰਦਾ ਹੈ ਅਤੇ ਬਾਹਰੋਂ ਸਸਤੀ ਸ਼ਰਾਬ ਲਿਆ ਕੇ ਇੱਥੇ ਮਹਿੰਗੇ ਭਾਅ ਵੇਚਦਾ ਹੈ। ਪੁਲਸ ਨੇ ਤੁਰੰਤ ਛਾਪੇਮਾਰੀ ਕਰ ਕਰਮਵੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਉਸ ਕੋਲੋਂ 11 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕਰ ਮਾਮਲਾ ਦਰਜ ਕਰ ਲਿਆ ਹੈ।

## 10 ਲੱਖ ਤੱਕ ਇਲਾਜ ਕਾਰਡ ਲੋਕਾਂ ਲਈ ਵਰਦਾਨ ਸਾਬਤ ਹੋਵੇਗਾ : ਬਲਖੰਡੀ, ਵਿਰਕ, ਮਾਨ

**ਕੋਟ ਈਸੇ ਖਾਂ (ਅਰੋੜਾ)**-ਪੰਜਾਬ ਸਰਕਾਰ ਵੱਲੋਂ ਹਰੇਕ ਵਰਗ ਲਈ ਜੋ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਵਾਲਾ ਸਿਹਤ ਬੀਮਾ ਕਾਰਡ ਬਣਾਉਣ ਦਾ ਫ਼ੈਸਲਾ ਲਿਆ ਹੈ, ਬਹੁਤ ਸ਼ਾਲਾਘਾ ਯੋਗ ਹੈ ਤੇ ਸੂਬੇ ਦੇ ਆਮ ਲੋਕਾਂ ਲਈ ਵੱਡਾ ਵਰਦਾਨ ਸਾਬਿਤ ਹੋਣ ਜਾ ਰਿਹਾ ਹੈ।ਇਸ ਯੋਜਨਾ ਦਾ ਮੁੱਖ ਮਕਸਦ ਇਹ ਹੈ ਕਿ ਮਹਿੰਗੇ ਇਲਾਜ ਕਾਰਨ ਕੋਈ ਵੀ ਪਰਿਵਾਰ ਆਰਥਿਕ ਤੰਗੀ ਦਾ ਸ਼ਿਕਾਰ ਨਾ ਹੋਵੇ ਤੇ ਹਰ ਨਾਗਰਿਕ ਨੂੰ ਬਿਹਤਰ ਸਿਹਤ ਸਹੂਲਤਾਂ ਮਿਲ ਸਕਣ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਪ੍ਰਧਾਨ ਬਲਦੇਵ ਸਿੰਘ ਬਲਖੰਡੀ, ਹਲਕਾ ਕੋਆਰਡੀਨੇਟ ਸੋਸ਼ਲ ਮੀਡੀਆ ਤਲਵਿੰਦਰ ਸਿੰਘ ਉਮਰੀਆਣਾ ਤੇ ਯੂਥ ਆਗੂ ਗੋਪੀ ਮਾਨ ਦਾਤੇਵਾਲਾ ਨੇ ਪ੍ਰੈੱਸ ਨਾਲ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਇਸ ਸਿਹਤ ਕਾਰਡ ਦੇ ਜ਼ਰੀਏ ਗਰੀਬ, ਮੱਧ ਵਰਗ ਤੇ ਲੋੜਵੰਦ ਪਰਿਵਾਰਾਂ ਨੂੰ ਸਰਕਾਰੀ ਹੀ ਨਹੀਂ, ਸਗੋਂ ਸੂਚੀਬੱਧ ਪ੍ਰਾਈਵੇਟ ਹਸਪਤਾਲਾਂ ਵਿੱਚ ਵੀ 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ ਉਪਲਬਧ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਆਮ ਲੋਕਾਂ ਵੱਲੋਂ ਵੀ ਇਸ ਫੈਸਲੇ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ ਤੇ ਪੰਜਾਬ ਸਰਕਾਰ ਦਾ ਇਹ ਕਦਮ ਸਿਹਤ ਦੇ ਖੇਤਰ ਵਿੱਚ ਇਤਿਹਾਸਕ ਹੈ ਤੇ ਇਸ ਨਾਲ ਹਜ਼ਾਰਾਂ ਪਰਿਵਾਰਾਂ ਨੂੰ ਵੱਡੀ ਰਾਹਤ ਮਿਲੇਗੀ।

# ਕਾਂਗਰਸੀਆਂ ਦੀ ਆਪਸੀ ਤੂੰ-ਤੂੰ, ਮੈਂ-ਮੈਂ ਦੀ ਚਰਚਾ ਜ਼ੋਰਾਂ 'ਤੇ

**ਬਠਿੰਡਾ (ਰਾਜੀਵ ਗੋਇਲ)**

ਕਾਂਗਰਸੀ ਆਗੂ ਰਵਿੰਦਰ ਸਿੰਘ ਡਾਲਵੀਂ ਦੀ ਪ੍ਰਧਾਨਗੀ ਹੇਠ ਮੀਟਿੰਗ ਦੌਰਾਨ ਕਾਂਗਰਸੀਆਂ 'ਚ ਹੋਈ ਤੂੰ-ਤੂੰ, ਮੈਂ-ਮੈਂ ਨੇ ਸਿਰਫ਼ ਹਲਕੇ ਅੰਦਰ ਹੀ ਨਹੀਂ, ਸਗੋਂ ਸ਼ੋਸਲ ਮੀਡੀਆ 'ਤੇ ਵਾਇਰਲ ਕਲਿੱਪ ਨੇ ਪੂਰੇ ਸੂਬੇ ਅੰਦਰ ਕਾਂਗਰਸ ਦੀ ਹਲਕਾ ਪੱਧਰੀ ਫੁੱਟ ਨੂੰ ਜਗ ਜ਼ਾਹਰ ਕਰਕੇ ਰੱਖ ਦਿੱਤਾ ਹੈ। ਦੱਸਣਾ ਬਣਦਾ ਹੈ ਕਿ ਹਲਕਾ ਰਾਮਪੁਰਾ ਫੂਲ ਦੀ ਵਾਗਡੋਰ ਪਿਛਲੇ ਕਾਫੀ ਲੰਮੇ ਸਮੇਂ ਤੋਂ ਗੁਰਪ੍ਰੀਤ ਸਿੰਘ ਕਾਂਗੜ ਦੇ ਹੱਥ ਵਿੱਚ ਰਹੀ ਹੈ ਤੇ ਕਾਂਗੜ ਦੋ ਵਾਰ ਲਗਾਤਾਰ ਵਿਧਾਇਕ ਤੇ 2017 ਵਿੱਚ ਮੁੜ ਜਿੱਤ ਦਰਜ ਕਰਕੇ ਸੂਬੇ ਦੇ ਕੈਬਨਿਟ ਮੰਤਰੀ ਵੀ ਰਹਿ ਚੁੱਕੇ ਹਨ, ਪਰ ਕੁਝ ਕੁ ਸਮਾਂ ਕਾਂਗੜ ਵੱਲੋਂ ਭਾਜਪਾ 'ਚ ਵੀ ਗੁਜ਼ਾਰਿਆ ਗਿਆ ਤੇ ਇਸ ਸਮੇਂ ਦਰਮਿਆਨ ਪਿੰਡ ਜਲਾਲ ਨਾਲ ਰਿਸ਼ਤੇਦਾਰੀ ਰੱਖਣ ਵਾਲੇ ਸ਼੍ਰੀ ਮੁਕਤਸਰ ਸਾਹਿਬ ਨਾਲ ਸੰਬੰਧਤ ਜਸ਼ਨਦੀਪ ਚਹਿਲ ਵੱਲੋਂ ਵੀ ਆਪਣੀ ਹਲਕੇ ਅੰਦਰ ਗਤੀਵਿਧੀ ਵਧਾ ਦਿੱਤੀ ਗਈ, ਪਰ ਇਸ ਸਮੇਂ ਦਰਮਿਆਨ ਕਾਂਗੜ ਦੇ ਨਿੱਜੀ ਸਮਰਥਕ ਚੁੱਪ ਰਹੇ ਤੇ ਸਮਾਂ ਵਾਚਦੇ ਰਹੇ, ਜਿਉਂ ਹੀ ਕਾਂਗੜ ਵੱਲੋਂ ਕਾਂਗਰਸ ਅੰਦਰ ਘਰ ਵਾਪਸੀ ਕੀਤੀ ਗਈ ਤਾਂ ਪੁਰਾਣੇ ਕੱਟੜ ਕਾਂਗਰਸੀਆਂ ਵੱਲੋਂ ਮੁੜ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਗਈਆਂ।

ਹੁਣ ਸਮਾਂ ਧੜੇਬੰਦੀ ਦਾ ਸ਼ੁਰੂ ਹੋ ਚੁੱਕਾ ਸੀ, ਕਿਉਂਕਿ ਇੱਕ ਪਾਸੇ ਘਰ ਵਾਪਸੀ ਕਰਕੇ ਕਾਂਗੜ ਸਰਗਰਮ ਹੋ ਗਏ ਅਤੇ ਦੂਜੇ ਪਾਸੇ ਜਸ਼ਨ ਚਹਿਲ ਵੀ ਹਲਕੇ ਅੰਦਰ ਤੋਰਾਫੇਰੀ ਕਰ ਰਹੇ ਸਨ। ਨਤੀਜਾ ਇਹ ਨਿਕਲਿਆ ਕਿ ਦੋਹਾਂ ਲੀਡਰਾਂ ਵਿਚਕਾਰ ਧੜੇਬੰਦੀ ਵਾਲਾ ਮਾਹੌਲ ਪੈਦਾ ਹੋ ਗਿਆ। ਪਾਰਟੀ ਦੇ ਹਾਈਕਮਾਨ ਨਾਲ ਸੰਬੰਧਤ ਲੀਡਰਾਂ ਵੱਲੋਂ ਜੋ ਮੀਟਿੰਗਾਂ ਨਿੱਜੀ ਪੈਲਿਸ ਵਿੱਚ ਕੀਤੀਆਂ, ਉਹ ਕਾਂਗੜ ਦੀ ਅਗਵਾਈ ਹੇਠ ਕੀਤੀਆਂ। ਇਨ੍ਹਾਂ ਮੀਟਿੰਗਾਂ ਵਿੱਚ ਪੁੱਜੇ ਲੀਡਰਾਂ ਵੱਲੋਂ ਵੀ ਇਸ ਗੱਲ ਵੱਲ ਧਿਆਨ ਨਾ ਦਿੱਤਾ ਗਿਆ ਤੇ ਧੜੇਬੰਦੀ ਦੇ ਚੱਲਦਿਆਂ ਉਹੀ ਪੈਲਿਸ ਵਿੱਚ ਦੋ-ਦੋ ਮੀਟਿੰਗਾਂ ਦਾ ਹੋਣਾ ਸ਼ੁਰੂ ਹੋ ਗਿਆ ਤੇ ਬਾਅਦ 'ਚ ਮੀਟਿੰਗਾਂ ਸੰਬੰਧੀ ਦੋਹਾਂ ਤਰਫੋਂ ਇਲਜਾਮਬਾਜ਼ੀ ਦਾ ਦੌਰ ਸ਼ੁਰੂ ਹੋ ਗਿਆ। ਮਾਹੌਲ ਬਲਾਕ ਸੰਮਤੀ ਚੋਣਾਂ ਵਿੱਚ ਪੂਰਾ ਭਖ ਗਿਆ, ਜਦੋਂ ਸੋਸ਼ਲ ਮੀਡੀਆ 'ਤੇ ਕਾਲੇ ਰੰਗ ਦੀਆਂ ਗੱਡੀਆਂ ਦੇ ਕਾਫ਼ਲੇ ਦੀ ਵਾਇਰਲ ਵੀਡੀਓ ਨੇ ਤਹਿਲਕਾ ਮਚਾ ਕੇ ਰੱਖ ਦਿੱਤਾ ਤੇ ਇਲਜ਼ਾਮ ਸਨ ਕਿ ਚਹਿਲ ਵੱਲੋਂ ਵਿਰੋਧੀ ਆਗੂਆਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਤਾਂ ਕਿ ਕਾਂਗਰਸੀ ਉਮੀਦਵਾਰਾਂ ਨੂੰ ਹਰਾਇਆ ਜਾ ਸਕੇ। ਭਾਵੇਂ ਇਲਜ਼ਾਮਾਂ ਤੋਂ ਬਾਅਦ ਚਹਿਲ ਨੇ ਆਖਿਆ ਕਿ ਸਾਡੇ ਨਾਲ ਕਿਸੇ ਵੀ ਉਮੀਦਵਾਰ ਵੱਲੋਂ ਵੋਟਾਂ ਵਿੱਚ ਮੱਦਦ ਸੰਬੰਧੀ ਕੋਈ ਸੰਪਰਕ ਨਹੀਂ ਕੀਤਾ ਗਿਆ ਤੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ, ਪਰ ਤਾਜ਼ਾ ਮਾਮਲਾ ਬੀਤੇ ਦਿਨੀਂ ਮੁੜ ਰਵਿੰਦਰ ਡਾਲਵੀਂ ਦੀ ਹਾਜ਼ਰੀ ਵਿੱਚ ਹੋਈ ਹਲਕਾ ਰਾਮਪੁਰਾ ਫੂਲ ਦੇ ਕਾਂਗਰਸੀਆਂ ਦੀ ਆਪਸੀ ਤੂੰ-ਤੂੰ, ਮੈਂ-ਮੈਂ ਨੇ ਮੁੜ ਨਵੀਂ ਚਰਚਾ ਛੇੜ ਦਿੱਤੀ ਹੈ ਅਤੇ ਆਮ ਲੋਕ ਇਸ ਧੜੇਬੰਦੀ ਨੂੰ ਬੜੇ ਹੀ ਤਿੱਖੇ ਨਜ਼ਰੀਏ ਨਾਲ ਤੱਕ ਰਹੇ ਹਨ।

# ਅੰਤਰ-ਡਾਇਟ ਯੁਵਾ ਮੇਲੇ ਦੀ ਰੰਗੀਨ ਤੇ ਸੱਭਿਆਚਾਰਕ ਸ਼ਾਨ ਨਾਲ ਸ਼ੁਰੂਆਤ



**ਸੰਗਰੂਰ (ਪ੍ਰਵੀਨ ਸਿੰਘ)**

ਡਾਇਟ ਸੰਗਰੂਰ ਵਿਖੇ ਅੰਤਰ-ਡਾਇਟ ਯੁਵਾ ਮੇਲੇ ਦੀ ਸ਼ੁਰੂਆਤ ਬੜੇ ਹੀ ਉਤਸ਼ਾਹ, ਰੰਗਾਂ ਤੇ ਸੱਭਿਆਚਾਰਕ ਰੌਣਕ ਨਾਲ ਹੋਈ।ਮੇਲੇ ਦਾ ਉਦਘਾਟਨ ਸ੍ਰੀਮਤੀ ਕਿਰਨ ਸ਼ਰਮਾ, ਡਾਇਰੈਕਟਰ ਐਸ.ਸੀ.ਈ.ਆਰ.ਟੀ ਵੱਲੋਂ ਕੀਤਾ ਗਿਆ।ਉਨ੍ਹਾਂ ਵੱਖ-ਵੱਖ ਡਾਇਟਾਂ ਤੋਂ ਆਏ ਵਿਦਿਆਰਥੀਆਂ ਦੀ ਰਚਨਾਤਮਕਤਾ, ਅਨੁਸ਼ਾਸਨ ਤੇ ਸਰਗਰਮ ਭਾਗੀਦਾਰੀ ਦੀ ਭਰਪੂਰ ਪ੍ਰਸੰਸਾ ਕੀਤੀ।ਉਦਘਾਟਨੀ ਸਮਾਰੋਹ ਦੌਰਾਨ ਵਿਦਿਆਰਥੀਆਂ ਵੱਲੋਂ ਪੇਸ਼ ਕੀਤਾ ਗਿਆ। ਉਤਸ਼ਾਹ ਭਰਿਆ ਭੰਗੜਾ ਮੇਲੇ ਦੀ ਰੌਣਕ ਦਾ ਕੇਂਦਰ ਬਣਿਆ।ਵੱਖ-ਵੱਖ ਡਾਇਟਾਂ ਤੋਂ ਆਏ ਵਿਦਿਆਰਥੀਆਂ ਨੇ ਕੁਇਜ਼, ਕਵਿਤਾ ਪਾਠ, ਵਾਦ-ਵਿਵਾਦ ਤੇ ਰੰਗੋਲੀ ਵਰਗੀਆਂ ਮੁਕਾਬਲਿਆਂ ਵਿੱਚ ਪੂਰੇ ਜੋਸ਼ ਨਾਲ ਭਾਗ ਲਿਆ ਅਤੇ ਆਪਣੀ ਬੁੱਧਿਕ ਤੇ ਕਲਾਤਮਕ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਸ੍ਰੀ ਬੂਟਾ ਸਿੰਘ, ਐਡੀਸ਼ਨਲ ਡਾਇਰੈਕਟਰ ਐਸ.ਸੀ.ਈ.ਆਰ.ਟੀ, ਦੀ ਹਾਜ਼ਰੀ ਨੇ ਸਮਾਰੋਹ ਦੀ ਸ਼ੋਭਾ ਵਧਾਈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਸ਼ੀਰਵਾਦ ਦਿੱਤਾ ਤੇ ਉਨ੍ਹਾਂ ਨੂੰ ਅਕਾਦਮਿਕ ਅਤੇ ਸਹ-ਪਾਠਕ੍ਰਮਕ ਗਤੀਵਿਧੀਆਂ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਸ੍ਰੀਮਤੀ ਤਰਵਿੰਦਰ ਕੌਰ, ਜ਼ਿਲ੍ਹਾ ਸਿੱਖਿਆ ਅਧਿਕਾਰੀ (ਡੀ.ਈ.ਓ.) ਸੰਗਰੂਰ, ਨੇ ਉਦਘਾਟਨੀ ਭਾਸ਼ਣ ਦਿੱਤਾ ਅਤੇ ਕਿਹਾ ਕਿ ਅਜਿਹੇ ਮੇਲੇ ਵਿਦਿਆਰਥੀਆਂ ਵਿੱਚ ਨੇਤ੍ਰਿਤਵ, ਸਿਰਜਣਾਤਮਕਤਾ ਤੇ ਸਮਾਜਿਕ ਜ਼ਿੰਮੇਵਾਰੀ ਦੇ ਗੁਣ ਵਿਕਸਤ ਕਰਦੇ ਹਨ।

ਇਸ ਤੋਂ ਬਾਅਦ ਸ੍ਰੀਮਤੀ ਵਰਿੰਦਰ ਕੌਰ, ਪ੍ਰਿੰਸੀਪਲ ਡਾਇਟ ਸੰਗਰੂਰ ਨੇ ਆਪਣੇ ਸੁਆਗਤੀ ਭਾਸ਼ਣ ਰਾਹੀਂ ਸਾਰੇ ਮਾਣਯੋਗ ਮਹਿਮਾਨਾਂ, ਅਧਿਕਾਰੀਆਂ ਤੇ ਭਾਗ ਲੈ ਰਹੀਆਂ ਟੀਮਾਂ ਦਾ ਦਿਲੋਂ ਸਵਾਗਤ ਕੀਤਾ।ਉਨ੍ਹਾਂ ਕਿਹਾ ਕਿ ਅੰਤਰ-ਡਾਇਟ ਯੁਵਾ ਮੇਲਾ ਭਵਿੱਖ ਦੇ ਅਧਿਆਪਕਾਂ ਲਈ ਆਤਮ-ਵਿਸ਼ਵਾਸ, ਸੱਭਿਆਚਾਰਕ ਮੁੱਲਾਂ ਤੇ ਸਰਵਾਂਗੀਣ ਵਿਕਾਸ ਦਾ ਮਹੱਤਵਪੂਰਣ ਮੰਚ ਹੈ।ਇਸ ਯੁਵਾ ਮੇਲੇ ਨੂੰ ਹੋਰ ਵੀ ਗੌਰਵਸ਼ਾਲੀ ਬਣਾਇਆ ਸ੍ਰੀ ਸੰਦੀਪ ਨਗਰ (ਪ੍ਰਿੰਸੀਪਲ ਡਾਇਟ), ਸ੍ਰੀ ਮੁਨੀਸ਼ ਸ਼ਰਮਾ (ਪ੍ਰਿੰਸੀਪਲ ਡਾਇਟ ਬਰਨਾਲਾ) ਤੇ ਸ੍ਰੀ ਆਨੰਦ ਗੁਪਤਾ (ਪ੍ਰਿੰਸੀਪਲ ਡਾਇਟ ਫਤਿਹਗੜ੍ਹ ਸਾਹਿਬ) ਦੀ ਮਾਣਯੋਗ ਹਾਜ਼ਰੀ ਨੇ।ਮਨਜੀਤ ਕੌਰ, ਡਿਪਟੀ ਡੀ.ਈ.ਓ ਨੇ ਵੀ ਮੇਲੇ ਦਾ ਦੌਰਾ ਕੀਤਾ ਅਤੇ ਵਿਦਿਆਰਥੀਆਂ ਦੀ ਭਾਗੀਦਾਰੀ ਤੇ ਸੁਚੱਜੀਆਂ ਵਿਆਵਸਥਾਵਾਂ ਦੀ ਪ੍ਰਸੰਸਾ ਕੀਤੀ।ਸਮਾਰੋਹ ਵਿੱਚ ਸ੍ਰੀਮਤੀ ਬਲਜਿੰਦਰ ਕੌਰ, ਡੀ.ਈ.ਓ. (ਪ੍ਰਾਇਮਰੀ), ਸ੍ਰੀਮਤੀ ਰਵਿੰਦਰ ਕੌਰ, ਡਿਪਟੀ ਡੀ.ਈ.ਓ. (ਪ੍ਰਾਇਮਰੀ) ਅਤੇ ਸ੍ਰੀ ਸੁਨੀਲ ਕੁਮਾਰ, ਸਟੇਟ ਕੋਆਰਡੀਨੇਟਰ ਐਸ.ਡੀ.ਪੀ, ਐਸ ਸੀ ਈ ਆਰ ਟੀ, ਦੀ ਮਾਣਯੋਗ ਹਾਜ਼ਰੀ ਨੇ ਵੀ ਕਾਰਜਕ੍ਰਮ ਦੀ ਸ਼ਾਨ ਵਧਾਈ।

## ਸੰਗਰੂਰ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਲੋਹੜੀ ਦਾ ਤਿਉਹਾਰ ਅੱਜ

**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਜ਼ਿਲ੍ਹਾ ਪੈਨਸ਼ਨਰ ਭਵਨ ਤਹਿਸੀਲ ਕੰਪਲੈਕਸ ਵਿਖੇ ਵੱਖ-ਵੱਖ ਸਰਕਾਰੀ, ਅਰਧ-ਸਰਕਾਰੀ ਵਿਭਾਗਾਂ, ਬੈਂਕਾਂ ਤੇ ਜੁਡੀਸ਼ਰੀ ਵਿੱਚੋਂ ਸੇਵਾ ਮੁਕਤ ਹੋਏ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਸਮਾਜ ਸੇਵੀ ਸੰਸਥਾ ਸੰਗਰੂਰ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਰਾਜ ਕੁਮਾਰ ਅਰੋੜਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਵਿੱਤਰ ਲੋਹੜੀ ਦਾ ਤਿਉਹਾਰ 11 ਜਨਵਰੀ ਨੂੰ ਬੜੇ ਸ਼ਰਧਾ ਤੇ ਉਤਸ਼ਾਹ ਨਾਲ ਸਥਾਨਕ ਸਨਪਾਰਕ ਰਿਜ਼ੋਰਟ ਧੂਰੀ ਰੋਡ ਵਿਖੇ ਸਵੇਰੇ ਸਾਢੇ 10 ਵਜੇ ਮਨਾਇਆ ਜਾ ਰਿਹਾ।ਉਨ੍ਹਾਂ ਦੱਸਿਆ ਕਿ ਐਸੋਸੀਏਸ਼ਨ ਸਮਾਜ ਸੇਵਾ, ਲੋਕ ਭਲਾਈ ਤੇ ਧਾਰਮਿਕ ਸਮਾਗਮਾਂ ਦੇ ਨਾਲ-ਨਾਲ ਹਰ ਸਾਲ ਨਵੇਂ ਵਰ੍ਹੇ ਦੀ ਸ਼ੁਰੂਆਤ ਉਸ ਸਮਾਗਮ ਨਾਲ ਕਰਦੀ ਹੈ।ਇਸ ਸਾਲ ਵੀ ਪਹਿਲਾਂ ਸਰਬਤ ਦੇ ਭਲੇ, ਅਮਨ ਸ਼ਾਂਤੀ, ਆਪਸੀ ਪਿਆਰ ਤੇ ਭਾਈਚਾਰਕ ਸਾਂਝ ਲਈ ਸ੍ਰੀ ਸੁੰਦਰ ਕਾਂਡ ਦੇ ਪਾਠ ਅਤੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ ਤੇ ਹੁਣ 11 ਜਨਵਰੀ ਨੂੰ ਸਨਪਾਰਕ ਰਿਜ਼ੋਰਟ ਧੂਰੀ ਰੋਡ ਵਿਖੇ ਪਵਿੱਤਰ ਲੋਹੜੀ ਦਾ ਤਿਉਹਾਰ ਤੇ ਸੱਭਿਆਚਾਰਕ, ਸਨਮਾਨ ਸਮਾਰੋਹ ਕੀਤਾ ਜਾ ਰਿਹਾ ਹੈ, ਜਿਸ ਵਿੱਚ ਐਸੋਸੀਏਸ਼ਨ ਦੇ ਧੀਆਂ, ਪੁੱਤ ਤੇ ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਦੀ ਲੋਹੜੀ ਮਨਾਈ ਜਾਵੇਗੀ ਤੇ ਸਨਮਾਨ ਵੀ ਕੀਤਾ ਜਾਵੇਗਾ।

# ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਿਕ) ਵੱਲੋਂ ਵਿਧਾਇਕ ਨੂੰ ਦਿੱਤਾ ਮੰਗ ਪੱਤਰ



**ਜ਼ੀਰਾ (ਨਰਿੰਦਰ ਅਨੇਜਾ)**

ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਬਿਜਲੀ ਸੋਧ ਬਿੱਲ 2025, ਬੀਜ ਬਿੱਲ, ਜੀ ਰਾਮ ਜੀ ਨਰੇਗਾ ਬਿੱਲ ਵਿਰੁੱਧ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਿਕ) ਵੱਲੋਂ ਐਲਾਨੇ ਗਏ ਸੰਘਰਸ਼ ਤਹਿਤ ਵਿਧਾਨ ਸਭਾ ਹਲਕਾ ਜ਼ੀਰਾ ਦੇ ਵਿਧਾਇਕ ਨਰੇਸ਼ ਕਟਾਰੀਆ ਦੀ ਕੋਠੀ ਅੱਗੇ ਧਰਨਾ ਦੇ ਕੇ ਮੰਗ ਪੱਤਰ ਦਿੱਤਾ ਗਿਆ।

ਸੰਯੁਕਤ ਕਿਸਾਨ ਮੋਰਚਾ (ਗ਼ੈਰ ਰਾਜਨੀਤਕ) ਦੇ ਨਾਲ ਸਬੰਧਤ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਸੁਖਦੇਵ ਸਿੰਘ ਮੰਡ, ਕਿਸਾਨ ਯੂਨੀਅਨ ਸ਼ੇਰੇ ਏ ਪੰਜਾਬ ਮਨਪ੍ਰੀਤ ਸਿੰਘ ਗਿੱਲ ਤੇ ਮਨਜੀਤ ਸਿੰਘ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਖੋਸਾਦੀ ਅਗਵਾਈ ਹੇਠ ਦਿੱਤੇ ਗਏ ਧਰਨੇ ਵਿੱਚ ਭਰਾਤਰੀ ਜਥੇਬੰਦੀਆਂ ਮੁਲਾਜ਼ਮਾਂ ਤੇ ਮਜ਼ਦੂਰਾਂ ਨੇ ਭਰਵੀਂ ਗਿਣਤੀ ਵਿਚ ਸ਼ਮੂਲੀਅਤ ਕੀਤੀ।ਧਰਨੇ ਨੂੰ ਸੰਬੋਧਨ ਕਰਦਿਆਂ ਸੁਖਦੇਵ ਸਿੰਘ ਮੰਡ ਸੂਬਾ ਆਗੂ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ, ਕਰਨੈਲ ਸਿੰਘ ਭੋਲਾ ਜ਼ਿਲ੍ਹਾ ਸਕੱਤਰ, ਮਨਪ੍ਰੀਤ ਸਿੰਘ ਗਿੱਲ ਸੂਬਾ ਆਗੂ ਕਿਸਾਨ ਯੂਨੀਅਨ ਸ਼ੇਰੇ ਏ ਪੰਜਾਬ, ਮਨਜੀਤ ਸਿੰਘ ਆਗੂ ਬੀਕੇਯੂ ਖੋਸਾ ਮੁਲਾਜ਼ਮ ਆਗੂ ਗੁਰਦੇਵ ਸਿੰਘ ਸਿੱਧੂ, ਅਵਤਾਰ ਸਿੰਘ ਪ੍ਰਧਾਨ ਟੈਕਨੀਕਲ ਸਰਵਿਸਿਜ਼ ਯੂਨੀਅਨ, ਸੁਖਬੀਰ ਸਿੰਘ, ਬਲਜਿੰਦਰ ਸਿੰਘ ਸ਼ੇਰੇ ਪੰਜਾਬ ਨੇ ਕਿਹਾ ਕਿ ਕਿਸਾਨ, ਮਜ਼ਦੂਰ ਅਤੇ ਮੁਲਾਜ਼ਮਾਂ, ਪੈਨਸ਼ਨਰਾਂ ਦੇ ਹੱਕਾਂ ਉਪਰ ਕੇਂਦਰ ਦੀ ਭਾਜਪਾ ਸਰਕਾਰ ਨਵੇਂ ਨਵੇਂ ਬਿੱਲ ਪਾਸ ਕਰਕੇ ਲੋਕਾਂ ਦੇ ਹੱਕਾਂ ਨੂੰ ਕੁਚਲਣ ਲਈ ਹੱਥਕੰਡੇ ਅਪਨਾ ਰਹੀ ਹੈ।ਉਨ੍ਹਾਂ ਕਿਹਾ ਕਿ ਕੇਂਦਰ ਨੇ ਬਿਜਲੀ ਬਿੱਲ ਪਾਸ ਕਰਕੇ ਆਮ ਲੋਕਾਂ ਹੱਥੋਂ ਬਿਜਲੀ ਖੋਹਣ ਲਈ ਚਿੱਪ ਵਾਲੇ ਮੀਟਰ ਲਾਏ ਹਨ ਤੇ ਬਿਜਲੀ ਵਿਭਾਗ ਦੀਆਂ ਜ਼ਮੀਨਾਂ ਵੇਚਣ ਲਈ ਬਿੱਲ ਲਿਆਂਦਾ ਹੈ।ਉਨ੍ਹਾਂ ਕਿਹਾ ਕਿ ਖੇਤੀ ਬੀਜ ਬਿੱਲ ਪਾਸ ਕਰਕੇ ਖੇਤੀ ਸੈਕਟਰ ਨੂੰ ਢਾਹ ਲਾਉਣ ਤੇ ਕਾਰਪੋਰੇਟ ਘਰਾਣਿਆਂ ਲਈ ਜ਼ਮੀਨਾਂ ਹਥਿਆਉਣ ਲਈ ਰਾਹ ਪੱਧਰਾ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨਰੇਗਾ ਸਕੀਮ ਦਾ ਨਾਂਅ ਬਦਲ ਕੇ ਕੇਂਦਰ 60 ਤੇ ਸੂਬਾ ਸਰਕਾਰ 40 ਪ੍ਰਤੀਸ਼ਤ ਹਿੱਸਾ ਪਾਵੇ, ਜੋ ਨਾਮੁਮਕਿਨ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤਾਂ ਪਹਿਲਾਂ ਹੀ 400 ਕਰੋੜ ਰੁਪਏ ਦੀ ਕਰਜ਼ਾਈ ਹੈ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਨਾਲ ਕੇਂਦਰ ਨਰੇਗਾ ਸਕੀਮ ਬੰਦ ਕਰਕੇ ਮਜ਼ਦੂਰਾਂ ਦੇ ਚੁੱਲ੍ਹੇ ਦੀ ਅੱਗ ਬੁਝਾਉਣ ਲਈ ਤਿਆਰ ਹੈ।

ਉਨ੍ਹਾਂ ਕਿਹਾ ਕਿ ਸਰਕਾਰਾਂ ਸਰਕਾਰੀ ਜਾਇਦਾਤਾਂ ਨੂੰ ਕੌਡੀਆਂ ਦੇ ਆਪਣੇ ਚਹੇਤਿਆਂ ਨੂੰ ਵੇਚ ਰਹੀਆਂ ਹਨ। ਉਨ੍ਹਾਂ ਕਿਹਾ ਕਿ ਵਿਭਾਗਾਂ ਨੂੰ ਇਕ ਦੂਸਰੇ ਵਿਚ ਮਰਜ਼ ਕਰਕੇ ਨੌਜਵਾਨਾਂ ਹੱਥੋਂ ਰੋਜ਼ਗਾਰ ਖੋਹੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਨੂੰ ਬੁਢਾਪੇ ਦਾ ਸਹਾਰਾ ਪੁਰਾਣੀ ਪੈਨਸ਼ਨ ਖੋਹੀ ਜਾ ਰਹੀ ਹੈ, ਹਰ ਸਰਕਾਰੀ ਵਿਭਾਗ ਵਿੱਚ ਕੱਚੇ ਮੁਲਾਜ਼ਮਾਂ ਨੂੰ ਭਰਤੀ ਕਰਕੇ ਨਿਗੁਣੀਆਂ ਤਨਖਾਹ ਦੇ ਕੇ ਸੋਸ਼ਣ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਮਜ਼ਦੂਰਾਂ, ਮੁਲਾਜ਼ਮਾਂ ਪੈਨਸ਼ਨਰਾਂ ਅਤੇ ਛੋਟੇ ਕਾਰੋਬਾਰੀਆਂ ਨੂੰ ਮਾਰਨ ਲਈ ਅਜਿਹੇ ਲੋਕ ਮਾਰੂ ਬਿੱਲ ਪਾਸ ਕਰ ਰਹੀ ਹੈ, ਜੋ ਲੋਕ ਬਰਦਾਸ਼ਤ ਨਹੀ ਕਰਨਗੇ।ਉਨ੍ਹਾਂ ਕੇਂਦਰ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਲੋਕਾਂ ਦੀ ਸਲਾਹ ਨਾਲ ਬਿਲ ਪਾਸ ਕੀਤੇ ਜਾਣ।

## ਗੁਲਨੀਤ ਖੁਰਾਣਾ ਦੀ ਡੀ ਆਈ ਜੀ ਵਜੋਂ ਪਦ-ਉਨਤੀ ਇਮਾਨਦਾਰੀ ਤੇ ਦਲੇਰੀ ਦੀ ਮਿਸਾਲ : ਰਿਸ਼ੂ, ਪਵਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਮੋਗਾ ਵਿਖੇ ਐੱਸ ਐੱਸ ਪੀ ਵਜੋਂ ਆਪਣੀ ਸੇਵਾ ਨਿਭਾਅ ਚੁੱਕੇ ਗੁਲਨੀਤ ਖੁਰਾਣਾ ਨੇ ਆਪਣੀ ਡਿਊਟੀ ਹਮੇਸ਼ਾ ਹੀ ਇਮਾਨਦਾਰੀ, ਦਲੇਰੀ ਤੇ ਤਨਦੇਹੀ ਨਾਲ ਨਿਭਾਈ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਯੂਥ ਅਗਰਵਾਲ ਸਭਾ ਦੇ ਜ਼ਿਲ੍ਹਾ ਪ੍ਰਧਾਨ ਰਿਸ਼ੂ ਅਗਰਵਾਲ ਤੇ ਯੂਥ ਅਗਰਵਾਲ ਸਭਾ ਬਾਘਾ ਪੁਰਾਣਾ ਦੇ ਪ੍ਰਧਾਨ ਪਵਨ ਗੋਇਲ ਨੇ ਕੀਤਾ।ਉਨ੍ਹਾਂ ਕਿਹਾ ਕਿ ਮੋਗਾ ਡਿਊਟੀ ਦੌਰਾਨ ਐੱਸ ਐੱਸ ਪੀ ਗੁਲਨੀਤ ਸਿੰਘ ਖੁਰਾਣਾ ਵੱਲੋਂ ਕਾਨੂੰਨ-ਵਿਵਸਥਾ ਨੂੰ ਮਜ਼ਬੂਤ ਕਰਨ, ਅਪਰਾਧ 'ਤੇ ਨਕੇਲ ਕੱਸਣ ਤੇ ਆਮ ਲੋਕਾਂ ਨੂੰ ਨਿਆਂ ਦਿਵਾਉਣ ਲਈ ਕੀਤੇ ਗਏ ਉਪਰਾਲੇ ਅੱਜ ਵੀ ਲੋਕਾਂ ਵਿੱਚ ਯਾਦ ਕੀਤੇ ਜਾਂਦੇ ਹਨ।ਗੁਲਨੀਤ ਖੁਰਾਣਾ ਨੇ ਸਿਰਫ਼ ਅਹੁਦੇ ਦੀ ਜ਼ਿੰਮੇਵਾਰੀ ਹੀ ਨਹੀਂ ਨਿਭਾਈ, ਸਗੋਂ ਪੁਲਸ ਤੇ ਜਨਤਾ ਦਰਮਿਆਨ ਭਰੋਸੇ ਦਾ ਰਿਸ਼ਤਾ ਵੀ ਮਜ਼ਬੂਤ ਕੀਤਾ।ਮੋਗਾ ਤੋਂ ਬਾਅਦ ਬਠਿੰਡਾ ਤੇ ਰੂਪਨਗਰ ਜ਼ਿਲ੍ਹਿਆਂ ਵਿੱਚ ਵੀ ਐੱਸ ਐੱਸ ਪੀ ਵਜੋਂ ਡਿਊਟੀ ਦੌਰਾਨ ਗੁਲਨੀਤ ਖੁਰਾਣਾ ਨੇ ਅਪਰਾਧੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਕੇ ਤੇ ਕਾਨੂੰਨ ਦੀ ਪਾਲਣਾ ਨੂੰ ਯਕੀਨੀ ਬਣਾ ਕੇ ਆਪਣੀ ਵਿਲੱਖਣ ਪਛਾਣ ਬਣਾਈ।ਉਨ੍ਹਾਂ ਦੀ ਅਗਵਾਈ ਹੇਠ ਪੁਲਸ ਵਿਭਾਗ ਨੇ ਕਈ ਸੰਵੇਦਨਸ਼ੀਲ ਮਾਮਲਿਆਂ ਨੂੰ ਸੁਚੱਜੇ ਢੰਗ ਨਾਲ ਹੱਲ ਕੀਤਾ, ਜਿਸ ਨਾਲ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਵਧੀ।ਨਸ਼ਿਆਂ ਖ਼ਿਲਾਫ਼ ਮੁਹਿੰਮ, ਗੈਂਗਸਟਰਾਂ ਉੱਤੇ ਸਖ਼ਤੀ ਤੇ ਆਮ ਨਾਗਰਿਕਾਂ ਦੀ ਸੁਣਵਾਈ ਕਰਨਾ ਉਨ੍ਹਾਂ ਦੀ ਕਾਰਗੁਜ਼ਾਰੀ ਦੇ ਮੁੱਖ ਅੰਗ ਰਹੇ।ਗੁਲਨੀਤ ਖੁਰਾਣਾ ਦੀ ਇਮਾਨਦਾਰ ਤੇ ਨਿੱਡਰ ਸੇਵਾ ਨੂੰ ਮੱਦੇਨਜ਼ਰ ਰੱਖਦਿਆਂ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਨੂੰ ਪਦ ਉਨਤ ਕਰਕੇ ਡੀਆਈਜੀ ਨਿਯੁਕਤ ਕੀਤਾ ਗਿਆ ਹੈ, ਜੋ ਕਿ ਨਾ ਸਿਰਫ਼ ਉਨ੍ਹਾਂ ਲਈ ਸਗੋਂ ਪੂਰੇ ਪੁਲਸ ਵਿਭਾਗ ਲਈ ਮਾਣ ਦੀ ਗੱਲ ਹੈ।ਇਹ ਪਦ-ਉਨਤੀ ਉਨ੍ਹਾਂ ਦੀ ਸਖ਼ਤ ਮਿਹਨਤ, ਡਿਊਟੀ ਪ੍ਰਤੀ ਸਮਰਪਣ ਤੇ ਬੇਦਾਗ ਛਵੀ ਦਾ ਨਤੀਜਾ ਹੈ।ਪ੍ਰਧਾਨ ਰਿਸ਼ੂ ਤੇ ਪ੍ਰਧਾਨ ਪਵਨ ਗੋਇਲ ਕਿਹਾ ਕਿ ਗੁਲਨੀਤ ਖੁਰਾਣਾ ਵਰਗੇ ਅਫ਼ਸਰ ਨੌਜਵਾਨਾਂ ਲਈ ਪ੍ਰੇਰਣਾ ਹਨ ਤੇ ਉਨ੍ਹਾਂ ਦੀ ਪਦ-ਉਨਤੀ ਨਾਲ ਇਮਾਨਦਾਰ ਅਧਿਕਾਰੀਆਂ ਦਾ ਹੌਸਲਾ ਵਧਦਾ ਹੈ।

## ਤਨਖ਼ਾਹਾਂ 'ਤੇ ਜ਼ੁਬਾਨੀ ਦੀ ਰੋਕ ਲਗਾਉਣ ਦੀ ਡੀ ਟੀ ਐੱਫ ਵੱਲੋਂ ਨਿੰਦਾ




**ਮੋਗਾ (ਇਕਬਾਲ ਸਿੰਘ ਖਹਿਰਾ)**-ਖਜ਼ਾਨਾ ਭਰੇ ਹੋਣ ਦਾ ਢਿੰਡੋਰਾ ਪਿੱਟਣ ਵਾਲੀ ਪੰਜਾਬ ਦੀ ਆਪ ਸਰਕਾਰ ਇਸ ਵਾਰ ਵੀ ਪੰਜਾਬ ਦੇ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹਾਂ ਦੇਣ ਤੋਂ ਹੱਥ ਖੜੇ ਕਰ ਚੁੱਕੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਸੁਖਪਾਲਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸਿੰਘ ਘੋਲੀਆ ਨੇ ਕੀਤਾ। ਜ਼ਿਲ੍ਹਾ ਮੀਤ ਪ੍ਰਧਾਨ ਸਵਰਨਦਾਸ, ਪ੍ਰੈੱਸ ਸਕੱਤਰ ਗੁਰਮੀਤ ਸਿੰਘ ਝੋਰੜਾ, ਸੰਯੁਕਤ ਸਕੱਤਰ ਅਮਨਦੀਪ ਮਾਛੀਕੇ, ਵਿੱਤ ਸਕੱਤਰ ਗੁਰਸ਼ਰਨ ਸਿੰਘ ਨੇ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਪੂਰੀ ਤਰ੍ਹਾਂ ਮੁਲਾਜ਼ਮ ਵਿਰੋਧੀ ਨੀਤੀਆਂ ਤੇ ਚੱਲ ਰਹੀ ਹੈ, ਜਿਸ ਦੇ ਚਲਦੇ ਪਿਛਲੇ ਕਈ ਮਹੀਨਿਆਂ ਤੋਂ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਭੁਗਤਾਨ ਤੇ ਕਈ-ਕਈ ਦਿਨ ਜ਼ੁਬਾਨੀ ਰੋਕ ਲਗਾ ਦਿੱਤੀ ਜਾਂਦੀ ਹੈ।ਤਨਖ਼ਾਹਾਂ ਵਿੱਚ ਦੇਰ ਹੋਣ ਨਾਲ ਮੁਲਾਜ਼ਮਾਂ ਨੂੰ ਬਹੁਤ ਸਾਰੀਆਂ ਵਿੱਤੀ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਮੁਲਾਜ਼ਮਾਂ ਵੱਲੋਂ ਆਪਣੀ ਤਨਖਾਹ ਨਾਲ ਬੈਂਕਾਂ ਤੋਂ ਲਏ ਲੋਨ ਦੀਆਂ ਕਿਸ਼ਤਾਂ ਭਰਨੀਆਂ ਹੁੰਦੀਆਂ ਹਨ ਤੇ ਆਪਣੇ ਬੱਚਿਆਂ ਦੀਆਂ ਸਕੂਲ ਫੀਸਾਂ ਦੀ ਅਦਾਇਗੀ ਕਰਨੀ ਹੁੰਦੀ, ਤਨਖ਼ਾਹ ਵਿੱਚ ਦੇਰ ਹੋਣ ਨਾਲ ਮੁਲਾਜ਼ਮਾਂ ਨੂੰ ਆਪਣੀਆਂ ਕਿਸ਼ਤਾਂ ਟੁੱਟਣ ਤੇ ਬੈਂਕ ਡਿਫਾਲਟਰ ਹੋਣ ਦਾ ਡਰ ਬਣਿਆ ਰਹਿੰਦਾ।ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਹਰ ਮਹੀਨੇ ਤਨਖ਼ਾਹਾਂ 'ਤੇ ਜ਼ੁਬਾਨੀ ਰੋਕ ਲਗਾਉਣ ਦੀ ਆਪਣੀ ਨੀਤੀ ਵਿੱਚ ਬਦਲਾਅ ਕਰੇ ਤੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਦਾ ਰੈਗੂਲਰ ਤੌਰ ਭੁਗਤਾਨ ਯਕੀਨੀ ਬਣਾਏ।ਅਜਿਹਾ ਨਾ ਕਰਨ ਉਤੇ ਜਥੇਬੰਦੀ ਭਵਿੱਖ ਵਿੱਚ ਸਰਕਾਰ ਖਿਲਾਫ਼ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ।ਇਸ ਸਮੇਂ ਅਮਰਦੀਪ ਸਿੰਘ ਬੁੱਟਰ, ਜਗਜੀਤ ਸਿੰਘ ਰਣੀਆਂ, ਸਵਰਨਜੀਤ ਭਗਤਾਂ, ਨਰਿੰਦਰ ਸਿੰਘ, ਦੀਪਕ ਮਿੱਤਲ, ਮਧੂ ਬਾਲਾ, ਮਮਤਾ ਕੌਸ਼ਲ ਆਦਿ ਜ਼ਿਲ੍ਹਾਂ ਕਮੇਟੀ ਮੈਂਬਰ ਹਾਜ਼ਰ ਸਨ।

## 15 ਦੀ ਕਾਨਫਰੰਸ ਸੰਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਨੂੰ ਕੀਤਾ ਲਾਮਬੰਦ



**ਕੋਟ ਈਸੇ ਖਾਂ (ਅਰੋੜਾ)**-ਇਥੋਂ ਦੇ ਧਰਮਕੋਟ ਰੋਡ 'ਤੇ ਗੁਰਦੁਆਰਾ ਬਾਬਾ ਬਚਿੱਤਰ ਸਿੰਘ ਵਿਖੇ ਹਲਕਾ ਧਰਮਕੋਟ ਦੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਦੀ ਇੱਕ ਵਿਸ਼ੇਸ਼ ਬੈਠਕ ਸ਼ਹਿਰੀ ਪ੍ਰਧਾਨ ਹਰਮੇਲ ਸਿੰਘ ਰਾਜਪੂਤ ਤੇ ਹੋਰ ਆਗੂਆਂ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਇਤਿਹਾਸਕ ਪਿੰਡ ਤਖਤੂਪੁਰਾ ਸਾਹਿਬ ਵਿਖੇ ਮਾਘੀ ਦੇ ਸਾਲਾਨਾ ਜੋੜ ਮੇਲੇ 'ਤੇ 15 ਜਨਵਰੀ ਨੂੰ ਰੱਖੀ ਗਈ ਕਾਨਫਰੰਸ ਦੇ ਸਬੰਧ ਵਿੱਚ ਵਰਕਰਾਂ ਨੂੰ ਲਾਮਬੰਦ ਕੀਤਾ ਗਿਆ। ਇਸ ਮੀਟਿੰਗ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਜਥੇਦਾਰ ਤੀਰਥ ਸਿੰਘ ਮਾਹਲਾ, ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਤਲਵੰਡੀ ਭੰਗਰੀਆਂ, ਸੀਨੀਅਰ ਅਕਾਲੀ ਆਗੂ ਰਜਿੰਦਰ ਸਿੰਘ ਡੱਲਾ, ਖਣਮੁੱਖ ਭਾਰਤੀ ਪੈਂਤੋਂ ਜ਼ਿਲ੍ਹਾ ਪ੍ਰਧਾਨ ਸ਼ਹਿਰੀ, ਸੀਨੀ. ਅਕਾਲੀ ਆਗੂ ਗੁਰਮੀਤ ਸਿੰਘ ਗਗੜਾ, ਹੋਰ ਜ਼ਿਲ੍ਹਾ ਲੀਡਰਸ਼ਿਪ ਤੋਂ ਇਲਾਵਾ ਸਰਕਲ ਪ੍ਰਧਾਨ ਤੇ ਵਰਕਰ ਵੱਡੀ ਗਿਣਤੀ 'ਚ ਸ਼ਾਮਲ ਹੋਏ।ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ 15 ਜਨਵਰੀ ਦੀ ਕਾਨਫਰੰਸ ਵਿੱਚ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਸੰਬੋਧਨ ਕਰਨਗੇ। ਉਨ੍ਹਾਂ ਹਲਕੇ ਦੇ ਅਹੁਦੇਦਾਰਾਂ ਨੂੰ ਕਿਹਾ ਕਿ ਉਹ ਵੱਡੀ ਗਿਣਤੀ ਵਿੱਚ ਹਲਕਾ ਧਰਮਕੋਟ ਤੋਂ ਇਕਠ ਦੇ ਰੂਪ ਵਿੱਚ ਇਕੱਠੇ ਹੋ ਕੇ ਪਹੁੰਚਣ। ਉਨ੍ਹਾਂ ਕਿਹਾ ਕਿ ਲੋਕ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਵੱਡੀ ਗਿਣਤੀ ਵਿੱਚ ਜੁੜ ਰਹੇ ਹਨ, ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਉਨ੍ਹਾਂ ਦਾ ਮੋਹ ਭੰਗ ਹੋ ਚੁੱਕਾ ਹੈ ਤੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਨ ਜਾ ਰਹੀ ਹੈ। ਉਨ੍ਹਾਂ ਆਗੂਆਂ ਤੇ ਵਰਕਰਾਂ ਨੂੰ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਡੱਟ ਕੇ ਕੰਮ ਕਰਨਾ ਸ਼ੁਰੂ ਕਰ ਦੇਣ। ਇਸ ਮੌਕੇ ਜਥੇਦਾਰ ਮਾਹਲਾ, ਜ਼ਿਲ੍ਹਾ ਪ੍ਰਧਾਨ ਭੰਗੇਰੀਆਂ, ਰਜਿੰਦਰ ਸਿੰਘ ਡੱਲਾ, ਪ੍ਰਧਾਨ ਖਣਮੁੱਖ ਭਾਰਤੀ ਤੇ ਹੋਰਨਾਂ ਨੂੰ ਸਨਮਾਨਤ ਵੀ ਕੀਤਾ ਗਿਆ।

## ਗਣਤੰਤਰ ਦਿਵਸ ਦੇ ਰਾਜ ਪੱਧਰੀ ਸਮਾਗਮ ਮੌਕੇ ਰਾਜਪਾਲ ਲਹਿਰਾਉਣਗੇ ਤਿਰੰਗਾ ਝੰਡਾ : ਡਾ. ਪ੍ਰੀਤੀ ਯਾਦਵ



**ਪਟਿਆਲਾ (ਰਾਜਿੰਦਰ ਸਿੰਘ ਥਿੰਦ, ਇਕਬਾਲ ਸਿੰਘ ਬੱਲ)**-ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਦੇਸ਼ ਦੇ ਗਣਤੰਤਰ ਦਿਵਸ ਮੌਕੇ 26 ਜਨਵਰੀ ਨੂੰ ਪਟਿਆਲਾ ਵਿਖੇ ਦੇਸ਼ ਦਾ ਕੌਮੀ ਝੰਡਾ ਤਿਰੰਗਾ ਲਹਿਰਾਉਣ ਦੀ ਰਸਮ ਅਦਾ ਕਰਨਗੇ।ਇਹ ਪ੍ਰਗਟਾਵਾ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਕੀਤਾ।ਉਨ੍ਹਾਂ ਜ਼ਿਲ੍ਹੇ ਦੇ ਸਮੂਹ ਵਸਨੀਕਾਂ ਨੂੰ ਪੋਲੋ ਗਰਾਊਂਡ ਵਿਖੇ ਹੋਣ ਵਾਲੇ ਗਣਤੰਤਰ ਦਿਵਸ ਦੇ ਰਾਜ ਪੱਧਰੀ ਸਮਾਗਮ 'ਚ ਵਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।ਗਣਤੰਤਰ ਦਿਵਸ ਦੇ ਪਟਿਆਲਾ ਵਿਖੇ ਇਸ ਵਾਰ ਹੋ ਰਹੇ ਰਾਜ ਪੱਧਰੀ ਸਮਾਰੋਹ ਦੀਆਂ ਤਿਆਰੀਆਂ ਬਾਬਤ ਬੈਠਕ ਕਰਦਿਆਂ ਏ.ਡੀ.ਸੀ (ਜ) ਸਿਮਰਪ੍ਰੀਤ ਕੌਰ ਨੇ ਡਿਪਟੀ ਕਮਿਸ਼ਨਰ ਦੇ ਨਿਰਦੇਸ਼ਾਂ ਮੁਤਾਬਕ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ।ਉਨ੍ਹਾਂ ਨੇ ਦੱਸਿਆ ਕਿ ਗਣਤੰਤਰ ਦਿਵਸ ਮੌਕੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਤਿਰੰਗਾ ਝੰਡਾ ਲਹਿਰਾਉਣ ਤੋਂ ਬਾਅਦ ਸੂਬਾ ਨਿਵਾਸੀਆਂ ਦੇ ਨਾਮ ਸੰਦੇਸ਼ ਦੇਣਗੇ, ਪਰੇਡ ਦਾ ਨਿਰੀਖਣ ਕਰਨ ਬਾਅਦ ਮਾਰਚ ਪਾਸਟ ਤੋਂ ਸਲਾਮੀ ਲੈਣਗੇ ਤੇ ਸੁਤੰਤਰਤਾ ਸੰਗਰਾਮੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਨਮਾਨਤ ਵੀ ਕਰਨਗੇ।ਸਿਮਰਪ੍ਰੀਤ ਕੌਰ ਨੇ ਸਮਾਗਮ ਲਈ ਸ਼ਾਨਦਾਰ ਪ੍ਰੇਡ, ਮਾਰਚ ਪਾਸਟ, ਸੱਭਿਆਚਾਰਕ ਪ੍ਰੋਗਰਾਮ, ਗਿੱਧਾ, ਭੰਗੜਾ, ਜ਼ਿਲ੍ਹੇ ਅੰਦਰ ਵੱਖ-ਵੱਖ ਵਿਭਾਗਾਂ ਦੀ ਪ੍ਰਗਤੀ ਨੂੰ ਦਰਸਾਉਂਦੀਆਂ ਝਾਕੀਆਂ ਦੀਆਂ ਤਿਆਰੀਆਂ ਸਮੇਤ ਸਾਫ਼-ਸਫ਼ਾਈ ਤੇ ਹੋਰ ਪ੍ਰਬੰਧਾਂ ਦਾ ਜਾਇਜ਼ਾ ਲਿਆ।ਉਨ੍ਹਾਂ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਇਹ ਇੱਕ ਅਹਿਮ ਸਮਾਗਮ ਹੈ, ਇਸ ਲਈ ਇਸ ਦੇ ਪ੍ਰਬੰਧਾਂ 'ਚ ਕੋਈ ਅਣਗਹਿਲੀ ਨਾ ਵਰਤੀ ਜਾਵੇ ਤੇ ਵਿਭਾਗਾਂ ਦੇ ਮੁਖੀ ਸਮੁੱਚੇ ਪ੍ਰਬੰਧਾਂ ਦੀ ਨਿਗਰਾਨੀ ਖ਼ੁਦ ਕਰਨੀ ਯਕੀਨੀ ਬਣਾਉਣ।

## ਭਾਰਤੀ ਜਨਤਾ ਪਾਰਟੀ ਮੰਡਲ ਦੀ ਮੀਟਿੰਗ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਭਾਰਤੀ ਜਨਤਾ ਪਾਰਟੀ ਮੰਡਲ ਸਮਾਣਾ ਦੀ ਮੀਟਿੰਗ ਮੰਡਲ ਪ੍ਰਧਾਨ ਯਤਿੰਦਰ ਸ਼ਰਮਾ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਭਾਰਤੀ ਜਨਤਾ ਪਾਰਟੀ ਐਸਸੀ ਮੋਰਚਾ ਪੰਜਾਬ ਦੇ ਪ੍ਰਧਾਨ ਤੇ ਪੂਰਬ ਆਈਏਐਸ ਸ੍ਰੀ ਐਸ ਆਰ ਲੱਧੜ ਮੌਜੂਦ ਰਹੇ। ਮੀਟਿੰਗ 'ਚ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ, ਹਲਕਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ, ਜਨਰਲ ਸਕੱਤਰ ਸਿਕੰਦਰ ਵੀਰ ਜਿੰਦਲ ਵੀ ਹਾਜ਼ਰ ਰਹੇ। ਮੀਟਿੰਗ 'ਚ ਸਮਾਣਾ ਮੰਡਲ ਪ੍ਰਧਾਨ ਯਤਿੰਦਰ ਸ਼ਰਮਾ ਨੇ ਨਵੀਂ ਟੀਮ ਦਾ ਐਲਾਨ ਕੀਤਾ, ਜਿਸ ਵਿੱਚ 6 ਮੀਤ ਪ੍ਰਧਾਨ, 2 ਜਨਰਲ ਸੈਕਟਰੀ, 6 ਸੈਕਟਰੀ ਖ਼ਜ਼ਾਨਚੀ ਆਫ਼ਿਸ ਸੈਕਟਰੀ ਯੁਵਾ ਮੋਰਚਾ ਮਹਿਲਾ ਮੋਰਚਾ, ਕਿਸਾਨ ਮੋਰਚਾ, ਐਸਸੀ ਮੋਰਚਾ, ਮਾਨਟੀ ਮੋਰਚਾ ਮਾਯਨਾਰਟੀ ਮੋਰਚਾ, ਓਬੀਸੀ ਮੋਰਚਾ, ਆਈਟੀ ਕਨਵੀਨਰ ਸੋਸ਼ਲ ਮੀਡੀਆ ਕਨਵੀਨਰ ਮੀਡੀਆ ਕਨਵੀਨਰ ਕਮਲ ਸੁਨੇਹਾ ਕਨਵੀਨਰ ਮਨ ਕੀ ਬਾਤ ਕਨਵੀਨਰ ਤੇ ਪਬਲੀਸਿਟੀ ਕਨਵੀਨਰ ਸਹਿਤ 18 ਹੋਰ ਮੈਂਬਰਾਂ ਦੀ ਵੀ ਘੋਸ਼ਣਾ ਕੀਤੀ।ਨਵੀਂ ਟੀਮ ਸਹਿਤ ਪੁਰਾਣੇ ਮੈਂਬਰਾਂ ਦਾ ਵੀ ਸਨਮਾਨ ਕੀਤਾ।ਸਾਰੇ ਮੈਂਬਰਾਂ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਨਿਸ਼ਠਾ ਨਾਲ ਅਦਾ ਕਰਨਗੇ।ਸ੍ਰੀ ਲੱਧੜ ਐਕਸ ਆਈਏਐਸ ਪ੍ਰਧਾਨ ਐਸਸੀ ਮੋਰਚਾ ਪੰਜਾਬ ਨੇ ਵੀ ਬੀ ਜੀ ਰਾਮ ਜੀ ਸਕੀਮ ਉਪਰ ਵਿਸਤਾਰ ਨਾਲ ਚਾਨਣਾ ਪਾਇਆ ਤੇ ਦੱਸਿਆ ਕਿ ਇਸ ਯੋਜਨਾ 'ਚ 100 ਦਿਨਾਂ ਦੀ ਬਜਾਏ 125 ਦਿਨਾਂ ਦੀ ਰੁਜ਼ਗਾਰ ਦੀ ਗਾਰੰਟੀ ਹੈ।

ਐਤਵਾਰ, 11 ਜਨਵਰੀ, 2026, 28 ਪੋਹ ਨਾਨਕਸ਼ਾਹੀ 557, ਬਿਕਰਮੀ 2082, ਜਿਲਦ/VOL. : 74 ਅੰਕ/NO. : 222

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 11 JANUARY, 2026 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57

## ਭਾਜਪਾ ਨੇ ਵੀਡੀਓ ਨੂੰ ਤੋੜ ਮਰੋੜ ਕੇ ਪੇਸ਼ ਕੀਤਾ : ਕੰਗ

**ਚੰਡੀਗੜ੍ਹ** : ਆਮ ਆਦਮੀ ਪਾਰਟੀ ਦੇ ਪੰਜਾਬ ਤੋਂ ਸਾਂਸਦ ਮਲਵਿੰਦਰ ਸਿੰਘ ਕੰਗ ਨੇ ਭਾਜਪਾ 'ਤੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਭਾਜਪਾ ਨੇ ਦਿੱਲੀ ਦੀ ਵਿਰੋਧੀ ਧਿਰ ਦੀ ਆਗੂ ਆਤਿਸ਼ੀ ਦੇ ਭਾਸ਼ਣ ਦੀ ਵੀਡੀਓ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਹੈ ਅਤੇ ਇਸ ਰਾਹੀਂ ਸਿੱਖ ਭਾਵਨਾਵਾਂ ਨੂੰ ਜਾਣਬੁੱਝ ਕੇ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਫੋਰੈਂਸਿਕ ਰਿਪੋਰਟ ਵਿੱਚ ਵੀ ਇਹ ਸਾਬਤ ਹੋ ਚੁੱਕਾ ਹੈ ਕਿ ਵੀਡੀਓ ਨਾਲ ਛੇੜਛਾੜ ਕੀਤੀ ਗਈ ਹੈ।

## ਠੰਢੀਆਂ ਹਵਾਵਾਂ ਦੀ ਲਪੇਟ 'ਚ ਪੰਜਾਬ



**ਚੰਡੀਗੜ੍ਹ** : ਪਹਾੜਾਂ ਤੋਂ ਚੱਲ ਰਹੀਆਂ ਠੰਢੀਆਂ ਹਵਾਵਾਂ ਨੇ ਪੰਜਾਬ ਅਤੇ ਚੰਡੀਗੜ੍ਹ ਵਿਚ ਠੰਢ ਵਧਾ ਦਿੱਤੀ ਹੈ। ਮੌਸਮ ਵਿਗਿਆਨ ਕੇਂਦਰ ਚੰਡੀਗੜ੍ਹ ਦੇ ਅਨੁਸਾਰ ਐਤਵਾਰ ਨੂੰ ਵੀ ਠੰਢ ਤੋਂ ਰਾਹਤ ਮਿਲਣ ਦੀ ਕੋਈ ਸੰਭਾਵਨਾ ਨਹੀਂ ਹੈ। ਠੰਢੀ ਲਹਿਰ ਅਤੇ ਸੰਘਣੀ ਧੁੰਦ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਸ ਦੌਰਾਨ ਪੰਜਾਬ ਦੇ 10 ਜ਼ਿਲ੍ਹਿਆਂ ਵਿਚ ਸੰਘਣੀ ਧੁੰਦ, 5 ਜ਼ਿਲ੍ਹਿਆਂ ਵਿਚ ਸੀਤ ਲਹਿਰ ਅਤੇ 6 ਜ਼ਿਲ੍ਹਿਆਂ ਵਿਚ ਠੰਢੇ ਦਿਨ ਦੀ ਭਵਿੱਖਬਾਣੀ ਕੀਤੀ ਗਈ ਹੈ। ਜਲੰਧਰ ਅਤੇ ਅੰਮ੍ਰਿਤਸਰ ਸ਼ਨੀਵਾਰ ਸਵੇਰ ਤੋਂ ਹੀ ਸੰਘਣੀ ਧੁੰਦ ਵਿਚ ਢਕੇ ਹੋਏ ਹਨ, ਜਿਸ ਨਾਲ ਦਿਸਣ ਯੋਗਤਾ ਘਟ ਗਈ ਹੈ। ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਬਠਿੰਡਾ ਅਤੇ ਮਾਨਸਾ ਦੇ ਕੁਝ ਇਲਾਕਿਆਂ ਵਿਚ ਸੀਤ ਲਹਿਰ ਦੀ ਸਥਿਤੀ ਹੋਣ ਦੀ ਸੰਭਾਵਨਾ ਹੈ। ਇਸੇ ਤਰ੍ਹਾਂ ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਦੇ ਕੁਝ ਇਲਾਕਿਆਂ ਵਿਚ ਦਿਨ ਵੇਲੇ ਦਾ ਤਾਪਮਾਨ ਜ਼ਿਆਦਾ ਹੋ ਸਕਦਾ ਹੈ। ਹਾਲਾਂਕਿ ਪੰਜਾਬ ਮੌਸਮ ਵਿਭਾਗ ਦਾ ਕਹਿਣਾ ਹੈ ਕਿ ਇਸ ਸਾਲ ਪਿਛਲੇ ਸਾਲਾਂ ਨਾਲੋਂ ਘੱਟ ਠੰਢ ਰਹੀ ਹੈ। ਬਠਿੰਡਾ ਵਿੱਚ ਹੁਣ ਤੱਕ ਦਾ ਸਭ ਤੋਂ ਘੱਟ ਤਾਪਮਾਨ 4.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

### ਠਰ ਗਈ ਰਾਜਧਾਨੀ

**ਨਵੀਂ ਦਿੱਲੀ** : ਭਾਰਤੀ ਮੌਸਮ ਵਿਗਿਆਨ ਵਿਭਾਗ ਅਨੁਸਾਰ ਦੇਸ਼ ਦੀ ਰਾਜਧਾਨੀ ਵਿੱਚ ਸ਼ਨਿਚਰਵਾਰ ਨੂੰ ਘੱਟੋ-ਘੱਟ ਤਾਪਮਾਨ 4.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਕਿ ਸੀਜ਼ਨ ਦੇ ਔਸਤ ਤਾਪਮਾਨ ਨਾਲੋਂ 2.7 ਡਿਗਰੀ ਘੱਟ ਸੀ। ਇਸ ਦੇ ਨਾਲ ਹੀ ਦਿੱਲੀ ਵਿੱਚ 2024 ਤੋਂ ਬਾਅਦ ਚੱਲ ਰਹੇ ਸਰਦੀਆਂ ਦੇ ਸੀਜ਼ਨ ਦੀ ਸਭ ਤੋਂ ਠੰਢੀ ਸਵੇਰ ਦਰਜ ਕੀਤੀ ਗਈ ਹੈ।

ਪਿਛਲੇ ਸਾਲਾਂ ਵਿੱਚ ਜਨਵਰੀ ਦਾ ਸਭ ਤੋਂ ਠੰਢਾ ਦਿਨ 15 ਜਨਵਰੀ 2024 ਨੂੰ ਦਰਜ ਕੀਤਾ ਗਿਆ ਸੀ, ਜਦੋਂ ਘੱਟੋ-ਘੱਟ ਤਾਪਮਾਨ 3.3 ਡਿਗਰੀ ਸੈਲਸੀਅਸ ਤੱਕ ਡਿੱਗ ਗਿਆ ਸੀ, ਜਿਸ ਨਾਲ ਪੂਰੀ ਰਾਜਧਾਨੀ ਵਿੱਚ ਸੀਤ ਲਹਿਰ ਦੇ ਹਾਲਾਤ ਬਣ ਗਏ ਸਨ। ਸਟੇਸ਼ਨਵਾਰ ਅੰਕੜਿਆਂ ਅਨੁਸਾਰ ਸਫਦਰਜੰਗ ਵਿੱਚ ਘੱਟੋ-ਘੱਟ ਤਾਪਮਾਨ 4.2 ਡਿਗਰੀ ਸੈਲਸੀਅਸ ਰਿਹਾ।

# ਸਰਕਾਰ ਸੂਬੇ ਦੀ ਭਲਾਈ ਲਈ ਵਚਨਬੱਧ : ਮਾਨ

**ਬਠਿੰਡਾ (ਪਰਵਿੰਦਰ ਜੀਤ ਸਿੰਘ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਬਠਿੰਡਾ ਦੇ ਵਸਨੀਕਾਂ ਲਈ ਲਗਭਗ 90 ਕਰੋੜ ਰੁਪਏ ਦੇ ਵੱਡੇ ਬੁਨਿਆਦੀ ਢਾਂਚੇ ਦਾ ਤੋਹਫ਼ਾ ਦਿੱਤਾ ਹੈ, ਜਿਸ ਤਹਿਤ ਮੁੜ ਨਿਰਮਾਣ ਕੀਤਾ ਮੁਲਤਾਨੀਆ ਰੇਲਵੇ ਓਵਰ ਬ੍ਰਿਜ (ਆਰ.ਓ.ਬੀ.) ਜਨਤਾ ਨੂੰ ਸਮਰਪਤ ਕੀਤਾ ਗਿਆ ਅਤੇ ਜਨਤਾ ਨਗਰ ਵਿਖੇ ਇੱਕ ਨਵੇਂ ਰੇਲਵੇ ਓਵਰ ਬ੍ਰਿਜ ਦੇ ਨਿਰਮਾਣ ਨੂੰ ਪ੍ਰਵਾਨਗੀ ਦਿੱਤੀ ਗਈ। ਦੋਵਾਂ ਪ੍ਰੋਜੈਕਟਾਂ ਦਾ ਉਦੇਸ਼ ਸ਼ਹਿਰ ਦੀਆਂ ਲੰਬੇ ਸਮੇਂ ਤੋਂ ਚੱਲ ਰਹੀਆਂ ਟ੍ਰੈਫਿਕ ਸਮੱਸਿਆਵਾਂ ਨੂੰ ਹੱਲ ਕਰਨਾ ਹੈ।ਮੁਲਤਾਨੀਆ ਆਰ.ਓ.ਬੀ. ਲੋਕਾਂ ਨੂੰ ਸਮਰਪਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਾਨ ਨੇ ਉਦਘਾਟਨ ਵਿੱਚ ਸ਼ਾਮਲ ਹੋਏ ਨਿਵਾਸੀਆਂ ਦਾ ਨਿੱਘਾ ਸਵਾਗਤ ਕੀਤਾ ਅਤੇ ਕਿਹਾ ਕਿ ਪੰਜਾਬ ਦਾ ਇੱਕ ਮਹੱਤਵਪੂਰਨ ਰੇਲਵੇ ਜੰਕਸ਼ਨ ਹੋਣ ਕਰਕੇ ਬਠਿੰਡਾ ਵਿੱਚੋਂ ਕਈ ਰੇਲਵੇ ਲਾਈਨਾਂ ਲੰਘਦੀਆਂ ਹਨ ਅਤੇ ਇਹ ਲਾਈਨਾਂ ਸ਼ਹਿਰ ਨੂੰ ਵੱਖ-ਵੱਖ



ਹਿੱਸਿਆਂ ਵਿੱਚ ਵੰਡਦੀਆਂ ਹਨ। ਉਨ੍ਹਾਂ ਕਿਹਾ, ਅੰਬਾਲਾ, ਦਿੱਲੀ, ਸਿਰਸਾ ਅਤੇ ਬੀਕਾਨੇਰ ਰੇਲਵੇ ਲਾਈਨਾਂ ਉੱਤੇ ਬਣਿਆ ਮੁਲਤਾਨੀਆ ਪੁਲ, ਬਠਿੰਡਾ ਦੇ ਵੰਡੇ ਹੋਏ ਹਿੱਸਿਆਂ ਨੂੰ ਆਪਸ ਵਿੱਚ ਜੋੜਨ 'ਚ ਅਹਿਮ ਭੂਮਿਕਾ ਨਿਭਾਉਂਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੁਲ ਦੀ ਪੁਰਾਣੀ ਅਤੇ ਖਸਤਾ ਹਾਲਤ ਕਾਰਨ, ਬਰਸਾਤ ਦੇ ਮੌਸਮ ਦੌਰਾਨ ਮਿੱਟੀ ਦੀ ਖਾਰ ਕਾਰਨ ਇਸ ਪੁਲ ਵਿੱਚ ਅਕਸਰ ਟੋਏ ਪੈ ਜਾਂਦੇ ਸਨ, ਜਿਸ ਕਾਰਨ ਮਾਨਸੂਨ ਦੌਰਾਨ ਇਸ ਨੂੰ ਅਸਥਾਈ ਤੌਰ 'ਤੇ ਬੰਦ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਲੰਬੇ ਸਮੇਂ ਤੋਂ ਸ਼ਹਿਰ ਦੇ ਵਸਨੀਕ ਇਸ ਰੇਲਵੇ ਓਵਰ ਬ੍ਰਿਜ ਦੇ ਮੁੜ ਨਿਰਮਾਣ ਦੀ ਮੰਗ ਕਰ ਰਹੇ ਸਨ। ਇਨ੍ਹਾਂ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਦਿਆਂ ਸੂਬਾ ਸਰਕਾਰ ਵੱਲੋਂ ਪੁਰਾਣੇ ਪੁਲ ਦੀਆਂ ਪਹੁੰਚਾਂ ਨੂੰ ਢਾਹ ਕੇ ਮੌਜੂਦਾ ਥੰਮ੍ਹਾਂ 'ਤੇ ਨਵਾਂ ਪੁਲ ਬਣਾਉਣ ਦਾ ਫੈਸਲਾ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਨਵਾਂ ਮੁਲਤਾਨੀਆ ਆਰ.ਓ.ਬੀ. 38.08 ਕਰੋੜ ਦੀ ਲਾਗਤ ਨਾਲ ਬਣਾਇਆ ਗਿਆ ਹੈ। ਇਸ ਦੀ ਕੁੱਲ ਲੰਬਾਈ ਇੱਕ ਕਿਲੋਮੀਟਰ ਤੋਂ ਥੋੜ੍ਹੀ ਜ਼ਿਆਦਾ ਹੈ ਅਤੇ ਚੌੜਾਈ 23 ਫੁੱਟ ਤੋਂ ਵਧਾ ਕੇ 34.5 ਫੁੱਟ ਕਰ ਦਿੱਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜਨਤਾ ਨਗਰ ਵਿਖੇ 50.86 ਕਰੋੜ ਰੁਪਏ ਦੀ ਲਾਗਤ ਨਾਲ ਰੇਲਵੇ ਓਵਰ ਬ੍ਰਿਜ ਦੇ ਨਿਰਮਾਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪ੍ਰਸਤਾਵਿਤ ਪੁਲ ਦੀ ਲੰਬਾਈ 650 ਮੀਟਰ ਹੋਵੇਗੀ ਅਤੇ ਚੌੜਾਈ 31 ਫੁੱਟ ਹੋਵੇਗੀ। ਇਸ ਦੇ ਨਾਲ ਲੱਗਦੀ ਸਰਵਿਸ ਰੋਡ ਨੂੰ ਵੀ 18 ਫੁੱਟ ਤੋਂ ਵਧਾ 33 ਫੁੱਟ ਤੱਕ ਚੌੜਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਟੈਂਡਰ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ ਅਤੇ ਉਸਾਰੀ ਦਾ ਕੰਮ ਜਲਦ ਸ਼ੁਰੂ ਹੋ ਜਾਵੇਗਾ।

## ਬੇਅਦਬੀ ਕਾਂਡ ਦੇ ਪੀੜਤ ਵੱਲੋਂ ਸਪੀਕਰ ਨਾਲ ਮੁਲਾਕਾਤ

**ਜਲੰਧਰ** : ਨਕੋਦਰ ਵਿੱਚ 1986 ਦੌਰਾਨ ਵਾਪਰੇ ਬੇਅਦਬੀ ਕਾਂਡ ਵਿੱਚ ਇਨਸਾਫ਼ ਲੈਣ ਲਈ ਸ਼ਹੀਦ ਭਾਈ ਰਵਿੰਦਰ ਸਿੰਘ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਨਾਲ ਮੁਲਾਕਾਤ ਕੀਤੀ। ਬਲਦੇਵ ਸਿੰਘ ਨੇ ਦੱਸਿਆ ਕਿ 39 ਸਾਲ ਪਹਿਲਾਂ ਨਕੋਦਰ ਵਿੱਚ 2 ਫਰਵਰੀ 1986 ਨੂੰ ਪੰਜ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਅਗਨ ਭੇਂਟ ਕਰ ਦਿੱਤੇ ਗਏ ਸਨ। ਇਸ ਘਟਨਾ ਨਾਲ ਸਿੱਖ ਭਾਈਚਾਰੇ ਦੇ ਹਿਰਦੇ ਬੁਰੀ ਤਰ੍ਹਾਂ ਵਲੂੰਧਰੇ ਗਏ ਸਨ। ਜਿਸ ਉਪਰੰਤ 4 ਫ਼ਰਵਰੀ 1986 ਨੂੰ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟਾਅ ਰਹੇ ਸਿੱਖਾਂ 'ਤੇ ਪੁਲਸ ਨੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਸਨ ਅਤੇ ਚਾਰ ਸਿੱਖ ਨੌਜਵਾਨ ਸ਼ਹੀਦ ਹੋ ਗਏ ਸਨ। ਇਸ ਵੱਡੀ ਘਟਨਾ ਵਿੱਚ ਪੀੜਤ ਪਰਵਾਰਾਂ ਨੂੰ 39 ਸਾਲ ਬੀਤਣ 'ਤੇ ਇਨਸਾਫ਼ ਨਹੀਂ



ਮਿਲਿਆ ਹੈ। ਉਨ੍ਹਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਇੱਕ ਮੰਗ ਪੱਤਰ ਸੌਂਪਿਆ। ਮੀਟਿੰਗ ਦੌਰਾਨ ਸਪੀਕਰ

• ਬਾਕੀ ਸਫਾ 4 'ਤੇ

## ਟਰੰਪ ਵੱਲੋਂ ਗ੍ਰੀਨਲੈਂਡ ਨੂੰ 'ਮੁਸ਼ਕਲ ਰਾਹ' 'ਤੇ ਲਿਜਾਣ ਦੀ ਘੁਰਕੀ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਕ ਵਾਰ ਫਿਰ ਗ੍ਰੀਨਲੈਂਡ ਬਾਰੇ 'ਕੁਝ ਕਰਨ' ਦੀ ਆਪਣੀ ਮੰਗ ਨੂੰ ਦੁਹਰਾਇਆ ਹੈ ਅਤੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਅਮਰੀਕਾ ਕੋਈ ਕਾਰਵਾਈ ਨਹੀਂ ਕਰਦਾ ਤਾਂ ਰੂਸ ਅਤੇ ਚੀਨ ਉੱਥੇ ਕਬਜ਼ਾ ਕਰ ਲੈਣਗੇ, ਜਿਸ ਨੂੰ ਵਾਸ਼ਿੰਗਟਨ ਆਪਣੇ ਗੁਆਂਢੀ ਵਜੋਂ ਬਰਦਾਸ਼ਤ ਨਹੀਂ ਕਰੇਗਾ। ਡੈਨਮਾਰਕ ਦੇ ਸੰਦਰਭ ਵਿੱਚ ਉਨ੍ਹਾ ਕਿਹਾ ਕਿ 500 ਸਾਲ ਪਹਿਲਾਂ ਉੱਥੇ ਸਿਰਫ਼ ਇੱਕ ਕਿਸ਼ਤੀ ਉਤਾਰਨ ਦਾ ਮਤਲਬ ਇਹ ਨਹੀਂ ਕਿ ਉਹ ਉਸ ਜ਼ਮੀਨ ਦੇ ਮਾਲਕ ਹਨ। ਤੇਲ ਅਤੇ ਗੈਸ ਕਾਰਜਕਾਰੀਆਂ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਉਹ ਇਹ ਸੌਦਾ ਸੌਖੇ ਤਰੀਕੇ ਨਾਲ ਕਰਨਾ ਚਾਹੁੰਦੇ ਹਨ, ਪਰ ਜੇਕਰ ਅਜਿਹਾ ਨਾ ਹੋਇਆ ਤਾਂ ਉਹ ਸਖ਼ਤ ਤਰੀਕਾ ਅਪਣਾਉਣਗੇ। ਉਨ੍ਹਾ ਦਲੀਲ ਦਿੱਤੀ ਕਿ



ਗ੍ਰੀਨਲੈਂਡ ਦੇ ਬਾਹਰ ਰੂਸੀ ਅਤੇ ਚੀਨੀ ਵਿਨਾਸ਼ਕਾਰੀ ਜਹਾਜ਼ ਅਤੇ ਪਣਡੁੱਬੀਆਂ ਹਰ ਪਾਸੇ ਮੌਜੂਦ ਹਨ, ਇਸ ਲਈ ਸੁਰੱਖਿਆ ਲਈ ਲੀਜ਼ ਦੀ ਬਜਾਏ 'ਮਾਲਕੀ' ਹੋਣੀ ਜ਼ਰੂਰੀ ਹੈ ਕਿਉਂਕਿ ਦੇਸ਼ ਮਾਲਕੀ ਦਾ ਹੀ ਬਚਾਅ ਕਰਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਪੌਣ ਚੱਕੀਆਂ (ਵਿੰਡਮਿਲਜ਼) ਦੀ ਸਖ਼ਤ ਆਲੋਚਨਾ ਕਰਦਿਆਂ ਉਨ੍ਹਾਂ ਨੂੰ ਪੈਸੇ ਦੀ ਬਰਬਾਦੀ, ਪੰਛੀਆਂ ਦਾ ਕਾਤਲ ਅਤੇ ਚੀਨ ਵਿੱਚ ਬਣੇ ਫ਼ਜ਼ੂਲ ਉਤਪਾਦ ਦੱਸਿਆ। ਟਰੰਪ ਨੇ ਅਮਰੀਕੀ ਹਿੱਤਾਂ ਦੇ ਵਿਰੁੱਧ ਦੱਸਦਿਆਂ 35 ਗੈਰ-ਸੰਯੁਕਤ ਰਾਸ਼ਟਰ ਅਤੇ 31 ਸੰਯੁਕਤ ਰਾਸ਼ਟਰ ਸੰਸਥਾਵਾਂ ਤੋਂ ਵੱਖ ਹੋਣ ਦਾ ਨਿਰਦੇਸ਼ ਵੀ ਦਿੱਤਾ ਹੈ, ਜਿਸ ਵਿੱਚ ਭਾਰਤ ਅਤੇ ਫਰਾਂਸ ਦੀ ਅਗਵਾਈ ਵਾਲਾ ਅੰਤਰਰਾਸ਼ਟਰੀ ਸੂਰਜੀ ਗਠਜੋੜ, ਅੰਤਰਰਾਸ਼ਟਰੀ ਊਰਜਾ ਫੋਰਮ ਅਤੇ ਹੋਰ ਪ੍ਰਮੁੱਖ ਵਾਤਾਵਰਣ ਸੰਸਥਾਵਾਂ ਸ਼ਾਮਲ ਹਨ।

## ਡਰੋਨ ਰਾਹੀਂ ਸੁੱਟੇ ਹਥਿਆਰ ਬਰਾਮਦ

**ਜੰਮੂ** : ਜੰਮੂ-ਕਸ਼ਮੀਰ ਦੇ ਸਾਂਬਾ ਜ਼ਿਲ੍ਹੇ ਵਿੱਚ ਅੰਤਰਰਾਸ਼ਟਰੀ ਸਰਹੱਦ ਨੇੜੇ ਇੱਕ ਇਲਾਕੇ ਵਿੱਚ ਪਾਕਿਸਤਾਨ ਵੱਲੋਂ ਡਰੋਨ ਰਾਹੀਂ ਸੁੱਟੇ ਹਥਿਆਰ ਬਰਾਮਦ ਕੀਤੇ ਹਨ। ਅਧਿਕਾਰੀਆਂ ਨੇ ਸ਼ਨਿਚਰਵਾਰ ਨੂੰ ਦੱਸਿਆ ਕਿ ਦੋ ਪਿਸਤੌਲ, ਤਿੰਨ ਮੈਗਜ਼ੀਨ, 16 ਕਾਰਤੂਸ ਅਤੇ ਇੱਕ ਗਰਨੇਡ ਸਮੇਤ ਹੋਰ ਸਾਮਾਨ ਬਰਾਮਦ ਕੀਤਾ ਗਿਆ ਹੈ। ਉਨ੍ਹਾ ਕਿਹਾ ਕਿ ਗਣਤੰਤਰ ਦਿਵਸ ਸਮਾਗਮਾਂ ਵਿੱਚ ਵਿਘਨ ਪਾਉਣ ਦੀਆਂ ਅੱਤਵਾਦੀਆਂ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰਨ ਲਈ ਸੁਰੱਖਿਆ ਪ੍ਰਬੰਧ ਸਖ਼ਤ ਕਰ ਦਿੱਤੇ ਗਏ ਹਨ। ਅਧਿਕਾਰੀਆਂ ਅਨੁਸਾਰ ਸਰਹੱਦ ਪਾਰ ਤੋਂ ਡਰੋਨ ਦੀ ਸ਼ੱਕੀ ਗਤੀਵਿਧੀ ਦੀ ਸੂਚਨਾ ਮਿਲਣ ਤੋਂ ਬਾਅਦ ਸ਼ੁੱਕਰਵਾਰ ਦੇਰ ਰਾਤ ਘਗਵਾਲ ਇਲਾਕੇ ਦੇ ਪਲੋਰਾ ਪਿੰਡ ਵਿੱਚ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਸੀ, ਜਿੱਥੇ ਤਲਾਸ਼ੀ ਟੀਮ ਨੂੰ ਇੱਕ ਨਾਲੇ ਦੇ ਕੰਢੇ ਪੀਲੇ ਰੰਗ ਦੀ ਟੇਪ ਵਿੱਚ ਲਪੇਟਿਆ ਇੱਕ ਪੈਕੇਟ ਮਿਲਿਆ, ਜਿਸ ਨੂੰ ਬੰਬ ਨਿਰੋਧਕ ਦਸਤੇ ਦੀ ਮਦਦ ਨਾਲ ਖੋਲ੍ਹਣ 'ਤੇ ਹਥਿਆਰ ਬਰਾਮਦ ਹੋਏ ਤੇ ਅਖੀਰਲੀ ਸੂਚਨਾ ਮਿਲਣ ਤੱਕ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਜਾਰੀ ਹੈ।

## ਸਾਲੇ ਵੱਲੋਂ ਜੀਜੇ ਦਾ ਗੋਲੀਆਂ ਮਾਰ ਕੇ ਕਤਲ

**ਬੰਗਾ (ਅਵਤਾਰ ਕਲੇਰ)**

ਬੰਗਾ ਦੀ ਐਮ ਸੀ ਕਾਲੋਨੀ ਸੋਤਰਾਂ ਰੋਡ ਵਿਖੇ ਪੰਜਾਬ ਪੁਲਸ ਵਿੱਚ ਤਾਇਨਾਤ ਕਾਂਸਟੇਬਲ ਨੇ ਆਪਣੇ ਹੀ ਜੀਜੇ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਪੁਲਸ ਦੇ ਕਾਂਸਟੇਬਲ ਮਨਦੀਪ ਸਿੰਘ ਨੇ ਆਪਣੇ ਸਰਕਾਰੀ ਸਰਵਿਸ ਰਿਵਾਲਵਰ ਨਾਲ ਗੋਲੀਆਂ ਚਲਾ ਕੇ ਆਪਣੇ ਜੀਜੇ ਗੁਰਪ੍ਰੀਤ ਉਰਫ ਗੋਪੀ ਸ਼ਾਹ ਦਾ ਕਤਲ ਕਰ ਦਿੱਤਾ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਥਾਣਾ ਸਿਟੀ ਬੰਗਾ ਦੇ ਮੁੱਖ ਥਾਣਾ ਅਫਸਰ ਸਤਨਾਮ ਸਿੰਘ ਨੇ ਦੱਸਿਆ ਕਿ ਮਨਦੀਪ ਸਿੰਘ ਅਤੇ ਉਸ ਦੇ ਜੀਜੇ ਗੁਰਪ੍ਰੀਤ ਦਰਮਿਆਨ ਪਿਛਲੇ ਕਾਫੀ ਸਮੇਂ ਤੋਂ ਆਪਸੀ ਰੰਜਿਸ਼ ਚੱਲ ਰਹੀ ਸੀ।ਇਸ ਰੰਜਿਸ਼ ਦੇ ਚਲਦਿਆਂ ਮਨਦੀਪ ਸਿੰਘ ਗੁਰਪ੍ਰੀਤ ਦੇ ਘਰ ਪਹੁੰਚਿਆ ਅਤੇ ਉਸ ਨਾਲ ਗਾਲੀ-ਗਲੋਚ ਕੀਤੀ। ਜਾਨ ਦੇ ਖ਼ਤਰੇ ਨੂੰ ਭਾਂਪਦਿਆਂ ਗੁਰਪ੍ਰੀਤ ਘਰੋਂ ਭੱਜ ਕੇ ਕਿਸੇ ਪਾਸੇ ਲੁਕ ਗਿਆ, ਪਰ ਕੁਝ ਸਮੇਂ ਬਾਅਦ ਮਨਦੀਪ ਸਿੰਘ ਨੇ ਉਸ



ਨੂੰ ਲੱਭ ਲਿਆ ਅਤੇ ਉਸ 'ਤੇ ਚਾਰ ਤੋਂ ਪੰਜ ਗੋਲੀਆਂ ਚਲਾ ਦਿੱਤੀਆਂ, ਜਿਸ ਤੋਂ ਬਾਅਦ ਉਹ ਮੌਕੇ ਤੋਂ ਫ਼ਰਾਰ ਹੋ ਗਿਆ। ਗੰਭੀਰ ਰੂਪ ਵਿੱਚ ਜ਼ਖ਼ਮੀ ਹੋਏ ਗੁਰਪ੍ਰੀਤ ਨੂੰ ਤੁਰੰਤ ਗੁਰੂ ਨਾਨਕ ਮਿਸ਼ਨ ਹਸਪਤਾਲ ਕਲੇਰਾਂ ਵਿਖੇ ਦਾਖਲ ਕਰਵਾਇਆ ਗਿਆ, ਜਿੱਥੇ ਰਾਤ ਸਮੇਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਇਸ ਘਟਨਾ ਦੌਰਾਨ ਬਚਾਅ ਕਰਨ ਆਈ ਇੱਕ ਔਰਤ ਵੀ ਜ਼ਖ਼ਮੀ ਹੋ ਗਈ, ਜਿਸ ਨੂੰ ਢਾਹਾਂ ਕਲੇਰਾਂ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ।

ਮ੍ਰਿਤਕ ਦੇ ਭਰਾ ਨੇ ਦੱਸਿਆ ਕਿ ਗੁਰਪ੍ਰੀਤ ਆਪਣੇ ਪਿੱਛੇ ਦੋ ਧੀਆਂ, ਇੱਕ ਪੁੱਤਰ ਅਤੇ ਪਤਨੀ ਛੱਡ ਗਿਆ ਹੈ।ਐੱਸ ਐੱਚ ਓ ਸਤਨਾਮ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਮੌਕੇ 'ਤੇ ਪਹੁੰਚ ਕੇ ਮੁੱਢਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਦੋਸ਼ੀ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਲਿਵ-ਇਨ ਸਾਥੀ ਨੂੰ ਫੈਮਿਲੀ ਪੈਨਸ਼ਨ 'ਚ ਸ਼ਾਮਲ ਕਰਨ ਲਈ ਕਿਹਾ

**ਨਵੀਂ ਦਿੱਲੀ** : ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਇੱਕ ਸੇਵਾ ਮੁਕਤ ਸਰਕਾਰੀ ਕਰਮਚਾਰੀ ਦੀ ਉਸ ਬੇਨਤੀ 'ਤੇ ਵਿਚਾਰ ਕਰੇ ਜਿਸ ਵਿੱਚ ਉਸ ਨੇ 40 ਸਾਲਾਂ ਤੋਂ ਵੱਧ ਸਮੇਂ ਤੋਂ ਆਪਣੀ ਲਿਵ-ਇਨ ਪਾਰਟਨਰ ਨੂੰ ਉਨ੍ਹਾਂ ਦੇ ਬੱਚਿਆਂ ਦੇ ਨਾਂਅ ਫੈਮਿਲੀ ਪੈਨਸ਼ਨ ਅਤੇ ਸਿਹਤ ਸਹੂਲਤਾਂ ਲਈ 'ਪੈਨਸ਼ਨ ਪੇਮੈਂਟ ਆਰਡਰ' ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ ਹੈ। ਜਸਟਿਸ ਨਵੀਨ ਚਾਵਲਾ ਤੇ ਜਸਟਿਸ ਮਧੂ ਜੈਨ ਦੇ ਬੈਂਚ ਨੇ ਕਿਹਾ ਕਿ ਪਟੀਸ਼ਨਰ ਸਰਕਾਰੀ ਕਰਮਚਾਰੀ ਨੇ ਕਦੇ ਵੀ ਆਪਣੇ ਰਿਸ਼ਤੇ ਨੂੰ ਨਹੀਂ ਛੁਪਾਇਆ ਤੇ ਉਸ ਦੀਆਂ ਕੋਸ਼ਿਸ਼ਾਂ ਨੂੰ ਗੰਭੀਰ ਦੁਰਾਚਾਰ ਮੰਨ ਕੇ ਸੇਵਾ ਮੁਕਤੀ ਤੋਂ ਬਾਅਦ ਦੇ ਲਾਭਾਂ ਤੋਂ ਇਨਕਾਰ ਕਰਨਾ ਗਲਤ ਸੀ।

## ਦਿੱਲੀ ਵਿਧਾਨ ਸਭਾ ਦਾ ਸਪੀਕਰ ਖ਼ਫ਼ਾ, 3 ਚੋਟੀ ਦੇ ਅਧਿਕਾਰੀਆਂ ਨੂੰ ਨੋਟਿਸ

**ਨਵੀਂ ਦਿੱਲੀ** : ਦਿੱਲੀ ਵਿਧਾਨ ਸਭਾ ਦੇ ਸਪੀਕਰ ਵਿਜੇਂਦਰ ਗੁਪਤਾ ਨੇ ਸ਼ਨਿਚਰਵਾਰ ਨੂੰ ਦੱਸਿਆ ਕਿ ਪੰਜਾਬ ਪੁਲਸ ਦੇ ਤਿੰਨ ਚੋਟੀ ਦੇ ਅਧਿਕਾਰੀਆਂ ਨੂੰ ਨੋਟਿਸ ਜਾਰੀ ਕਰਕੇ ਵਿਧਾਨ ਸਭਾ ਦੀ ਵੀਡੀਓ ਕਲਿੱਪ ਦੀ ਵਰਤੋਂ ਕਰਕੇ ਦਿੱਲੀ ਦੇ ਕਾਨੂੰਨ ਮੰਤਰੀ ਕਪਿਲ ਮਿਸ਼ਰਾ ਵਿਰੁੱਧ ਐੱਫ ਆਈ ਆਰ ਦਰਜ ਕਰਨ ਦੇ ਮਾਮਲੇ ਵਿੱਚ 48 ਘੰਟਿਆਂ ਅੰਦਰ ਜਵਾਬ ਮੰਗਿਆ ਗਿਆ ਹੈ। ਗੁਪਤਾ ਨੇ ਇੱਕ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਇਹ ਨੋਟਿਸ ਪੰਜਾਬ ਦੇ ਡਾਇਰੈਕਟਰ ਜਨਰਲ ਆਫ ਪੁਲਸ, ਸਪੈਸ਼ਲ ਡੀ.ਜੀ.ਪੀ. (ਸਾਈਬਰ ਕ੍ਰਾਈਮ) ਅਤੇ ਜਲੰਧਰ ਦੇ ਪੁਲਸ ਕਮਿਸ਼ਨਰ ਨੂੰ 'ਦਿੱਲੀ ਵਿਧਾਨ ਸਭਾ ਦੇ ਵਿਸ਼ੇਸ਼ ਅਧਿਕਾਰਾਂ ਦੀ ਉਲੰਘਣਾ' ਲਈ ਜਾਰੀ ਕੀਤੇ ਗਏ ਹਨ। ਉਨ੍ਹਾ ਕਿਹਾ ਕਿ ਵੀਡੀਓ ਰਿਕਾਰਡਿੰਗ ਦੀ ਵਰਤੋਂ ਕਰਨਾ, ਜੋ ਕਿ ਦਿੱਲੀ ਵਿਧਾਨ ਸਭਾ ਦੀ ਜਾਇਦਾਦ ਹੈ ਅਤੇ ਉਸ ਦੇ ਆਧਾਰ 'ਤੇ ਪੰਜਾਬ ਪੁਲਸ ਵੱਲੋਂ ਐੱਫ ਆਈ ਆਰ ਦਰਜ ਕਰਨਾ ਮੰਦਭਾਗਾ ਹੈ ਅਤੇ ਇਸ ਨਾਲ ਸਦਨ ਦੀ ਮਰਿਆਦਾ ਨੂੰ ਠੇਸ ਪਹੁੰਚੀ ਹੈ। ਗੁਪਤਾ ਅਨੁਸਾਰ ਪੰਜਾਬ ਪੁਲਸ ਅਧਿਕਾਰੀਆਂ ਵਿਰੁੱਧ ਅਗਲੀ ਕਾਰਵਾਈ ਉਨ੍ਹਾਂ ਦੇ ਜਵਾਬ ਮਿਲਣ ਤੋਂ ਬਾਅਦ ਤੈਅ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਵਿਧਾਨ ਸਭਾ ਦੀ ਵੀਡੀਓ ਰਿਕਾਰਡਿੰਗ ਦੀ ਕਲਿੱਪ ਦਿੱਲੀ ਦੇ ਕਾਨੂੰਨ ਮੰਤਰੀ ਕਪਿਲ ਮਿਸ਼ਰਾ ਅਤੇ ਭਾਜਪਾ ਦੇ ਕਈ ਵਿਧਾਇਕਾਂ ਦੁਆਰਾ ਇਹ ਦੋਸ਼ ਲਗਾਉਂਦੇ ਹੋਏ ਵਰਤੀ ਗਈ ਸੀ ਕਿ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਨੇ ਪਿਛਲੇ ਸਾਲ ਨਵੰਬਰ ਵਿੱਚ ਨੌਵੇਂ ਸਿੱਖ ਗੁਰੂ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇੱਕ ਪ੍ਰੋਗਰਾਮ 'ਤੇ ਮੰਗਲਵਾਰ ਨੂੰ ਹੋਈ ਬਹਿਸ ਦੌਰਾਨ ਗੁਰੂ ਤੇਗ ਬਹਾਦਰ ਜੀ ਦਾ ਅਪਮਾਨ ਕੀਤਾ ਸੀ। ਜਲੰਧਰ ਪੁਲਸ ਕਮਿਸ਼ਨਰ ਦਫ਼ਤਰ ਵੱਲੋਂ ਮਿਸ਼ਰਾ ਅਤੇ ਹੋਰਾਂ ਵਿਰੁੱਧ ਆਤਿਸ਼ੀ ਦੀ ਐਡਿਟ ਕੀਤੀ ਅਤੇ ਛੇੜਛਾੜ ਵਾਲੀ ਵੀਡੀਓ ਅਪਲੋਡ ਕਰਨ ਅਤੇ ਫੈਲਾਉਣ ਦੇ ਦੋਸ਼ ਵਿੱਚ ਐੱਫ ਆਈ ਆਰ ਦਰਜ ਕੀਤੀ ਗਈ ।

## ਬੇਘਰਿਆਂ ਤੋਂ ਦੂਰ ਹੋਏ ਰੈਣ ਬਸੇਰੇ

**ਜਲੰਧਰ** : ਚਾਰੇ ਪਾਸੇ ਹਨੇਰਾ ਅਤੇ ਕੜਾਕੇ ਦੀ ਠੰਢ ਪੈ ਰਹੀ ਹੈ, ਇਸ ਸਰਦੀ ਦੇ ਸੀਜ਼ਨ ਵਿੱਚ ਪਾਰਾ 5 ਡਿਗਰੀ ਤੋਂ ਵੀ ਹੇਠਾਂ ਡਿੱਗ ਗਿਆ ਹੈ, ਪਰ ਸ਼ਹਿਰ ਦੇ ਤਿੰਨ ਰੈਣ-ਬਸੇਰਿਆਂ ਵਿੱਚ ਰਹਿਣ ਦੀ ਬਜਾਏ ਬੇਘਰੇ ਲੋਕ ਰੇਲਵੇ ਸਟੇਸ਼ਨ, ਬੱਸ ਸਟੈਂਡ ਦੇ ਬਾਹਰ, ਫਲਾਈਓਵਰਾਂ ਦੇ ਹੇਠਾਂ ਅਤੇ ਸੜਕਾਂ ਦੇ ਕਿਨਾਰੇ ਖੁੱਲ੍ਹੇ ਵਿੱਚ ਸੌਂ ਰਹੇ ਹਨ। ਦਰਅਸਲ ਉਨ੍ਹਾਂ ਕੋਲ ਆਧਾਰ ਕਾਰਡ ਨਹੀਂ ਹਨ, ਜੋ ਕਿ ਰੈਣ ਬਸੇਰਿਆਂ ਵਿੱਚ ਰਹਿਣ ਲਈ ਲਾਜ਼ਮੀ ਕੀਤੇ ਗਏ ਹਨ। ਨਗਰ ਨਿਗਮ ਵੱਲੋਂ ਦਮੋਰੀਆ ਅੰਡਰਬ੍ਰਿਜ ਹੇਠਾਂ ਚਲਾਏ ਜਾ ਰਹੇ 20 ਬਿਸਤਰਿਆਂ ਵਾਲੇ ਰੈਣ ਬਸੇਰੇ ਵਿੱਚ ਸਿਰਫ਼ ਇੱਕ ਹੀ ਵਿਅਕਤੀ ਮੌਜੂਦ ਸੀ। ਪਿਛਲੇ ਲੱਗਪੱਗ ਤਿੰਨ ਹਫ਼ਤਿਆਂ ਵਿੱਚ ਨਿਗਮ ਦੇ ਰਜਿਸਟਰ ਵਿੱਚ ਸਭ ਤੋਂ ਵੱਧ ਮੌਜੂਦਗੀ 29 ਦਸੰਬਰ ਨੂੰ ਦਰਜ ਕੀਤੀ ਗਈ ਸੀ, ਜਦੋਂ ਰਾਜਸਥਾਨ ਦੇ ਪੰਜ ਵਿਅਕਤੀ ਉੱਥੇ ਰੁਕੇ ਸਨ, ਜਦ ਕਿ ਬਾਕੀ ਦਿਨਾਂ ਵਿੱਚ ਇਹ ਗਿਣਤੀ ਜ਼ੀਰੋ ਤੋਂ ਤਿੰਨ ਦੇ ਵਿਚਕਾਰ ਰਹੀ ਹੈ। ਰੈਣ-ਬਸੇਰੇ ਦੇ ਬਿਲਕੁਲ ਬਾਹਰ ਸੌਂ ਰਹੇ ਸੂਰਜ ਨਾਂਅ



ਦੇ ਵਿਅਕਤੀ ਨੇ ਦੱਸਿਆ ਕਿ ਉਹ ਅੰਦਰ ਸੌਣਾ ਚਾਹੁੰਦਾ ਸੀ, ਪਰ ਉਸ ਨੂੰ ਇਜਾਜ਼ਤ ਨਹੀਂ ਦਿੱਤੀ ਗਈ, ਕਿਉਂਕਿ ਉਸ ਕੋਲ ਆਧਾਰ ਕਾਰਡ ਨਹੀਂ ਹੈ ਅਤੇ ਸਟਾਫ਼ ਬਿਨਾਂ ਕਾਰਡ ਦੇ ਅੰਦਰ ਨਹੀਂ ਜਾਣ ਦਿੰਦਾ, ਹਾਲਾਂਕਿ ਉਹ ਪਿਛਲੇ ਇੱਕ ਦਹਾਕੇ ਤੋਂ ਜਲੰਧਰ ਰਹਿ ਰਿਹਾ ਹੈ। ਨਗਰ ਨਿਗਮ ਦੇ ਸੁਪਰਡੈਂਟ ਇੰਜੀਨੀਅਰ ਰਾਹੁਲ ਧਵਨ ਨੇ ਕਿਹਾ ਕਿ ਉਹ ਪਛਾਣ ਦੇ ਸਬੂਤ ਵਜੋਂ ਸਰਕਾਰੀ ਨਿਯਮਾਂ ਦੀ ਪਾਲਣਾ ਕਰ ਰਹੇ

• ਬਾਕੀ ਸਫਾ 4 'ਤੇ

## ਗਰਭਵਤੀ ਕਰੋ ਦਾ ਇਸ਼ਤਿਹਾਰ ਪੜ੍ਹ ਕੇ ਲੁੱਟਿਆ ਗਿਆ

**ਚੰਡੀਗੜ੍ਹ** : ਤੁਸੀਂ ਅਕਸਰ ਸੋਸ਼ਲ ਮੀਡੀਆ 'ਤੇ ਨੌਕਰੀ ਅਤੇ ਪੈਸੇ ਲਈ ਵੱਖੋ-ਵੱਖਰੇ ਇਸ਼ਤਿਹਾਰ ਅਤੇ ਜੌਬ ਆਫ਼ਰ ਦੇਖਦੇ ਹੋ। ਪਰ ਹਾਲ ਹੀ ਵਿੱਚ 'ਆਲ ਇੰਡੀਆ ਪ੍ਰੈਗਨੈਂਟ ਜੌਬ ਸਰਵਿਸ' ਦੇ ਨਾਂਅ ਹੇਠ ਅਜੀਬੋ-ਗਰੀਬ ਇਸ਼ਤਿਹਾਰ ਸਕੈਮ ਸਾਹਮਣੇ ਆਇਆ ਹੈ। ਵੇਰਵਿਆਂ ਅਨੁਸਾਰ ਇਸ ਸਕੈਮ ਤਹਿਤ ਭੋਲੇ-ਭਾਲੇ ਮਰਦਾਂ ਨੂੰ ਅਮੀਰ ਔਰਤਾਂ ਨੂੰ ਗਰਭਵਤੀ ਕਰਨ ਦੇ ਬਦਲੇ ਮੋਟੀ ਰਕਮ ਅਤੇ ਹੋਟਲ ਵਿੱਚ ਰਾਤ ਬਿਤਾਉਣ ਦਾ ਲਾਲਚ ਦੇ ਕੇ ਲੱਖਾਂ ਰੁਪਏ ਲੁੱਟੇ ਜਾ ਰਹੇ ਹਨ। 'ਆਲ ਇੰਡੀਆ ਪ੍ਰੈਗਨੈਂਟ ਜੌਬ ਸਰਵਿਸ' ਦਾ ਮਾਮਲਾ ਸਭ ਨੂੰ ਹੈਰਾਨ ਕਰਨ ਵਾਲਾ ਹੈ। ਪੁਲਸ ਅਨੁਸਾਰ, ਇਹ ਕੋਈ ਅਸਲ ਨੌਕਰੀ ਨਹੀਂ ਹੈ, ਸਗੋਂ ਮਰਦਾਂ ਨੂੰ ਪੈਸਿਆਂ ਅਤੇ ਸਰੀਰਕ ਸੰਬੰਧਾਂ ਦਾ ਲਾਲਚ ਦੇ ਕੇ ਲੁੱਟਣ ਦਾ ਇੱਕ ਸੰਗਠਿਤ ਜਾਲ ਹੈ। ਇਸ ਠੱਗੀ ਦੀ ਸ਼ੁਰੂਆਤ ਸੋਸ਼ਲ ਮੀਡੀਆ ਪਲੇਟਫਾਰਮਾਂ ਜਿਵੇਂ ਕਿ ਫੇਸਬੁੱਕ ਅਤੇ ਇੰਸਟਾਗ੍ਰਾਮ 'ਤੇ ਦਿੱਤੇ ਗਏ ਇਸ਼ਤਿਹਾਰਾਂ ਜਾਂ ਵੀਡੀਓਜ਼ ਤੋਂ ਹੁੰਦੀ ਹੈ। ਇਨ੍ਹਾਂ ਵਿੱਚ ਦਾਅਵਾ ਕੀਤਾ ਜਾਂਦਾ ਹੈ ਕਿ ਇੱਕ ਨੌਕਰੀ ਉਪਲੱਬਧ ਹੈ ਜਿਸ ਵਿੱਚ ਬੱਚਾ ਪੈਦਾ ਕਰਨ ਵਿੱਚ ਅਸਮਰੱਥ ਅਮੀਰ ਔਰਤਾਂ ਦੀ ਮਦਦ ਕਰਨੀ ਹੈ। ਬੀ ਬੀ ਸੀ ਦੀ ਰਿਪੋਰਟ ਅਨੁਸਾਰ ਇੱਕ ਫੇਸਬੁੱਕ ਵੀਡੀਓ ਤੋਂ ਨੌਕਰੀ ਲਈ ਇਸ ਘੁਟਾਲੇ ਦਾ ਸ਼ਿਕਾਰ ਹੋਏ ਬਿਹਾਰ ਦੇ ਇਕ 33 ਸਾਲਾ ਵਿਅਕਤੀ ਨੇ ਦੱਸਿਆ ਕਿ ਉਸ ਨੇ ਫੇਸਬੁੱਕ 'ਤੇ ਇਸ ਕਥਿਤ ਨੌਕਰੀ ਦਾ ਇਸ਼ਤਿਹਾਰ ਦੇਖਿਆ ਸੀ। ਇਹ ਵਿਅਕਤੀ ਜੋ ਵਿਆਹਾਂ ਵਿੱਚ ਸਜਾਵਟ ਦਾ ਕੰਮ ਕਰਕੇ ਮਹੀਨੇ ਦੇ ਸਿਰਫ਼ 15,000 ਰੁਪਏ ਕਮਾਉਂਦਾ ਹੈ, ਨੂੰ ਠੱਗਾਂ ਨੇ 5 ਲੱਖ ਰੁਪਏ ਸਿਰਫ਼ ਸਰੀਰਕ ਸੰਬੰਧ ਬਣਾਉਣ ਲਈ ਅਤੇ ਔਰਤ ਦੇ ਗਰਭਵਤੀ ਹੋਣ 'ਤੇ 8 ਲੱਖ ਰੁਪਏ ਵਾਧੂ ਦੇਣ ਦਾ ਲਾਲਚ ਦਿੱਤਾ। ਮੰਗੇਸ਼ ਨੇ ਕਿਹਾ, 'ਮੈਂ ਇੱਕ ਗਰੀਬ ਆਦਮੀ ਹਾਂ ਅਤੇ ਮੈਨੂੰ ਪੈਸਿਆਂ ਦੀ ਸਖ਼ਤ ਲੋੜ ਸੀ, ਇਸ ਲਈ ਮੈਂ ਉਨ੍ਹਾਂ 'ਤੇ ਵਿਸ਼ਵਾਸ ਕਰ ਲਿਆ"।

## ਪ੍ਰੋਫੈਸਰ ਚਰਨ ਸਿੰਘ ਨੂੰ ਸੰਵਿਧਾਨ, ਲੋਕਤੰਤਰ ਤੇ ਧਰਮ ਨਿਰਪੱਖਤਾ ਨੂੰ ਬਚਾਉਣਾ ਹੀ ਸੱਚੀ ਸ਼ਰਧਾਂਜਲੀ : ਬੰਤ ਬਰਾੜ

### ਇਲਾਕੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ : ਰਾਣਾ ਇੰਦਰ ਪ੍ਰਤਾਪ ਸਿੰਘ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਸਾਬਕਾ ਪ੍ਰਧਾਨ, ਜ਼ਿਲ੍ਹਾ ਕਾਂਗਰਸ ਕਮੇਟੀ ਕਪੂਰਥਲਾ, ਸਾਬਕਾ ਮੀਤ ਪ੍ਰਧਾਨ ਤੇ ਜਨਰਲ ਸਕੱਤਰ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਪ੍ਰਧਾਨ ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ (ਰਜਿ) ਪੰਜਾਬ, ਸਾਬਕਾ ਸੈਨੇਟ ਮੈਂਬਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪ੍ਰਧਾਨ ਪ੍ਰਬੰਧਕ ਕਮੇਟੀ, ਬਾਬਾ ਦਰਬਾਰਾ ਸਿੰਘ ਪਬਲਿਕ ਸਕੂਲ, ਟਿੱਬਾ ਜੋ ਪਿਛਲੇ ਦਿਨੀਂ ਅਕਾਲ ਪੁਰਖ ਵੱਲੋਂ ਬਖਸ਼ੀ ਆਰਜਾ ਪੂਰਨ ਸੁਹਿਰਦਤਾ ਸਹਿਤ ਲੋਕ-ਸੇਵਾ

• ਬਾਕੀ ਸਫਾ 4 'ਤੇ



## ਪੁਲਸ ਵੱਲੋਂ ਅਣਪਛਾਤੇ ਈ ਡੀ ਅਧਿਕਾਰੀਆਂ ਵਿਰੁੱਧ ਜਾਂਚ ਸ਼ੁਰੂ

**ਕੋਲਕਾਤਾ** : ਕੋਲਕਾਤਾ ਪੁਲੀਸ ਨੇ ਸ਼ਨਿਚਰਵਾਰ ਨੂੰ ਐਨਫੋਰਸਮੈਂਟ ਡਾਇਰੈਕਟੋਰੇਟ ਦੇ ਉਨ੍ਹਾਂ ਅਧਿਕਾਰੀਆਂ ਦੀ ਪਛਾਣ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਜੋ ਕਥਿਤ ਤੌਰ 'ਤੇ ਆਈ-ਪੀ ਏ ਸੀ ਦੇ ਮੁਖੀ ਪ੍ਰਤੀਕ ਜੈਨ ਦੀ ਰਿਹਾਇਸ਼ ਅਤੇ ਸਲਾਹਕਾਰ ਫਰਮ ਦੇ ਦਫ਼ਤਰ ਤੋਂ ਦਸਤਾਵੇਜ਼ ਚੋਰੀ ਕਰਨ ਵਿੱਚ ਸ਼ਾਮਲ ਸਨ।

ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਐੱਫ ਆਈ ਆਰ ਦਰਜ ਹੋਣ ਤੋਂ ਬਾਅਦ ਪੁਲੀਸ ਉਨ੍ਹਾਂ ਕੇਂਦਰੀ ਏਜੰਸੀ ਦੇ ਕਰਮਚਾਰੀਆਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਜੋ ਕਾਰਵਾਈ ਦੌਰਾਨ ਦੋਵਾਂ ਥਾਵਾਂ 'ਤੇ ਮੌਜੂਦ ਸਨ। ਸ਼ਨਿਚਰਵਾਰ ਸਵੇਰੇ ਸ਼ੈਕਸਪੀਅਰ ਸਰਾਨੀ ਪੁਲੀਸ ਸਟੇਸ਼ਨ ਦੇ ਅਧਿਕਾਰੀਆਂ ਨੇ ਜੈਨ ਦੀ ਰਿਹਾਇਸ਼ ਦਾ ਦੌਰਾ ਕੀਤਾ ਅਤੇ ਸੀ ਸੀ ਟੀ ਵੀ ਫੁਟੇਜ ਤੇ ਡੀ ਵੀ ਆਰ ਰਿਕਾਰਡਿੰਗਾਂ ਇਕੱਠੀਆਂ ਕੀਤੀਆਂ; ਇਸ ਦੇ ਨਾਲ ਹੀ ਘਰੇਲੂ ਸਟਾਫ਼ ਅਤੇ ਸੁਰੱਖਿਆ ਕਰਮਚਾਰੀਆਂ ਦੇ ਬਿਆਨ ਵੀ ਦਰਜ ਕੀਤੇ ਗਏ ਹਨ।

## ਭਾਜਪਾ ਨੇ ਗੰਦੀ ਰਾਜਨੀਤੀ ਲਈ ਗੁਰੂਆਂ ਦਾ ਅਪਮਾਨ ਕੀਤਾ : ਧਾਲੀਵਾਲ

**ਅੰਮ੍ਰਿਤਸਰ/ਚੰਡੀਗੜ੍ਹ** : ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਭਾਜਪਾ 'ਤੇ ਹਮਲਾ ਬੋਲਦਿਆਂ ਕਿਹਾ ਕਿ ਦਿੱਲੀ ਵਿੱਚ ਭਾਜਪਾ ਆਗੂਆਂ ਨੇ ਜੋ ਕੀਤਾ, ਉਹ ਬੇਹੱਦ ਸ਼ਰਮਨਾਕ ਹੈ। ਪੰਜਾਬ ਗੁਰੂਆਂ, ਸੰਤਾਂ ਅਤੇ ਪੀਰਾਂ ਦੀ ਪਵਿੱਤਰ ਧਰਤੀ ਹੈ, ਪਰ ਭਾਜਪਾ ਨੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਲਈ



ਸਾਡੇ ਗੁਰੂਆਂ ਦਾ ਅਪਮਾਨ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ। ਭਾਜਪਾ ਹੁਣ ਉਸ ਪੱਧਰ 'ਤੇ ਗਿਰ ਗਈ ਹੈ ਜਿੱਥੇ ਉਹ ਆਪਣੀ ਘਟੀਆ ਸਿਆਸਤ ਲਈ ਧਾਰਮਿਕ ਭਾਵਨਾਵਾਂ ਦਾ ਸਹਾਰਾ ਲੈ ਰਹੀ ਹੈ।ਸ਼ਨੀਵਾਰ ਨੂੰ 'ਆਪ' ਆਗੂ ਗੁਰਪ੍ਰਤਾਪ ਸਿੰਘ ਦੇ ਨਾਲ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ ਵਿਰੋਧੀ ਧਿਰ ਦੀ ਆਗੂ ਆਤਿਸ਼ੀ ਦੀ ਜੋ ਇੱਕ ਝੂਠੀ ਵੀਡੀਓ ਵਾਇਰਲ ਕੀਤੀ ਗਈ, ਉਹ ਡੂੰਘੀ ਚਿੰਤਾ ਦਾ ਵਿਸ਼ਾ ਹੈ। ਭਾਜਪਾ ਆਗੂ ਕਪਿਲ ਮਿਸ਼ਰਾ ਦੇ ਅਕਾਊਂਟ ਤੋਂ ਜਾਰੀ ਇਸ ਵੀਡੀਓ ਦੀ ਜਦੋਂ ਜਲੰਧਰ ਦੇ ਇੱਕ ਵਿਅਕਤੀ ਦੀ ਸ਼ਿਕਾਇਤ 'ਤੇ ਫੋਰੈਂਸਿਕ ਜਾਂਚ ਹੋਈ, ਤਾਂ ਸੱਚ ਸਾਹਮਣੇ ਆ ਗਿਆ। ਜਾਂਚ ਵਿੱਚ ਇਹ ਸਾਬਤ ਹੋਇਆ ਕਿ ਆਤਿਸ਼ੀ ਨੇ ਆਪਣੇ ਪੂਰੇ ਬਿਆਨ ਵਿੱਚ ਕਿਤੇ ਵੀ ਗੁਰੂ ਸਾਹਿਬਾਨ ਦਾ ਨਾਮ ਨਹੀਂ ਲਿਆ ਸੀ। ਭਾਜਪਾ ਨੇ ਵੀਡੀਓ ਨਾਲ ਛੇੜਛਾੜ ਕਰਕੇ ਆਪਣੀ ਘਟੀਆ ਮਾਨਸਿਕਤਾ ਦਾ ਸਬੂਤ ਦਿੱਤਾ ਹੈ।ਧਾਲੀਵਾਲ ਨੇ ਕਾਂਗਰਸ ਅਤੇ ਅਕਾਲੀ ਦਲ ਨੂੰ ਵੀ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਇਨ੍ਹਾਂ ਪਾਰਟੀਆਂ ਦੇ ਆਗੂਆਂ ਨੇ ਵੀ ਬਿਨਾਂ ਸੱਚ ਜਾਣੇ ਉਸੇ ਫਰਜ਼ੀ ਵੀਡੀਓ ਨੂੰ ਆਪਣੇ ਸੋਸ਼ਲ ਮੀਡੀਆ 'ਤੇ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਵਿਰੋਧੀ ਧਿਰ ਨੂੰ ਸਾਡੀ ਸਰਕਾਰ ਦੇ ਕੰਮਕਾਜ ਤੋਂ ਕੋਈ ਦਿੱਕਤ ਹੈ, ਤਾਂ ਸਾਡੀ ਆਲੋਚਨਾ ਕਰਨ, ਸਾਨੂੰ ਮਨਜ਼ੂਰ ਹੈ ਪਰ ਆਪਣੀ ਸਿਆਸਤ

• ਬਾਕੀ ਸਫਾ 4 'ਤੇ

## ਅੱਜ-ਨਾਮਾ

ਭੜਕਦਾ ਭਾਰਤ 'ਤੇ ਫੇਰ ਟਰੰਪ ਸੁਣਿਆ,
ਦਬਕਾ ਟੈਰਿਫ ਦਾ ਰਿਹਾ ਈ ਮਾਰ ਬੇਲੀ।
ਵਾਧਾ ਟੈਰਿਫ ਦਾ ਚੁੱਕਾ ਸੀ ਕਰ ਪਹਿਲਾਂ,
ਕਹਿੰਦਾ ਏ ਹੋਰ ਵੀ ਪਾਊਗਾ ਭਾਰ ਬੇਲੀ।
ਭਾਰਤ ਵੱਲੋਂ ਕੋਈ ਠੋਕਵਾਂ ਬੋਲਿਆ ਨਹੀਂ,
ਲਿਖ ਕੇ ਬਿਆਨ ਉਹ ਛੱਡਦੇ ਸਾਰ ਬੇਲੀ।
ਉਸ ਦੇ ਦਬਕੇ ਦੀ ਧਾਂਕ ਸੰਸਾਰ ਦੇ ਵਿੱਚ,
ਛੱਡੇ ਜੀਹਨੇ ਨਹੀਂ ਮਿੱਤਰ ਤੇ ਯਾਰ ਬੇਲੀ।
ਬੁੜਬੁੜ ਬੈਠੇ ਆ ਦਿੱਲੀ ਵਿੱਚ ਕਰਨ ਰੁੱਝੇ,
ਆਪਣੇ ਵਿਹੜਿਆਂ ਵਿੱਚ ਹੀ ਟਹਿਕਦੇ ਈ।
ਅਮਰੀਕਾ ਵੱਲ ਨਹੀਂ ਕੋਈ ਵੀ ਜਾਣ ਜੋਗਾ,
ਓਧਰ ਵੱਲ ਝਾਕਣ ਵੀ ਲੱਗੇ ਤ੍ਰਹਿਕਦੇ ਈ।

-ਤੀਸ ਮਾਰ ਖਾਂ

## ਸਾਂਝਾ ਪਲੇਟ ਫਾਰਮ ਮਨਰੇਗਾ ਬਹਾਲ ਕਰਨ ਲਈ ਭਾਜਪਾ ਨੂੰ ਮਜਬੂਰ ਕਰ ਦੇਵੇਗਾ

**ਨਵੀਂ ਦਿੱਲੀ (ਗਿਆਨ ਸੈਦਪੁਰੀ)**

ਮਨਰੇਗਾ ਦੀ ਥਾਂ ਨਵਾਂ ਲਿਆਂਦਾ ਗਿਆ 'ਜੀ ਰਾਮ ਜੀ' ਕਾਨੂੰਨ ਜੋ ਪੇਂਡੂ ਮਜ਼ਦੂਰਾਂ ਦੇ ਰੁਜ਼ਗਾਰ ਦੀ ਗਰੰਟੀ, ਕੰਮ ਕਰਨ ਦਾ ਅਧਿਕਾਰ ਅਤੇ ਮਾਣ-ਸਨਮਾਨ ਖੋਂਹਦਾ ਹੈ, ਨੂੰ ਵਾਪਸ ਲੈਣ ਲਈ ਵਿਸ਼ਾਲ ਸਾਂਝਾ ਮੰਚ ਭਾਜਪਾ ਸਰਕਾਰ ਨੂੰ ਮਜਬੂਰ ਕਰ ਦੇਵੇਗਾ। ਮਨਰੇਗਾ ਕਾਨੂੰਨ ਨੂੰ ਬਹਾਲ ਕਰਵਾਉਣਾ ਸਮੇਂ ਦੀ ਅਣਸਰਦੀ ਮੰਗ ਵੀ ਹੈ। ਉਕਤ ਨਿਚੋੜ ਹੈ, ਦਿੱਲੀ ਵਿੱਚ ਹਰਕਿਸ਼ਨ ਸਿੰਘ ਸੁਰਜੀਤ ਭਵਨ ਵਿਖੇ ਹੋਈ ਉਸ ਗੋਲਮੇਜ਼ ਮੀਟਿੰਗ ਦਾ, ਜਿਸ ਵਿੱਚ ਖੇਤੀਬਾੜੀ ਮਜ਼ਦੂਰਾਂ, ਪੇਂਡੂ ਮਜ਼ਦੂਰਾਂ, ਨਰੇਗਾ ਕਾਮਿਆਂ ਅਤੇ ਪੇਂਡੂ ਗਰੀਬਾਂ ਦੀਆਂ ਜਥੇਬੰਦੀਆਂ, ਸਿੱਖਿਆ ਸ਼ਾਸ਼ਤਰੀ, ਕਾਨੂੰਨੀ ਮਾਹਿਰਾਂ ਅਤੇ ਕੰਮ ਦੇ ਅਧਿਕਾਰ ਦੇ ਹਮਾਇਤੀਆਂ ਨੇ ਸ਼ਮੂਲੀਅਤ ਕੀਤੀ।




ਗੋਲਮੇਜ਼ ਮੀਟਿੰਗ ਨੂੰ ਚਲਾਉਣ ਲਈ ਇੱਕ ਪ੍ਰਧਾਨਗੀ ਮੰਡਲ ਦਾ ਗਠਨ ਕੀਤਾ ਗਿਆ। ਇਸ ਵਿੱਚ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਬੀ ਵੈਂਕਟ ਤੇ ਮੁਕੇਸ਼ ਨਿਰਵਾਸਿਤ, ਨਰੇਗਾ ਸੰਘਰਸ਼ ਮੋਰਚਾ ਦੇ ਆਗੂ ਅਨੁਰਾਧਾ ਤਲਵਾੜ, ਨਿਖਲ ਡੇਅ ਅਤੇ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਸਕੱਤਰ ਵਿਜੇਂਦਰ ਸਿੰਘ ਨਿਰਮਲ ਸ਼ਾਮਲ ਕੀਤੇ ਗਏ।

ਮੀਟਿੰਗ ਦਾ ਉਦਘਾਟਨ ਪ੍ਰਸਿੱਧ ਅਰਥ ਸ਼ਾਸ਼ਤਰੀ ਜਯੋਤੀ ਘੋਸ਼ ਨੇ ਕੀਤਾ। ਉਨ੍ਹਾ ਆਪਣੀ ਉਦਘਾਟਨੀ ਤਕਰੀਰ ਵਿੱਚ ਕਿਹਾ ਕਿ ਨਵ-ਉਦਾਰਵਾਦੀ ਯੁੱਗ ਵਿੱਚ ਕੰਮ ਕਰਨ ਵਾਲੇ ਲੋਕਾਂ ਦੀਆਂ ਪ੍ਰਸਥਿਤੀਆਂ ਅਤੇ ਵਿਸ਼ਵ ਪੂੰਜੀ ਦਾ 'ਗੁੱਸਾ' ਪੇਂਡੂ ਮਜ਼ਦੂਰ ਵਰਗ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦਾ ਹੈ। ਉਨ੍ਹਾ ਕਿਹਾ ਕਿ ਮਨਰੇਗਾ ਅਧੀਨ ਘੱਟੋ-ਘੱਟ ਰੁਜ਼ਗਾਰ ਗਰੰਟੀ ਨੇ ਪੇਂਡੂ ਮਜ਼ਦੂਰਾਂ ਲਈ ਕੁਝ ਰਾਹਤ ਦੀ ਮਦਦ ਕੀਤੀ ਸੀ, ਜੋ 'ਜੀ ਰਾਮ ਜੀ' ਐਕਟ ਨਾਲ ਖੋਹੇ ਜਾਣ ਦੇ ਖ਼ਤਰੇ ਵਿੱਚ ਹੈ। ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਬੀ ਵੈਂਕਟ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਗੋਲਮੇਜ਼ ਮੀਟਿੰਗ ਦੀ ਮਹੱਤਤਾ ਬਾਰੇ ਗੱਲ ਕੀਤੀ। ਉਨ੍ਹਾ ਨੇ ਭਵਿੱਖ ਦੇ ਪ੍ਰੋਗਰਾਮ ਅਤੇ ਨਵੇਂ ਐਕਟ ਬਾਰੇ ਇੱਕ ਨੋਟ ਪੇਸ਼ ਕੀਤਾ।

ਨਰੇਗਾ ਸੰਘਰਸ਼ ਮੋਰਚਾ ਦੇ ਆਗੂ ਨਿਖਿਲ ਡੇਅ ਅਤੇ ਅਨੁਰਾਧਾ ਤਲਵਾੜ ਨੇ ਕਿਹਾ ਕਿ ਨਵਾਂ ਲਿਆਂਦਾ ਗਿਆ ਕਾਨੂੰਨ ਪੇਂਡੂ ਮਜ਼ਦੂਰਾਂ ਦੇ ਅਧਿਕਾਰਾਂ 'ਤੇ ਸਿੱਧਾ ਹਮਲਾ ਹੈ, ਕਿਉਂਕਿ ਇਹ ਮੰਗ-ਅਧਾਰਤ ਰੁਜ਼ਗਾਰ ਗਰੰਟੀ ਨੂੰ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਚਲਾਈ ਜਾਣ ਵਾਲੀ ਸਪਲਾਈ-ਅਗਵਾਈ ਵਾਲੀ ਯੋਜਨਾ ਤੱਕ ਸੀਮਤ ਕਰ ਦਿੰਦਾ ਹੈ। ਨਵਾਂ ਕਾਨੂੰਨ ਨਾ ਸਿਰਫ਼ ਪੇਂਡੂ ਰੁਜ਼ਗਾਰ ਪ੍ਰੋਗਰਾਮ ਨੂੰ ਕੇਂਦਰ ਦੁਆਰਾ ਨਿਰਧਾਰਤ ਇਕ ਮਨਮਾਨੇ ਬਜਟ ਸੀਮਾ ਦੀ ਅਧੀਨਗੀ ਅੰਦਰ ਲਿਆਉਂਦਾ ਹੈ, ਸਗੋਂ ਇਸ ਦੀ ਵਿਆਪਕਤਾ ਨੂੰ ਵੀ ਛੋਟਾ ਕਰਦਾ ਹੈ। ਉਨ੍ਹਾ ਕਿਹਾ ਕਿ ਤਨਖਾਹਾਂ ਦੀ ਅਦਾਇਗੀ ਲਈ ਕੇਂਦਰ ਦੀ ਜ਼ਿੰਮੇਵਾਰੀ ਨੂੰ ਘਟਾ ਕੇ ਅਤੇ ਸੂਬਿਆਂ 'ਤੇ ਵਿੱਤੀ ਭਾਰ ਪਾ ਕੇ ਦੇਸ਼ ਦੇ ਲੋਕਤੰਤਰੀ ਢਾਂਚੇ ਅੰਦਰ ਸੰਘਵਾਦ 'ਤੇ ਵੀ ਹਮਲਾ ਕਰਦਾ ਹੈ। ਕੇਂਦਰੀ

• ਬਾਕੀ ਸਫਾ 4 'ਤੇ

## ਪੁੱਤ ਨੂੰ ਜਹਾਜ਼ ਚੜ੍ਹਾਉਣ ਚੱਲੇ ਪਿਤਾ ਸਮੇਤ 4 ਦੀ ਸੜਕ ਹਾਦਸੇ 'ਚ ਮੌਤ

**ਹੁਸ਼ਿਆਰਪੁਰ** : ਦਸੂਹਾ-ਹੁਸ਼ਿਆਰਪੁਰ ਮਾਰਗ 'ਤੇ ਸ਼ਨਿੱਚਰਵਾਰ ਤੜਕਸਾਰ ਅੱਡਾ ਦੋਸੜਕਾ ਵਿਖੇ ਕਾਰ ਤੇ ਬੱਸ ਦਰਮਿਆਨ ਹੋਈ ਟੱਕਰ ਵਿੱਚ 4 ਕਾਰ ਸਵਾਰਾਂ ਦੀ ਮੌਤ ਹੋ ਗਈ ਅਤੇ ਇੱਕ ਗੰਭੀਰ ਜ਼ਖਮੀ ਹੋ ਗਿਆ। ਮੌਕੇ 'ਤੇ ਪੁੱਜੀ ਕਸਬਾ ਹਰਿਆਣਾ ਦੀ ਪੁਲਸ ਨੇ ਹਾਦਸਾਗ੍ਰਸਤ ਵਾਹਨ ਸੜਕ ਤੋਂ ਹਟਾ ਕੇ ਆਵਾਜਾਈ ਬਹਾਲ ਕਰਵਾਈ ਅਤੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਸਿਵਲ ਹਸਪਤਾਲ ਪਹੁੰਚਾਇਆ। ਪ੍ਰਾਪਤ ਵੇਰਵੇ ਅਨੁਸਾਰ ਹਿਮਾਚਲ ਪ੍ਰਦੇਸ਼ ਦੇ ਕਸਬਾ ਦੌਲਤਪੁਰ ਦੇ ਪਿੰਡ ਚਲੇਟ ਦਾ ਵਸਨੀਕ ਸੁਖਵਿੰਦਰ ਸਿੰਘ ਆਪਣੇ ਵਿਦੇਸ਼ ਜਾ ਰਹੇ ਪੁੱਤਰ ਅੰਮ੍ਰਿਤ ਨੂੰ ਕਾਰ 'ਤੇ ਅੰਮ੍ਰਿਤਸਰ ਏਅਰਪੋਰਟ ਛੱਡਣ ਜਾ ਰਿਹਾ ਸੀ। ਉਨ੍ਹਾਂ ਨਾਲ 3 ਹੋਰ ਪਰਵਾਰਕ ਮੈਂਬਰ ਤੇ ਦੋਸਤ ਸ਼ਾਮਲ ਸਨ। ਇਸ ਦੌਰਾਨ ਜਦੋਂ ਇਹ ਕਰੀਬ 6 ਵਜੇ ਅੱਡਾ ਦੋਸੜਕਾ ਕੋਲ ਦਸੂਹਾ-ਹੁਸ਼ਿਆਰਪੁਰ ਮਾਰਗ 'ਤੇ ਚੜ੍ਹਨ ਲੱਗੇ ਤਾਂ ਸੰਘਣੀ ਧੁੰਦ ਹੋਣ ਕਾਰਨ ਦਸੂਹਾ ਤੋਂ ਹੁਸ਼ਿਆਰਪੁਰ ਨੂੰ ਜਾ ਰਹੀ ਪਠਾਨਕੋਟ ਡੀਪੂ ਦੀ ਪਨਬੱਸ ਨਾਲ ਕਾਰ ਦੀ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਕਾਰ ਦੇ ਪਰਖੱਚੇ ਉੱਡ ਗਏ ਅਤੇ ਸਵਾਰ ਸੁਖਵਿੰਦਰ ਸਿੰਘ (45) ਪੁੱਤਰ ਹਰਨਾਮ ਸਿੰਘ, ਸੁਸ਼ੀਲ ਕੁਮਾਰ (46) ਪੁੱਤਰ ਦੇਸਰਾਜ, ਬ੍ਰਿਜ ਕੁਮਾਰ (38) ਪੁੱਤਰ ਮਹਿੰਦਰ ਕੁਮਾਰ, ਅਰੁਣ ਕੁਮਾਰ (45) ਪੁੱਤਰ ਗੁਰਪਾਲ ਸਿੰਘ ਸਾਰੇ ਵਾਸੀ ਪਿੰਡ ਚਲੇਟ (ਦੌਲਤਪੁਰ, ਹਿਮਾਚਲ ਪ੍ਰਦੇਸ਼) ਦ ੀ



• ਬਾਕੀ ਸਫਾ 4 'ਤੇ

## ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਨੂੰ ਮਜ਼ਬੂਤ ਬਣਾਉਣ ਲਈ ਸਰਗਰਮੀਆਂ ਤੇਜ਼ ਕਰਾਂਗੇ : ਦੁੱਗਲ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਦਿਹਾਤੀ ਤਰਨਜੀਤ ਸਿੰਘ ਦੁੱਗਲ ਦਾ ਪਹੁੰਚਣ 'ਤੇ ਪਾਰਟੀ ਆਗੂਆਂ ਵੱਲੋਂ ਸਵਾਗਤ ਕਰਦਿਆਂ ਵਿਸ਼ੇਸ਼ ਸਨਮਾਨ ਕੀਤਾ ਗਿਆ।ਪ੍ਰਧਾਨ ਦੁੱਗਲ ਨੇ ਆਗੂਆਂ ਨਾਲ ਮੀਟਿੰਗ ਕਰਕੇ ਪਿੰਡ ਪੱਧਰ 'ਤੇ ਨਵੀਆਂ ਕਮੇਟੀਆਂ ਬਣਾਉਣ, ਪਾਰਟੀ ਢਾਂਚੇ ਨੂੰ ਮਜ਼ਬੂਤ ਕਰਨ ਤੇ ਨੌਜਵਾਨਾਂ ਨੂੰ ਅੱਗੇ ਲਿਆਉਣ ਸਬੰਧੀ ਵਿਸਥਾਰ ਨਾਲ ਸਲਾਹ-ਮਸ਼ਵਰਾ ਕੀਤਾ।ਉਨ੍ਹਾਂ ਕਿਹਾ ਕਿ ਪਿੰਡਾਂ 'ਚ ਲਗਾਤਾਰ ਸੰਪਰਕ ਮੀਟਿੰਗਾਂ ਕਰਕੇ ਲੋਕਾਂ ਨੂੰ ਅਕਾਲੀ ਦਲ ਪੁਨਰ ਸੁਰਜੀਤ ਦੇ ਮੁੱਖ ਧੁਰੇ ਨਾਲ ਜੋੜਿਆ ਜਾਵੇਗਾ।ਦੁੱਗਲ ਨੇ ਕਿਹਾ ਕਿ ਉਨ੍ਹਾਂ ਨੂੰ ਸੌਂਪੀ ਗਈ ਜ਼ਿਲ੍ਹਾ ਪ੍ਰਧਾਨ ਦੀ ਜ਼ਿੰਮੇਵਾਰੀ ਨੂੰ ਉਹ ਪੂਰੀ ਤਨਦੇਹੀ, ਇਮਾਨਦਾਰੀ ਨਾਲ ਨਿਭਾਉਣਗੇ।

# ਤਨਖ਼ਾਹਾਂ ਨਾ ਮਿਲਣ 'ਤੇ ਸਰਕਾਰ ਵਿਰੁੱਧ ਦਿੱਤਾ ਧਰਨਾ

### ਜ਼ਿਲ੍ਹਾ ਸਿੱਖਿਆ ਅਫਸਰਾਂ ਨੂੰ ਮੰਗ ਪੱਤਰ ਵੀ ਸੌਂਪੇ



**ਲੌਂਗੋਵਾਲ/ਸੰਗਰੂਰ (ਪ੍ਰਦੀਪ ਸਿੰਘ/ਪ੍ਰਦੀਪ ਸਿੰਘ)**

ਜ਼ਿਲ੍ਹਾ ਸੰਗਰੂਰ ਦੇ ਬਲਾਕ ਚੀਮਾ, ਸੁਨਾਮ-1 ਤੇ ਮੂਨਕ ਦੇ ਸੈਂਕੜੇ ਪ੍ਰਾਇਮਰੀ ਅਧਿਆਪਕਾਂ ਤੇ ਕਈ ਸੈਕੰਡਰੀ ਸਕੂਲਾਂ ਦੇ ਅਧਿਆਪਕਾਂ ਨੂੰ ਹਾਲੇ ਤੱਕ ਦਸੰਬਰ ਮਹੀਨੇ ਦੀ ਤਨਖਾਹ ਨਾ ਮਿਲਣ ਅਤੇ ਸਰਕਾਰ ਦੀ ਜ਼ੁਬਾਨੀ ਆਦੇਸ਼ਾਂ ਰਾਹੀਂ ਲੰਮੇ ਸਮੇਂ ਲਈ ਮੁਲਾਜ਼ਮਾਂ ਦੀਆਂ ਤਨਖਾਹਾਂ ਰੋਕਣ ਦੀ ਨੀਤੀ ਖ਼ਿਲਾਫ਼ ਔਨ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਸੰਗਰੂਰ ਵੱਲੋਂ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਸੰਗਰੂਰ ਅੱਗੇ ਰੋਸ ਧਰਨਾ ਦਿੱਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ, ਸੀਨੀਅਰ ਮੀਤ ਪ੍ਰਧਾਨ ਸੁਖਵਿੰਦਰ ਸੰਗਰੂਰ, ਵਿੱਤ ਸਕੱਤਰ ਯਾਦਵਿੰਦਰ ਧੂਰੀ, ਪ੍ਰੈੱਸ ਸਕੱਤਰ ਜਸਬੀਰ ਨਮੋਲ, ਬਲਾਕ ਆਗੂ ਚੰਦਰ ਸ਼ੇਖਰ ਨੇ ਕਿਹਾ ਕਿ ਸਰਕਾਰ ਦੇ ਖ਼ਜ਼ਾਨੇ ਸਰਮਾਏਦਾਰਾਂ ਲਈ ਤਾਂ ਖੁੱਲ੍ਹੇ ਹਨ, ਪ੍ਰੰਤੂ ਜਨਤਕ ਸਿੱਖਿਆ ਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਵਾਲੇ ਮੁਲਾਜ਼ਮਾਂ ਲਈ ਸਰਕਾਰ ਹੱਥ ਘੁੱਟ ਰਹੀ ਹੈ, ਜਿਹੜਾ ਕਿ ਇਨ੍ਹਾਂ ਮੁਲਾਜ਼ਮਾਂ ਦੇ ਨਾਲ ਦੂਰਰਸ ਰੂਪ ਵਿੱਚ ਦੇਸ਼ ਦੇ ਹਾਸ਼ੀਏ 'ਤੇ ਧੱਕੇ ਲੋਕਾਂ ਖ਼ਿਲਾਫ਼ ਭੁਗਤ ਰਿਹਾ ਹੈ, ਕਿਉਂਕਿ ਇਨ੍ਹਾਂ ਜਨਤਕ ਸੰਸਥਾਵਾਂ ਦੇ ਲਾਭਪਾਤਰੀ ਇਹੀ ਆਮ ਲੋਕ ਹਨ ਤੇ ਜੇਕਰ ਸਰਕਾਰ ਨੇ ਇਸ ਨੀਤੀ ਨੂੰ ਇਸੇ ਤਰ੍ਹਾਂ ਬਰਕਰਾਰ ਰੱਖਿਆ ਤਾਂ ਇਹ ਸੰਸਥਾਵਾਂ ਬੰਦ ਹੋਣਗੀਆਂ, ਜਿਸ ਦਾ ਨੁਕਸਾਨ ਇਨ੍ਹਾਂ ਲੋਕਾਂ ਨੂੰ ਹੀ ਹੋਣਾ ਹੈ।ਇਨ੍ਹਾਂ ਜਨਤਕ ਸੰਸਥਾਵਾਂ ਦਾ ਬਜਟ ਕੱਟ ਕੇ ਆਮ ਲੋਕਾਂ ਦਾ ਪੈਸਾ ਦੇਸ਼ ਦੇ ਅਸਲੀ ਹਾਕਮ ਸਰਮਾਏਦਾਰ ਜਮਾਤ ਨੂੰ ਲੁਟਾਇਆ ਜਾ ਰਿਹਾ ਹੈ।ਬੁਲਾਰਿਆਂ ਨੇ ਅਧਿਆਪਕ ਵਰਗ ਤੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਸਰਕਾਰ ਦੀਆਂ ਇਸ ਕੋਝੀਆਂ ਚਾਲਾਂ ਨੂੰ ਸਮਝਣ ਅਤੇ ਆਪਣੇ ਹੱਕ ਤੇ ਜਨਤਕ ਸੰਸਥਾਵਾਂ ਨੂੰ ਬਚਾਉਣ ਲਈ ਜਥੇਬੰਦਕ ਰੂਪ ਵਿੱਚ ਅੱਗੇ ਆਉਣ। ਧਰਨੇ ਉਪਰੰਤ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਤੇ ਪ੍ਰਾਇਮਰੀ ਦੋਵਾਂ ਨੂੰ ਵਫ਼ਦ ਦੇ ਰੂਪ ਵਿੱਚ ਮਿਲ ਕੇ ਮੰਗ ਕੀਤੀ ਗਈ ਕਿ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲਾਂ ਤੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰਾਂ ਨੂੰ ਸਖ਼ਤ ਤਾੜਨਾ ਕੀਤੀ ਜਾਵੇ ਕਿ ਤਨਖ਼ਾਹਾਂ ਦੇ ਬਿੱਲ ਸਰਕਾਰੀ ਹਿਦਾਇਤਾਂ ਅਨੁਸਾਰ ਮਹੀਨੇ ਦੀ ਆਖਰੀ ਮਿਤੀ ਤੋਂ ਦੋ-ਤਿੰਨ ਦਿਨ ਪਹਿਲਾਂ ਸਮ੍ਹਾਂ ਕਰਵਾਏ ਜਾਇਆ ਕਰਨ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜਥੇਬੰਦੀ ਇਨ੍ਹਾਂ ਦਫ਼ਤਰਾਂ ਵਿਰੁੱਧ ਸੰਘਰਸ਼ ਵਿੱਢੇਗੀ।ਉਪਰੋਕਤ ਫ਼ੈਸਲਾ ਕੀਤਾ ਗਿਆ ਕਿ ਜੇਕਰ ਇਸ ਹਫ਼ਤੇ ਦੇ ਅੰਦਰ ਸਰਕਾਰ ਵੱਲੋਂ ਅਧਿਆਪਕਾਂ ਦੀ ਤਨਖ਼ਾਹ ਜਾਰੀ ਨਾ ਕੀਤੀ ਗਈ ਤਾਂ ਜ਼ਿਲ੍ਹਾ ਹੈੱਡ ਕੁਆਰਟਰ ਉੱਤੇ ਵੱਡਾ ਜਥੇਬੰਦਕ ਐਕਸ਼ਨ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।ਧਰਨੇ ਵਿੱਚ ਉਕਤ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ 'ਚ ਅਧਿਆਪਕਾਂ ਨੇ ਭਾਗ ਲਿਆ।

## ਮਗਨਰੇਗਾ ਬਚਾਓ ਸੰਗਰਾਮ ਰੈਲੀ ਦੀਆਂ ਤਿਆਰੀਆਂ ਮੁਕੰਮਲ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਗਨਰੇਗਾ ਕਾਨੂੰਨ ਵਿੱਚ ਕੇਂਦਰ ਸਰਕਾਰ ਵੱਲੋਂ ਕੀਤੀਆਂ ਗਰੀਬ ਤੇ ਮਜ਼ਦੂਰ ਵਿਰੋਧੀ ਤਬਦੀਲੀਆਂ ਦੇ ਖ਼ਿਲਾਫ਼ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ 10 ਜਨਵਰੀ ਨੂੰ ਸੰਗਰੂਰ ਅਨਾਜ ਮੰਡੀ ਵਿਖੇ ਕੀਤੀ ਜਾ ਰਹੀ ਮਗਨਰੇਗਾ ਬਚਾਓ ਸੰਗਰਾਮ ਰੈਲੀ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਜਾਣਕਾਰੀ ਕਾਂਗਰਸ ਦੇ ਬਲਾਕ ਪ੍ਰਧਾਨ ਪਰਮਿੰਦਰ ਸਿੰਘ ਸ਼ੰਮੀ ਠੁੱਲੀਵਾਲ ਨੇ ਦਿੱਤੀ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪਿਛਲੇ ਕਰੀਬ ਦੋ ਦਹਾਕਿਆਂ ਤੋਂ ਗਰੀਬਾਂ ਤੇ ਪਿੰਡਾਂ ਦੀ ਆਰਥਿਕ ਰੀੜ੍ਹ ਬਣੇ ਮਗਨਰੇਗਾ ਕਾਨੂੰਨ ਨੂੰ ਕਮਜ਼ੋਰ ਕਰਕੇ ਮਜ਼ਦੂਰ ਵਰਗ ਨਾਲ ਵੱਡਾ ਧੋਖਾ ਕੀਤਾ ਹੈ। ਮਗਨਰੇਗਾ ਤਹਿਤ ਕੰਮ ਮੰਗਣਾ ਮਜ਼ਦੂਰਾਂ ਦਾ ਕਾਨੂੰਨੀ ਹੱਕ ਸੀ, ਪਰ ਹੁਣ ਇਸ ਨੂੰ ਕਮਜ਼ੋਰ ਕਰਕੇ ਸਰਕਾਰ ਦੀ ਮਰਜ਼ੀ ਨਾਲ ਜੋੜ ਦਿੱਤਾ ਗਿਆ।ਮਗਨਰੇਗਾ ਵਰਗੇ ਲੋਕ-ਹਿਤੈਸ਼ੀ ਕਾਨੂੰਨ 'ਚ ਮਸ਼ੀਨਾਂ ਤੇ ਠੇਕੇਦਾਰਾਂ ਦੀ ਦਖ਼ਲਅੰਦਾਜ਼ੀ ਵਧਾ ਕੇ ਗਰੀਬ ਮਜ਼ਦੂਰਾਂ ਦੇ ਰੁਜ਼ਗਾਰ ਦੇ ਮੌਕੇ ਖੋਹੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ ਦੀ ਗ੍ਰਾਮ ਸਵਰਾਜ ਦੀ ਸੋਚ ਅਤੇ ਪਿੰਡਾਂ ਨੂੰ ਮਜ਼ਬੂਤ ਕਰਨ ਵਾਲੀਆਂ ਨੀਤੀਆਂ ਨੂੰ ਤਿਆਗ ਕੇ ਹੁਣ ਸਾਰੇ ਫ਼ੈਸਲੇ ਦਿੱਲੀ ਤੋਂ ਥੋਪੇ ਜਾ ਰਹੇ ਹਨ, ਜਿਸ ਨਾਲ ਪਿੰਡਾਂ ਦੀ ਆਰਥਿਕਤਾ ਅਤੇ ਸਮਾਜਕ ਢਾਂਚਾ ਦੋਵੇਂ ਪ੍ਰਭਾਵਿਤ ਹੋ ਰਹੇ ਹਨ।ਇਹ ਲੜਾਈ ਸਿਰਫ਼ ਇੱਕ ਕਾਨੂੰਨ ਦੀ ਨਹੀਂ, ਸਗੋਂ ਮਜ਼ਦੂਰਾਂ ਦੀ ਅਣਖ, ਇੱਜ਼ਤ ਤੇ ਰੋਜ਼ੀ-ਰੋਟੀ ਦੀ ਲੜਾਈ ਹੈ। ਬਲਾਕ ਪ੍ਰਧਾਨ ਨੇ ਦੱਸਿਆ ਕਿ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਐੱਮ.ਪੀ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਜ਼ਿਲ੍ਹਾ ਪ੍ਰਧਾਨ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਦੀ ਅਗਵਾਈ ਹੇਠ ਵੱਖ-ਵੱਖ ਪਿੰਡਾਂ ਤੋਂ ਕਾਂਗਰਸ ਵਰਕਰ, ਮਗਨਰੇਗਾ ਮਜ਼ਦੂਰ ਤੇ ਆਮ ਲੋਕ ਵੱਡੇ ਕਾਫ਼ਲਿਆਂ ਦੇ ਰੂਪ 'ਚ ਸੰਗਰੂਰ ਰੈਲੀ ਵਿੱਚ ਸ਼ਮੂਲੀਅਤ ਕਰਨਗੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਮਜ਼ਦੂਰਾਂ ਦੇ ਰੁਜ਼ਗਾਰ ਤੇ ਹੱਕਾਂ ਦੀ ਰਾਖੀ ਲਈ ਹਰ ਮੋਰਚੇ 'ਤੇ ਸੰਘਰਸ਼ ਕਰਦੀ ਰਹੇਗੀ।ਪ੍ਰਧਾਨ ਸ਼ੰਮੀ ਠੁੱਲੀਵਾਲ ਨੇ ਸਮੂਹ ਕਿਰਤੀ ਲੋਕਾਂ ਨੂੰ ਕਾਫ਼ਲੇ ਬੰਨ੍ਹ ਕੇ 10 ਜਨਵਰੀ ਨੂੰ ਅਨਾਜ ਮੰਡੀ ਸੰਗਰੂਰ ਪਹੁੰਚਣ ਦੀ ਪੁਰਜ਼ੋਰ ਅਪੀਲ ਕੀਤੀ ਹੈ।

## ਦਸ਼ਮੇਸ਼ ਯੂਥ ਕਲੱਬ ਨੇ ਵੰਡੀਆਂ ਸਿਲਾਈ ਮਸ਼ੀਨਾਂ



**ਮੱਖੂ (ਫਕੀਰ ਸਿੰਘ ਸੰਧੂ)**-ਦਸਮੇਸ਼ ਯੂਥ ਕਲੱਬ ਪਿੰਡ ਫੱਤੇਵਾਲਾ ਵੱਲੋਂ ਸੰਸਥਾ (ਨੌਰਥ) ਚੰਡੀਗੜ੍ਹ ਤੇ ਪੰਜਾਬ ਸਰਕਾਰ ਦੀ ਵਿੱਤੀ ਸਹਾਇਤਾ ਨਾਲ ਮੱਖੂ ਵਿਖੇ ਸਿਲਾਈ-ਕਢਾਈ ਤੇ ਬਿਊਟੀ ਪਾਰਲਰ ਦੇ ਚਲਾਏ ਹੋਏ ਸੈਂਟਰਾਂ ਵਿੱਚ 50 ਲੜਕੀਆਂ ਨੇ ਕੋਰਸ ਪੂਰਾ ਕੀਤਾ।ਕੋਰਸ ਪੂਰਾ ਹੋਣ 'ਤੇ ਕਲੱਬ ਵੱਲੋਂ ਕਰਾਏ ਸਮਾਗਮ ਦੌਰਾਨ ਕੋਰਸ ਪੂਰਾ ਕਰ ਚੁੱਕੀਆਂ ਲੜਕੀਆਂ ਨੂੰ ਮੁਫਤ ਸਲਾਈ ਮਸ਼ੀਨਾਂ ਤੇ ਬਿਊਟੀ ਪਾਰਲਰ ਦੀਆਂ ਕਿੱਟਾਂ ਵੰਡੀਆਂ ਗਈਆਂ। ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਜਸਪ੍ਰੀਤ ਸਿੰਘ ਹੀਰੋ ਵਿਸ਼ੇਸ਼ ਤੌਰ 'ਤੇ ਪਹੁੰਚੇ।ਦਸਮੇਸ਼ ਯੂਥ ਕਲੱਬ ਦੇ ਪ੍ਰਧਾਨ ਹਰਦਵਿੰਦਰ ਸਿੰਘ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਗਿਆ।ਮੁੱਖ ਮਹਿਮਾਨ ਜਸਪ੍ਰੀਤ ਸਿੰਘ ਹੀਰੋ ਨੇ ਸੰਬੋਧਨ ਕਰਦਿਆਂ ਦਸਮੇਸ਼ ਯੂਥ ਕਲੱਬ ਵੱਲੋਂ ਚਲਾਏ ਜਾ ਰਹੇ ਸਿਲਾਈ, ਕਢਾਈ ਤੇ ਬਿਊਟੀ ਪਾਰਲਰ ਸੈਂਟਰਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸਿਲਾਈ, ਕਢਾਈ ਤੇ ਬਿਊਟੀ ਪਾਰਲਰ ਦਾ ਕੋਰਸ ਪੂਰਾ ਕਰ ਚੁੱਕੀਆਂ ਲੜਕੀਆਂ ਆਪਣਾ ਰੁਜ਼ਗਾਰ ਖੁਦ ਚਲਾ ਸਕਦੀਆਂ ਹਨ ਤੇ ਪਰਿਵਾਰ ਦਾ ਪਾਲਣ-ਪੋਸ਼ਣ ਕਰ ਸਕਦੀਆਂ ਹਨ।ਜਸਪ੍ਰੀਤ ਸਿੰਘ ਹੀਰੋ ਵੱਲੋਂ ਦਸ਼ਮੇਸ਼ ਯੂਥ ਕਲੱਬ ਨੂੰ 11 ਹਜ਼ਾਰ ਰੁਪਏ ਦਾ ਚੈੱਕ ਦਿੱਤਾ ਗਿਆ ਅਤੇ ਹੋਰ ਸਹਿਯੋਗ ਦੇਣ ਦਾ ਭਰੋਸਾ ਦਿੱਤਾ।ਤਲਵਿੰਦਰ ਸਿੰਘ ਆਸਟ੍ਰੇਲੀਆ ਨੇ ਕਿਹਾ ਕਿ ਕੋਰਸ ਪੂਰਾ ਕਰਕੇ ਲੜਕੀਆਂ ਸਰਕਾਰੀ ਨੌਕਰੀ 'ਤੇ ਵੀ ਲੱਗ ਸਕਦੀਆਂ ਹਨ ਤੇ ਆਪਣਾ ਬੁਟੀਕ ਤੇ ਪਾਰਲਰ ਵੀ ਖੋਲ ਸਕਦੀਆਂ ਹਨ।ਉਨ੍ਹਾਂ ਵੱਲੋਂ ਵੀ ਕਲੱਬ ਨੂੰ 10 ਹਜ਼ਾਰ ਰੁਪਏ ਦਾ ਚੈੱਕ ਦਿੱਤਾ ਗਿਆ।ਬਲਜਿੰਦਰ ਸਿੰਘ ਵੱਲੋਂ ਲੜਕੀਆਂ ਨੂੰ ਰੁਜ਼ਗਾਰ ਚਲਾਉਣ ਲਈ ਲੋਨ ਲੈਣ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ।

# ਫਰਦ ਕੇਂਦਰ ਕੰਪਿਊਟਰ ਆਪ੍ਰੇਟਰਾਂ ਵੱਲੋਂ ਤਨਖਾਹਾਂ ਨਾ ਮਿਲਣ 'ਤੇ ਰੋਸ ਜ਼ਾਹਰ

### ਭਲਕੇ ਕਰਨਗੇ ਕਲਮ ਛੋੜ ਹੜਤਾਲ



**ਫਿਰੋਜ਼ਪੁਰ (ਗੁਰਬਚਨ ਸਿੰਘ)**

ਫਰਦ ਕੇਂਦਰ ਕੰਪਿਊਟਰ ਆਪ੍ਰੇਟਰ ਐਸੋਸੀਏਸ਼ਨ (ਰਜਿ.) ਪੰਜਾਬ ਸੂਬਾ ਪ੍ਰਧਾਨ ਰਮਨਦੀਪ ਸਿੰਘ ਚਕੇਰੀਆਂ ਦੀ ਅਗਵਾਈ ਹੇਠ ਤਨਖਾਹ ਨਾ ਮਿਲ ਕਰਕੇ ਕਾਲੇ ਬਿੱਲੇ ਲੈ ਕੇ ਰੋਸ ਜ਼ਾਹਰ ਕੀਤਾ ਗਿਆ।

ਫਿਰੋਜ਼ਪੁਰ ਤੋਂ ਸੀਨੀਆਰ ਮੀਤ ਪ੍ਰਧਾਨ ਬਲਵਿੰਦਰ ਸਿੰਘ ਚਾਂਦੀਵਾਲਾ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਸਮੂਹ ਪੰਜਾਬ ਦੇ ਡਾਟਾ ਐਂਟਰੀ ਆਪ੍ਰੇਟਰ ਪਿਛਲੇ ਕਈ ਸਾਲਾਂ ਤੋਂ ਫਰਦ ਕੇਂਦਰਾਂ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ।17-18 ਸਾਲਾਂ ਦੀ ਲਗਾਤਾਰ ਸੇਵਾ ਦੇ ਬਾਵਜੂਦ ਅੱਜ ਦੀ ਮਹਿੰਗਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਡੀਆਂ ਤਨਖਾਹਾਂ ਵਿੱਚ ਵਾਧਾ ਤਾਂ ਕੀ ਕਰਨਾ ਸਾਡੀ ਤਨਖਾਹ ਹੀ ਨਹੀਂ ਦਿੱਤੀ ਜਾ ਰਾਹੀ।ਉਨ੍ਹਾਂ ਦੱਸਿਆ ਕਿ ਸੀਐੱਮਐੱਸ ਕੰਪਿਊਟਰ ਐੱਲਟੀਡੀ ਕੰਪਨੀ ਵੱਲੋਂ ਅਕਤੂਬਰ 2024 ਤੋਂ ਲਗਾਤਾਰ ਇਹ ਪ੍ਰਥਾ ਅਪਣਾਈ ਜਾ ਰਹੀ ਹੈ ਕਿ 2-3 ਮਹੀਨੇ ਕੰਮ ਕਰਵਾ ਕੇ ਸਿਰਫ਼ ਇਕ ਮਹੀਨੇ ਦੀ ਤਨਖਾਹ ਦਿੱਤੀ ਜਾਂਦੀ ਹੈ।ਜਦੋਂ ਅਸੀਂ ਆਪਣੀ ਬਨਦੀ ਤਨਖਾਹ ਦੀ ਮੰਗ ਲਈ ਕਲਮ-ਛੋਡ ਹੜਤਾਲ ਕਰਦੇ ਹਾਂ, ਤਾਂ ਕੰਪਨੀ ਵੱਲੋਂ ਉਨ੍ਹਾਂ ਦਿਨਾਂ ਦੀ ਤਨਖਾਹ ਵੀ ਕੱਟ ਲਈ ਜਾਂਦੀ ਹੈ।ਮੀਤ ਪ੍ਰਧਾਨ ਨੇ ਕਿਹਾ ਕਿ ਕੰਪਨੀ ਨੇ ਸਾਨੂੰ 31-3-2026 ਕੰਮ ਬੰਦ ਦਾ ਵੀ ਮੈਸੇਜ ਪਾ ਦਿੱਤਾ ਗਿਆ ਹੈ।ਸਰਕਾਰ ਨੇ ਨਵਾਂ ਰੋਜ਼ਗਾਰ ਤਾਂ ਕੀ ਦੇਣਾ ਸੀ, ਜਿਨ੍ਹਾਂ ਕੋਲ ਰੋਜ਼ਗਾਰ ਹੈ, ਉਹ ਵੀ ਖੋਹਿਆ ਜਾ ਰਿਹਾ ਹੈ।ਐਸੋਸੀਏਸ਼ਨ ਨੇ ਕਿਹਾ ਕਿ ਪੰਜਾਬ ਦੇ ਸਮੂਹ ਫਰਦ ਕੇਂਦਰ ਕੰਪਿਊਟਰ ਆਪ੍ਰੇਟਰ ਹੜਤਾਲ ਨਹੀਂ ਕਰਨਾ ਚਾਹੁੰਦੇ, ਪਰ ਕੰਪਨੀ ਵੱਲੋਂ ਵਾਰ-ਵਾਰ ਤਨਖਾਹ ਵਿੱਚ ਹੋ ਰਹੀ ਦੇਰੀ ਤੋਂ ਨਿਰਾਸ਼ ਹੋ ਕੇ ਫ਼ਰਦ ਕੇਂਦਰ ਕੰਪਿਊਟਰ ਆਪ੍ਰੇਟਰ ਐਸੋਸੀਏਸ਼ਨ ਵੱਲੋਂ ਇਹ ਮੰਗ ਕੀਤੀ ਜਾਂਦੀ ਹੈ ਕਿ ਮਹੀਨਾ ਦਸੰਬਰ 2025 ਦੀ ਤਨਖਾਹ ਤੁਰੰਤ ਜਾਰੀ ਕੀਤੀ ਜਾਵੇ।ਜੇਕਰ ਉਪਰੋਕਤ ਮੰਗਾਂ ਨੂੰ ਜਲਦ ਪੂਰਾ ਨਾ ਕੀਤਾ ਗਿਆ, ਤਾਂ 12 ਜਨਵਰੀ 2026 ਨੂੰ ਸਮੂਹ ਪੰਜਾਬ ਦੇ ਫਰਦ ਕੇਂਦਰ ਡਾਟਾ ਐਂਟਰੀ ਆਪ੍ਰੇਟਰ ਕਾਲਮ ਛੋੜ ਹੜਤਾਲ ਕਰਨਗੇ।ਇਸ ਵਿੱਚ ਆਮ ਪਬਲਿਕ ਨੂੰ ਆਉਣ ਵਾਲੀਆਂ ਮੁਸ਼ਕਲਾਂ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।ਇਸ ਮੌਕੇ ਮਾਨ ਸਿੰਘ, ਸੁਨੀਲ ਕੁਮਾਰ, ਧਰਮਜੀਤ, ਅਰਮਾਨ, ਕੁਲਦੀਪ ਕੌਰ, ਰਜਨੀ ਬੇਦੀ, ਮਮਤਾ ਕੌਰ ਆਦਿ ਸਾਥੀ ਹਾਜ਼ਰ ਸਨ।

## ਐੱਸ ਓ ਆਈ ਪ੍ਰਧਾਨ ਰਣਬੀਰ ਸਿੰਘ ਢਿੱਲੋਂ ਵੱਲੋਂ ਨਵੀਆਂ ਨਿਯੁਕਤੀਆਂ



**ਮਲੋਟ (ਓਮ ਪ੍ਰਕਾਸ਼ ਸੇਖੂ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਵਰਕਰਾਂ ਦਾ ਹੌਸਲਾ ਵਧਾਉਣ ਲਈ ਦਿਨ-ਰਾਤ ਇੱਕ ਕੀਤਾ ਹੋਇਆ ਹੈ, ਤਾਂ ਜੋ ਆਉਣ ਵਾਲੀ 2027 ਦੇ ਇਲੈਕਸ਼ਨਾਂ ਵਿੱਚ ਪਾਰਟੀ ਚੰਗੀ ਕਾਰਗੁਜ਼ਾਰੀ ਦੇ ਨਾਲ ਪੰਜਾਬ ਵਿੱਚ ਸਰਕਾਰ ਬਣਾ ਸਕੇ। ਇਸੇ ਲੜੀ ਤਹਿਤ ਸ਼੍ਰੋਮਣੀ ਅਕਾਲੀ ਦਲ ਦੀ ਯੂਥ ਦੀ ਨਵੀਂ ਬਣੀ ਜਥੇਬੰਦੀ ਐੱਸ ਓ ਆਈ ਦੇ ਪ੍ਰਧਾਨ ਰਣਬੀਰ ਸਿੰਘ ਢਿੱਲੋਂ ਵੱਲੋਂ ਜਥੇਬੰਦੀ ਦੀ ਮਜ਼ਬੂਤੀ ਦੇ ਆਧਾਰ ਨੂੰ ਵਧਾਉਣ ਲਈ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ। ਇਸ ਮੌਕੇ ਪ੍ਰਧਾਨ ਰਣਬੀਰ ਸਿੰਘ ਢਿੱਲੋਂ ਵੱਲੋਂ ਇਵਨਾਜ ਸਿੰਘ ਧਨੋਆ ਨੂੰ ਪੰਜਾਬ ਦਾ ਜਨਰਲ ਸਕੱਤਰ, ਲਵ ਬਤਰਾ ਨੂੰ ਸਪੋਕਸਮੈਨ ਪਰਸਨ ਨਿਯੁਕਤ ਕੀਤਾ ਗਿਆ। ਇਸ ਮੌਕੇ ਨਰਦੇਵ ਸਿੰਘ ਮਾਨ (ਬੌਬੀ ਮਾਨ) ਤੇ ਸਾਬਕਾ ਐੱਮ ਐੱਲ ਏ ਹਰਪ੍ਰੀਤ ਸਿੰਘ ਮਲੋਟ ਨੇ ਨਵੇਂ ਅਹੁਦੇਦਾਰਾਂ ਨੂੰ ਸਰੋਪੇ ਪਾ ਕੇ ਜੀ ਆਇਆਂ ਕਿਹਾ ਤੇ ਮਾਨ ਸਨਮਾਨ ਕੀਤਾ ਅਤੇ ਕਿਹਾ ਕਿ ਪਾਰਟੀ ਵਿੱਚ ਉਨ੍ਹਾਂ ਦਾ ਬਣਦਾ ਮਾਣ ਸਨਮਾਨ ਹਮੇਸ਼ਾ ਕਾਇਮ ਰਹੇਗਾ। ਇਸ ਮੌਕੇ ਐੱਸਓਆਈ ਦੇ ਮੀਤ ਪ੍ਰਧਾਨ ਹਿਰਦੇਪਾਲ ਸਿੰਘ ਗੁਰਬਿੰਦਰ ਸਿੰਘ ਫੁੱਲੇ ਵਾਲਾ ਗੁਰਸ਼ਮਿੰਦਰ ਸਿੰਘ ਟੋਨਾ ਲੱਖੇਵਾਲੀ ਹਾਜ਼ਰ ਸਨ।

## ਨੂੰਹ ਦੇ ਜਨਮ ਦਿਨ ਮੌਕੇ ਪਕੌੜਿਆਂ ਦਾ ਲੰਗਰ



**ਬਠਿੰਡਾ (ਰਾਜੀਵ ਗੋਇਲ)**-ਸਰਕਲ ਭਗਤਾ ਭਾਈ ਕਾ ਦੇ ਭਾਜਪਾ ਪ੍ਰਧਾਨ ਬਬਲੇਸ਼ ਕੁਮਾਰ ਬੌਬੀ ਸਿੰਗਲਾ ਵੱਲੋਂ ਨਿਵੇਕਲੀ ਪਹਿਲਕਦਮੀ ਕਰਦੇ ਹੋਏ ਆਪਣੀ ਇਕਲੌਤੀ ਨੂੰਹ ਦੇ ਜਨਮ ਦਿਨ ਨੂੰ ਸਮਰਪਤ ਪਕੌੜਿਆਂ ਦਾ ਲੰਗਰ ਲਾਇਆ ਗਿਆ, ਜਿੱਥੇ ਆਉਣ ਜਾਣ ਵਾਲੇ ਰਾਹਗੀਰਾਂ ਵੱਲੋਂ ਠੰਡ ਵਿੱਚ ਪਕੌੜਿਆਂ ਦਾ ਆਨੰਦ ਮਾਣਿਆ ਗਿਆ। ਸਿੰਗਲਾ ਨੇ ਕਿਹਾ ਕਿ ਜੇਕਰ ਸਾਡਾ ਸਮਾਜ ਨੂੰਹ ਤੇ ਧੀ ਵਿੱਚ ਫ਼ਰਕ ਕਰਨਾ ਬੰਦ ਕਰ ਦੇਵੇ ਤਾਂ ਆਏ ਦਿਨ ਵਧ ਰਹੇ ਘਰੇਲੂ ਕਲੇਸ਼ਾਂ 'ਤੇ ਕੰਟਰੋਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਅਸੀਂ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਹੋਣ ਤੱਕ ਆਪਣੀ ਧੀ ਦਾ ਖਿਆਲ ਰੱਖਦੇ ਹੋਏ ਉਸ ਨਾਲ ਵਿਹਾਰ ਕਰਦੇ ਹਾਂ, ਉਸੇ ਤਰ੍ਹਾਂ ਜੇਕਰ ਨੂੰਹ ਰਾਣੀ ਨਾਲ ਸਲੂਕ ਕੀਤਾ ਜਾਵੇ ਤਾਂ ਬੇਗਾਨਾ ਧਨ ਅਖਵਾਉਣ ਵਾਲੀਆਂ ਧੀਆਂ ਵੀ ਉਸੇ ਤਰ੍ਹਾਂ ਆਪਣੇ ਫਰਜ਼ ਨਿਭਾਉਣ ਤੋਂ ਕੰਨੀ ਨਾ ਕਤਰਾਉਣ। ਉਨ੍ਹਾਂ ਸਮਾਜ ਨੂੰ ਇਹੀ ਸੰਦੇਸ਼ ਦਿੱਤਾ ਕਿ ਉਹ ਨੂੰਹਾਂ ਨੂੰ ਧੀਆਂ ਵਰਗਾ ਹੀ ਪਿਆਰ ਤੇ ਸਤਿਕਾਰ ਦੇਣ। ਇਸ ਨਾਲ ਘਰੇਲੂ ਖਟਾਸ ਘੱਟ ਹੋਣ 'ਚ ਜ਼ਰੂਰ ਮਦਦ ਮਿਲੇਗੀ। ਇਸ ਮੌਕੇ ਬੌਬੀ ਸਿੰਗਲਾ ਦਾ ਸਪੁੱਤਰ ਤਰੁਣ ਸਿੰਗਲਾ, ਰਾਧੇ ਸ਼ਾਮ, ਬਿੰਦਰ ਬਾਂਸਲ, ਸੁਖਚੈਨ ਸਿੰਘ ਧੂੰਨਾ ਸਮੇਤ ਹੋਰ ਵੀ ਲੋਕ ਹਾਜ਼ਰ ਸਨ।

# ਰੇਲਵੇ ਓਵਰ ਬਰਿੱਜ ਦੀ ਉਸਾਰੀ ਲਈ ਮੰਚ ਵੱਲੋਂ ਜਥੇਬੰਦੀਆਂ ਦੀ ਮੀਟਿੰਗ ਬੁਲਾਉਣ ਦਾ ਫੈਸਲਾ



**ਧੂਰੀ (ਮਨੋਹਰ ਸੱਗੂ, ਮੋਹਿਤ ਗਰਗ, ਬਿੰਨੀ ਗਰਗ, ਰਣਜੀਤ ਸਿੰਘ ਪੇਧਨੀ)**-ਧੂਰੀ ਵਿਕਾਸ ਮੰਚ ਦੀ ਲੰਘੀ ਦੇਰ ਸ਼ਾਮ ਮੰਚ ਦੇ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ ਤੇ ਪ੍ਰਧਾਨ ਅਮਨ ਗਰਗ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਧੂਰੀ ਸ਼ਹਿਰ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਪੂਰਾ ਕਰਵਾਉਣ ਲਈ ਸਰਗਰਮੀਆਂ ਤੇਜ਼ ਕਰਨ ਦਾ ਫੈਸਲਾ ਕੀਤਾ ਗਿਆ।

ਮੰਚ ਦੀ ਕੋਰ ਕਮੇਟੀ ਦੀ ਮੀਟਿੰਗ 'ਚ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਮੌਜੂਦਾ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਰੇਲਵੇ ਓਵਰ ਬਰਿੱਜ ਦੀ ਉਸਾਰੀ ਸ਼ੁਰੂ ਕਰਨ 'ਚ ਆ ਰਹੀਆਂ ਅੜਚਣਾਂ ਲਈ ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਦੇ ਵਤੀਰੇ ਦੀ ਨਿਖੇਧੀ ਕੀਤੀ ਗਈ।ਮੰਚ ਦੇ ਵਾਈਸ ਚੇਅਰਮੈਨ ਐਡਵੋਕੇਟ ਰਾਜੇਸ਼ਵਰ ਚੌਧਰੀ ਤੇ ਜਨਰਲ ਸਕੱਤਰ ਹੰਸ ਰਾਜ ਬਜਾਜ ਨੇ ਸਾਂਝੇ ਤੌਰ 'ਤੇ ਮੁੱਖ ਮੰਤਰੀ ਤੇ ਹਲਕਾ ਵਿਧਾਇਕ ਭਗਵੰਤ ਮਾਨ ਵੱਲੋਂ ਹਲਕੇ ਦੇ ਵਿਕਾਸ ਲਈ ਕੀਤੇ ਜਾ ਰਹੇ ਯਤਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਭਾਵੇਂ ਪੰਜਾਬ ਸਰਕਾਰ ਵੱਲੋਂ ਰੇਲਵੇ ਓਵਰ ਬਰਿੱਜ ਲਈ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ, ਪਰ ਕੇਂਦਰੀ ਰੇਲਵੇ ਰਾਜ ਮੰਤਰੀ ਰਵਨੀਤ ਬਿੱਟੂ ਵੱਲੋਂ ਇਸ ਪ੍ਰੋਜੈਕਟ 'ਚ ਕਥਿਤ ਤੌਰ 'ਤੇ ਸਿਆਸੀ ਰੋੜੇ ਅਟਕਾਏ ਜਾ ਰਹੇ ਹਨ।ਆਗੂਆਂ ਨੇ ਸ੍ਰ: ਬਿੱਟੂ ਦੇ ਵਤੀਰੇ ਨੂੰ ਲੋਕ ਵਿਰੋਧੀ ਕਰਾਰ ਦਿੰਦਿਆਂ ਕਿਹਾ ਕਿ ਵਿਕਾਸ ਕਾਰਜਾਂ 'ਚ ਰਾਜਨੀਤੀ ਨਹੀਂ ਹੋਣੀ ਚਾਹੀਦੀ।

ਉਨ੍ਹਾਂ ਕਿਹਾ ਕਿ ਓਵਰ ਬਰਿੱਜ ਦੀ ਉਸਾਰੀ ਜਲਦੀ ਸ਼ੁਰੂ ਕਰਵਾਉਣ ਲਈ ਮੰਚ ਵੱਲੋਂ ਕੇਂਦਰ ਸਰਕਾਰ 'ਤੇ ਦਬਾਓ ਬਣਾਉਣ ਲਈ ਸ਼ਹਿਰ ਦੀਆਂ ਵੱਖ ਵੱਖ ਲੋਕ ਪੱਖੀ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਬੁਲਾਈ ਜਾਵੇਗੀ।ਮੀਟਿੰਗ 'ਚ ਸ਼ਹਿਰ ਦੀਆਂ ਹੋਰ ਮੰਗਾਂ 'ਚ ਰਾਮ ਬਾਗ ਤੋਂ ਸੰਗਰੂਰ ਬਾਈਪਾਸ ਤੱਕ ਓਵਰ ਬਰਿੱਜ ਦੀ ਉਸਾਰੀ, ਮਾਲੇਰਕੋਟਲਾ ਬਾਈਪਾਸ ਤੋਂ ਸੰਗਰੂਰ ਬਾਈਪਾਸ ਤੱਕ ਸੜਕ 'ਤੇ ਡਿਵਾਈਡਰ ਬਣਾਉਣ, ਕੱਕੜਵਾਲ ਚੌਕ 'ਚ ਹਾਦਸਿਆਂ ਦੇ ਖਦਸ਼ੇ ਰੋਕਣ ਲਈ ਟ੍ਰੈਫਿਕ ਲਾਈਟਾਂ ਚਾਲੂ ਕਰਵਾਉਣ, ਫੂਡ ਸਪਲਾਈ ਦੇ ਪੁਰਾਣੇ ਗੋਦਾਮਾਂ ਵਾਲੀ ਜਗ੍ਹਾ 'ਚ ਅਧੁਨਿਕ ਬੱਸ ਅੱਡਾ ਬਣਾਉਣ ਤੇ ਸ਼ਹਿਰ ਦੀ ਅੰਦਰੂਨੀ ਸੜਕ ਦੀ ਮੁਰੰਮਤ ਕਰਨ ਦੀ ਮੰਗ ਕੀਤੀ ਗਈ।ਮੀਟਿੰਗ 'ਚ ਉਪਰੋਕਤ ਮੰਗਾਂ ਨੂੰ ਲੈ ਕੇ ਮੰਚ ਵੱਲੋਂ ਇੱਕ ਵਫ਼ਦ ਰੂਪ 'ਚ ਮੁੱਖ ਮੰਤਰੀ ਦੇ ਸਥਾਨਕ ਕੈਂਪਸ ਦਫ਼ਤਰ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕਰਨ ਦਾ ਫੈਸਲਾ ਕਰਦਿਆਂ ਸ਼ਹਿਰ ਦੀ ਸੁਰੱਖਿਆ ਲਈ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਰੀਬ 1 ਕਰੋੜ 25 ਲੱਖ ਦੀ ਲਾਗਤ ਨਾਲ ਸੀ ਸੀ ਟੀ ਵੀ ਕੈਮਰੇ ਲਗਵਾਉਣ ਦੇ ਫੈਸਲੇ ਦੀ ਸ਼ਲਾਘਾ ਕੀਤੀ ਗਈ।ਹੋਰਨਾਂ 'ਚ ਸੰਦੀਪ ਬਾਂਸਲ, ਅਮਨਦੀਪ ਡਿੰਪੀ ਗਰਗ, ਮਨਿੰਦਰ ਸਿੰਘ ਢੀਂਡਸਾ ਤੇ ਸੁਰਿੰਦਰਪਾਲ ਸਿੰਘ ਨੀਟਾ ਆਦਿ ਮੌਜੂਦ ਸਨ।

## ਮਾਘੀ ਨੂੰ ਸਮਰਪਤ ਬੁੱਢਾ ਦਲ ਵੱਲੋਂ ਧਾਰਮਿਕ ਸਮਾਗਮ ਭਲਕ ਤੋਂ



**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਮਾਘੀ ਦੇ ਇਤਿਹਾਸਕ ਦਿਹਾੜੇ ਨੂੰ ਸਮਰਿਪਤ ਨਿਹੰਗ ਸਿੰਘ ਦਲਾਂ ਦੀਆਂ ਵੱਖ-ਵੱਖ ਛਾਉਣੀਆਂ ਵਿੱਚ ਸਾਫ ਸਫਾਈ ਤੇ ਨਿਹੰਗ ਸਿੰਘ ਪੁੱਜਣੇ ਸ਼ੁਰੂ ਹੋ ਗਏ ਹਨ।ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ ਚੱਕ੍ਰਵਰਤੀ ਦੇ 14ਵੇਂ ਮੁਖੀ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ, ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਗੁਰਦੁਆਰਾ ਬਾਬਾ ਨੈਣਾ ਸਿੰਘ ਛਾਉਣੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਸ੍ਰੀ ਮੁਕਤਸਰ ਸਾਹਿਬ ਅਤੇ ਗੁਰਦੁਆਰਾ ਬੱਗਸਰ ਸਾਹਿਬ ਜੱਸੀ ਬਾਗ ਵਾਲੀ ਵਿਖੇ ਬੁੱਢਾ ਦਲ ਦੇ ਨਿਹੰਗ ਸਿੰਘਾਂ ਦੇ ਉਤਾਰਨੇ ਸ਼ੁਰੂ ਹੋ ਗਏ ਹਨ ਅਤੇ ਮਾਘੀ ਮੇਲੇ ਨੂੰ ਸਮਰਪਤ ਧਾਰਮਿਕ ਸਮਾਗਮਾਂ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਹੋ ਰਹੀਆਂ ਹਨ।ਬੁੱਢਾ ਦਲ ਦੇ ਮੈਨੇਜਰ ਸ੍ਰ. ਪਰਮਜੀਤ ਸਿੰਘ ਬਾਜਵਾ ਨੇ ਦੱਸਿਆ ਕਿ ਦੋਹਾਂ ਅਸਥਾਨਾਂ 'ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਲਾਹੀ ਅਖੰਡ ਬਾਣੀ ਦੇ ਅਖੰਡ ਪਾਠ 12 ਜਨਵਰੀ ਤੋਂ ਅਰੰਭ ਹੋਣਗੇ ਤੇ 14 ਜਨਵਰੀ ਨੂੰ ਭੋਗ ਪਾਏ ਜਾਣਗੇ।ਇਸੇ ਤਰ੍ਹਾਂ ਬੁੱਢਾ ਦਲ ਦੀ ਛਾਉਣੀ ਗੁ. ਬਾਬਾ ਨੈਣਾ ਸਿੰਘ ਜੀ ਵਿਖੇ ਸ੍ਰੀ ਦਸਮ ਗ੍ਰੰਥ ਜੀ ਦੇ ਭੋਗ 15 ਜਨਵਰੀ ਨੂੰ ਪੈਣਗੇ ਤੇ ਮਹੱਲਾ ਚੜ੍ਹੇਗਾ।

## ਸਾਬਕਾ ਸੈਨਿਕ ਲੀਗ ਬਲਾਕ ਸ਼ੇਰਪੁਰ ਦੀ ਮਹੀਨਾਵਾਰ ਇਕੱਤਰਤਾ



**ਸ਼ੇਰਪੁਰ (ਰਵੀ ਟਿੱਬਾ)**-ਭਾਰਤੀਆ ਸਾਬਕਾ ਸੈਨਿਕ ਲੀਗ (ਪੰ. ਤੇ ਚੰਡੀ.) ਬਲਾਕ ਸ਼ੇਰਪੁਰ ਦੀ ਮਹੀਨਾਵਾਰ ਇਕੱਤਰਤਾ ਲੀਗ ਪ੍ਰਧਾਨ ਸੂਬੇਦਾਰ ਮੇਜਰ ਹਰਜੀਤ ਸਿੰਘ (ਸੇਵਾ ਮੁਕਤ) ਦੀ ਅਗਵਾਈ ਹੇਠ ਲੀਗ ਦਫਤਰ ਪੁਰਾਣੀ ਤਹਿਸੀਲ ਵਿਖੇ ਹੋਈ।ਸਭ ਨੂੰ ਨਵੇਂ ਵਰ੍ਹੇ ਦੀ ਮੁਬਾਰਕਬਾਦ ਦਿੰਦਿਆਂ ਲੀਗ ਪ੍ਰਧਾਨ ਨੇ ਕਿਹਾ ਕਿ ਸਰਦੀ ਦੇ ਮੌਸਮ ਵਿੱਚ ਆਪਣੀ ਤੇ ਆਪਣੇ ਪਰਿਵਾਰ ਦੀ ਸਿਹਤ ਦਾ ਖਿਆਲ ਰੱਖਿਆ ਜਾਵੇ।ਉਨ੍ਹਾਂ ਕਿਹਾ ਕਿ ਇੱਕ ਸੈਨਿਕ ਦੀ ਮੌਤ ਤੋਂ ਬਾਅਦ ਪਰਿਵਾਰ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਲਈ ਹਰ ਸੈਨਿਕ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਜਿਉਂਦੇ ਜੀਅ ਆਪਣੇ ਕਾਗਜ਼ਾਤ ਸੈਨਾ ਤੇ ਸਿਵਲ ਵਿੱਚ ਦਰੁੱਸਤ ਰੱਖਣ ਤਾਂ ਕਿ ਕਿਸੇ ਕਿਸਮ ਦੀ ਪ੍ਰੇਸ਼ਾਨੀ ਪਰਿਵਾਰ ਵਿੱਚ ਨਾ ਆਵੇ।ਉਨ੍ਹਾਂ ਸਮੂਹ ਸਾਬਕਾ ਸੈਨਿਕਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਪੈਨਸ਼ਨ ਅਕਾਊਂਟ ਡੀਐੱਸਪੀ ਅਕਾਊਂਟ ਵਿੱਚ ਤਬਦੀਲ ਕਰਨ, ਜਿਸ ਤੋਂ ਕਾਫੀ ਸਾਰੇ ਲਾਭ ਹਨ।ਕੈਪਟਨ ਅਵਤਾਰ ਸਿੰਘ ਟਿੱਬਾ ਨੇ ਇਲਾਕੇ ਭਰ ਦੇ ਸੈਨਿਕਾਂ ਨੂੰ ਅਪੀਲ ਕੀਤੀ ਕਿ ਉਹ ਇੱਕ ਪਲੇਟਫਾਰਮ 'ਤੇ ਇਕੱਠੇ ਹੋਣ ਤੇ ਆਪਣੀਆਂ ਹੱਕੀ ਮੰਗਾਂ ਲਈ ਆਵਾਜ਼ ਉਠਾਉਣ।ਸੂਬੇਦਾਰ ਕਰਮ ਸਿੰਘ ਬਦੇਸ਼ਾਂ ਨੇ ਸਮੂਹ ਸੈਨਿਕਾਂ ਨੂੰ ਮਹੀਨਾਵਾਰ ਮੀਟਿੰਗ ਵਿੱਚ ਵਧ ਚੜ੍ਹ ਕੇ ਹਾਜ਼ਰੀ ਲਗਵਾਉਣ ਦੀ ਅਪੀਲ ਕੀਤੀ।

## ਸ਼ੁਭਮ ਸ਼ਰਮਾ ਨੇ ਪੰਚਾਇਤ ਸੰਮਤੀ ਉਮੀਦਵਾਰਾਂ ਸਮੇਤ ਰਾਜਾ ਵੜਿੰਗ ਨਾਲ ਕੀਤੀ ਮੁਲਾਕਾਤ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਪੰਜਾਬ ਦੀ ਸਿਆਸਤ 'ਚ ਨੌਜਵਾਨ ਆਗੂਆਂ ਦੀ ਵਧ ਰਹੀ ਸਰਗਰਮੀ ਦੇ ਚੱਲਦਿਆਂ ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਅਤੇ ਹਲਕਾ ਧੂਰੀ ਤੋਂ ਪ੍ਰਮੁੱਖ ਆਗੂ ਸ਼ੁਭਮ ਸ਼ਰਮਾ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨਾਲ ਇੱਕ ਵਿਸ਼ੇਸ਼ ਮੁਲਾਕਾਤ ਕੀਤੀ।ਮੁਲਾਕਾਤ ਦਾ ਮੁੱਖ ਮਕਸਦ ਹਾਲ ਹੀ ਵਿੱਚ ਹੋਈਆਂ ਬਲਾਕ ਸੰਮਤੀ ਚੋਣਾਂ ਵਿੱਚ ਜੇਤੂ ਰਹੇ ਕਾਂਗਰਸੀ ਉਮੀਦਵਾਰਾਂ ਦੀ ਜਾਣ-ਪਛਾਣ ਕਰਾਉਣਾ ਤੇ ਪਾਰਟੀ ਦੀਆਂ ਭਵਿੱਖੀ ਰਣਨੀਤੀਆਂ 'ਤੇ ਚਰਚਾ ਕਰਨਾ ਸੀ।ਸ਼ੁਭਮ ਸ਼ਰਮਾ ਦੇ ਨਾਲ ਹਲਕਾ ਧੂਰੀ ਦੇ ਵੱਖ-ਵੱਖ ਪਿੰਡਾਂ ਤੋਂ ਬਲਾਕ ਸੰਮਤੀ ਦੀ ਚੋਣ ਜਿੱਤਣ ਵਾਲੇ ਉਮੀਦਵਾਰ ਰਾਜ ਬਾਗੜੀ (ਪਿੰਡ ਕਾਤਰੋ), ਰਮਜੀਤ ਕੌਰ (ਧੂਰੀ ਪਿੰਡ), ਸਰਬਜੀਤ ਕੌਰ (ਪਿੰਡ ਫਰਵਾਹੀ), ਨੰਦ ਲਾਲ ਲੱਕੀ (ਪਿੰਡ ਕੁੰਬੜਵਾਲ) ਤੇ ਰੇਸ਼ਮ ਸਿੰਘ (ਪਿੰਡ ਬਾਲੀਆਂ) ਹਾਜ਼ਰ ਸਨ। ਇਨ੍ਹਾਂ ਤੂਆਂ ਨੇ ਪ੍ਰਧਾਨ ਰਾਜਾ ਵੜਿੰਗ ਨਾਲ ਮੁਲਾਕਾਤ ਕਰਕੇ ਇਲਾਕੇ ਦੀਆਂ ਮੁਸ਼ਕਿਲਾਂ ਅਤੇ ਵਿਕਾਸ ਕਾਰਜਾਂ ਬਾਰੇ ਗੱਲਬਾਤ ਕੀਤੀ।ਮੁਲਾਕਾਤ ਦੌਰਾਨ ਪ੍ਰਧਾਨ ਰਾਜਾ ਵੜਿੰਗ ਨੇ ਸਾਰੇ ਜੇਤੂ ਉਮੀਦਵਾਰਾਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਸਿਰ 'ਤੇ ਥਾਪੜਾ ਦਿੰਦਿਆਂ ਹੌਸਲਾ ਅਫ਼ਜ਼ਾਈ ਕੀਤੀ।ਉਨ੍ਹਾਂ ਕਿਹਾ ਕਿ ਜ਼ਮੀਨੀ ਪੱਧਰ 'ਤੇ ਵਰਕਰਾਂ ਦੀ ਮਿਹਨਤ ਸਦਕਾ ਹੀ ਪਾਰਟੀ ਮਜਬੂਤ ਹੁੰਦੀ ਹੈ।ਵੜਿੰਗ ਨੇ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਆਪੋ-ਆਪਣੇ ਖੇਤਰਾਂ ਵਿੱਚ ਲੋਕਾਂ ਦੀ ਸੇਵਾ ਵਿੱਚ ਜੁਟ ਜਾਣ ਤਾਂ ਜੋ ਕਾਂਗਰਸ ਪਾਰਟੀ ਦੇ ਆਧਾਰ ਨੂੰ ਹੋਰ ਵਿਸ਼ਾਲ ਬਣਾਇਆ ਜਾ ਸਕੇ।

## ਸਫਾ 3 ਦੇ ਬਾਕੀ...

### ਸਾਂਝਾ ਪਲੇਟ ਫਾਰਮ...

ਟਰੇਡ ਯੂਨੀਅਨਾਂ ਦੇ ਸਾਂਝੇ ਪਲੇਟ ਫਾਰਮ ਦੇ ਨੁਮਾਇੰਦਿਆਂ ਨੇ ਨਰੇਗਾ ਮਜ਼ਦੂਰਾਂ ਨਾਲ ਇੱਕਜੁਟਤਾ ਦਾ ਪ੍ਰਗਟਾਵਾ ਕੀਤਾ। ਸੰਯੁਕਤ ਕਿਸਾਨ ਮੋਰਚਾ ਦੇ ਨੁਮਾਇੰਦੇ ਰਾਜਨ ਕਸ਼ੀਰਸਾਗਰ ਅਤੇ ਪਰੇਮ ਸਿੰਘ ਗਹਿਲੋਤ ਨੇ ਮਨਰੇਗਾ ਦੇ ਖਾਤਮੇ ਨੂੰ ਪੇਂਡੂ ਆਰਥਿਕਤਾ ਦੇ ਵਿਨਾਸ਼ ਨਾਲ ਜੋੜਦਿਆਂ ਕਿਹਾ ਕਿ ਪਲੇਟ ਫਾਰਮ ਵੱਲੋਂ ਭਵਿੱਖ ਦੇ ਸੰਘਰਸ਼ਾਂ ਵਿੱਚ ਸੰਯੁਕਤ ਮੋਰਚਾ ਵਧ-ਚੜ੍ਹ ਕੇ ਹਿੱਸਾ ਲਵੇਗਾ। ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ, ਜੇ ਏ ਡੀ ਐੱਸ ਦੇ ਆਗੂ ਮਾਧੁਰੀ, ਏ ਆਈ ਐੱਸ ਕੇ ਐੱਸ ਤੋਂ ਆਰ ਐੱਸ ਡਾਗਰ, ਆਲ ਇੰਡੀਆ ਵੋਮੈਨ ਡੈਮੋਕ੍ਰੇਟਿਕ ਐਸੋਸੀਏਸ਼ਨ ਤੋਂ ਅਰਚਨਾ ਪ੍ਰਸ਼ਾਦ, ਆਲ ਇੰਡੀਆ ਯੂਥ ਫੈਡਰੇਸ਼ਨ ਤੋਂ ਹਰੀਸ਼ ਬਾਲਾ, ਸਟੂਡੈਂਟ ਫੈਡਰੇਸ਼ਨ ਆਫ਼ ਇੰਡੀਆ ਦੇ ਆਗੂ ਸੁਭਾਸ਼ ਜਾਖੜ ਆਦਿ ਨੇ ਵੀ ਆਪਣੀ ਗੱਲ ਕਰਦਿਆਂ ਨਰੇਗਾ ਮਜ਼ਦੂਰਾਂ ਦੇ ਅਧਿਕਾਰਾਂ ਪ੍ਰਤੀ ਇਕਜੁਟਤਾ ਦਾ ਪ੍ਰਗਟਾਵਾ ਕੀਤਾ। ਏ ਆਈ ਏ ਡਬਲਯੂ ਦੇ ਆਗੂ ਵਿਕਰਮ ਸਿੰਘ ਨੇ ਕੌਮੀ ਪੱਧਰ ਦੀ ਤਾਲਮੇਲ ਕਮੇਟੀ ਦੇ ਗਠਨ, ਪਲੇਟਫਾਰਮ ਦੀਆਂ ਮੰਗਾਂ ਅਤੇ ਭਵਿੱਖ ਦੀ ਕਾਰਜ ਯੋਜਨਾ ਬਾਰੇ ਮਤੇ ਪੇਸ਼ ਕੀਤੇ, ਜੋ ਕੁਝ ਸੋਧਾਂ ਉਪਰੰਤ ਗੋਲਮੇਜ਼ ਮੀਟਿੰਗ ਨੇ ਸਰਬ-ਸੰਮਤੀ ਨਾਲ ਪਾਸ ਕਰ ਦਿੱਤੇ। ਸਾਂਝੇ ਪਲੇਟ ਫਾਰਮ ਦੀਆਂ ਮੰਗਾਂ ਵਿੱਚ ਮਨਰੇਗਾ ਨੂੰ ਬਚਾਉਣ ਅਤੇ 'ਜੀ ਰਾਮ ਜੀ' ਨੂੰ ਰੱਦ ਕਰਾਉਣ ਲਈ 10 ਜਨਵਰੀ ਤੋਂ 12 ਫਰਵਰੀ ਤੱਕ ਸਾਂਝੀ ਮੁਹਿਮ ਚਲਾਉਣ ਤੋਂ ਲੈ ਕੇ 26 ਜਨਵਰੀ ਗਣਤੰਤਰਤਾ ਦਿਵਸ 'ਤੇ ਗਰਾਮ ਸਭਾਵਾਂ ਵਿੱਚ ਨਵੇਂ ਕਾਨੂੰਨ ਵਿਰੁੱਧ ਮਤੇ ਪੇਸ਼ ਕਰਨ ਤੱਕ ਅਨੇਕਾਂ ਮੰਗਾਂ ਸ਼ਾਮਲ ਹਨ।

### ਬੇਘਰਿਆਂ ਤੋਂ ਦੂਰ...

ਹਨ, ਕਿਉਂਕਿ ਸੁਰੱਖਿਆ ਦਾ ਮੁੱਦਾ ਹੋ ਸਕਦਾ ਹੈ ਅਤੇ ਰੁਕਣ ਵਾਲੇ ਕੋਲ ਘੱਟੋ-ਘੱਟ ਇੱਕ ਸਰਕਾਰੀ ਮਾਨਤਾ ਪ੍ਰਾਪਤ ਸ਼ਨਾਖਤੀ ਕਾਰਡ ਹੋਣਾ ਚਾਹੀਦਾ ਹੈ, ਨਾਲ ਹੀ ਉਨ੍ਹਾ ਕਿਹਾ ਕਿ ਨਸ਼ਿਆਂ ਦੀ ਮਨਾਹੀ ਕਾਰਨ ਵੀ ਕਈ ਲੋਕ ਉੱਥੇ ਆਉਣ ਤੋਂ ਗੁਰੇਜ਼ ਕਰਦੇ ਹਨ । ਦੂਜੇ ਪਾਸੇ ਯੂਥ ਕਾਂਗਰਸੀ ਆਗੂ ਅੰਗਦ ਦੱਤਾ ਨੇ ਕਿਹਾ ਕਿ ਡਿਫੈਂਸ ਕਾਲੋਨੀ ਨੇੜਲੇ ਰੈਣ ਬਸੇਰੇ ਵਿੱਚ ਰੋਜ਼ਾਨਾ ਪੰਜ-ਛੇ ਲੋਕ ਆਉਂਦੇ ਹਨ, ਜੋ ਉੱਥੇ ਪੱਕੇ ਤੌਰ 'ਤੇ ਰਹਿ ਰਹੇ ਹਨ, ਪਰ ਉਨ੍ਹਾਂ ਦੀ ਐਂਟਰੀ ਰਿਕਾਰਡ ਵਿੱਚ ਨਹੀਂ ਪਾਈ ਜਾਂਦੀ, ਜਦ ਕਿ ਬਸਤੀ ਸ਼ੇਖ ਦੇ ਰੈਣ ਬਸੇਰੇ ਦੇ ਇੰਚਾਰਜ ਰਜਨੀਸ਼ ਡੋਗਰਾ ਨੇ ਦੱਸਿਆ ਕਿ ਉਨ੍ਹਾਂ ਕੋਲ 30-35 ਬਿਸਤਰੇ ਹਨ, ਪਰ ਖ਼ਰਾਬ ਮੌਸਮ ਵਿੱਚ ਵੀ ਗਿਣਤੀ ਘੱਟ ਰਹਿੰਦੀ ਹੈ। ਰੇਲਵੇ ਸਟੇਸ਼ਨ ਦੇ ਬਾਹਰ ਖਾਣ-ਪੀਣ ਦੀਆਂ ਵਸਤੂਆਂ ਵੇਚਣ ਵਾਲੇ ਇੱਕ ਦੁਕਾਨਦਾਰ ਨੇ ਦੱਸਿਆ ਕਿ ਲੋਕ ਖੁੱਲ੍ਹੇ ਵਿੱਚ ਸੌਣਾ ਪਸੰਦ ਕਰਦੇ ਹਨ, ਕਿਉਂਕਿ ਉੱਥੇ ਦਾਨੀ ਸੱਜਣ ਰਾਤ ਨੂੰ ਕੰਬਲ, ਗਰਮ ਕੱਪੜੇ ਅਤੇ ਰੋਟੀ ਵੰਡਣ ਆਉਂਦੇ ਹਨ।

### ਪੁੱਤ ਨੂੰ ਜਹਾਜ਼ ...

ਮੌਤ ਹੋ ਗਈ, ਜਦੋਂ ਕਿ ਅੰਮ੍ਰਿਤ ਕੁਮਾਰ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਹਰਿਆਣਾ ਦੇ ਐੱਸ ਐੱਚ ਓ ਕਿਰਨ ਸਿੰਘ ਪੁਲਸ ਪਾਰਟੀ ਸਮੇਤ ਪਹੁੰਚੇ ਅਤੇ ਜ਼ਖਮੀ ਅੰਮ੍ਰਿਤ ਕੁਮਾਰ ਅਤੇ ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਸਿਵਲ ਹਸਪਤਾਲ ਪਹੁੰਚਾ ਕੇ ਆਵਾਜਾਈ ਬਹਾਲ ਕਰਵਾਈ ਹੈ।

### ਪ੍ਰੋਫੈਸਰ ਚਰਨ ਸਿੰਘ...

ਨੂੰ ਸਮਰਪਤ ਕਰਕੇ ਸਦੀਵੀ ਵਿਛੋੜਾ ਦੇ ਗਏ ਸਨ, ਦੀ ਅੱਜ ਅੰਤਿਮ ਅਰਦਾਸ ਵਿੱਚ ਪਹੁੰਚੀਆਂ ਵੱਖ-ਵੱਖ ਸ਼ਖਸੀਅਤਾਂ ਵੱਲੋਂ ਗੁਰਦੁਆਰਾ ਸੰਤ ਬਾਬਾ ਦਰਬਾਰਾ ਸਿੰਘ ਟਿੱਬਾ ਵਿਖੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ । ਇਸ ਮੌਕੇ ਸੂਬਾ ਆਗੂ ਬੰਤ ਬਰਾੜ ਨੇ ਕਿਹਾ ਕਿ ਪ੍ਰੋਫੈਸਰ ਚਰਨ ਸਿੰਘ ਨੂੰ ਦੇਸ਼ ਦਾ ਸੰਵਿਧਾਨ ਲੋਕਤੰਤਰ ਅਤੇ ਧਰਮ ਨਿਰਪੱਖਤਾ ਨੂੰ ਬਚਾਉਣਾ ਹੀ ਸੱਚੀ ਸ਼ਰਧਾਂਜਲੀ ਹੋਵੇਗੀ । ਉਹਨਾਂ ਕਿਹਾ ਕਿ ਦੇਸ਼ ਨੂੰ ਅੱਜ ਲੋੜ ਹੈ ਕੱਟੜਵਾਦ ਚੋਂ ਨਿਕਲ ਕੇ ਇੱਕ ਵਿਚਾਰਧਾਰਾ ਦੇ ਨਾਲ ਅੱਗੇ ਵਧਣ ਦੀ। ਸਾਰੀਆਂ ਹੀ ਧਰਮ ਨਿਰਪੱਖ ਪਾਰਟੀਆਂ ਅਤੇ ਲੋਕਾਂ ਨੂੰ ਅੱਗੇ ਆ ਕੇ ਦੇਸ਼ ਦੀ ਸੇਵਾ ਕਰਨੀ ਚਾਹੀਦੀ ਹੈ, ਇਹੀ ਮਿਸ਼ਨ ਸੀ ਪ੍ਰੋਫੈਸਰ ਚਰਨ ਸਿੰਘ ਦਾ। ਉਹਨਾ ਹਮੇਸ਼ਾ ਹੀ ਸੰਵਿਧਾਨ, ਡੈਮੋਕਰੇਸੀ 'ਤੇ ਪਹਿਰਾ ਦਿੱਤਾ ਅਤੇ ਹਰ ਇੱਕ ਲਈ ਮਸੀਹਾ ਬਣ ਕੇ ਅੱਗੇ ਖੜ੍ਹੇ। ਉਹਨਾਂ ਕਿਹਾ ਕਿ ਪ੍ਰੋਫੈਸਰ ਸਾਹਿਬ ਦੀ ਸੋਚ ਦੀ ਮਿਸਾਲ ਜਗਾਈ ਰੱਖਣ ਦੀ ਜ਼ਿੰਮੇਵਾਰੀ ਹੀ ਸਾਡੀ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਮੌਕੇ ਹਲਕਾ ਸੁਲਤਾਨਪੁਰ ਲੋਧੀ ਤੋਂ ਆਜ਼ਾਦ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਪ੍ਰੋਫੈਸਰ ਚਰਨ ਸਿੰਘ ਦੇ ਜਾਣ ਨਾਲ ਇਲਾਕੇ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਪ੍ਰੋਫੈਸਰ ਸਾਹਿਬ ਬਹੁਤ ਹੀ ਮਿੱਠ ਬੋਲੜੇ ਅਤੇ ਅਗਾਂਹਵਧੂ ਸੋਚ ਵਾਲੇ ਇਨਸਾਨ ਸਨ। ਉਹਨਾਂ ਨੇ ਕਾਰੋਬਾਰ ਦੇ ਨਾਲ ਨਾਲ ਸਿੱਖਿਆ ਵਿੱਚ ਵੀ ਆਪਣਾ ਬਹੁਤ ਵੱਡਾ ਯੋਗਦਾਨ ਪਾਇਆ। ਸਾਡੇ ਪਰਵਾਰ ਨਾਲ ਗੂੜ੍ਹੀ ਸਾਂਝ ਸੀ। ਡਾਕਟਰ ਸਤਿੰਦਰ ਸਿੰਘ ਸਾਬਕਾ ਪ੍ਰੋ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਸ਼ਰਧਾਂਜਲੀ ਭੇਟ ਕੀਤੀ ਅਤੇ ਪ੍ਰੋਫੈਸਰ ਸਾਹਿਬ ਨਾਲ ਬਿਤਾਏ ਪਲ ਯਾਦ ਕੀਤੇ।ਇਸ ਮੌਕੇ ਸਾਹਿਤ ਸਭਾ ਵੱਲੋਂ ਮੁਖਤਾਰ ਸਿੰਘ ਚੰਦੀ ਨੇ ਵੀ ਸ਼ਰਧਾਂਜਲੀ ਭੇਟ ਕੀਤੀ।ਉਹਨਾਂ ਦੇ ਗੂੜ੍ਹੇ ਮਿੱਤਰ ਅਤੇ ਹਮੇਸ਼ਾ ਮੋਢੇ ਨਾਲ ਮੋਢਾ ਲਾ ਕੇ ਚੱਲਣ ਵਾਲੇ ਸਾਥੀ ਐਡਵੋਕੇਟ ਰਜਿੰਦਰ ਸਿੰਘ ਰਾਣਾ ਨੇ ਪ੍ਰੋਫੈਸਰ ਚਰਨ ਸਿੰਘ ਨਾਲ ਬਿਤਾਏ ਪਲ ਸਾਂਝੇ ਕੀਤੇ ਅਤੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ। ਇਸ ਮੌਕੇ ਡਾਕਟਰ ਰਘਬੀਰ ਕੌਰ ਪ੍ਰਧਾਨ ਕੇਂਦਰੀ ਲੇਖਕ ਸਭਾ ਜਲੰਧਰ ਹਾਜ਼ਰ ਸਨ। ਅਖੀਰ ਵਿੱਚ ਪਰਵਾਰ ਵੱਲੋਂ ਡਾਕਟਰ ਹਰਜੀਤ ਸਿੰਘ ਸਾਬਕਾ ਡਾਇਰੈਕਟਰ ਦੂਰਦਰਸ਼ਨ ਜਲੰਧਰ ਨੇ ਸ਼ਰਧਾਂਜਲੀ ਵਿੱਚ ਪਹੁੰਚੀਆਂ ਸਾਰੀਆਂ ਹੀ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਹਮੇਸ਼ਾ ਹੀ ਪਰਵਾਰ ਦੇ ਨਾਲ ਦੁੱਖ ਸੁੱਖ ਵਿੱਚ ਖੜ੍ਹੇ ਰਹਿਣ ਦਾ ਪ੍ਰਣ ਕੀਤਾ। ਇਸ ਮੌਕੇ ਡਾਕਟਰ ਬਲਜੀਤ ਕੌਰ, ਅਰਮਾਨਦੀਪ ਸਿੰਘ, ਅਨਰਾਗ ਸਿੰਘ, ਅਜੀਤ ਸਿੰਘ, ਡਾਕਟਰ ਨਵਜੋਤ ਕੌਰ, ਡਾਕਟਰ ਕਿਰਨ ਡੀ ਏ ਵੀ ਕਾਲਜ ਫਗਵਾੜਾ, ਪ੍ਰਿੰਸੀਪਲ ਮਧੂ ਗੋਸਵਾਮੀ, ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲ, ਕੈਪਟਨ ਹਰਮਿੰਦਰ ਸਿੰਘ ਸੀਨੀਅਰ ਅਕਾਲੀ ਆਗੂ, ਜਥੇਦਾਰ ਦਵਿੰਦਰ ਸਿੰਘ ਢੱਪਈ, ਕਰਨਵੀਰ ਸਿੰਘ, ਸੰਤੋਖ ਸਿੰਘ ਭਾਗੋ ਅਰਾਈਂ, ਤੇਜਵੰਤ ਸਿੰਘ ਸਾਬਕਾ ਚੇਅਰਮੈਨ, ਦੀਪਕ ਧੀਰ ਰਾਜੂ ਪ੍ਰਧਾਨ ਨਗਰ ਕੌਂਸਲ, ਐਡ. ਰਜਿੰਦਰ ਸਿੰਘ ਰਾਣਾ, ਡਾ. ਸਵਰਨ ਸਿੰਘ, ਮੁਖਤਾਰ ਸਿੰਘ ਚੰਦੀ, ਸਾਹਿਤ ਸਭਾ ਦੇ ਸਰਪ੍ਰਸਤ ਨਰਿੰਦਰ ਸਿੰਘ ਸੋਨੀਆ, ਪ੍ਰੋਫੈਸਰ ਬਲਜੀਤ ਸਿੰਘ ਟਿੱਬਾ, ਡਾਕਟਰ ਸੁਖਵਿੰਦਰ ਸਿੰਘ ਰੰਧਾਵਾ ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ, ਡਾਕਟਰ ਅਮਿਤੋਜ ਸਿੰਘ ਮੁਲਤਾਨੀ, ਸਪੁੱਤਰ ਸਾਬਕਾ ਮੰਤਰੀ ਸਵ. ਜਗਤਾਰ ਸਿੰਘ ਮੁਲਤਾਨੀ, ਪਰਮਜੀਤ ਸਿੰਘ, ਡਾਕਟਰ ਰਜਿੰਦਰ ਸਿੰਘ ਮਝੈਲ, ਇੰਦਰਜੀਤ ਸਿੰਘ, ਪ੍ਰੋਫੈਸਰ ਕੁਲਵੰਤ ਸਿੰਘ ਔਜਲਾ, ਰਾਜਾ ਗੁਰਪ੍ਰੀਤ ਸਿੰਘ, ਦਿਆਲ ਸਿੰਘ, ਬਖਸ਼ੀਸ਼ ਸਿੰਘ, ਢਾਡੀ ਗੁਰਜੀਤ ਸਿੰਘ ਗੋਰੀ, ਗੁਰਵਿੰਦਰ ਸਿੰਘ ਬਿੱਟਾ ਜਲੰਧਰ ਵਾਲੇ, ਸਰਵਣ ਸਿੰਘ ਚੰਦੀ, ਪ੍ਰੋ. ਆਸਾ ਸਿੰਘ ਘੁੰਮਣ, ਪਰਮਜੀਤ ਸਿੰਘ ਮਾਨਸਾ, ਐਡ. ਕੇਹਰ ਸਿੰਘ, ਦਿਨੇਸ਼ ਧੀਰ, ਹਰਨੇਕ ਸਿੰਘ ਜੈਨਪੁਰ, ਡਾ. ਪਰਮਿੰਦਰ ਸਿੰਘ ਥਿੰਦ, ਅੱਬੂ ਖੈੜਾ, ਸੁੱਚਾ ਸਿੰਘ ਮਿਰਜ਼ਾਪੁਰ, ਮਾਸਟਰ ਦੇਸ ਰਾਜ, ਮਹੀਜੀਤ ਸਿੰਘ, ਬਲਵਿੰਦਰ ਸਿੰਘ, ਪ੍ਰਿੰਸੀਪਲ ਅਮਰੀਕ ਸਿੰਘ, ਇੰਦਰਜੀਤ ਸਿੰਘ ਕੜਾਹਲਾਂ, ਜਸਵਿੰਦਰ ਕੌਰ ਭਗਤ ਟਿੱਬਾ, ਪ੍ਰਿੰਸੀਪਲ ਮਧੂ ਗੋਸਵਾਮੀ, ਕਿਸਾਨ ਆਗੂ ਰਸ਼ਪਾਲ ਸਿੰਘ, ਪ੍ਰੋ. ਉਪਕਾਰ ਸਿੰਘ, ਸੁਖਵਿੰਦਰ ਸਿੰਘ ਸ਼ਹਿਰੀ, ਐਡ. ਸੁੱਚਾ ਸਿੰਘ ਮੋਮੀ, ਪ੍ਰੋ. ਕਰਮਜੀਤ ਸਿੰਘ, ਦਵਿੰਦਰ ਸਿੰਘ ਢੱਪਈ, ਡਾ. ਪਰਮਿੰਦਰ ਸਿੰਘ ਥਿੰਦ, ਸੁੱਚਾ ਸਿੰਘ ਮਿਰਜ਼ਾਪੁਰ ਆਦਿ ਹਾਜ਼ਰ ਸਨ।

## ਨਾਇਬ ਸੈਣੀ ਅੱਜ ਗੁਰਦੁਆਰਾ ਚਰਨ ਕੰਵਲ ਸਾਹਿਬ ਵਿਖੇ ਹੋਣਗੇ ਨਤਮਸਤਕ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਭਾਜਪਾ ਦੇ ਜ਼ਿਲਾ ਉਪ ਪ੍ਰਧਾਨ ਸੰਜੀਵ ਲੀਹਲ ਅਤੇ ਮਾਛੀਵਾੜਾ ਮੰਡਲ ਦੇ ਪ੍ਰਧਾਨ ਸੁਖਵਿੰਦਰ ਲਾਲ ਸੁੱਖੀ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਇਤਿਹਾਸਕ ਨਗਰੀ ਮਾਛੀਵਾੜਾ ਸਾਹਿਬ ਵਿਖੇ ਪੁੱਜ ਰਹੇ ਹਨ ਜਿਨ੍ਹਾਂ ਦੇ ਸਵਾਗਤ ਲਈ ਭਾਜਪਾ ਵਰਕਰਾਂ ਵਿਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਉਕਤ ਆਗੂਆਂ ਨੇ ਕਿਹਾ ਕਿ ਸਵੇਰੇ 11 ਵਜੇ ਮੁੱਖ ਮੰਤਰੀ ਸੈਣੀ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਨਤਮਸਤਕ ਹੋ ਗੁਰੂ ਘਰ ਦਾ ਆਸ਼ੀਰਵਾਦ ਪ੍ਰਾਪਤ ਕਰਨਗੇ। ਸਮਰਾਲਾ ਵਿਖੇ ਅੱਜ ਭਾਜਪਾ ਦੀ ਵਿਸ਼ਾਲ ਰੈਲੀ ਹੋ ਰਹੀ ਹੈ ਜਿਸ ਨੂੰ ਉਹ ਸੰਬੋਧਨ ਵੀ ਕਰਨਗੇ। ਉਨ੍ਹਾਂ ਕਿਹਾ ਕਿ ਇਸ ਰੈਲੀ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਤੇ ਲੋਕਾਂ ਵਿਚ ਭਾਰੀ ਉਤਸ਼ਾਹ ਹੈ।

### ਬੇਅਦਬੀ ਕਾਂਡ ਦੇ...

ਕੁਲਤਾਰ ਸਿੰਘ ਸੰਧਵਾਂ ਨੇ ਮੁੱਦੇ ਦੀ ਗੰਭੀਰਤਾ ਨੂੰ ਸਵੀਕਾਰ ਕਰਦਿਆਂ ਇਸ ਮੁੱਦੇ ਨੂੰ ਹੱਲ ਕਰਨ ਲਈ ਆਪਣੀ ਵਚਨਬੱਧਤਾ ਦੁਹਰਾਈ। ਸਪੀਕਰ ਨੇ ਬਲਦੇਵ ਸਿੰਘ ਨੂੰ ਭਰੋਸਾ ਦਿਵਾਇਆ ਕਿ ਜਸਟਿਸ ਗੁਰਨਾਮ ਸਿੰਘ ਜਾਂਚ ਕਮਿਸ਼ਨ ਰਿਪੋਰਟ ਦੇ ਭਾਗ-2 ਦੇ ਗੁੰਮ ਹੋਣ ਦੀ ਜ਼ਿੰਮੇਵਾਰੀ ਤੈਅ ਕਰਨ ਲਈ ਇੱਕ ਉੱਚ-ਪੱਧਰੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਪੀਕਰ ਕੋਲੋਂ ਸਾਕਾ ਨਕੋਦਰ ਕਤਲੇਆਮ ਮਾਮਲੇ ਨੂੰ ਇੱਕ ਸੁਤੰਤਰ, ਨਿਰਪੱਖ ਅਤੇ ਸਮਾਂਬੱਧ ਜਾਂਚ ਲਈ ਸੀ ਬੀ ਆਈ ਨੂੰ ਭੇਜਣਾ, ਜਸਟਿਸ ਗੁਰਨਾਮ ਸਿੰਘ ਜਾਂਚ ਕਮਿਸ਼ਨ ਰਿਪੋਰਟ ਦੇ ਸਮੁੱਚੇ ਹਿੱਸੇ 'ਤੇ ਚਰਚਾ, ਜਾਂਚ ਰਿਪੋਰਟ ਦੇ ਗੁੰਮ ਹੋਏ ਭਾਗ-2 ਦਾ ਪਤਾ ਲਗਾਉਣਾ, ਜ਼ਿੰਮੇਵਾਰ ਲੋਕਾਂ 'ਤੇ ਮੁਕੱਦਮਾ ਚਲਾਉਣ ਲਈ ਇੱਕ ਸਮਰੱਥ, ਉੱਚ-ਪੱਧਰੀ ਟੀਮ ਦਾ ਤੁਰੰਤ ਗਠਨ ਕਰਨ ਦੀ ਮੰਗ ਕੀਤੀ ਗਈ ਹੈ।

### ਭਾਜਪਾ ਨੇ ਗੰਦੀ ...

ਚਮਕਾਉਣ ਲਈ ਸਾਡੇ ਗੁਰੂਆਂ ਨੂੰ ਵਿਚਾਲੇ ਲਿਆਉਣਾ ਅਤੇ ਉਨ੍ਹਾਂ ਦਾ ਅਪਮਾਨ ਕਰਨਾ ਬੇਹੱਦ ਨਿੰਦਣਯੋਗ ਹੈ, ਜਿਸ ਲਈ ਮੈਂ ਇਨ੍ਹਾਂ ਸਾਰੀਆਂ ਪਾਰਟੀਆਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਾ ਹਾਂ। ਧਾਲੀਵਾਲ ਨੇ ਕੇਂਦਰ ਸਰਕਾਰ 'ਤੇ ਸਿੱਧਾ ਦੋਸ਼ ਲਾਇਆ ਕਿ ਅੱਜ ਪੰਜਾਬ ਜਿਨ੍ਹਾਂ ਆਰਥਿਕ ਚੁਣੌਤੀਆਂ ਨਾਲ ਜੂਝ ਰਿਹਾ ਹੈ, ਉਸ ਦੇ ਪਿੱਛੇ ਭਾਜਪਾ ਦੀ ਕੇਂਦਰ ਸਰਕਾਰ ਜ਼ਿੰਮੇਵਾਰ ਹੈ, ਜਿਸ ਨੇ ਪੰਜਾਬ ਦੇ ਜਾਇਜ਼ ਫੰਡ ਰੋਕ ਰੱਖੇ ਹਨ। ਭਾਜਪਾ ਇਸ ਤਰ੍ਹਾਂ ਦੀਆਂ ਕੋਝੀਆਂ ਹਰਕਤਾਂ ਅਤੇ ਫਰਜ਼ੀ ਵੀਡੀਓਜ਼ ਰਾਹੀਂ ਆਮ ਆਦਮੀ ਪਾਰਟੀ ਨੂੰ ਬਦਨਾਮ ਕਰਨਾ ਚਾਹੁੰਦੀ ਹੈ ਤਾਂ ਜੋ ਉਹ ਪੰਜਾਬ ਵਿੱਚ ਆਪਣੇ ਪੈਰ ਜਮਾ ਸਕੇ। ਪਰ ਪੰਜਾਬ ਦੀ ਸੂਝਵਾਨ ਜਨਤਾ ਭਾਜਪਾ ਦੀਆਂ ਇਨ੍ਹਾਂ ਚਾਲਾਂ ਨੂੰ ਕਦੇ ਕਾਮਯਾਬ ਨਹੀਂ ਹੋਣ ਦੇਵੇਗੀ।

## ਪੁਲਸ ਵੱਲੋਂ ਅਪ੍ਰੇਸ਼ਨ ਸੀਲ ਅਧੀਨ ਵਿਸ਼ਾਲ ਚੈਕਿੰਗ ਮੁਹਿੰਮ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਨਸ਼ਿਆਂ ਤੇ ਗੈਰਕਾਨੂੰਨੀ ਗਤੀਵਿਧੀਆਂ ਖ਼ਿਲਾਫ਼ ਚੱਲ ਰਹੀ ਲਗਾਤਾਰ ਮੁਹਿੰਮ ਤਹਿਤ ਐਸ.ਐਸ.ਪੀ. ਸ੍ਰੀ ਅਭਿਮੰਨਿਊ ਰਾਣਾ, ਆਈ.ਪੀ.ਐਸ ਦੀ ਰਹਿਨੁਮਾਈ ਹੇਠ ਅਪ੍ਰੇਸ਼ਨ ਸੀਲ ਸਰਚ ਅਭਿਆਨ ਚਲਾਇਆ ਗਿਆ। ਕਾਰਵਾਈ ਦੌਰਾਨ ਜ਼ਿਲ੍ਹੇ ਦੀਆਂ ਹਰਿਆਣਾ ਤੇ ਰਾਜਸਥਾਨ ਨਾਲ ਲੱਗਦੀਆਂ ਸਰਹੱਦਾਂ 'ਤੇ ਵਿਸ਼ੇਸ਼ ਨਾਕਾਬੰਦੀਆਂ ਲਾ ਕੇ ਦੋਹਾਂ ਰਾਜਾਂ ਦੀ ਪੁਲਸ ਨਾਲ ਮਿਲ ਕੇ ਸਾਂਝੀ ਚੈਕਿੰਗ ਕੀਤੀ ਗਈ। ਡੀ.ਐਸ.ਪੀ. ਲੰਬੀ, ਸ੍ਰੀ ਹਰਬੰਸ ਸਿੰਘ ਸਮੇਤ ਲਗਭਗ 110 ਪੁਲਿਸ ਅਧਿਕਾਰੀ ਤੇ ਸਟਾਫ਼ ਨੂੰ ਤਾਇਨਾਤ ਕੀਤਾ ਗਿਆ ਸੀ।ਐਸ.ਐਸ.ਪੀ. ਦੀ ਦਿਸ਼ਾ ਹੇਠ ਕੀਤੀ ਗਈ ਇਸ ਨਾਕਾਬੰਦੀ ਦਾ ਮੁੱਖ ਮਕਸਦ ਸੀ ਕਿ ਸਰਹੱਦਾਂ ਰਾਹੀਂ ਨਸ਼ਿਆਂ ਦੀ ਆਵਾਜਾਈ, ਗੈਰਕਾਨੂੰਨੀ ਸ਼ਰਾਬ ਅਤੇ ਹੋਰ ਅਪਰਾਧਕ ਗਤੀਵਿਧੀਆਂ ਨੂੰ ਰੋਕਿਆ ਜਾ ਸਕੇ।ਡੀ.ਐਸ.ਪੀ. ਵੱਲੋਂ ਦੱਸਿਆ ਗਿਆ ਕਿ ਅਪ੍ਰੇਸ਼ਨ ਸੀਲ ਦੌਰਾਨ ਸਰਹੱਦਾਂ ਤੋਂ ਆਉਣ ਜਾਂ ਜਾਣ ਵਾਲੇ ਸਾਰੇ ਸ਼ੱਕੀ ਵਾਹਨਾਂ ਤੇ ਵਿਅਕਤੀਆਂ ਦੀ ਤਲਾਸ਼ੀ ਕੀਤੀ ਗਈ।ਉਨ੍ਹਾਂ ਕਿਹਾ ਕਿ ਅਜਿਹੀਆਂ ਸੰਯੁਕਤ ਕਾਰਵਾਈਆਂ ਭਵਿੱਖ ਵਿੱਚ ਵੀ ਜਾਰੀ ਰਹਿਣਗੀਆਂ ਤੇ ਕਿਸੇ ਵੀ ਅਪਰਾਧੀ ਤੱਤ ਨੂੰ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।ਪੁਲਸ ਵੱਲੋਂ ਜਨਤਾ ਨੂੰ ਅਪੀਲ ਕੀਤੀ ਗਈ ਕਿ ਜੇਕਰ ਉਨ੍ਹਾਂ ਕੋਲ ਨਸ਼ਿਆਂ ਜਾਂ ਗੈਰਕਾਨੂੰਨੀ ਗਤੀਵਿਧੀਆਂ ਸਬੰਧੀ ਕੋਈ ਜਾਣਕਾਰੀ ਹੋਵੇ, ਤਾਂ ਉਹ ਬਿਨਾਂ ਕਿਸੇ ਡਰ ਦੇ ਆਪਣੇ ਨੇੜਲੇ ਪੁਲਿਸ ਥਾਣੇ ਜਾਂ ਪੁਲਿਸ ਕੰਟਰੋਲ ਰੂਮ ਵਿੱਚ ਸਾਂਝੀ ਕਰਨ।

## 14 ਗ੍ਰਾਮ ਹੈਰੋਇਨ ਸਮੇਤ 3 ਗ੍ਰਿਫਤਾਰ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜ਼ਿਲ੍ਹਾ ਫਿਰੋਜ਼ਪੁਰ ਵਿਖੇ ਗਸ਼ਤ ਤੇ ਚੈਕਿੰਗ ਦੌਰਾਨ 14 ਗ੍ਰਾਮ ਹੈਰੋਇਨ ਸਮੇਤ 3 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਵੱਖ ਵੱਖ ਥਾਣਿਆਂ ਵਿੱਚ ਮਾਮਲੇ ਦਰਜ ਕੀਤੇ ਹਨ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਸੁਖਚੈਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਨੇ ਗਸ਼ਤ ਦੌਰਾਨ ਕਾਰਤਿਕ ਉਰਫ ਅੰਕੁਸ਼ ਪੁੱਤਰ ਸੰਨੀ ਵਾਸੀ ਬਸਤੀ ਆਵਾ ਫਿਰੋਜ਼ਪੁਰ ਸ਼ਹਿਰ ਕੋਲੋਂ 9 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਕੈਂਟ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਗੁਰਕੰਵਲਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਲਾਈਟਾਂ ਵਾਲਾ ਚੌਕ ਫਿਰੋਜ਼ਪੁਰ ਵਿਖੇ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਪੈਂਪੀ ਉਰਫ ਰੈਂਬੋ ਪੁੱਤਰ ਮੁਸਫਤਾ ਵਾਸੀ ਗਵਾਲ ਟੋਲੀ ਫਿਰੋਜ਼ਪੁਰ ਕੈਂਟ, ਜੋ ਹੈਰੋਇਨ ਵੇਚਣ ਦਾ ਆਦੀ ਹੈ ਤੇ ਇਸ ਵਕਤ ਬਿਜਲੀ ਘਰ ਰੋਡ ਪਾਸ ਹੈਰੋਇਨ ਵੇਚਣ ਲਈ ਗਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ। ਜੇਕਰ ਉਸ 'ਤੇ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਉਸ ਪਾਸੋਂ ਹੈਰੋਇਨ ਬਰਾਮਦ ਹੋ ਸਕਦੀ ਹੈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਕਾਬੂ ਕਰਕੇ ਉਸ ਕੋਲੋਂ 2 ਗ੍ਰਾਮ ਹੈਰੋਇਨ ਬਰਾਮਦ ਕੀਤੀ। ਥਾਣਾ ਮੱਲਾਂਵਾਲਾ ਦੇ ਸਹਾਇਕ ਥਾਣੇਦਾਰ ਸਤਿੰਦਰਪਾਲ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਗਸ਼ਤ ਕਰ ਰਹੀ ਸੀ ਤਾਂ ਜਦ ਪੁਲਿਸ ਪਾਰਟੀ ਸ਼ਮਸ਼ਾਨਘਾਟ ਕੋਲ ਪੁੱਜੀ ਤਾਂ ਇੱਕ ਵਿਅਕਤੀ ਜਸਵੰਤ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਮੱਲਾਂਵਾਲਾ ਵਾਰਡ ਨੰਬਰ 10 ਵੇਖ ਕੇ ਖਿਸਕਣ ਲੱਗਾ ਤਾਂ ਉਸ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸ ਕੋਲੋਂ 3 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲੇ ਦਰਜ ਕਰ ਲਏ ਗਏ ਹਨ।

## ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਸਰੇ ਪੜਾਅ ਸੰਬੰਧੀ ਹੋਈ ਮੀਟਿੰਗ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਪੰਜਾਬ ਸਰਕਾਰ ਦੀ ਨਸ਼ਾ ਤਸਕਰਾਂ ਨੂੰ ਠੱਲ੍ਹ ਪਾਉਣ ਲਈ ਆਰੰਭ ਕੀਤੀ ਗਈ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਸਰੇ ਪੜਾਅ ਸਬੰਧੀ ਪਿੰਡ ਦੇ ਪਹਿਰੇਦਾਰ ਸਕੀਮ ਤਹਿਤ ਨੋਡਲ ਅਫਸਰ ਜਸਪਾਲ ਸਿੰਘ ਬਰਾੜ ਐੱਸਡੀਐੱਮ ਗਿੱਦੜਬਾਹਾ ਤੇ ਕੁਆਰਡੀਨੇਟਰ ਮਾਧੋਦਾਸ ਸਿੰਘ ਖਾਲਸਾ ਹਲਕਾ ਗਿੱਦੜਬਾਹਾ ਦੀ ਅਗਵਾਈ ਵਿੱਚ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਗਿੱਦੜਬਾਹਾ ਵਿਖੇ ਇੱਕ ਮੀਟਿੰਗ ਹੋਈ।ਇਸ ਮੀਟਿੰਗ ਵਿੱਚ ਸ੍ਰੀ ਅਰੁਣ ਮੁੰਡਨ ਡੀ ਐੱਸ ਪੀ ਗਿੱਦੜਬਾਹਾ, ਆਮ ਆਦਮੀ ਪਾਰਟੀ ਗਿੱਦੜਬਾਹਾ ਦੇ ਸ਼ਹਿਰੀ ਇੰਚਾਰਜ ਪ੍ਰਭਜੋਤ ਸਿੰਘ ਪੈਵੀ ਢਿੱਲੋਂ ਤੇ ਮਨਜੋਤ ਸਿੰਘ ਬਲਾਕ ਵਿਕਾਸ ਪੰਚਾਇਤ ਅਫਸਰ ਗਿੱਦੜਬਾਹਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਮੌਕੇ ਨੋਡਲ ਅਫਸਰ ਜਸਪਾਲ ਸਿੰਘ ਬਰਾੜ ਤੇ ਡੀਐੱਸਪੀ ਸ੍ਰੀ ਅਰੁਣ ਮੁੰਡਨ ਨੇ ਲੋਕਾਂ ਨੂੰ ਇਸ ਮੁਹਿੰਮ ਦਾ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਸਾਨੂੰ ਸਾਰਿਆਂ ਨੂੰ ਰਲ-ਮਿਲ ਕੇ ਹੰਭਲਾ ਮਾਰਨਾ ਚਾਹੀਦਾ ਹੈ।ਇਸ ਮੀਟਿੰਗ ਸਬੰਧੀ ਜਾਣਕਾਰੀ ਦਿੰਦੇ ਹੋਏ ਹਲਕਾ ਕੋਆਰਡੀਨੇਟਰ ਮਾਧੋਦਾਸ ਸਿੰਘ ਖਾਲਸਾ ਤੇ ਪੈਵੀ ਢਿੱਲੋਂ ਨੇ ਦੱਸਿਆ ਕਿ ਪਿੰਡਾਂ ਦੇ ਪਹਿਰੇਦਾਰ ਸਕੀਮ ਤਹਿਤ ਹਰ ਪਿੰਡ ਤੇ ਸ਼ਹਿਰ ਦੇ ਹਰ ਵਾਰਡ ਵਿੱਚ ਪੰਚਾਇਤਾਂ, ਬਲਾਕ ਪ੍ਰਧਾਨਾਂ, ਵਾਰਡ ਇੰਚਾਰਜ, ਕੌਂਸਲਰ ਤੇ ਸਵੈ-ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਪੈਦਲ ਮਾਰਚ ਕੱਢੇ ਜਾਣਗੇ ਤੇ ਲੋਕਾਂ ਨੂੰ ਨਸ਼ਾ ਤਸਕਰਾਂ ਤੇ ਨਸ਼ੇ ਨਾਲ ਨਜਿੱਠਣ ਵਾਸਤੇ ਜਾਗਰੂਕ ਕੀਤਾ ਜਾਵੇਗਾ।ਇਸ ਮੌਕੇ ਮੈਡਮ ਦੀਪਿਕਾ ਕੰਬੋਜ ਥਾਣਾ ਮੁਖੀ ਗਿੱਦੜਬਾਹਾ, ਜਸਵੀਰ ਸਿੰਘ ਐੱਸਐੱਚਓ ਕੋਟਭਾਈ, ਵਾਈਸ ਕੋਆਰਡੀਨੇਟਰ ਸੁਰਜੀਤ ਸਿੰਘ ਖਾਲਸਾ ਤੋਂ ਇਲਾਵਾ ਬਲਾਕ ਪ੍ਰਧਾਨ ਪੰਚਾਇਤ ਸਕੱਤਰ ਪਿੰਡਾਂ ਦੇ ਯੁੱਧ ਨਸ਼ਾ ਵਿਰੁੱਧ ਕਮੇਟੀਆਂ ਦੇ ਚੇਅਰਮੈਨ, ਪੰਚ, ਸਰਪੰਚ ਆਦਿ ਹਾਜ਼ਰ ਸਨ।

## ਵਿਧਾਇਕ ਲਾਡੀ ਢੋਸ ਦੀ ਅਗਵਾਈ 'ਚ ਸ਼ਹਿਰ ਦਾ ਹੋ ਰਿਹੈ ਸਰਵਪੱਖੀ ਵਿਕਾਸ : ਸੁਮੀਤ ਮਲਹੋਤਰਾ



**ਕੋਟ ਈਸੇ ਖਾਂ (ਅਰੋੜਾ)**-ਜਦੋਂ ਤੋਂ ਆਮ ਆਦਮੀ ਪਾਰਟੀ ਸੱਤਾ ਵਿੱਚ ਆਈ ਹੈ, ਉਦੋਂ ਤੋਂ ਪਿੰਡਾਂ ਤੇ ਸ਼ਹਿਰਾਂ ਦਾ ਵਿਕਾਸ ਹੋ ਰਿਹਾ ਹੈ।ਜੇਕਰ ਗੱਲ ਕਰੀਏ ਹਲਕਾ ਧਰਮਕੋਟ ਤੇ ਕਸਬਾ ਕੋਟ ਈਸੇ ਖਾਂ ਦੀ ਤਾਂ ਹਲਕਾ ਧਰਮਕੋਟ ਤੋਂ ਪੜ੍ਹੇ-ਲਿਖੇ ਤੇ ਨੌਜਵਾਨ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਦੂਰ ਅੰਦੇਸ਼ੀ ਸੋਚ ਸਦਕਾ ਕਸਬਾ ਕੋਟ ਈਸੇ ਖਾਂ ਦਾ ਸਰਵਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ।ਸ਼ਹਿਰ ਵਾਸੀਆਂ ਦੀ ਸਭ ਤੋਂ ਮੇਨ ਮੰਗ ਸੀਵਰੇਜ ਸਿਸਟਮ ਤੇ ਬੱਸ ਸਟੈਂਡ ਦੀ ਸੀ, ਜਿਸ ਵੱਲ ਕਿਸੇ ਵੀ ਸਰਕਾਰ ਨੇ ਧਿਆਨ ਨਹੀਂ ਦਿੱਤਾ, ਪਰ ਜਦੋਂ ਇਹ ਮਸਲੇ ਵਿਧਾਇਕ ਲਾਡੀ ਢੋਸ ਦੇ ਧਿਆਨ ਵਿੱਚ ਲਿਆਂਦੇ ਤਾਂ ਉਨ੍ਹਾ ਤੁਰੰਤ ਸ਼ਹਿਰ ਦੀਆਂ ਇਹ ਵੱਡੀਆਂ ਮੰਗਾਂ ਨੂੰ ਪ੍ਰਵਾਨ ਕਰਦੇ ਹੋਏ ਲੋਕਾਂ ਦੀਆਂ ਮੰਗਾਂ ਨੂੰ ਪੂਰਾ ਕੀਤਾ, ਜੋ ਕਿ ਹੁਣ ਵੀ ਵਿਕਾਸ ਦੇ ਇਹ ਕੰਮ ਜਾਰੀ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਨਗਰ ਪੰਚਾਇਤ ਤੇ ਵਾਈਸ ਪ੍ਰਧਾਨ ਸੁਮੀਤ ਕੁਮਾਰ ਮਲਹੋਤਰਾ ਨੇ ਪ੍ਰੈੱਸ ਨਾਲ ਸਾਂਝਾ ਕੀਤਾ।ਉਨ੍ਹਾ ਕਿਹਾ ਕਿ ਵਿਧਾਇਕ ਲਾਡੀ ਢੋਸ ਨੇ ਹਮੇਸ਼ਾ ਲੋਕਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਵਾਇਆ ਹੈ।ਸ਼ਹਿਰ ਅੰਦਰ ਪਾਰਕ ਦਾ ਨਿਰਮਾਣ, ਸਟਰੀਟ ਲਾਈਟਾਂ, ਗਲੀਆਂ ਵਿੱਚ ਇੰਟਰਲਾਕ ਟਾਈਲਾਂ ਤੋਂ ਇਲਾਵਾ ਹੋਰ ਕਈ ਵਿਕਾਸ ਦੇ ਕੰਮ ਕਰਵਾਏ ਜਾ ਰਹੇ ਹਨ, ਜਿਸ ਕਰਕੇ ਸ਼ਹਿਰ ਵਾਸੀ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਖੁਸ਼ ਹਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

11-JAN-PAGE-5.qxd 1/10/2026 10:41 PM Page 1



# ਕੇਂਦਰ ਦੇ ਤੁਗਲਕੀ ਫਰਮਾਨਾਂ ਦਾ 16 ਦੇ ਧਰਨੇ 'ਚ ਕੀਤਾ ਜਾਵੇਗਾ ਜ਼ਬਰਦਸਤ ਵਿਰੋਧ : ਆਗੂ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚਾ ਪੰਜਾਬ, ਪੇਂਡੂ ਤੇ ਖੇਤ ਮਜ਼ਦੂਰ ਮੋਰਚਾ, ਪੰਜਾਬ ਮੁਲਾਜ਼ਮ ਮੋਰਚਾ ਤੇ ਵਿਦਿਆਰਥੀ ਜਥੇਬੰਦੀਆਂ ਦੇ ਸਾਂਝੇ ਫੈਸਲੇ ਅਨੁਸਾਰ ਅੱਜ ਟੀਚਰਜ਼ ਹੋਮ ਬਠਿੰਡਾ ਵਿਖੇ ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਵਿਦਿਆਰਥੀ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਕਨਵੀਨਰ ਸਵਰਨ ਸਿੰਘ ਪੂਹਲੀ ਨੇ ਕੀਤੀ।ਮੀਟਿੰਗ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਬਲਕਰਨ ਸਿੰਘ ਬਰਾੜ, ਬੀਕੇਯੂ ਡਕੌਂਦਾ ਧਨੇਰ ਦੇ ਸੂਬਾ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ, ਬੀਕੇਯੂ ਉਗਰਾਹਾਂ ਦੇ ਬਲਾਕ ਪ੍ਰਧਾਨ ਜਗਸੀਰ ਸਿੰਘ ਝੁੰਬਾ, ਬੀਕੇਯੂ ਡਕੌਂਦਾ ਬੁਰਜ ਗਿੱਲ ਦੇ ਬਲਾਕ ਪ੍ਰਧਾਨ ਬੂਟਾ ਸਿੰਘ ਤੁੰਗਵਾਲੀ, ਬੀਕੇਯੂ ਮਾਨਸਾ ਦੇ ਸੂਬਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਗੰਗਾ, ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਖਮੰਦਰ ਸਿੰਘ ਧਾਲੀਵਾਲ, ਬੀਕੇਯੂ ਮਾਲਵਾ ਦੇ ਜ਼ਿਲ੍ਹਾ ਆਗੂ ਜਗਜੀਤ ਸਿੰਘ ਕੋਟਸ਼ਮੀਰ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਆਗੂ ਮਿੱਠੂ ਸਿੰਘ ਘੁੱਦਾ, ਮਜ਼ਦੂਰ ਮੁਕਤੀ ਮੋਰਚੇ ਦੇ ਜ਼ਿਲਾ ਪ੍ਰਧਾਨ ਕਾ ਅਮੀ ਲਾਲ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਆਗੂ ਮਨਦੀਪ ਸਿੰਘ ਸਿਵੀਆਂ, ਮਜ਼ਦੂਰ ਅਧਿਕਾਰ ਅੰਦੋਲਨ ਦੇ ਜ਼ਿਲ੍ਹਾ ਆਗੂ ਨਛੱਤਰ ਸਿੰਘ ਰਾਮ ਨਗਰ, ਦਿਹਾਤੀ ਮਜ਼ਦੂਰ ਸਭਾ ਦੇ ਪ੍ਰਕਾਸ਼ ਸਿੰਘ, ਡੀਟੀਐਫ ਦੇ ਜ਼ਿਲ੍ਹਾ ਪ੍ਰਧਾਨ ਰੇਸ਼ਮ ਸਿੰਘ ਖੇਮੂਆਣਾ, ਟੈਕਨੀਕਲ ਸਰਵਿਸ ਯੂਨੀਅਨ ਦੇ ਜ਼ਿਲ੍ਹਾ ਆਗੂ ਅੰਗਰੇਜ ਸਿੰਘ, ਪ ਸ ਸ ਫ ਦੇ ਆਗੂ ਹਰਨੇਕ ਸਿੰਘ ਗਹਿਰੀ, ਪੰਜਾਬ ਸੁਬਾਰਡੀਨੇਟ ਸਰਵਿਸ ਦੇ ਜ਼ਿਲ੍ਹਾ ਆਗੂ ਅਮਨਦੀਪ ਕੁਮਾਰ, ਟੀਐੱਸਯੂ ਭੰਗਲ ਦੇ ਆਗੂ ਚੰਦਰ ਸ਼ਰਮਾ, ਵੇਰਕਾ ਮਿਲਕ ਪਲਾਂਟ ਯੂਨੀਅਨ ਦੇ ਆਗੂ ਬਲਵੀਰ ਸਿੰਘ ਤੇ ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ ਦੇ ਆਗੂ ਗੁਰਵਿੰਦਰ ਸਿੰਘ ਪੰਨੂ ਨੇ ਕਿਹਾ ਕਿ ਮੋਰਚਿਆਂ ਦੇ ਪੰਜਾਬ ਪੱਧਰੀ ਫੈਸਲੇ ਅਨੁਸਾਰ 16 ਜਨਵਰੀ ਨੂੰ ਡੀ ਸੀ ਦਫਤਰ ਬਠਿੰਡਾ ਦੇ ਸਾਹਮਣੇ ਬਹੁਤ ਵੱਡਾ ਧਰਨਾ ਲਾਇਆ ਜਾਵੇਗਾ ਤੇ ਰੋਸ ਮੁਜ਼ਾਹਰਾ ਵੀ ਕੀਤਾ ਜਾਵੇਗਾ।ਆਗੂਆਂ ਨੇ ਕਿਹਾ ਕਿ ਬੀਜੇਪੀ ਦੀ ਕੇਂਦਰ ਸਰਕਾਰ ਲਗਾਤਾਰ ਲੋਕ ਵਿਰੋਧੀ ਤੁਗਲਕੀ ਫਰਮਾਨ ਜਾਰੀ ਕਰ ਰਹੀ ਹੈ, ਜਿਸ ਨਾਲ ਲੋਕਾਂ ਦੀ ਜ਼ਿੰਦਗੀ 'ਤੇ ਮਾੜੂ ਪ੍ਰਭਾਵ ਪੈ ਰਹੇ ਹਨ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਬਿਜਲੀ ਬਿੱਲ 2025, ਸੀਡ ਬਿੱਲ 2025, ਪੁਰਾਣੇ ਨਰੇਗਾ ਕਾਨੂੰਨ ਦੀ ਥਾਂ ਮਜ਼ਦੂਰਾਂ ਦੇ ਅਧਿਕਾਰ ਖਤਮ ਕਰਨ ਵਾਲਾ ਨਵਾਂ ਨਰੇਗਾ ਕਾਨੂੰਨ, ਮੁਲਾਜ਼ਮ ਵਿਰੋਧੀ ਚਾਰ ਕਿਰਤ ਕੋਡ, ਕਰ ਮੁਕਤ ਵਪਾਰ ਸਮਝੌਤਾ ਤੇ ਹੋਰ ਖੇਤਰਾਂ ਵਿੱਚ ਲਗਾਤਾਰ ਨਿੱਜੀਕਰਨ ਦੀਆਂ ਨੀਤੀਆਂ ਲਾਗੂ ਕਰਕੇ ਦੇਸ਼ ਦਾ ਪਬਲਿਕ ਢਾਂਚਾ ਤਬਾਹ ਕਰ ਰਹੀ ਹੈ।ਦੇਸ਼ ਦਾ ਧਨ ਦੌਲਤ ਕਾਰਪੋਰੇਟ ਘਰਾਣਿਆਂ ਨੂੰ ਸੌਂਪ ਰਹੀ ਹੈ, ਜਿਸ ਨਾਲ ਮਹਿੰਗਾਈ ਹੋਰ ਵਧੇਗੀ।ਪ੍ਰਾਈਵੇਟ ਕੰਪਨੀਆਂ ਦੀ ਲੁੱਟ ਹੋਰ ਤੇਜ਼ ਹੋਵੇਗੀ।ਆਮ ਲੋਕਾਂ ਦਾ ਰੁਜ਼ਗਾਰ ਵੱਡੀ ਪੱਧਰ 'ਤੇ ਖਤਮ ਹੋ ਜਾਵੇਗਾ।ਮਜ਼ਦੂਰ, ਕਿਸਾਨ ਜੋ ਕਿ ਪਹਿਲਾਂ ਹੀ ਭਾਰੀ ਕਰਜ਼ੇ ਦਾ ਸ਼ਿਕਾਰ ਹਨ ਤੇ ਖੁਦਕੁਸ਼ੀਆਂ ਕਰ ਰਹੇ ਹਨ, ਦਾ ਜਿਊਣਾ ਹੋਰ ਦੁੱਭਰ ਹੋ ਜਾਵੇਗਾ।ਉਨ੍ਹਾਂ ਮੰਗ ਕੀਤੀ ਕਿ ਉਪਰੋਕਤ ਸਾਰੇ ਤਾਨਾਸ਼ਾਹੀ ਫੈਸਲੇ ਵਾਪਸ ਲਏ ਜਾਣ, ਨਹੀਂ ਤਾਂ ਸਰਕਾਰ ਲੋਕ ਅੰਦੋਲਨ ਦਾ ਸਾਹਮਣਾ ਕਰਨ ਲਈ ਤਿਆਰ ਰਹੇ।ਆਗੂਆਂ ਨੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਿਦਿਆਰਥੀਆਂ ਤੇ ਹੋਰ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ 16 ਜਨਵਰੀ ਨੂੰ 11 ਵਜੇ ਡੀ ਸੀ ਦਫਤਰ ਬਠਿੰਡਾ ਦੇ ਸਾਹਮਣੇ ਪਹੁੰਚਣ ਤਾਂ ਕਿ ਕੇਂਦਰ ਸਰਕਾਰ ਦੇ ਨੂੰ ਅਜਿਹੇ ਲੋਕ ਵਿਰੋਧੀ ਫੈਸਲੇ ਲੈਣ ਤੋਂ ਰੋਕਿਆ ਜਾ ਸਕੇ।ਇਸ ਸਮੇਂ ਹੋਰਨਾਂ ਤੋਂ ਇਲਾਵਾ ਜਸਵੀਰ ਸਿੰਘ ਬੁਰਜ, ਹਰਿਵਿੰਦਰ ਸਿੰਘ ਕੋਟਲੀ, ਮਲਕੀਤ ਸਿੰਘ ਬਠਿੰਡਾ, ਬਲਤੇਜ ਸਿੰਘ ਪੂਹਲੀ ਨੇ ਵੀ ਮੀਟਿੰਗ ਨੂੰ ਸੰਬੋਧਨ ਕੀਤਾ।

# ਜਥੇਬੰਦੀਆਂ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਦਾ ਪੁਤਲਾ ਫੂਕਿਆ



**ਲੁਧਿਆਣਾ (ਸਤੀਸ਼ ਸਚਦੇਵਾ)**-ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਵਿਖੇ ਅਮਰੀਕਾ ਵੱਲੋਂ ਵੈਨੇਜ਼ੁਏਲਾ 'ਤੇ ਕੀਤੇ ਫੌਜੀ ਹਮਲੇ ਦਾ ਵਿਰੋਧ ਕਰਦਿਆਂ ਵੱਖ ਵੱਖ ਇਨਕਲਾਬੀ ਤੇ ਜਨਤਕ ਜਥੇਬੰਦੀਆਂ ਵੱਲੋਂ ਬਾਬਾ ਭਾਨ ਸਿੰਘ ਨੌਜਵਾਨ ਸਭਾ ਦੇ ਸੱਦੇ ਉੱਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪੁਤਲਾ ਫੂਕਿਆ ਗਿਆ। ਇਸ ਸਮੇਂ ਜਥੇਬੰਦੀਆਂ ਦੇ ਆਗੂਆਂ ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਜਸਵੰਤ ਜ਼ੀਰਖ, ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਦੇ ਜਨਰਲ ਸਕੱਤਰ ਰਾਕੇਸ਼ ਆਜ਼ਾਦ, ਇਨਕਲਾਬੀ ਮਜ਼ਦੂਰ ਕੇਂਦਰ ਪੰਜਾਬ ਆਗੂ ਕਾਮਰੇਡ ਸੁਰਿੰਦਰ ਸਿੰਘ ਨੇ ਟਰੰਪ ਦੀ ਇਸ ਨਾਜਾਇਜ਼ ਤੇ ਧੱਕੜ ਕਾਰਵਾਈ ਦੀ ਨਿੰਦਾ ਕੀਤੀ।ਉਨ੍ਹਾਂ ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੂਰੋ ਤੇ ਉਨ੍ਹਾਂ ਦੀ ਵਕੀਲ ਪਤਨੀ ਸੀਲੀਆ ਫਲੋਰਸ ਨੂੰ ਗ੍ਰਿਫਤਾਰੀ ਵਿੱਚ ਲੈਣ ਦੀ ਨਿਖੇਧੀ ਕੀਤੀ। ਪ੍ਰਦਰਸ਼ਨਕਾਰੀ ਇਸ ਕਾਰਵਾਈ ਨੂੰ 'ਤੇਲ ਦੀ ਜੰਗ' ਤੇ ਵੈਨੇਜ਼ੁਏਲਾ ਉਤੇ 'ਗੈਰ-ਕਾਨੂੰਨੀ ਕਬਜ਼ਾ' ਦੱਸ ਰਹੇ ਹਨ ਅਤੇ ਟਰੰਪ ਤੇ ਉਸ ਦੇ ਰੱਖਿਆ ਸਕੱਤਰ ਪੀਟ ਹੇਗਸੇਥ 'ਤੇ ਮਹਾਂਦੋਸ਼ ਦੀ ਮੰਗ ਕਰ ਰਹੇ ਹਨ।ਜਨਤਕ ਜਥੇਬੰਦੀਆਂ ਦੇ ਆਗੂਆਂ ਨੇ ਦੁਨੀਆ ਭਰ ਦੇ ਜਮਹੂਰੀ ਤੇ ਇਨਸਾਫ਼ ਪਸੰਦ ਲੋਕਾਂ ਨੂੰ ਟਰੰਪ ਤੇ ਸਾਮਰਾਜੀ ਤਾਕਤਾਂ ਦੀਆਂ ਜੰਗਬਾਜ਼, ਧੱਕੜ ਤੇ ਲੁਟੇਰੀਆਂ ਕਾਰਵਾਈਆਂ ਦੀ ਨਿੰਦਾ ਕਰਨ ਅਤੇ ਵਿਰੋਧ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਹੈ।ਇਸ ਸਮੇਂ ਵੱਖ ਵੱਖ ਜਥੇਬੰਦੀਆਂ ਦੇ ਬਹੁਤ ਸਾਰੇ ਕਾਰਕੁਨ ਤੇ ਆਗੂ ਸ਼ਾਮਲ ਸਨ।ਜਿਨ੍ਹਾਂ ਵਿੱਚ ਡਾਕਟਰ ਮੋਹਨ ਸਿੰਘ, ਐਡਵੋਕੇਟ ਹਰਪ੍ਰੀਤ ਸਿੰਘ ਜ਼ੀਰਖ, ਬਲਵਿੰਦਰ ਲਾਲ ਬਾਗ, ਸੁਬੇਗ ਸਿੰਘ ਸਤੀਸ਼ ਸਚਦੇਵਾ, ਸੁਨੇਤ, ਪ੍ਰਤਾਪ ਸਿੰਘ, ਜਗਜੀਤ ਗੁੜੇ, ਐਡਵੋਕੇਟ ਗੁਰਵਿੰਦਰ ਸਿੰਘ, ਰਵਿਤਾ, ਵਰੁਣ ਕੁਮਾਰ, ਰਾਜੂ ਜ਼ੀਰਖ, ਮਹੇਸ਼ ਕੁਮਾਰ ਹਾਜ਼ਰ ਸਨ।

# ਬਾਬਾ ਫ਼ਰੀਦ ਯੂਨੀਵਰਸਿਟੀ ਦੀ ਸਾਲਾਨਾ ਕਨਵੋਕੇਸ਼ਨ

- ਰਾਜਪਾਲ ਕਟਾਰੀਆ ਨੇ 139 ਵਿਦਿਆਰਥੀਆਂ ਨੂੰ ਵੰਡੀਆਂ ਡਿਗਰੀਆਂ
- ਹਿਊਮਨ ਮਿਲਕ ਬੈਂਕ ਦਾ ਉਦਘਾਟਨ ਤੇ ਯੂਨੀਵਰਸਿਟੀ ਦਾ ਨਵਾਂ ਐਂਥਮ ਜਾਰੀ




**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ, ਗੁਰਪ੍ਰੀਤ ਸਿੰਘ ਬੇਦੀ)**-ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ (ਬੀ ਐੱਫ ਯੂ ਐੱਚ ਐੱਸ), ਫ਼ਰੀਦਕੋਟ ਦੇ ਕੰਸਟੀਚਿਊਟ ਕਾਲਜਾਂ ਦੀ ਸਾਲਾਨਾ ਕਨਵੋਕੇਸ਼ਨ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਦੇ ਆਡੀਟੋਰੀਅਮ ਵਿੱਚ ਪੂਰੀ ਅਕਾਦਮਿਕ ਸ਼ਾਨੋ-ਸ਼ੌਕਤ ਨਾਲ ਕਰਵਾਈ ਗਈ। ਸਮਾਗਮ ਵਿੱਚ ਪੰਜਾਬ ਦੇ ਰਾਜਪਾਲ ਤੇ ਯੂਨੀਵਰਸਿਟੀ ਦੇ ਚਾਂਸਲਰ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਦੌਰਾਨ 139 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ, ਜਦਕਿ 10 ਵਿਦਿਆਰਥੀਆਂ ਨੂੰ ਸੋਨੇ ਤੇ 11 ਨੂੰ ਚਾਂਦੀ ਦੇ ਤਮਗਿਆਂ ਨਾਲ ਸਨਮਾਨਤ ਕੀਤਾ ਗਿਆ।ਕਨਵੋਕੇਸ਼ਨ ਦੌਰਾਨ ਰਾਜਪਾਲ ਵੱਲੋਂ ਕਈ ਮਹੱਤਵਪੂਰਨ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ ਗਈ।ਇਸ ਵਿੱਚ ਖਾਸ ਤੌਰ 'ਤੇ ਹਿਊਮਨ ਮਿਲਕ ਬੈਂਕ ਦਾ ਈ-ਉਦਘਾਟਨ, ਯੂਨੀਵਰਸਿਟੀ ਦਾ ਨਵਾਂ ਝੰਡਾ ਤੇ ਯੂਨੀਵਰਸਿਟੀ ਐਂਥਮ ਜਾਰੀ ਕਰਨਾ ਸ਼ਾਮਲ ਰਿਹਾ।ਇਸ ਤੋਂ ਇਲਾਵਾ ਸਮਾਜਿਕ ਜ਼ਿੰਮੇਵਾਰੀ (ਸੀ ਐੱਸ ਆਰ) ਅਧੀਨ ਕੋਟਕ ਮਹਿੰਦਰਾ ਬੈਂਕ ਵੱਲੋਂ ਦਿੱਤੀ ਗਈ ਬਲੱਡ ਡੋਨੇਸ਼ਨ ਵੈਨ ਨੂੰ ਵੀ ਹਰੀ ਝੰਡੀ ਵਿਖਾਈ ਗਈ।

ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਬੀ ਐੱਫ ਯੂ ਐੱਚ ਐੱਸ ਅਕਾਦਮਿਕ ਉਤਕ੍ਰਿਸ਼ਟਤਾ ਤੇ ਨਵੀਨਤਾ ਦਾ ਸੁਮੇਲ ਬਣ ਕੇ ਉੱਭਰੀ ਹੈ।ਉਨ੍ਹਾਂ ਨੇ ਯੂਨੀਵਰਸਿਟੀ ਵੱਲੋਂ ਡਿਜੀਟਲ ਤਬਦੀਲੀ ਤੇ ਰੁਜ਼ਗਾਰ-ਕੇਂਦਰਿਤ ਸਿੱਖਿਆ ਲਈ ਕੀਤੇ ਜਾ ਰਹੇ ਯਤਨਾਂ ਦੀ ਪ੍ਰਸ਼ੰਸਾ ਕੀਤੀ।ਉਨ੍ਹਾਂ ਕਿਹਾ ਕਿ ਨਵੇਂ ਗ੍ਰੈਜੂਏਟਸ ਨੂੰ ਸੇਵਾ ਤੇ ਇਮਾਨਦਾਰੀ ਦੇ ਜਜ਼ਬੇ ਨਾਲ ਸਮਾਜ ਵਿੱਚ ਵਿਚਰਨਾ ਚਾਹੀਦਾ ਹੈ।

ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਨੇ ਪਿਛਲੇ ਦੋ ਸਾਲਾਂ ਦੀਆਂ ਉਪਲਬਧੀਆਂ ਦਾ ਵੇਰਵਾ ਸਾਂਝਾ ਕੀਤਾ।ਉਨ੍ਹਾਂ ਦੱਸਿਆ ਕਿ ਜੀ ਜੀ ਐੱਸ ਐੱਮ ਸੀ ਵਿੱਚ ਐੱਮ ਬੀ ਬੀ ਐੱਸ ਦੀਆਂ ਸੀਟਾਂ ਦੁੱਗਣੀਆਂ ਹੋਣਾ, ਨਵੇਂ ਸੁਪਰ-ਵਿਸ਼ੇਸ਼ਤਾ ਵਿਭਾਗਾਂ ਦੀ ਸਥਾਪਨਾ ਤੇ ਅੰਤਰਰਾਸ਼ਟਰੀ ਗ੍ਰੀਨ ਯੂਨੀਵਰਸਿਟੀ ਐਵਾਰਡ ਮਿਲਣਾ ਸੰਸਥਾ ਲਈ ਮਾਣ ਵਾਲੀ ਗੱਲ ਹੈ।ਉਨ੍ਹਾਂ 'ਹੱਬ ਐਂਡ ਸਪੋਕ' ਮਾਡਲ ਅਧੀਨ ਸ਼ੁਰੂ ਕੀਤੇ ਜਾ ਰਹੇ ਕੇਅਰਗਿਵਰ ਕੋਰਸਾਂ ਬਾਰੇ ਵੀ ਜਾਣਕਾਰੀ ਦਿੱਤੀ।ਸਮਾਗਮ ਦੇ ਅਖੀਰ ਵਿੱਚ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ 'ਵੋਟ ਆਫ਼ ਥੈਂਕਸ' ਪੇਸ਼ ਕਰਦਿਆਂ ਵਿਦਿਆਰਥੀਆਂ ਤੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ।ਇਸ ਮੌਕੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਬੋਰਡ ਆਫ਼ ਮੈਨੇਜਮੈਂਟ ਦੇ ਚੇਅਰਮੈਨ ਡਾ. ਗੁਰਪ੍ਰੀਤ ਸਿੰਘ ਵਾਂਡਰ, ਡਿਪਟੀ ਕਮਿਸ਼ਨਰ ਪੂਨਮਦੀਪ ਕੌਰ, ਐੱਸ.ਐੱਸ.ਪੀ. ਡਾ. ਪ੍ਰਗਿਆ ਜੈਨ, ਰਜਿਸਟਰਾਰ ਅਰਵਿੰਦ ਕੁਮਾਰ ਤੇ ਪ੍ਰਿੰਸੀਪਲ ਸੰਜੇ ਗੁਪਤਾ ਸਮੇਤ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ।

## ਕਾਤਰਾਂ

### ਅਣਪਛਾਤੀ ਲਾਸ਼ ਮਿਲੀ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ)**-ਰੇਲਵੇ ਪੁਲਸ ਚੌਕੀ ਧੂਰੀ ਦੇ ਸਹਾਇਕ ਥਾਣੇਦਾਰ ਹਰਬੰਸ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੇਲਵੇ ਪੁਲਸ ਨੂੰ ਰੇਲਵੇ ਸਟੇਸ਼ਨ ਧੂਰੀ ਤੋਂ ਇੱਕ ਅਣਪਛਾਤੀ ਲਾਸ਼ ਮਿਲੀ ਹੈ।ਉਨ੍ਹਾਂ ਦੱਸਿਆ ਕਿ ਸਾਧੂਨੁਮਾ ਕੱਪੜੇ ਪਹਿਨੇ ਇਸ ਵਿਅਕਤੀ ਦੀ ਉਮਰ ਕਰੀਬ 60 ਸਾਲ ਜਾਪਦੀ ਹੈ।ਉਨ੍ਹਾਂ ਦੱਸਿਆ ਕਿ ਇਸ ਵਿਅਕਤੀ ਦੀ ਮੌਤ ਠੰਢ ਲੱਗਣ ਕਾਰਨ ਹੋਈ ਜਾਪਦੀ ਹੈ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮੋਬਾਇਲ ਨੰਬਰ 9814524225 'ਤੇ ਸੰਪਰਕ ਕੀਤਾ ਜਾਵੇ।

### ਅਸ਼ੀਸ਼ ਅੱਤਰੀ ਜ਼ਿਲ੍ਹਾ ਟ੍ਰੇਡਰਜ਼ ਕਮਿਸ਼ਨ ਦਾ ਚੇਅਰਮੈਨ ਨਿਯੁਕਤ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਆਮ ਆਦਮੀ ਪਾਰਟੀ ਦੇ ਸ੍ਰੀ ਫਤਿਹਗੜ੍ਹ ਸਾਹਿਬ ਤੋਂ ਸੀਨੀਅਰ ਨੇਤਾ ਅਸ਼ੀਸ਼ ਅੱਤਰੀ ਨੂੰ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਟ੍ਰੇਡਰਜ਼ ਕਮਿਸ਼ਨ ਸ੍ਰੀ ਫਤਿਹਗੜ੍ਹ ਸਾਹਿਬ ਦਾ ਚੇਅਰਮੈਨ ਅਤੇ ਸੁਖਬੀਰ ਸਿੰਘ, ਰੋਹਿਤ ਗੋਇਲ ਤੇ ਵਿਵੇਕ ਕੁਮਾਰ ਲਵਲੀ ਨੂੰ ਮੈਂਬਰ ਲਗਾਉਣ ਦਾ ਨੋਟੀਫਿਕੇਸ਼ਨ ਜਾਰੀ ਕਰਨ 'ਤੇ ਪਾਰਟੀ ਦੇ ਕਾਰਕੁਨਾਂ ਤੇ ਸੀਨੀਅਰ ਲੀਡਰਸ਼ਿਪ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਅਤੇ ਵਧਾਈਆਂ ਦੇਣ ਦਾ ਸਿਲਸਿਲਾ ਜਾਰੀ ਹੈ। ਸ੍ਰੀ ਫਤਿਹਗੜ੍ਹ ਸਾਹਿਬ ਤੋਂ ਵਿਧਾਇਕ ਲਖਵੀਰ ਸਿੰਘ ਰਾਏ ਨੇ ਵੀ ਇਨ੍ਹਾਂ ਨਿਯੁਕਤੀਆਂ 'ਤੇ ਵਧਾਈ ਦਿੰਦੇ ਹੋਏ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

### ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਪਾਠਾਂ ਦੀ ਲੜੀ ਆਰੰਭ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਮੇਨ ਬਜ਼ਾਰ ਵਿੱਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਵਿਖੇ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦਿਆਂ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਲੜੀ ਆਰੰਭ ਹੋ ਚੁੱਕੀ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੰਬਰਦਾਰ ਬੱਗਾ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਸਮਾਂ ਸਵੇਰੇ 10 ਵਜੇ ਤੋਂ 12 ਵਜੇ ਤੱਕ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ 29 ਜਨਵਰੀ ਨੂੰ ਸਵੇਰੇ ਪਾਠਾਂ ਦੀ ਲੜੀ ਦੇ ਭੋਗ ਪਾਉਣ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਉਨ੍ਹਾਂ ਸੰਗਤਾਂ ਨੂੰ ਵੱਧ ਤੋਂ ਵੱਧ ਗੁਰਦੁਆਰਾ ਸਾਹਿਬ ਆ ਕੇ ਵਾਹਿਗੁਰੂ ਨਾਮ ਦਾ ਜਾਪ ਕਰਨ ਦੀ ਅਪੀਲ ਕੀਤੀ।

### ਸੰਗੀਤਮਈ ਸ਼੍ਰੀਮਦ ਭਾਗਵਤ ਕਥਾ ਦਾ ਆਯੋਜਨ ਭਲਕ ਤੋਂ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸ਼੍ਰੀ ਸ਼ਿਵ ਮੰਦਰ ਧਰਮਸ਼ਾਲਾ (ਰਜਿਸਟਰਡ) ਮੁਹੱਲਾ ਬਾਜਵਾ ਵਾਲਾ ਸੁਨਾਮ ਵੱਲੋਂ ਚੌਥੀ ਸੰਗੀਤਕ ਸ਼੍ਰੀਮਦ ਭਾਗਵਤ ਕਥਾ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿੱਥੇ ਸਹਾਰਨਪੁਰ ਦੇ ਪ੍ਰਸਿੱਧ ਕਥਾਵਾਚਕ ਸ਼੍ਰੀ ਮਨੋਜ ਮਹਾਰਾਜ ਆਪਣੀ ਸੁਰੀਲੀ ਆਵਾਜ਼ ਨਾਲ ਸ਼ਰਧਾਲੂਆਂ ਨੂੰ ਨਿਹਾਲ ਕਰਨਗੇ।ਸ਼ਰਧਾਲੂ ਕਥਾ ਪ੍ਰਤੀ ਉਤਸ਼ਾਹਤ ਹਨ ਤੇ ਸਾਰੀਆਂ ਤਿਆਰੀਆਂ ਪੂਰੀਆਂ ਹੋ ਗਈਆਂ ਹਨ।ਕਮੇਟੀ ਮੈਂਬਰਾਂ ਨੇ ਦੱਸਿਆ ਕਿ ਕਲਸ਼ ਯਾਤਰਾ 11 ਜਨਵਰੀ ਨੂੰ ਹੋਵੇਗੀ ਤੇ ਕਥਾ 12 ਤੋਂ 17 ਜਨਵਰੀ ਤੱਕ ਰੋਜ਼ਾਨਾ ਸ਼ਾਮ 3:00 ਵਜੇ ਤੋਂ ਸ਼ਾਮ 6:00 ਵਜੇ ਤੱਕ ਹੋਵੇਗੀ।18 ਜਨਵਰੀ ਨੂੰ ਹਵਨ ਤੇ ਪੂਰਨਹੁਤੀ ਸਵੇਰੇ 8:30 ਵਜੇ, ਕਥਾ ਸਵੇਰੇ 10 ਵਜੇ ਤੇ ਭੰਡਾਰਾ ਦੁਪਹਿਰ 12 ਵਜੇ ਹੋਵੇਗਾ।

# ਐੱਸ ਕੇ ਐੱਮ ਗੈਰ-ਰਾਜਨੀਤਕ ਜਥੇਬੰਦੀਆਂ ਵੱਲੋਂ ਵਿਧਾਇਕ ਬਿਲਾਸਪੁਰ ਨੂੰ ਮੰਗ ਪੱਤਰ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਐੱਸ ਕੇ ਐੱਮ ਗੈਰ-ਰਾਜਨੀਤਕ ਜਥੇਬੰਦੀਆਂ ਵੱਲੋਂ ਕਿਸਾਨਾਂ, ਮਜ਼ਦੂਰਾਂ, ਦੁਕਾਨਦਾਰਾਂ ਦੇ ਮਸਲਿਆਂ ਨੂੰ ਲੈ ਕੇ ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੂੰ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਜਿਵੇਂ ਕਿ ਸਮਾਰਟ ਮੀਟਰ ਨਾ ਲਾਉਣ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਬਿਜਲੀ ਬੋਰਡ ਦੇ ਕਬਜ਼ੇ ਵੇਚਣ ਵਾਲੀਆਂ ਜ਼ਮੀਨਾਂ ਦਾ ਆਪਣਾ ਫ਼ੈਸਲਾ ਵਾਪਸ ਲਵੇ ਨਹੀਂ ਤਾਂ ਪੰਜਾਬ ਸਰਕਾਰ ਵਿਰੁੱਧ ਸਖ਼ਤ ਅੰਦੋਲਨ ਵਿੱਢਿਆ ਜਾਵੇਗਾ ਅਤੇ ਉਸ ਤੋਂ ਇਲਾਵਾ 2025 ਵਿੱਚ ਹਵਾ ਦੇ ਕਾਰਨ ਪੰਜਾਬ ਦੇ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ, ਜਿਸ ਵਿੱਚ ਟਿਊਬਵੈੱਲ ਦਾ ਖਰਾਬ ਹੋ ਜਾਣਾ, ਜ਼ਮੀਨੀ ਪੱਧਰ ਖ਼ਰਾਬ ਹੋ ਜਾਣਾ, ਮਕਾਨਾਂ ਦਾ ਢਹਿ ਢੇਰੀ ਹੋ ਜਾਣਾ ਤੇ ਫ਼ਸਲਾਂ ਦਾ ਬਿਲਕੁਲ ਖ਼ਤਮ ਹੋ ਜਾਣਾ ਅਤੇ ਜਿੱਥੇ ਕੇਂਦਰ ਸਰਕਾਰ ਨੇ 20000 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਐਲਾਨ ਕਰਕੇ ਕਿਸਾਨਾਂ ਨਾਲ ਕੋਝਾ ਮਜ਼ਾਕ ਕੀਤਾ ਹੈ, ਉੱਥੇ ਹੀ ਅੱਜ ਤੱਕ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਕੋਈ ਆਰਥਿਕ ਮੱਦਦ ਨਹੀਂ ਕੀਤੀ ਗਈ।ਇਸ ਮੌਕੇ ਸ਼ੇਰੇ ਪੰਜਾਬ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਬਿੱਕਰ ਸਿੰਘ, ਆਤਮਾ ਸਿੰਘ ਧੂੜਕੋਟ ਜ਼ਿਲ੍ਹਾ ਪ੍ਰਧਾਨ ਸ਼ੇਰੇ ਪੰਜਾਬ ਯੂਨੀਅਨ ਮੋਗਾ, ਸਰਬਜੀਤ ਸਿੰਘ ਮਾਛੀਕੇ, ਮੰਗਤ ਸਿੰਘ, ਹਰਜਿੰਦਰ ਸਿੰਘ ਮੁੱਖ ਬੁਲਾਰਾ ਮੋਗਾ, ਮੇਜਰ ਸਿੰਘ, ਜਗਦੇਵ ਸਿੰਘ, ਗੁਰਪ੍ਰੀਤ ਸਿੰਘ, ਜਸਵਿੰਦਰ ਸਿੰਘ, ਰੇਸ਼ਮ ਸਿੰਘ, ਦਰਸ਼ਨ ਸਿੰਘ ਤੋਂ ਇਲਾਵਾ ਹੋਰ ਕਿਸਾਨ ਆਗੂ ਹਾਜ਼ਰ ਸਨ।

# 16 ਨੂੰ ਲੁਧਿਆਣਾ 'ਚ ਵਿਸ਼ਾਲ ਧਰਨਾ, ਮੀਟਿੰਗ ਕਰਕੇ ਵਿੱਢੀ ਤਿਆਰੀ

**ਲੁਧਿਆਣਾ (ਐੱਮ ਐੱਸ ਭਾਟੀਆ)**-ਸੰਯੁਕਤ ਕਿਸਾਨ ਮੋਰਚਾ, ਟਰੇਡ ਯੂਨੀਅਨਾਂ ਤੇ ਜਮਹੂਰੀ ਜਨਤਕ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿੱਚ ਸਾਂਝੀ ਮੀਟਿੰਗ ਕਰਕੇ ਫੈਸਲਾ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਮਨਰੇਗਾ ਕਾਨੂੰਨ ਬਦਲਣ, ਚਾਰ ਲੇਬਰ ਕੋਡ ਲਾਗੂ ਕਰਨ, ਬਿਜਲੀ ਸੋਧ ਬਿੱਲ 2025 ਨੂੰ ਪੇਸ਼ ਕਰਨ ਦੀ ਤਿਆਰੀ ਤੇ ਬੀਜ ਬਿੱਲ ਖ਼ਿਲਾਫ਼ 16 ਜਨਵਰੀ ਨੂੰ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਦੇ ਦਫਤਰ ਅੱਗੇ ਧਰਨਾ ਮਾਰਿਆ ਜਾਵੇਗਾ।ਇਸ ਮੌਕੇ ਆਗੂਆਂ ਨੇ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਕਾਰਪੋਰੇਟ ਪੱਖੀ ਨੀਤੀਆਂ ਵਿਰੁੱਧ ਇਹ ਧਰਨਾ ਫੈਸਲਾਕੁੰਨ ਸਾਬਿਤ ਹੋਵੇਗਾ।ਉਨ੍ਹਾਂ ਕਿਹਾ ਕਿ ਇਸ ਦੀ ਤਿਆਰੀ ਸਬੰਧੀ ਪਿੰਡਾਂ, ਸ਼ਹਿਰਾਂ, ਮਹੱਲਿਆਂ ਵਿੱਚ ਮੀਟਿੰਗਾਂ, ਰੈਲੀਆਂ ਕਰਕੇ ਲੋਕਾਂ ਨੂੰ ਇਸ ਧਰਨੇ ਦਾ ਹਿੱਸਾ ਬਣਨ ਲਈ ਲਾਮਬੰਦੀ ਕੀਤੀ ਜਾਵੇਗੀ।ਅੱਜ ਦੀ ਮੀਟਿੰਗ ਵਿੱਚ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਸੁਦਾਗਰ ਸਿੰਘ ਘੁਡਾਣੀ, ਮਨੋਹਰ ਸਿੰਘ ਕੁਲਾਹੜ, ਜਮਹੂਰੀ ਕਿਸਾਨ ਸਭਾ ਪੰਜਾਬ ਦੇ ਰਘਵੀਰ ਸਿੰਘ ਬੈਨੀਪਾਲ, ਹਰਨੇਕ ਸਿੰਘ ਗੁੱਜਰਵਾਲ, ਆਲ ਇੰਡੀਆ ਕਿਸਾਨ ਸਭਾ (1936) ਦੇ ਚਮਕੌਰ ਸਿੰਘ ਬਰਮੀ, ਏਟਕ ਵੱਲੋਂ ਐੱਮ ਐੱਸ ਭਾਟੀਆ, ਡੀ ਪੀ ਮੌੜ, ਪੈਨਸ਼ਨਰ ਐਸੋਸੀਏਸ਼ਨ ਪਾਵਰਕਾਮ ਦੇ ਦੇਵਰਾਜ, ਹਰਜੀਤ ਸਿੰਘ, ਜਮਹੂਰੀ ਅਧਿਕਾਰ ਸਭਾ ਦੇ ਜਸਵੰਤ ਜੀਰਖ, ਮੋਲਡਰ ਐਂਡ ਸਟੀਲ ਵਰਕਰਸ ਦੇ ਹਰਜਿੰਦਰ ਸਿੰਘ, ਕੁੱਲ ਹਿੰਦ ਕਿਸਾਨ ਸਭਾ (ਹੰਨਨ ਮੁੱਲਾ) ਦੇ ਤੇਜਾ ਸਿੰਘ ਵੜੈਚ, ਸੀਟੀਯੂ ਪੰਜਾਬ ਦੇ ਜਗਦੀਸ਼ ਚੰਦ, ਸੀ ਆਈ ਟੀ ਯੂ ਦੇ ਰਾਮ ਲਾਲ, ਅਮਰ ਨਾਥ ਕੂੰਮਕਲਾਂ, ਸੁਖਵਿੰਦਰ ਸਿੰਘ ਲੋਟੇ, ਟੀਐੱਸਯੂ (ਭੰਗਲ) ਦੇ ਜ਼ਮੀਰ ਹੁਸੈਨ, ਖੇਤੀਬਾੜੀ ਵਿਕਾਸ ਫਰੰਟ ਦੇ ਜਸਮਿੰਦਰ ਸਿੰਘ ਲੌਂਗੋਵਾਲ ਆਦਿ ਹਾਜ਼ਰ ਸਨ।



# ਭਾਜਪਾ ਨੂੰ ਰਾਜਪੁਰਾ 'ਚ ਨਵੇਂ ਸਾਥੀ ਆਉਣ ਨਾਲ ਮਿਲਿਆ ਬਲ : ਜਗਦੀਸ਼ ਜੱਗਾ



**ਰਾਜਪੁਰਾ (ਰਮੇਸ਼ ਕਟਾਰੀਆ)**

ਰਾਜਪੁਰਾ ਤੋਂ ਆਮ ਆਦਮੀ ਪਾਰਟੀ (ਆਪ) ਤੇ ਕਾਂਗਰਸ ਦੇ ਕਈ ਪ੍ਰਮੁੱਖ ਆਗੂਆਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਹੋਰ ਮਜ਼ਬੂਤ ?ਹੋ ਗਈ ਹੈ, ਜਿਸ ਨੇ ਪਾਰਟੀ ਦੀਆਂ ਨੀਤੀਆਂ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਹੈ।ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ ਤੇ ਭਾਜਪਾ ਆਗੂ ਜਗਦੀਸ਼ ਕੁਮਾਰ ਜੱਗਾ ਨੇ ਪਟਿਆਲਾ ਵਿੱਚ ਨਵੇਂ ਮੈਂਬਰਾਂ ਦਾ ਨਿੱਘਾ ਸਵਾਗਤ ਕੀਤਾ।ਭਾਜਪਾ ਵਿੱਚ ਸ਼ਾਮਲ ਹੋਣ ਵਾਲੀਆਂ ਮੁੱਖ ਸ਼ਖਸੀਅਤਾਂ ਵਿੱਚ ਦਿਨੇਸ਼ ਮਹਿਤਾ (ਸਾਬਕਾ ਬਲਾਕ ਪ੍ਰਧਾਨ, ਆਮ ਆਦਮੀ ਪਾਰਟੀ, ਰਾਜਪੁਰਾ), ਜਗਦੀਪ ਸਿੰਘ (ਸਾਬਕਾ ਕੌਂਸਲਰ, ਵਾਰਡ ਨੰਬਰ 28, ਕਾਂਗਰਸ), ਨਵਦੀਪ ਥਾਪਰ, ਅਮਰਿੰਦਰ ਸਿੰਘ ਅਲੂਣਾ, ਐਡਵੋਕੇਟ ਪਰਮਵੀਰ ਤੇ ਦੀਪਕ ਕੁਮਾਰ ਸ਼ਾਮਲ ਹਨ।ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ ਤੇ ਜਗਦੀਸ਼ ਕੁਮਾਰ ਜੱਗਾ ਨੇ ਰਸਮੀ ਤੌਰ 'ਤੇ ਇਨ੍ਹਾਂ ਆਗੂਆਂ ਨੂੰ ਪਾਰਟੀ ਤੇ ਭਾਜਪਾ ਪਰਿਵਾਰ ਵਿੱਚ ਸ਼ਾਮਲ ਕੀਤਾ। ਭਾਜਪਾ ਆਗੂ ਜਗਦੀਸ਼ ਕੁਮਾਰ ਜੱਗਾ ਨੇ ਨਵੇਂ ਮੈਂਬਰਾਂ ਦਾ ਸਵਾਗਤ ਕਰਦਿਆਂ ਕਿਹਾ,ਕਿ ਇਨ੍ਹਾਂ ਮਿਹਨਤੀ ਆਗੂਆਂ ਦੇ ਆਉਣ ਨਾਲ ਰਾਜਪੁਰਾ ਤੇ ਆਸ ਪਾਸ ਦੇ ਇਲਾਕਿਆਂ ਵਿੱਚ ਪਾਰਟੀ ਦੀ ਸਥਿਤੀ ਹੋਰ ਮਜ਼ਬੂਤ ?ਹੋਵੇਗੀ।ਮੈਨੂੰ ਪੂਰੀ ਉਮੀਦ ਹੈ ਕਿ ਇਹ ਸਾਰੇ ਆਗੂ ਪਾਰਟੀ ਦੀ ਵਿਚਾਰਧਾਰਾ ਨੂੰ ਹਰ ਘਰ ਤੱਕ ਪਹੁੰਚਾਉਣ ਲਈ ਤਨਦੇਹੀ ਨਾਲ ਕੰਮ ਕਰਨਗੇ ਤੇ ਉਨ੍ਹਾਂ ਨੂੰ ਸੌਂਪੀ ਗਈ ਹਰ ਜ਼ਿੰਮੇਵਾਰੀ ਨੂੰ ਨਿਭਾਉਣਗੇ।ਅੰਤ ਵਿੱਚ ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਸਾਰੇ ਨਵੇਂ ਮੈਂਬਰਾਂ ਦਾ ਸਵਾਗਤ ਕੀਤਾ ਤੇ ਦੁਹਰਾਇਆ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਵਰਕਰ ਅਤੇ ਆਗੂ ਨੂੰ ਪੂਰਾ ਸਤਿਕਾਰ ਦਿੱਤਾ ਜਾਵੇਗਾ।

# ਸੰਗਰੂਰ 'ਚ ਆਵਾਰਾ ਕੁੱਤਿਆਂ ਦਾ ਖੌਫ, ਹੁਣ ਮਾਸੂਮ ਬੱਚੇ 'ਤੇ ਹਮਲਾ



**ਸੰਗਰੂਰ (ਪ੍ਰਵੀਨ ਸਿੰਘ)**-ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਦੇ ਕੌਮੀ ਪ੍ਰਧਾਨ ਸ਼੍ਰੀ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਸਥਾਨਕ ਸ਼ਹਿਰ ਅੰਦਰ ਆਵਾਰਾ ਕੁੱਤਿਆਂ ਦਾ ਲੋਕਾਂ ਅੰਦਰ ਭਾਰੀ ਖੌਫ ਨਜ਼ਰ ਆ ਰਿਹਾ ਹੈ।ਇਨ੍ਹਾਂ ਆਵਾਰਾ ਕੁੱਤਿਆਂ ਤੋਂ ਸ਼ਹਿਰ ਦੇ ਲੋਕ ਬਹੁਤ ਹੀ ਪ੍ਰੇਸ਼ਾਨ ਤੇ ਬੇਵੱਸ ਨਜ਼ਰ ਆ ਰਹੇ ਹਨ। ਸ਼੍ਰੀ ਦਰਸ਼ਨ ਕਾਂਗੜਾ ਨੇ ਕਿਹਾ ਕਿ ਸ਼ਹਿਰ ਦੇ ਹਰ ਮੁਹੱਲੇ, ਹਸਪਤਾਲ, ਬਨਾਸਰ ਬਾਗ ਤੇ ਹੋਰ ਪਬਲਿਕ ਸਥਾਨਾਂ ਦੇ ਨਾਲ ਨਾਲ ਬਾਜ਼ਾਰਾਂ ਵਿੱਚ ਆਵਾਰਾ ਕੁੱਤਿਆਂ ਦੇ ਝੁੰਡ ਘੁੰਮ ਰਹੇ ਹਨ, ਜੋ ਰੋਜ਼ਾਨਾ ਹੀ ਕਿਸੇ ਨਾ ਕਿਸੇ ਨੂੰ ਕੱਟ ਲੈਂਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਆਵਾਰਾ ਕੁੱਤਿਆਂ ਵੱਲੋਂ ਜਿੱਥੇ ਪਹਿਲਾਂ ਸੁੰਦਰ ਬਸਤੀ ਦੀ ਵਸਨੀਕ ਦਲਿਤ ਮਹਿਲਾ ਅਨੀਤਾ ਪਤਨੀ ਮੱਖਣ ਸਿੰਘ ਨੂੰ ਬੁਰੀ ਤਰ੍ਹਾਂ ਕੱਟ ਲਿਆ ਸੀ, ਉਸ ਦੇ ਜ਼ਖ਼ਮ ਅਜੇ ਠੀਕ ਨਹੀਂ ਹੋਏ ਤੇ ਹੁਣ ਸੁੰਦਰ ਬਸਤੀ ਦੇ ਹੀ ਇੱਕ ਗਰੀਬ ਪਰਿਵਾਰ ਦੇ ਚਾਰ ਸਾਲਾ ਮਾਸੂਮ ਬੱਚੇ ਰੋਹਿਤ ਪੁੱਤਰ ਸਾਗਰ ਨੂੰ ਬੁਰੀ ਤਰ੍ਹਾਂ ਨਾਲ ਕੱਟ ਲਿਆ ਹੈ।ਕੌਮੀ ਪ੍ਰਧਾਨ ਨੇ ਕਿਹਾ ਕਿ ਇਨ੍ਹਾਂ ਆਵਾਰਾ ਕੁੱਤਿਆਂ ਪ੍ਰਤੀ ਸ਼ਹਿਰ ਦੀ ਨਗਰ ਕੌਂਸਲ ਵੱਲੋਂ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਵੀ ਟਿੱਚ ਸਮਝਿਆ ਜਾ ਰਿਹਾ ਹੈ।ਸ਼੍ਰੀ ਕਾਂਗੜਾ ਨੇ ਕਿਹਾ ਕਿ ਜੇਕਰ ਨਗਰ ਕੌਂਸਲ ਨੇ ਇਨ੍ਹਾਂ ਆਵਾਰਾ ਕੁੱਤਿਆਂ ਦਾ ਕੋਈ ਠੋਸ ਹੱਲ ਨਾ ਕੀਤਾ ਤਾਂ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਵੱਲੋਂ ਸ਼ਹਿਰ ਦੇ ਲੋਕਾਂ ਨੂੰ ਨਾਲ ਲੈਕੇ ਨਗਰ ਕੌਂਸਲ ਦੇ ਖਿਲਾਫ ਪੱਕੇ ਤੌਰ 'ਤੇ ਮੋਰਚਾ ਖੋਲ੍ਹਿਆ ਜਾਵੇਗਾ। ਉਨ੍ਹਾ ਮੰਗ ਕੀਤੀ ਕਿ ਆਵਾਰਾ ਕੁੱਤਿਆਂ ਦਾ ਸ਼ਿਕਾਰ ਹੋਏ ਇਨ੍ਹਾਂ ਗਰੀਬ ਵਿਅਕਤੀਆਂ ਨੂੰ ਨਗਰ ਕੌਂਸਲ ਤੁਰੰਤ ਸੁਪਰੀਮ ਕੋਰਟ ਵੱਲੋਂ ਤਹਿ ਕੀਤੇ ਮੁਆਵਜ਼ੇ ਦੀ ਰਾਸ਼ੀ ਦੇਵੇ।

# ਫੁੱਫੜ ਤੇ ਭਤੀਜੇ ਦੀ ਕੈਂਟਰ 'ਚ ਰੱਖੀ ਅੰਗੀਠੀ ਤੋਂ ਗੈਸ ਚੜ੍ਹਨ ਨਾਲ ਮੌਤ

## ਫੈਕਟਰੀ 'ਚ ਤੇਲ ਭਰਵਾਉਣ ਆਏ ਸੀ ਦੋਵੇਂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਕੁਹਾੜਾ ਰੋਡ 'ਤੇ ਪੈਂਦੇ ਪਿੰਡ ਭੱਟੀਆਂ ਵਿਖੇ ਸਥਿਤ ਇੱਕ ਫੈਕਟਰੀ ਵਿੱਚ ਸ਼ੁੱਕਰਵਾਰ ਸਵੇਰੇ ਕੈਂਟਰ ਦੇ ਕੈਬਿਨ ਵਿੱਚ ਦੋ ਨੌਜਵਾਨਾਂ ਦੀਆਂ ਸ਼ੱਕੀ ਹਾਲਤ ਵਿੱਚ ਲਾਸ਼ਾਂ ਪਈਆਂ ਮਿਲੀਆਂ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਫੈਕਟਰੀ ਦੇ ਸਕਿਉਰਿਟੀ ਸੁਪਰਵਾਈਜ਼ਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਕੈਂਟਰ ਰਿਫਾਇੰਡ ਤੇਲ ਲੈਣ ਲਈ 5 ਜਨਵਰੀ ਨੂੰ ਫੈਕਟਰੀ ਵਿੱਚ ਆਇਆ ਸੀ, ਜਿਸ ਦੇ ਚਾਲਕ ਦਾ ਨਾਮ ਛੋਟੂ ਵਾਸੀ ਪਿੰਡ ਡੂੰਗਰਾਂਵਾਲਾ, ਤਹਿਸੀਲ ਖੇਰਾਗੜ੍ਹ (ਯੂ.ਪੀ.), ਜਦਕਿ ਉਸ ਦੇ ਸਾਥੀ ਦਾ ਨਾਮ ਸ੍ਰੀ ਭਗਵਾਨ ਵਾਸੀ ਪਿੰਡ ਮਹਿਤਾ, ਜ਼ਿਲ੍ਹਾ ਭਰਤਪੁਰ (ਰਾਜਸਥਾਨ) ਵਜੋਂ ਹੋਈ ਹੈ, ਜੋ ਕਿ ਰਿਸ਼ਤੇ ਵਿੱਚ ਫੁੱਫੜ ਤੇ ਭਤੀਜਾ ਲੱਗਦੇ ਹਨ। ਜਦੋਂ ਇਹ ਦੋਵੇਂ ਅੱਜ ਕੈਬਿਨ ਵਿੱਚ ਮ੍ਰਿਤਕ ਪਾਏ ਗਏ ਤਾਂ ਤੁਰੰਤ ਪੁਲਸ ਨੂੰ ਸੂਚਿਤ ਕੀਤਾ ਗਿਆ। ਮੌਕੇ 'ਤੇ ਪੁੱਜੇ ਥਾਣਾ ਮੁਖੀ ਪਵਿੱਤਰ ਸਿੰਘ ਨੇ ਦੱਸਿਆ ਕਿ ਫੈਕਟਰੀ ਦੇ ਪ੍ਰਬੰਧਕਾਂ ਅਨੁਸਾਰ ਇਹ ਦੋਵੇਂ ਨੌਜਵਾਨ ਰਾਤ ਖਾਣਾ ਖਾ ਕੇ ਕੈਂਟਰ ਦੇ ਕੈਬਿਨ ਵਿੱਚ ਸੌਂ ਗਏ ਤੇ ਇਨ੍ਹਾਂ ਨੇ ਠੰਢ ਤੋਂ ਬਚਾਅ ਲਈ ਕੋਲਿਆਂ ਵਾਲੀ ਅੰਗੀਠੀ ਬਾਲੀ ਹੋਈ ਸੀ। ਮੁੱਢਲੀ ਜਾਂਚ ਦੌਰਾਨ ਇਹ ਸਾਹਮਣੇ ਆ ਰਿਹਾ ਹੈ ਕਿ ਕੋਲਿਆਂ ਵਾਲੀ ਅੰਗੀਠੀ ਤੋਂ ਗੈਸ ਚੜ੍ਹਨ ਕਾਰਨ ਇਨ੍ਹਾਂ ਦਾ ਦਮ ਘੁੱਟਿਆ ਗਿਆ ਤੇ ਇਨ੍ਹਾਂ ਦੀ ਮੌਤ ਹੋ ਗਈ। ਥਾਣਾ ਮੁਖੀ ਅਨੁਸਾਰ ਫੈਰੋਂਸਿਕ ਟੀਮ ਬੁਲਾਈ ਗਈ ਹੈ, ਜੋ ਸਾਰੇ ਮਾਮਲੇ ਦੀ ਜਾਂਚ ਕਰੇਗੀ ਕਿ ਮੌਤ ਦੇ ਅਸਲ ਕਾਰਨ ਕੀ ਹਨ? ਪੁਲਸ ਅਨੁਸਾਰ ਦੋਵਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਲਾਸ਼ਾਂ ਨੂੰ ਕਬਜ਼ੇ 'ਚ ਕਰ ਪੋਸਟਮਾਰਟਮ ਲਈ ਭਿਜਵਾਇਆ ਜਾਵੇਗਾ, ਜਿਸ ਤੋਂ ਬਾਅਦ ਹੀ ਮੌਤ ਦੇ ਕਾਰਨਾਂ ਦਾ ਪਤਾ ਲੱਗੇਗਾ।

# ਐਡਵੋਕੇਟ ਦਿਲਜੋਤ ਕੌਰ ਦੀ ਮੌਤ ਦੀ ਬਰੀਕੀ ਨਾਲ ਹੋਵੇ ਜਾਂਚ : ਲਿਬਰੇਸ਼ਨ



**ਮਾਨਸਾ (ਆਤਮਾ ਸਿੰਘ ਪਮਾਰ)**

ਪਿੰਡ ਰੱਲਾ ਦੀ ਧੀ ਦਿਲਜੋਤ ਕੌਰ ਦੀ ਲੁਧਿਆਣਾ ਵਿਖੇ ਭੇਤ-ਭਰੀ ਹਾਲਤ 'ਚ ਹੋਈ ਮੌਤ ਦੀ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਨੇ ਉੱਚ ਪੱਧਰੀ ਜਾਂਚ ਤੋਂ ਇਲਾਵਾ ਮੌਤ ਲਈ ਜ਼ਿੰਮੇਵਾਰ ਕਥਿਤ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ।ਪਿੰਡ ਰੱਲਾ ਵਿਖੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਪਹੁੰਚੇ ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਕਾ. ਰਾਜਵਿੰਦਰ ਰਾਣਾ, ਹਰਭਗਵਾਨ ਭੀਖੀ, ਆਇਸਾ ਦੇ ਸੁਖਜੀਤ ਰਾਮਾਨੰਦੀ, ਮਜ਼ਦੂਰ ਮੁਕਤੀ ਮੋਰਚਾ ਦੇ ਗੁਰਸੇਵਕ ਸਿੰਘ ਮਾਨਬੀਬੜੀਆ ਤੇ ਪੰਜਾਬ ਸਟੂਡੈਂਟਸ ਯੂਨੀਅਨ ਦੀ ਆਗੂ ਅਰਵਿੰਦਰ ਕੌਰ ਨੇ ਕਿਹਾ ਕਿ ਪੀੜਤ ਪਰਿਵਾਰ ਦੀ ਮਾਤਾ ਵੀਰਪਾਲ ਕੌਰ ਤੇ ਮਾਮਾ ਸਿਵਜੀ ਰਾਮ ਨੇ ਦੱਸਿਆ ਹੈ ਕਿ ਦਿਲਜੋਤ ਪੜ੍ਹਨ ਤੇ ਖੇਡਾਂ 'ਚ ਕਾਫ਼ੀ ਹੁਸ਼ਿਆਰ ਸੀ, ਜਿਸ ਕਰਕੇ ਉਸ ਨੂੰ ਕਈ ਐਵਾਰਡ ਵੀ ਮਿਲੇ।ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੜ੍ਹਾਈ ਦੌਰਾਨ ਉਹ ਪੰਜਾਬ ਸਟੂਡੈਂਟਸ ਯੂਨੀਅਨ ਲਲਕਾਰ ਦੀ ਸਰਗਰਮ ਕਾਰਕੁੰਨ ਬਣ ਗਈ ਤੇ ਲਾਅ ਕਰਨ ਉਪਰੰਤ ਉਹ ਕੁਲਵਕਤੀ ਬਣ ਕੇ ਲੁਧਿਆਣੇ ਲਲਕਾਰ ਵਾਲਿਆਂ ਦੇ ਦਫਤਰ ਰਹਿਣ ਲੱਗੀ।ਦਿਨ-ਰਾਤ ਜਥੇਬੰਦੀ ਦੀਆਂ ਸਰਗਰਮੀਆਂ ਦੌਰਾਨ ਪਾਰਟੀ ਸਾਹਿਤ ਦਾ ਪ੍ਰਚਾਰ ਕਰਨ ਤੋਂ ਇਲਾਵਾ ਮਜ਼ਦੂਰਾਂ ਦੇ ਕੇਸ ਵੀ ਲੜਨ ਲੱਗੀ।

ਲਿਬਰੇਸ਼ਨ ਆਗੂਆਂ ਅਨੁਸਾਰ ਪਰਿਵਾਰ ਨੇ ਦੱਸਿਆ ਕਿ ਜਥੇਬੰਦੀ ਦੇ ਕੁੱਝ ਆਗੂ ਦਿਲਜੋਤ ਨੂੰ ਪ੍ਰੇਸ਼ਾਨ ਕਰਦੇ ਸਨ।ਉਨ੍ਹਾਂ ਦੱਸਿਆ ਕਿ ਪੰਜ ਜਨਵਰੀ ਸ਼ਾਮ ਨੂੰ ਇੱਕ ਕਾਰਕੁੰਨ ਲੜਕੀ ਦਾ ਫੋਨ ਆਇਆ ਕਿ ਦਿਲਜੋਤ ਬੇਹੋਸ਼ ਹੋ ਗਈ ਹੈ, ਜਦ ਪਰਿਵਾਰ ਪਹੁੰਚਿਆ ਤਾਂ ਪਰਿਵਾਰ ਨੂੰ ਦਿਲਜੋਤ ਦੀ ਭੇਤਭਰੀ ਹਾਲਤ 'ਚ ਲਾਸ਼ ਮਿਲੀ।

ਜਦੋਂ ਉਨ੍ਹਾਂ ਪੁਲਸ ਨਾਲ ਗੱਲਬਾਤ ਕੀਤੀ ਤਾਂ ਪੁਲਸ ਪ੍ਰਸ਼ਾਸਨ ਦਾ ਰਵੱਈਆ ਟਾਲਮਟੋਲ ਵਾਲਾ ਸੀ ਤੇ ਐੱਫ ਆਈ ਆਰ ਦਰਜ ਕਰਨ ਨੂੰ ਵੀ ਤਿਆਰ ਨਹੀਂ ਸੀ।ਲਿਬਰੇਸ਼ਨ ਆਗੂਆਂ ਨੇ ਕਿਹਾ ਕਿ ਉਨ੍ਹਾਂ ਦੇ ਖੁਦਕੁਸ਼ੀ ਨੋਟ ਨੂੰ ਜਦ ਵੇਖਿਆ ਤਾਂ ਉਹ ਬਿਲਕੁਲ ਸ਼ੱਕੀ ਜਾਪਦਾ ਹੈ, ਜਿਸ ਦੀ ਵੀ ਬਰੀਕੀ ਨਾਲ ਜਾਂਚ ਹੋਣੀ ਚਾਹੀਦੀ ਹੈ।

# ਡਾ. ਮਨਜੀਤ ਸਿੰਘ ਐਡੀਸ਼ਨਲ ਡਾਇਰੈਕਟਰ ਬਣੇ



**ਲਹਿਰਾਗਾਗਾ (ਪਵਨ ਸ਼ਰਮਾ)**-ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ (ਸੀ ਬੀ ਐੱਸ ਈ) ਨਵੀਂ ਦਿੱਲੀ ਵਿੱਚ ਬਾਖੂਬੀ ਸੇਵਾ ਨਿਭਾਅ ਰਹੇ ਇਕਲੌਤੇ ਪੰਜਾਬੀ ਅਧਿਕਾਰੀ ਡਾ. ਮਨਜੀਤ ਸਿੰਘ ਨੂੰ ਹਾਲ ਹੀ 'ਚ ਐਡੀਸ਼ਨਲ ਡਾਇਰੈਕਟਰ ਦੇ ਮਾਣਯੋਗ ਅਹੁਦੇ 'ਤੇ ਤਰੱਕੀ ਦਿੱਤੀ ਗਈ ਹੈ, ਜਿਹੜੀ ਕਿ ਆਪਣੇ-ਆਪ ਤੇ ਪੰਜਾਬ ਲਈ ਇੱਕ ਮਾਣ ਵਾਲੀ ਗੱਲ ਹੈ।ਜ਼ਿਕਰਯੋਗ ਹੈ ਕਿ ਅਰਥ ਸ਼ਾਸਤਰ ਵਿੱਚ ਪੀ.ਐੱਚ.ਡੀ. ਡਿਗਰੀ ਹਾਸਲ ਕਰਨ ਤੋਂ ਬਾਅਦ ਡਾ. ਮਨਜੀਤ ਸਿੰਘ ਕੈਨੇਡਾ ਦੇ ਇੱਕ ਨਾਮੀ ਕਾਲਜ ਵਿੱਚ ਬਤੌਰ ਪ੍ਰੋਫੈਸਰ ਸੇਵਾ ਨਿਭਾਅ ਚੁੱਕੇ ਹਨ ਤੇ ਉਨ੍ਹਾਂ ਦੇ 20 ਤੋਂ ਵੱਧ ਖੋਜ ਪੱਤਰ ਲੇਖ ਰਾਸ਼ਟਰੀ ਤੇ ਅੰਤਰਰਾਸ਼ਟਰੀ ਜਰਨਲਾਂ ਵਿੱਚ ਪ੍ਰਕਾਸ਼ਤ ਹੋਏ ਹਨ।ਡਾ. ਸਿੰਘ ਦੀ ਇਸ ਸਫ਼ਲਤਾ ਤੇ ਪਦ ਉੱਨਤੀ 'ਤੇ ਪੰਜਾਬ ਦੇ ਵੱਖ-ਵੱਖ ਵਰਗ ਖਾਸ ਕਰਕੇ ਸਿੱਖਿਅਕ ਵਰਗ ਵਿੱਚ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ।ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਹਤਾਇਸ਼ੀਆਂ ਨੇ ਡਾ. ਮਨਜੀਤ ਸਿੰਘ ਨੂੰ ਦਿੱਤੀ ਗਈ ਇਸ ਤਰੱਕੀ ਬਦਲੇ ਸੀ.ਬੀ.ਐੱਸ.ਈ. ਨਵੀਂ ਦਿੱਲੀ ਦੇ ਉੱਚ-ਅਧਿਕਾਰੀਆਂ ਦੇ ਇਸ ਫੈਸਲੇ ਦੀ ਸ਼ਲਾਘਾ ਕਰਦੇ ਹੋਏ ਧੰਨਵਾਦ ਵੀ ਕੀਤਾ।

# ਕਾਂਗਰਸ ਦੀ ਮਨਰੇਗਾ ਬਚਾਓ ਸੰਗਰਾਮ ਰੈਲੀ ਬਾਘਾ ਪੁਰਾਣਾ 'ਚ ਅੱਜ

- ਵਿਰੋਧੀਆਂ ਦੇ ਸਭ ਭਰਮ ਹੋਣਗੇ ਦੂਰ : ਹਰੀ ਸਿੰਘ ਖਾਈ



**ਬਾਘਾ ਪੁਰਾਣਾ (ਮਨੀ ਸਿੰਗਲਾ)**-'ਬਾਘਾ ਪੁਰਾਣਾ ਵਿਧਾਨ ਸਭਾ ਹਲਕੇ ਵਿੱਚ ਕਾਂਗਰਸ ਪਾਰਟੀ ਵੱਲੋਂ ਕੀਤੀ ਜਾ ਰਹੀ ਮਨਰੇਗਾ ਬਚਾਓ ਸੰਗਰਾਮ ਰੈਲੀ ਵਿਰੋਧੀਆਂ ਦੇ ਸਾਰੇ ਭਰਮ ਤੇ ਭੁਲੇਖੇ ਦੂਰ ਕਰ ਦੇਵੇਗੀ।' ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਕਮੇਟੀ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਹਰੀ ਸਿੰਘ ਖਾਈ ਨੇ ਕਰਦਿਆਂ ਕੀਤਾ।ਉਨ੍ਹਾਂ ਦੱਸਿਆ ਕਿ ਕਾਂਗਰਸ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਅਗਵਾਈ ਹੇਠ ਸੂਬੇ ਭਰ ਵਿੱਚ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਮਨਰੇਗਾ ਬਚਾਓ ਸੰਗਰਾਮ ਰੈਲੀਆਂ ਕੀਤੀਆਂ ਜਾ ਰਹੀਆਂ ਹਨ।ਇਸੀ ਲੜੀ ਤਹਿਤ ਬਾਘਾ ਪੁਰਾਣਾ ਦੀ ਦਾਣਾ ਮੰਡੀ ਵਿੱਚ 11 ਜਨਵਰੀ ਨੂੰ ਬਾਅਦ ਦੁਪਹਿਰ 2 ਵਜੇ ਇੱਕ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਜ਼ਿਲ੍ਹਾ ਪ੍ਰਧਾਨ ਹਰੀ ਸਿੰਘ ਖਾਈ ਨੇ ਕਿਹਾ ਕਿ ਇਸ ਰੈਲੀ ਵਿੱਚ ਮੋਗਾ ਜ਼ਿਲ੍ਹੇ ਦੇ ਨਾਲ-ਨਾਲ ਨੇੜਲੇ ਇਲਾਕਿਆਂ ਦੇ ਨੌਂ ਵਿਧਾਨ ਸਭਾ ਹਲਕਿਆਂ ਦੀ ਕਾਂਗਰਸ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਸ਼ਮੂਲੀਅਤ ਕਰੇਗੀ।ਇਸ ਤੋਂ ਇਲਾਵਾ ਪਾਰਟੀ ਦੇ ਸੀਨੀਅਰ ਆਗੂ, ਬਲਾਕ ਤੇ ਮੰਡਲ ਪੱਧਰ ਦੇ ਵਰਕਰਾਂ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸ ਨੂੰ ਪਸੰਦ ਕਰਨ ਵਾਲੇ ਲੋਕ ਰੈਲੀ ਵਿੱਚ ਪਹੁੰਚਣਗੇ।ਉਨ੍ਹਾਂ ਦਾਅਵਾ ਕੀਤਾ ਕਿ ਇਹ ਰੈਲੀ ਲੋਕਾਂ ਨੂੰ ਕੇਂਦਰ ਸਰਕਾਰ ਦੀ ਅਸਲ ਨੀਅਤ ਤੋਂ ਜਾਣੂ ਕਰਵਾਏਗੀ ਤੇ ਵਿਰੋਧੀ ਪਾਰਟੀਆਂ ਵੱਲੋਂ ਫੈਲਾਏ ਜਾ ਰਹੇ ਭਰਮਾਂ ਦਾ ਮੂੰਹ ਤੋੜ ਜਵਾਬ ਸਾਬਿਤ ਹੋਵੇਗੀ।ਹਰੀ ਸਿੰਘ ਖਾਈ ਨੇ ਕੇਂਦਰ ਸਰਕਾਰ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਮਨਰੇਗਾ ਵਰਗੀ ਲੋਕਪ੍ਰਿਯ ਤੇ ਗਰੀਬ ਵਰਗ ਲਈ ਰੋਜ਼ਗਾਰ ਦਾ ਸਹਾਰਾ ਬਣੀ ਯੋਜਨਾ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਉਨ੍ਹਾਂ ਆਖਿਆ ਕਿ ਮਨਰੇਗਾ ਦੀ ਥਾਂ ਲਿਆਂਦੀ ਗਈ 'ਜੀ ਰਾਮ ਜੀ' ਯੋਜਨਾ ਗਰੀਬਾਂ, ਮਜ਼ਦੂਰਾਂ ਤੇ ਪਿੰਡਾਂ ਦੇ ਲੋਕਾਂ ਦੇ ਹੱਕਾਂ 'ਤੇ ਸਿੱਧਾ ਹਮਲਾ ਹੈ।ਕਾਂਗਰਸ ਪਾਰਟੀ ਇਸ ਯੋਜਨਾ ਖਿਲਾਫ ਸੜਕਾਂ 'ਤੇ ਉੱਤਰ ਕੇ ਸੰਘਰਸ਼ ਕਰ ਰਹੀ ਹੈ ਤੇ ਇਹ ਲੜਾਈ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਲੋਕਾਂ ਦੇ ਹੱਕਾਂ ਦੀ ਰੱਖਿਆ ਨਹੀਂ ਹੋ ਜਾਂਦੀ।ਅੰਤ ਵਿੱਚ ਜ਼ਿਲ੍ਹਾ ਪ੍ਰਧਾਨ ਨੇ ਮੋਗਾ ਜ਼ਿਲ੍ਹੇ ਤੇ ਆਸ-ਪਾਸ ਦੇ ਇਲਾਕਿਆਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਮੇਂ ਸਿਰ ਬਾਘਾ ਪੁਰਾਣਾ ਦੀ ਦਾਣਾ ਮੰਡੀ ਵਿੱਚ ਪਹੁੰਚ ਕੇ ਇਸ ਵਿਸ਼ਾਲ ਰੈਲੀ ਨੂੰ ਕਾਮਯਾਬ ਬਣਾਉਣ।

# ਭਾਜਪਾ ਦੀ ਸਮਰਾਲਾ ਰੈਲੀ 'ਚ ਅੱਜ ਜੁੜਨਗੇ ਵੱਡੇ ਦਿੱਗਜ



**ਸਮਰਾਲਾ (ਸੁਰਜੀਤ ਸਿੰਘ)**-ਹਾਲੀਆ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿੱਚ ਮਿਲੀ ਅੰਸ਼ਿਕ, ਪਰ ਮਹੱਤਵਪੂਰਨ ਸਫਲਤਾ ਤੋਂ ਉਤਸ਼ਾਹਤ ਹੋ ਕੇ ਭਾਰਤੀ ਜਨਤਾ ਪਾਰਟੀ ਨੇ ਆਪਣੇ ਰਵਾਇਤੀ ਸਾਥੀ ਸ਼੍ਰੋਮਣੀ ਅਕਾਲੀ ਦਲ ਦੇ ਸਹਿਯੋਗ ਨੂੰ ਦਰਕਿਨਾਰ ਕਰਦੇ ਹੋਏ ਪੰਜਾਬ ਵਿੱਚ 'ਏਕਲਾ ਚਲੋ' ਦੇ ਟੀਚੇ ਨੂੰ ਲੈ ਕੇ ਆਪਣੇ ਪਰ ਤੋਲਣੇ ਸ਼ੁਰੂ ਕਰ ਦਿੱਤੇ ਹਨ।

ਾਰਟੀ ਨੇ ਪੰਜਾਬ ਵਿੱਚ ਵੱਡੇ ਪੱਧਰ 'ਤੇ ਸਿਆਸੀ ਗਤੀਵਿਧੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਸ ਵਿੱਚ ਪਾਰਟੀ ਦੇ ਸੂਬਾ ਤੇ ਕੇਂਦਰੀ ਆਗੂਆਂ ਦੀ ਸਰਗਰਮ ਸ਼ਮੂਲੀਅਤ ਦੇਖਣ ਨੂੰ ਮਿਲ ਰਹੀ ਹੈ।ਇਸੇ ਕੜੀ ਦੇ ਸਿਲਸਿਲੇ ਵਿੱਚ ਅੱਜ ਸਮਰਾਲਾ ਦੀ ਦਾਣਾ ਮੰਡੀ ਵਿੱਚ ਭਾਜਪਾ ਦੇ ਹਲਕਾ ਇੰਚਾਰਜ ਨਿਸ਼ੂ ਸ਼ਰਮਾ ਦੀ ਅਗਵਾਈ ਵਿੱਚ ਭਾਰੀ ਰੈਲੀ ਕੀਤੀ ਜਾ ਰਹੀ ਹੈ, ਜਿਸ ਵਿੱਚ ਇਲਾਕੇ ਦੇ 15-20 ਹਜ਼ਾਰ ਭਾਜਪਾ ਸਮਰਥਤ ਲੋਕਾਂ ਦੇ ਇਕੱਠ ਦਾ ਦਾਅਵਾ ਭਾਜਪਾ ਆਗੂਆਂ ਵੱਲੋਂ ਕੀਤਾ ਜਾ ਰਿਹਾ ਹੈ।ਗੌਰਤਲਬ ਹੈ ਕਿ ਨਿਸ਼ੂ ਸ਼ਰਮਾ ਦੀ ਅਗਵਾਈ ਵਿੱਚ ਲੜੀ ਗਈ ਹਾਲੀਆ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿੱਚ ਭਾਜਪਾ ਨੂੰ ਉਤਸ਼ਾਹ ਭਰਪੂਰ ਸਿੱਟੇ ਪ੍ਰਾਪਤ ਹੋਏ ਹਨ। ਭਾਜਪਾ ਆਗੂ ਆਸ਼ੂ ਸ਼ਰਮਾ ਦਾ ਕਹਿਣਾ ਹੈ ਕਿ ਜੇਤੂ, ਚੋਣ ਲੜਨ ਵਾਲੇ ਉਮੀਦਵਾਰਾਂ ਨੂੰ ਸਨਮਾਨਤ ਕਰਨ ਤੇ ਪਾਰਟੀ ਵਰਕਰਾਂ ਦੀ ਹੌਸਲਾ ਬੁਲੰਦੀ ਕਰਨ ਲਈ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ, ਸੁਨੀਲ ਜਾਖੜ, ਅਸ਼ਵਨੀ ਸ਼ਰਮਾ, ਅਨਿਲ ਸਰੀਨ ਤੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਅੱਜ ਸਮਰਾਲਾ ਵਿਖੇ ਪਾਰਟੀ ਵਰਕਰਾਂ ਦੇ ਰੂਬਰੂ ਹੋਣਗੇ।ਆਸ਼ੂ ਸ਼ਰਮਾ ਨੇ ਦੱਸਿਆ ਕਿ ਪੰਜਾਬ ਦੇ ਲੋਕਾਂ ਨੇ ਕਾਂਗਰਸ, ਅਕਾਲੀ ਦਲ ਤੇ ਆਮ ਆਦਮੀ ਪਾਰਟੀ ਨੂੰ ਤਾਂ ਅਜ਼ਮਾ ਲਿਆ ਹੈ, ਜੋ ਪੰਜਾਬ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉੱਤਰੀ, ਜਿਸ ਕਾਰਨ ਲੋਕ ਇਨ੍ਹਾਂ ਸਿਆਸੀ ਪਾਰਟੀਆਂ ਤੋਂ ਬਦਜ਼ਨ ਹੋ ਗਏ ਹਨ। ਉਨ੍ਹਾਂ ਕਿਹਾ ਕਿ ਭਾਜਪਾ ਪੰਜਾਬ ਨੂੰ ਅਜਿਹਾ ਪ੍ਰਸ਼ਾਸਨ ਦੇਵੇਗੀ, ਜੋ ਲੋਕ ਹਿੱਤੂ ਤੇ ਰਵਾਇਤੀ ਪਾਰਟੀਆਂ ਤੋਂ ਬਿਲਕੁਲ ਵੱਖਰਾ ਹੋਵੇਗਾ।ਉਨ੍ਹਾਂ ਕਿਹਾ ਕਿ ਵਿਰੋਧੀ ਸਿਆਸੀ ਪਾਰਟੀਆਂ ਨੇ ਮਨਰੇਗਾ ਸਬੰਧੀ ਜੋ ਕੂੜ ਪ੍ਰਚਾਰ ਆਰੰਭਿਆ ਹੋਇਆ ਹੈ, ਉਸ ਬਾਰੇ ਲੋਕਾਂ ਦੇ ਸ਼ੰਕੇ ਇਸ ਰੈਲੀ ਵਿੱਚ ਦੂਰ ਕੀਤੇ ਜਾਣਗੇ।ਉਨ੍ਹਾਂ ਇਲਾਕੇ ਦੇ ਪਾਰਟੀ ਵਰਕਰਾਂ ਤੇ ਆਮ ਲੋਕਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਭਾਜਪਾ ਦੇ ਸੀਨੀਅਰ ਆਗੂਆਂ ਦੇ ਵਿਚਾਰ ਸੁਣਨ ਲਈ ਸਮਰਾਲਾ ਦੀ ਦਾਣਾ ਮੰਡੀ ਵਿੱਚ ਹੁੰਮ ਹੁਮਾ ਕੇ ਪਹੁੰਚਣ।

# ਲਹਿਰਾਗਾਗਾ ਨਾਲ ਸੰਬੰਧਤ ਫੈਸਲਿਆਂ ਲਈ ਹਲਕਾ ਵਿਧਾਇਕ ਤੇ ਵਾਸੀਆਂ ਵੱਲੋਂ ਮੁੱਖ ਮੰਤਰੀ ਦਾ ਧੰਨਵਾਦ



**ਲਹਿਰਾਗਾਗਾ (ਪਵਨ ਸ਼ਰਮਾ)**-ਚੰਡੀਗੜ੍ਹ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਹੋਈ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਵਿਧਾਨ ਸਭਾ ਹਲਕਾ ਲਹਿਰਾਗਾਗਾ ਨਾਲ ਸਬੰਧਤ ਦੋ ਇਤਿਹਾਸਕ ਫੈਸਲੇ ਲਏ ਗਏ ਹਨ।ਇਨ੍ਹਾਂ ਫੈਸਲਿਆਂ ਲਈ ਪੰਜਾਬ ਦੇ ਕੈਬਨਿਟ ਮੰਤਰੀ ਤੇ ਹਲਕਾ ਵਿਧਾਇਕ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਹਲਕਾ ਵਾਸੀਆਂ ਵੱਲੋਂ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਹੈ।ਇਨ੍ਹਾਂ ਫੈਸਲਿਆਂ ਉੱਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਸ੍ਰੀ ਗੋਇਲ ਨੇ ਕਿਹਾ ਕਿ ਕੈਬਨਿਟ ਨੇ ਜੈਨ ਭਾਈਚਾਰੇ ਵੱਲੋਂ ਘੱਟ ਗਿਣਤੀ ਮੈਡੀਕਲ ਕਾਲਜ (ਮਨਿਊਰਿਟੀ ਮੈਡੀਕਲ ਕਾਲਜ) ਸਥਾਪਤ ਕਰਨ ਵਾਸਤੇ ਬਾਬਾ ਹੀਰਾ ਸਿੰਘ ਭੱਠਲ ਟੈਕਨੀਕਲ ਕਾਲਜ, ਲਹਿਰਾਗਾਗਾ ਵਿੱਚ ਸਥਿਤ 19 ਏਕੜ 4 ਕਨਾਲ ਜ਼ਮੀਨ ਨਾਮਾਤਰ ਲੀਜ਼ ਦਰਾਂ 'ਤੇ ਜੈਨ ਸੁਸਾਇਟੀ ਨੂੰ ਦੇਣ ਦਾ ਫੈਸਲਾ ਕੀਤਾ ਹੈ।ਜੈਨ ਭਾਈਚਾਰੇ ਵੱਲੋਂ ਸਥਾਪਤ ਕੀਤੇ ਜਾਣ ਵਾਲੇ ਇਸ ਮੈਡੀਕਲ ਕਾਲਜ ਵਿੱਚ ਵਿਦਿਆਰਥੀਆਂ ਦਾ ਦਾਖ਼ਲਾ ਤੇ ਸੀਟਾਂ ਦੀ ਵੰਡ ਬਾਰੇ ਸੂਬਾ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਦਿਸ਼ਾ-ਨਿਰਦੇਸ਼ਾਂ/ਨੋਟੀਫਿਕੇਸ਼ਨਾਂ ਦੀਆਂ ਸ਼ਰਤਾਂ ਦੀ ਸਖ਼ਤੀ ਨਾਲ ਪਾਲਣਾ ਹੋਵੇਗੀ।ਸਾਰੀਆਂ ਸ਼੍ਰੇਣੀਆਂ ਦੀਆਂ ਸੀਟਾਂ ਲਈ ਫੀਸ ਢਾਂਚਾ ਸੂਬਾ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ/ਨੋਟੀਫਿਕੇਸ਼ਨਾਂ ਅਨੁਸਾਰ ਹੀ ਲਿਆ ਜਾਵੇਗਾ।ਮੰਤਰੀ ਮੰਡਲ ਨੇ ਇਹ ਵੀ ਫੈਸਲਾ ਕੀਤਾ ਕਿ ਟਰੱਸਟ ਨੂੰ ਸਮਝੌਤਾ ਪੱਤਰ (ਐੱਮ.ਓ.ਯੂ.) ਦੇ ਲਾਗੂ/ਸ਼ੁਰੂ ਹੋਣ ਦੀ ਮਿਤੀ ਤੋਂ ਪੰਜ ਸਾਲਾਂ ਦੇ ਅੰਦਰ-ਅੰਦਰ ਹਸਪਤਾਲ ਦਾ ਕੰਮਕਾਜ ਜਲਦੀ ਤੋਂ ਜਲਦੀ ਸ਼ੁਰੂ ਕਰਨਾ ਹੋਵੇਗਾ।ਮੈਡੀਕਲ ਕਾਲਜ ਦੀ ਸਥਾਪਨਾ ਤੇ ਸੰਚਾਲਨ ਘੱਟੋ-ਘੱਟ 220 ਬਿਸਤਰਿਆਂ ਵਾਲੇ ਹਸਪਤਾਲ ਤੇ 50 ਐੱਮ.ਬੀ.ਬੀ.ਐੱਸ. ਸੀਟਾਂ ਦੀ ਦਾਖ਼ਲਾ ਸਮਰੱਥਾ ਦੇ ਨਾਲ ਕੀਤਾ ਜਾਵੇਗਾ ਅਤੇ ਇਸ ਐੱਮ.ਓ.ਯੂ. ਦੇ ਅੱਠ ਸਾਲਾਂ ਦੇ ਅੰਦਰ 100 ਐੱਮ.ਬੀ.ਬੀ.ਐਸ. ਸੀਟਾਂ ਦੀ ਦਾਖਲਾ ਸਮਰੱਥਾ ਘੱਟੋ-ਘੱਟ 400 ਬਿਸਤਰਿਆਂ ਨਾਲ ਹਸਪਤਾਲ ਦਾ ਵਿਸਥਾਰ ਕੀਤਾ ਜਾਣਾ ਚਾਹੀਦਾ ਹੈ।ਇਸ ਕਦਮ ਦਾ ਉਦੇਸ਼ ਇਕ ਪਾਸੇ ਸੂਬੇ ਦੇ ਵਸਨੀਕਾਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ ਤੇ ਦੂਜੇ ਪਾਸੇ ਪੰਜਾਬ ਨੂੰ ਮੈਡੀਕਲ ਸਿੱਖਿਆ ਦੇ ਕੇਂਦਰ ਵਜੋਂ ਉਭਾਰਨਾ ਹੈ।

ਸ੍ਰੀ ਗੋਇਲ ਨੇ ਦੱਸਿਆ ਕਿ ਮੰਤਰੀ ਮੰਡਲ ਨੇ ਬਾਬਾ ਹੀਰਾ ਸਿੰਘ ਭੱਠਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਦੇ ਸਟਾਫ ਮੈਂਬਰਾਂ ਨੂੰ ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ ਵਿਭਾਗ ਅਤੇ ਇਸ ਵਿਭਾਗ ਅਧੀਨ ਆਉਂਦੀਆਂ ਖੁਦ-ਮੁਖਤਿਆਰ ਸੰਸਥਾਵਾਂ ਵਿੱਚ ਉਪਲਬਧ ਖਾਲੀ ਅਸਾਮੀਆਂ ਵਿਰੁੱਧ ਡੈਪੂਟੇਸ਼ਨ 'ਤੇ ਐਡਜਸਟ ਕਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।ਇਹ ਫੈਸਲਾ ਕਰਮਚਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਵਡੇਰੇ ਜਨਤਕ ਹਿੱਤ ਵਿੱਚ ਲਿਆ ਗਿਆ ਹੈ।ਉਨ੍ਹਾਂ ਕਿਹਾ ਕਿ ਇਹ ਦੋਵੇਂ ਮਹੱਤਵਪੂਰਨ ਮੰਗਾਂ ਹਲਕਾ ਵਾਸੀਆਂ ਦੀਆਂ ਚਿਰੋਕਣੀਆਂ ਮੰਗਾਂ ਸਨ, ਜੋ ਅੱਜ ਪੰਜਾਬ ਸਰਕਾਰ ਨੇ ਪੂਰੀਆਂ ਕਰਕੇ ਹਲਕਾ ਲਹਿਰਾ ਦੇ ਸਰਬਪੱਖੀ ਵਿਕਾਸ ਨੂੰ ਨਵਾਂ ਹੁਲਾਰਾ ਦਿੱਤਾ ਹੈ।ਦੂਜੇ ਪਾਸੇ ਅੱਜ ਪੰਜਾਬ ਸਰਕਾਰ ਦੇ ਇਨ੍ਹਾਂ ਫੈਸਲਿਆਂ ਤੋਂ ਖੁਸ਼ ਹੋ ਕੇ ਹਲਕਾ ਵਾਸੀਆਂ ਨੇ ਲੱਡੂ ਵੰਡੇ ਤੇ ਪਟਾਕੇ ਚਲਾਏ।

# .ਗਰੀਬ ਤੇ ਦਲਿਤ ਵਿਰੋਧੀ ਭਾਜਪਾ ਨੇ ਪੂਰੇ ਦੇਸ਼ 'ਚੋਂ ਮਨਰੇਗਾ ਨੂੰ ਕੀਤਾ ਖ਼ਤਮ : ਅਮਨ ਅਰੋੜਾ

- ਅਕਾਲੀ ਦਲ ਤੇ ਭਾਜਪਾ ਇੱਕ ਸਿੱਕੇ ਦੇ ਦੋ ਪਹਿਲੂ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਭਾਜਪਾ ਨੇ ਮਜ਼ਦੂਰਾਂ, ਗ਼ਰੀਬਾਂ ਤੇ ਖ਼ਾਸ ਕਰ ਕੇ ਦਲਿਤਾਂ ਦੇ ਢਿੱਡ 'ਤੇ ਲੱਤ ਮਾਰੀ ਹੈ ਤੇ ਪੂਰੇ ਦੇਸ਼ 'ਚ ਦਲਿਤਾਂ ਨੂੰ ਬਰਬਾਦ ਕਰ ਦਿੱਤਾ ਗਿਆ ਹੈ। ਪੰਜਾਬ ਦੇ ਕਰੋੜਾਂ ਦਲਿਤ ਪਰਿਵਾਰ ਭਾਜਪਾ ਦੀ ਇਸ ਹਰਕਤ ਦੀ ਵਜ੍ਹਾ ਨਾਲ਼ ਬੇਰੁਜ਼ਗਾਰ ਹੋ ਜਾਣਗੇ ਤੇ ਉਨ੍ਹਾਂ ਦੇ ਘਰਾਂ 'ਚ ਚੁੱਲ੍ਹਾ ਬਾਲਣ ਤੇ ਰੋਟੀ ਬਣਾਉਣ ਤੱਕ ਦੇ ਪੈਸੇ ਵੀ ਨਹੀਂ ਰਹਿਣੇ।ਇਹ ਗੱਲ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੀ ਰਹਿਨੁਮਾਈ ਹੇਠ ਟੀਮ ਅਮਨ ਅਰੋੜਾ ਅਤੇ ਆਮ ਆਦਮੀ ਪਾਰਟੀ ਦੇ ਵੱਖ-ਵੱਖ ਅਹੁਦੇਦਾਰਾਂ ਵੱਲੋਂ ਹਲਕੇ ਵਿੱਚ ਕੀਤੀਆਂ ਜਾ ਰਹੀਆਂ ਜਨ ਸਭਾਵਾਂ ਨੂੰ ਸੰਬੋਧਨ ਕਰਦਿਆਂ ਆਖੀ ਗਈ। ਇਸ ਮੌਕੇ ਉਨ੍ਹਾਂ ਕਿਹਾ ਕਿ ਗ਼ਰੀਬ ਮਜ਼ਦੂਰ ਤੇ ਖ਼ਾਸ ਕਰ ਕੇ ਦਲਿਤ ਪਰਿਵਾਰਾਂ ਦੇ ਲੋਕ ਬਹੁਤ ਨਰਾਜ਼ ਤੇ ਦੁਖੀ ਹਨ।ਲੋਕ ਭਾਜਪਾ ਨੂੰ ਕੋਸ ਰਹੇ ਹਨ ਤੇ ਖੁੱਲ੍ਹ ਕੇ ਕਹਿ ਰਹੇ ਹਨ ਕਿ ਉਹ ਭਾਜਪਾ ਨੂੰ ਵੋਟ ਨਹੀਂ ਪਾਉਣਗੇ।ਭਾਜਪਾ ਇੱਕ ਗ਼ਰੀਬ ਤੇ ਦਲਿਤ ਵਿਰੋਧੀ ਪਾਰਟੀ ਹੈ। ਮਨਰੇਗਾ ਖ਼ਤਮ ਕਰਨ ਵਾਲ਼ੀ ਤੇ ਗ਼ਰੀਬਾਂ ਤੋਂ ਰੋਜ਼ਗਾਰ ਖੋਹਣ ਵਾਲੀ ਪਾਰਟੀ ਨੂੰ ਲੋਕ ਵੋਟ ਨਹੀਂ ਪਾਉਣਾ ਚਾਹੁੰਦੇ।

ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਅਕਾਲੀ ਦਲ ਵੀ ਇਸ ਸਾਜ਼ਿਸ਼ ਵਿੱਚ ਸ਼ਾਮਲ ਹੈ ਤੇ ਭਾਜਪਾ ਨਾਲ ਪੂਰੀ ਤਰ੍ਹਾਂ ਮਿਲਿਆ ਹੋਇਆ ਹੈ।ਇਨ੍ਹਾਂ ਦੋਵਾਂ ਦੀ ਪੂਰੀ ਪਲਾਨਿੰਗ ਹੈ ਕਿ ਅਗਲੀਆਂ ਚੋਣਾਂ ਮਿਲ ਕੇ ਲੜਾਂਗੇ, ਇਹ ਦੋਵੇਂ ਪਾਰਟੀਆਂ ਇਕ ਹੀ ਸਿੱਕੇ ਦੇ ਦੋ ਪਹਿਲੂ ਹਨ। ਬੁਲਾਰਿਆਂ ਨੇ ਕਿਹਾ ਕਿ ਅਕਾਲੀ ਦਲ ਲਈ ਇਹ ਸ਼ਰਮ ਦੀ ਗੱਲ ਹੈ, ਕਿ ਉਹ ਵੀ ਦਲਿਤ-ਵਿਰੋਧੀ ਭਾਜਪਾ ਦੇ ਨਾਲ਼ ਖੜ੍ਹਾ ਹੈ ਤੇ ਦਲਿਤਾਂ ਖ਼ਿਲਾਫ਼ ਹੋ ਰਹੀਆਂ ਸਾਜ਼ਿਸ਼ਾਂ ਵਿੱਚ ਸ਼ਾਮਲ ਹੈ। ਦੂਜੇ ਪਾਸੇ, ਆਮ ਆਦਮੀ ਪਾਰਟੀ ਪੂਰੀ ਤਰ੍ਹਾਂ ਨਾਲ ਦਲਿਤਾਂ ਦੇ ਹਿੱਤ 'ਚ ਕੰਮ ਕਰ ਰਹੀ ਹੈ ਅਤੇ ਦਿਨ-ਰਾਤ ਦਲਿਤ ਸਮਾਜ ਦੀ ਭਲਾਈ ਲਈ ਜੁਟੀ ਹੋਈ ਹੈ। ਇਸ ਮੌਕੇ ਦੀਪ ਸਿੰਘ ਸਰਪੰਚ ਕਨੋਈ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜਸਪਾਲ ਸਿੰਘ ਪਾਲਾ ਤੇ ਸਤਨਾਮ ਸਿੰਘ ਕਾਲਾ, ਬਲਾਕ ਸੰਮਤੀ ਮੈਂਬਰ ਸੋਨੀ ਵਿਰਕ, ਹਲਕਾ ਕੋਆਰਡੀਨੇਟਰ ਕੁਲਦੀਪ ਸਿੰਘ, ਦਵਿੰਦਰ ਸਿੰਘ ਸਰਪੰਚ, ਸੁੱਖ ਸਾਹੋਕੇ ਸਰਪੰਚ, ਬਲਾਕ ਪ੍ਰਧਾਨ ਕੁਲਦੀਪ ਸਿੰਘ ਪ੍ਰਿਥੀ, ਹਲਕਾ ਕੋਆਰਡੀਨੇਟਰ ਐੱਸ.ਸੀ.ਵਿੰਗ ਤਰਸੇਮ ਚੌਧਰੀ, ਜੰਗੀਰ ਸਿੰਘ ਸਰਪੰਚ ਤੇ ਮਨੀ ਸਰਾਓਂ ਸਮੇਤ ਵੱਡੀ ਗਿਣਤੀ ਪਿੰਡਾਂ ਦੇ ਵਸਨੀਕ ਹਾਜ਼ਰ ਸਨ।

11 Jan Page 3.qxd 1/10/2026 10:47 PM Page 1



# ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਨੇ ਵਿਧਾਇਕ ਭੁੱਲਰ ਨੂੰ ਸੌਂਪਿਆ ਮੰਗ ਪੱਤਰ

**ਪੱਟੀ, (ਬਲਦੇਵ ਸਿੰਘ ਸੰਧੂ)**-ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਵੱਲੋਂ ਦਿੱਤੇ ਰੋਸ ਧਰਨੇ ਦੌਰਾਨ ਪੰਜਾਬ ਅਤੇ ਕੇਂਦਰ ਸਰਕਾਰ ਨਾਲ ਸੰਬੰਧਤ ਮੁੱਦਿਆਂ ਦੀਆਂ ਮੰਗਾਂ ਮਨਵਾਉਣ ਲਈ ਪੱਟੀ ਅੰਦਰ ਪੰਜਾਬ ਸਰਕਾਰ ਦੇ ਨਾਂਅ ਮੰਗ ਪੱਤਰ ਦਿੱਤਾ ਗਿਆ। ਅੱਜ ਦੇ ਰੋਸ ਧਰਨੇ ਦੀ ਅਗਵਾਈ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਆਗੂਆਂ ਸਾਹਿਬ ਸਿੰਘ ਸਭਰਾ, ਕਾਰਜ ਸਿੰਘ ਘਰਿਆਲਾ, ਬਾਬਾ ਪ੍ਰਗਟ ਸਿੰਘ ਪ੍ਰਿੰਗੜੀ, ਸੁਖਵੰਤ ਸਿੰਘ ਦੁੱਬਲੀ, ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਨੌਨਿਹਾਲ ਸਿੰਘ ਸੀਤੋ, ਪਰਮਜੀਤ ਸਿੰਘ ਗਦਾਈਕੇ, ਸਿਕੰਦਰਪਾਲ ਸਿੰਘ ਨੱਥੂਪੁਰ ਨੇ ਕੀਤੀ।ਪੰਜਾਬ ਦੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਗੈਰ-ਮੌਜੂਦਗੀ 'ਚ ਮੰਗ ਪੱਤਰ ਨੂੰ ਖੇਮਕਰਨ ਤੋਂ ਹਲਕਾ ਵਿਧਾਇਕ ਸਰਵਣ ਸਿੰਘ ਧੁੰਨ ਨੇ ਪ੍ਰਾਪਤ ਕੀਤਾ।ਇਸ ਮੌਕੇ ਸੰਯੁਕਤ ਮੋਰਚੇ 'ਚ ਸ਼ਾਮਲ ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟ ਬੁੱਢਾ ਦੇ ਸੂਬਾ ਪ੍ਰਧਾਨ ਇੰਦਰਜੀਤ ਸਿੰਘ ਕੋਟਬੁੱਢਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ -2025 ਨੂੰ ਰੱਦ ਕਰਕੇ ਮਤਾ ਕੇਂਦਰ ਸਰਕਾਰ ਕੋਲ ਭੇਜਿਆ ਜਾਵੇ ਅਤੇ ਸਮਾਰਟ ਮੀਟਰ ਲਗਾਉਣਾ ਅਤੇ ਬਿਜਲੀ ਵਿਭਾਗ ਦੀਆਂ ਜ਼ਮੀਨਾਂ ਨੂੰ ਵੇਚਣ ਤੋਂ ਰੋਕਿਆ ਜਾਵੇ।ਹੜ੍ਹ ਪੀੜਤਾਂ ਨੂੰ ਬਹੁਤ ਘੱਟ 20 ਹਜ਼ਾਰ ਰੁਪਏ ਮੁਆਵਜ਼ਾ ਵੀ ਮੁਕੰਮਲ ਰੂਪ ਵਿੱਚ ਨਹੀਂ ਦਿੱਤਾ ਗਿਆ।ਉਨ੍ਹਾਂ ਕਿਸਾਨਾਂ ਦੇ ਮਕਾਨ ਟਿਊਬਵੈੱਲ ਤੇ ਫਸਲਾਂ ਦੇ ਨੁਕਸਾਨ ਦਾ ਸੌ ਫੀਸਦੀ ਮੁਆਵਜ਼ਾ ਮਾਲਕੀ ਜ਼ਮੀਨਾਂ ਸਮੇਤ ਕਾਸ਼ਤਕਾਰਾਂ ਨੂੰ ਦੇਣ ਦੀ ਮੰਗ ਕੀਤੀ।ਜੁਮਲਾ ਜ਼ਮੀਨਾਂ ਤੇ ਅਬਾਦਕਾਰ



ਕਿਸਾਨਾਂ ਨੂੰ ਮਾਲਕੀ ਹੱਕ ਦਿੱਤੇ ਜਾਣ।ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੀ ਭਾਈਵਾਲੀ ਵਾਲੇ ਬੈਂਕਾਂ ਦਾ ਸਮੁੱਚਾ ਕਰਜ਼ਾ ਮੁਆਫ਼ ਕੀਤਾ ਜਾਵੇ ਅਤੇ ਆੜ੍ਹਤੀ ਤੇ ਬੈਂਕ ਕਰਜ਼ੇ 'ਚ ਫਸੇ ਕਿਸਾਨਾਂ ਦੇ ਚੈੱਕ ਲਗਾਉਣਾ ਬੰਦ ਕਰੇ।ਸਰਕਾਰ ਵੱਲੋਂ ਪ੍ਰਦੂਸ਼ਣ ਫੈਲਾਉਣ ਬਹਾਨੇ ਕੀਤੇ ਗਏ ਪਰਚੇ ਅਤੇ ਜ਼ਮੀਨੀ ਰਿਕਾਰਡ ਅੰਦਰ ਕੀਤੀਆਂ ਗਈਆਂ ਲਾਲ ਐਂਟਰੀਆਂ ਖਤਮ ਕੀਤੀਆਂ ਜਾਣ ਅਤੇ ਪਰਾਲੀ ਸੰਭਾਲਣ ਵਾਲੇ ਕਿਸਾਨਾਂ ਨੂੰ 6 ਹਜ਼ਾਰ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ।ਕਿਸਾਨੀ ਮੁੱਦਿਆਂ ਤੇ ਕੇਂਦਰ ਸਰਕਾਰ ਨਾਲ ਚਲਦੀ ਗੱਲਬਾਤ ਦੌਰਾਨ ਟਰੈਕਟਰ ਟਰਾਲੀਆਂ ਸਮੇਤ ਕੀਤੇ ਗਏ ਨੁਕਸਾਨ ਦਾ ਸੌ ਫੀਸਦੀ ਮੁਆਵਜ਼ਾ ਦਿੱਤਾ ਜਾਵੇ।ਵਿਸ਼ਵ ਵਪਾਰ ਮੁਕਤ ਨੂੰ ਰੱਦ ਕਰਨ ਅਤੇ ਬੀਜ ਸੋਧ ਬਿੱਲ-2025 ਨੂੰ ਰੱਦ ਕਰਨ ਸਮੇਤ 23 ਫਸਲਾਂ ਤੇ ਸਵਾਮੀ ਨਾਥਨ ਰਿਪੋਰਟ ਤੇ ਐੱਮਐੱਸਪੀ ਦੇਣ ਲਈ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਅੰਦਰ ਮਤੇ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਿਆ ਜਾਵੇ।ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੀਆਂ ਮੰਗਾਂ ਦੀ ਅਣਦੇਖੀ ਕੀਤੀ ਗਈ ਤਾਂ ਸਖ਼ਤ ਅੰਦੋਲਨ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ। ਇਸ ਮੌਕੇ ਸੁੱਚਾ ਸਿੰਘ ਭਾਈ ਲੱਧੂ, ਸਤਨਾਮ ਸਿੰਘ, ਪ੍ਰਗਟ ਸਿੰਘ ਪ੍ਰਿੰਗੜੀ, ਪ੍ਰਗਟ ਸਿੰਘ ਚੰਬਾ, ਸੁਖਜਿੰਦਰ ਸਿੰਘ ਤੁੜੀਵਾਲਾ, ਹਰਜੀਤ ਸਿੰਘ ਜੌਹਲੋਂ, ਸੁਖਦੇਵ ਸਿੰਘ ਸਰਹਾਲੀ ਮੰਡ, ਦੀਦਾਰ ਸਿੰਘ ਲਾਖਨਾ, ਗੁਰਬੀਰ ਸਿੰਘ ਭਊਵਾਲ, ਸ਼ਿੰਦਰਪਾਲ ਸਿੰਘ ਰਸੂਲਪੁਰ, ਸਾਰਜ ਸਿੰਘ ਰਸੂਲਪੁਰ, ਲਖਵਿੰਦਰ ਸਿੰਘ ਭੰਗਾਲਾ, ਮੁਖਤਿਆਰ ਸਿੰਘ ਤਲਵੰਡੀ, ਸੁਖਦੇਵ ਸਿੰਘ ਸੀਤੋ, ਗੁਰਵੇਲ ਸਿੰਘ ਸੀਤੋ, ਗੁਰਮੇਲ ਸਿੰਘ ਮਾਣਕਪੁਰ, ਸੇਵਾ ਸਿੰਘ ਰਾਮ ਸਿੰਘ ਵਾਲਾ ਹਾਜ਼ਰ ਸਨ।

# ਸ਼ੈਰੀ ਕਲਸੀ ਵੱਲੋਂ ਕਾਹਨੂੰਵਾਨ ਰੋਡ 'ਤੇ ਅਤਿ-ਆਧੁਨਿਕ ਸਟਰੀਟ ਲਾਈਟਾਂ ਦਾ ਉਦਘਾਟਨ

**ਬਟਾਲਾ, (ਤਰਲੋਕ ਬੱਗਾ)**-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ, ਸ਼ੈਰੀ ਕਲਸੀ ਵੱਲੋਂ ਬਟਾਲਾ ਸ਼ਹਿਰ ਨੂੰ ਸੁੰਦਰ ਬਣਾਉਣ ਲਈ ਖਾਸ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਚੱਲਦਿਆਂ ਉਨ੍ਹਾਂ ਵਲੋਂ ਸ਼ਹਿਰ ਵਾਸੀਆਂ ਦੀ ਮੌਜੂਦਗੀ ਵਿੱਚ ਕਾਹਨੂੰਵਾਨ ਰੋਡ 'ਤੇ ਲੱਗੀਆਂ ਅਤਿ ਆਧੁਨਿਕ ਕਿਸਮ ਦੀਆਂ ਸਟਰੀਟ ਲਾਈਟਾਂ ਦਾ ਉਦਘਾਟਨ ਕੀਤਾ। ਸ਼ਹਿਰ ਵਾਸੀਆਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਇਤਿਹਾਸਕ ਤੇ ਧਾਰਮਿਕ ਸ਼ਹਿਰ ਬਟਾਲਾ ਨੂੰ ਹੋਰ ਖੂਬਸੂਰਤ ਬਣਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਅਤੇ ਪਾਰਦਰਸ਼ੀ ਢੰਗ ਨਾਲ ਵਿਕਾਸ ਕੰਮ ਤੇਜ਼ ਗਤੀ ਨਾਲ ਚੱਲ ਰਹੇ ਹਨ।

ਉਨ੍ਹਾਂ ਦੱਸਿਆ ਕਿ ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਵਿਕਾਸ ਕੰਮ ਬਿਨਾਂ ਪੱਖਪਾਤ ਦੇ ਕਰਵਾਏ ਜਾ ਰਹੇ ਹਨ। ਸ਼ਹਿਰ ਅੰਦਰ ਚੌਂਕਾਂ ਨੂੰ ਚੌੜਾ ਕਰਕੇ ਖੂਬਸੂਰਤ ਬਣਾਇਆ ਗਿਆ ਹੈ।ਬੀਤੀ ਰਾਤ ਸ਼ਹੀਦ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਦੀ ਯਾਦ ਵਿੱਚ ਉਸਾਰੇ ਨਵੇਂ ਚੌਂਕ ਦਾ ਉਦਘਾਟਨ ਕਰਕੇ ਲੋਕ ਸਮਰਪਿਤ ਕੀਤਾ ਗਿਆ ਹੈ।ਇਸ ਚੌਂਕ ਵਿੱਚ ਸ਼ਾਨਦਾਰ ਲਾਈਟਾਂ ਵੀ ਲਗਾਈਆਂ ਗਈਆਂ ਹਨ।ਇਸ ਤੋਂ ਪਹਿਲਾਂ ਵੀ ਸ਼ਹੀਦ ਭਗਤ ਸਿੰਘ ਚੌਂਕ ਅਗਰਸੈਨ ਦੀ ਉਸਾਰੀ ਕੀਤੀ ਜਾ ਚੁੱਕੀ ਹੈ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਉਦੇਸ਼ ਬਟਾਲੇ ਦਾ ਸਰਬਪੱਖੀ ਵਿਕਾਸ ਕਰਵਾਉਣਾ ਤੇ ਦਹਾਕਿਆਂ ਤੋਂ ਮੁਸ਼ਕਿਲਾਂ ਨਾਲ ਜੂਝ ਰਹੇ ਸ਼ਹਿਰ ਵਾਸੀਆਂ ਦੀਆਂ ਮੁਸ਼ਕਿਲਾਂ ਦਾ ਨਿਪਟਾਰਾ ਕਰਨਾ ਹੈ।

# ਮੋਦੀ ਦੇ ਹਮਲਿਆਂ ਦਾ ਟਾਕਰਾ ਜਥੇਬੰਦਕ ਸੰਘਰਸ਼ ਨਾਲ ਹੀ ਕੀਤਾ ਜਾ ਸਕਦੈ: ਡਾ. ਅਜਨਾਲਾ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਆਏ ਦਿਨ ਬੀਜੇਪੀ ਦੀ ਮੋਦੀ ਸਰਕਾਰ ਵੱਲੋਂ ਕਿਸਾਨਾਂ 'ਤੇ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ। ਨਵਾਂ ਬੀਜ ਬਿੱਲ-2025 ਲਿਆ ਕੇ ਸਮੁੱਚੇ ਦੇਸ਼ ਦੇ ਬੀਜਾਂ ਦੀ ਖੋਜ, ਪ੍ਰਸਾਰ ਤੇ ਵੰਡ ਮੋਦੀ ਸਰਕਾਰ ਦਿਉ ਕੱਦ ਵਿਦੇਸ਼ੀ ਬੀਜ ਕੰਪਨੀਆਂ ਨੂੰ ਸੌਂਪਣਾ ਚਾਹੁੰਦੀ ਹੈ! ਇਸ ਤਰ੍ਹਾਂ ਬਿਜਲੀ ਸੋਧ ਬਿੱਲ - 2025 ਪੇਸ਼ ਕਰਕੇ ਮੋਦੀ ਸਰਕਾਰ ਕਿਸਾਨਾਂ ਤੇ ਗਰੀਬ ਲੋਕਾਂ ਨੂੰ



ਹਨੇਰੇ ਦੀ ਕੋਠੜੀ ਵਿੱਚ ਸੁੱਟਣਾ ਚਾਹੁੰਦੀ ਹੈ। ਇਹ ਵਿਚਾਰ ਨੇਪਾਲ ਦੇ ਪਿੰਡ ਚੇ ਵਿੱਚ ਕਿਸਾਨਾਂ ਦੀ ਵਿਸ਼ਾਲ ਮੀਟਿੰਗ ਵਿੱਚ ਪੇਸ਼ ਕਰਦਿਆਂ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਤੇ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਡਾ. ਸਤਨਾਮ ਸਿੰਘ ਅਜਨਾਲਾ ਨੇ ਕਿਹਾ ਕਿ ਖੇਤੀ ਉਤਪਾਦਨ ਮੁੱਢਲੇ ਤੌਰ 'ਤੇ ਬੀਜ 'ਤੇ ਬਹੁਤ ਨਿਰਭਰ ਕਰਦੀ ਹੈ। ਜਿਹੜੇ ਬੀਜ ਬਾਹਰੋਂ ਆਉਣਗੇ ਉਨ੍ਹਾਂ ਨੂੰ ਅਗਲੇ ਸਾਲ ਨਹੀਂ ਬੀਜਿਆ ਜਾ ਸਕੇਗਾ ਜਦੋਂਕਿ ਆਪਣੇ ਦੇਸ਼ ਦੇ ਬੀਜ ਅਸੀਂ ਘਰੋਂ ਖੇਤੀ ਲਈ ਬੀਜ ਸਕਦੇ ਹਾਂ! ਇਸੇ ਕਰਕੇ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਅਨੁਸਾਰ ਦੇਸ਼ ਭਰ 'ਚ ਥਾਂ ਥਾਂ ਵਿਰੋਧ ਕੀਤਾ ਜਾ ਰਿਹਾ ਹੈ! ਡਾ. ਅਜਨਾਲਾ ਨੇ ਅੱਗੇ ਦੱਸਿਆ ਕਿ ਮੋਦੀ ਸਰਕਾਰ ਵੱਲੋਂ ਅਜਿਹੇ ਕਾਲੇ ਬਿੱਲਾਂ ਦਾ ਵਿਰੋਧ ਜਥੇਬੰਦ ਹੋ ਕੇ ਤੇ ਸੰਘਰਸ਼ ਕਰਕੇ ਹੀ ਹੋ ਸਕਦਾ ਹੈ! ਇੱਥੇ ਕਿਸਾਨ ਆਗੂ ਅਵਤਾਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਅਸੀਂ ਸ਼ਹੀਦ ਭਗਤ ਦੇ ਚਾਚਾ ਸਰਦਾਰ ਅਜੀਤ ਸਿੰਘ ਵੱਲੋਂ ਜਿਹੜੀ ਪੱਗੜੀ ਸੰਭਾਲ ਜੱਟਾ ਲਹਿਰ ਚਲਾਈ ਗਈ ਸੀ ਉਸ ਤੋਂ ਪ੍ਰੇਰਨਾ ਲੈਂਦੇ ਹੋਏ ਇਨਕਲਾਬੀ ਲੀਹਾਂ 'ਤੇ ਚਲਦਿਆਂ ਜਮਹੂਰੀ ਕਿਸਾਨ ਸਭਾ ਪੰਜਾਬ ਜਥੇਬੰਦੀ ਦਾ ਗਠਨ ਕੀਤਾ ਗਿਆ ਜਿਸ ਅਨੁਸਾਰ ਕ੍ਰਮਵਾਰ ਪ੍ਰਧਾਨ ਪ੍ਰੇਮ ਸਿੰਘ, ਮੀਤ ਪ੍ਰਧਾਨ ਰਣਜੀਤ ਸਿੰਘ, ਸੈਕਟਰੀ ਜਸਕਰਨ ਸਿੰਘ, ਸਹਿ ਸਕੱਤਰ ਜਸਬੀਰ ਸਿੰਘ, ਪ੍ਰਚਾਰ ਸਕੱਤਰ ਹਰਨੇਕ ਸਿੰਘ, ਪ੍ਰੈੱਸ ਸਕੱਤਰ ਹੁਸਨਪ੍ਰੀਤ ਸਿੰਘ ਤੇ ਖ਼ਜ਼ਾਨਚੀ ਸਿਤਾਰਾ ਸਿੰਘ ਸਰਬਸੰਮਤੀ ਨਾਲ ਚੁਣੇ ਗਏ।

ਇਸ ਨਵ ਗਠਤ ਜਥੇਬੰਦੀ ਵੱਲੋਂ ਫ਼ੈਸਲਾ ਲਿਆ ਗਿਆ ਕਿ ਉਹ ਕਾਲੇ ਬਿੱਲਾਂ ਯਾਨੀ ਬਿਜਲੀ ਸੋਧ ਬਿੱਲ-2025 ਤੇ ਬੀਜ ਬਿੱਲ-2025 ਅਤੇ ਮਜ਼ਦੂਰ ਵਿਰੋਧੀ ਲਿਆਂਦੇ ਗਏ ਚਾਰ ਲੇਬਰ ਕੋਡਾਂ ਨੂੰ ਰੱਦ ਕਰਾਉਣ ਅਤੇ ਮਨਰੇਗਾ ਸਕੀਮ ਨੂੰ ਪਹਿਲੇ ਸਵਰੂਪ ਵਿੱਚ ਬਹਾਲੀ ਕਰਾਉਣ ਲਈ ਜਿਹੜਾ ਐੱਸ. ਕੇ. ਐੱਮ. ਵੱਲੋਂ ਅੰਮ੍ਰਿਤਸਰ ਡੀ ਸੀ ਦਫਤਰ ਸਾਹਮਣੇ ਲਗਾਏ ਜਾ ਰਹੇ ਧਰਨੇ ਤੇ ਮੁਜ਼ਾਹਰੇ ਵਿੱਚ ਵੱਧ-ਚੜ੍ਹ ਕੇ ਸ਼ਾਮਿਲ ਹੋਵਾਂਗੇ! ਇਸ ਮੌਕੇ ਹੋਰਨਾਂ ਤੋਂ ਇਲਾਵਾ ਮੇਜਰ ਸਿੰਘ, ਬਲਦੇਵ ਸਿੰਘ, ਗੁਰਮੇਜ ਸਿੰਘ, ਗੁਰਵਿੰਦਰ ਸਿੰਘ, ਬੀਬੀ ਸੁਖਵੰਤ ਕੌਰ, ਰਾਜਬੀਰ ਕੌਰ, ਸਾਬਕਾ ਸਰਪੰਚ ਕੁਲਵੰਤ ਸਿੰਘ, ਬਾਬਾ ਰਣਜੀਤ ਸਿੰਘ ਆਦਿ ਵੀ ਹਾਜ਼ਰ ਸਨ।

## ਆਤਿਸ਼ੀ ਦੇ ਬਿਆਨ ਨੇ ਸਿੱਧੇ ਤੌਰ 'ਤੇ ਸਿੱਖ ਭਾਵਨਾਵਾਂ ਨੂੰ ਵਲੂੰਧਰਿਆ : ਵਿਨੈ ਚੌਧਰੀ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਦੀਨਾਨਗਰ ਹਲਕੇ ਤੋਂ ਭਾਜਪਾ ਦੇ ਸੀਨੀਅਰ ਆਗੂ ਵਿਨੈ ਚੌਧਰੀ ਨੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਦਿੱਤੇ ਗਏ ਬਿਆਨ ਦੀ



ਸਖ਼ਤ ਨਿੰਦਾ ਕੀਤੀ ਅਤੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਗਈ।ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਵਿਨੈ ਚੌਧਰੀ ਨੇ ਕਿਹਾ ਕਿ ਦਿੱਲੀ ਵਿਧਾਨ ਸਭਾ ਵਿੱਚ ਗੁਰੂ ਸਾਹਿਬ ਬਾਰੇ ਆਤਿਸ਼ੀ ਦੇ ਬਿਆਨ ਨੇ ਸਿੱਧੇ ਤੌਰ 'ਤੇ ਸਿੱਖ ਭਾਵਨਾਵਾਂ ਦਾ ਅਪਮਾਨ ਕੀਤਾ ਹੈ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਕੋਈ ਰਾਜਨੀਤਿਕ ਮੁੱਦਾ ਨਹੀਂ ਹੈ ਅਤੇ ਗੁਰੂ ਸਾਹਿਬ ਬਾਰੇ ਗਲਤ ਜਾਂ ਲਾਪਰਵਾਹੀ ਨਾਲ ਬੋਲਣਾ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਵਰਗੇ ਸੰਵਿਧਾਨਕ ਪਲੇਟਫਾਰਮ ਤੋਂ ਅਜਿਹਾ ਬਿਆਨ ਦੇਣਾ ਇੱਕ ਗੰਭੀਰ ਗੈਰ-ਜ਼ਿੰਮੇਵਾਰੀ ਵਾਲਾ ਕੰਮ ਹੈ।ਉਨ੍ਹਾਂ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਇਸ ਮਸਲੇ ਵਿੱਚ ਤੁਰੰਤ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਅਤੇ ਜਵਾਬਦੇਹੀ ਤੈਅ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਕਾਨੂੰਨ ਸਾਰਿਆਂ ਲਈ ਬਰਾਬਰ ਹੈ।ਉਨ੍ਹਾਂ ਕਿਹਾ ਕਿ ਗੁਰੂ ਜੀ ਦੀ ਸ਼ਾਨ ਨਾਲ ਕੋਈ ਸਮਝੌਤਾ ਨਹੀਂ ਹੋਣਾ ਚਾਹੀਦਾ ਅਤੇ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਨੂੰ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਤਾਂ ਜ ਭਵਿੱਖ ਵਿਚ ਕੋਈ ਵੀ ਆਗੂ ਅਜਿਹੀ ਟਿੱਪਣੀ ਦੇਣ ਦੀ ਹਿੰਮਤ ਨਾ ਰੱਖੇ।

## 'ਬੰਦ ਕਮਰਿਆਂ 'ਚ ਅੰਗੀਠੀ ਬਾਲਣ ਤੋਂ ਗੁਰੇਜ਼ ਕਰੋ'

**ਪੱਟੀ, (ਬਲਦੇਵ ਸਿੰਘ ਸੰਧੂ)**- ਸੀਤ ਲਹਿਰ ਅਤੇ ਡਿੱਗ ਰਹੇ ਤਾਪਮਾਨ ਕਾਰਨ ਵਧਦੀ ਠੰਡ ਦੇ ਮੱਦੇਨਜ਼ਰ ਲੋਕਾਂ ਦੀ ਸਿਹਤ ਸੁਰੱਖਿਆ ਨੂੰ ਲੈ ਕੇ ਸਿਹਤ ਵਿਭਾਗ ਨੇ ਵਿਸ਼ੇਸ਼ ਸਲਾਹਕਾਰੀ ਜਾਰੀ



ਕੀਤੀ ਹੈ।ਜ਼ਿਲ੍ਹਾ ਤਰਨ ਤਾਰਨ ਦੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਇਸ ਸੀਤ ਲਹਿਰ ਦੇ ਮੌਸਮ ਦੌਰਾਨ ਗਰਮ ਕੱਪੜੇ ਪਾ ਕੇ ਜ਼ਰੂਰ ਰੱਖਣੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਵਧੀ ਠੰਡ ਦੇ ਮੌਸਮ ਦੌਰਾਨ ਛੋਟੇ ਬੱਚਿਆਂ, ਗਰਭਵਤੀ ਮਹਿਲਾਵਾਂ ਅਤੇ ਬਜ਼ੁਰਗ ਵਿਅਕਤੀਆਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਨੇ ਕਿਹਾ ਕਿ ਵਧੀ ਠੰਡ ਦੇ ਮੱਦੇਨਜ਼ਰ ਕੁਝ ਵਿਅਕਤੀ ਬੰਦ ਕਮਰਿਆਂ ਦੇ ਵਿੱਚ ਹੀਟਰ ਦੀ ਵਰਤੋਂ ਕਰਦੇ ਹਨ ਜਿਸ ਕਾਰਨ ਹਵਾ ਦੇ ਵਿੱਚੋਂ ਨਮੀ ਖਤਮ ਹੋ ਜਾਂਦੀ ਹੈ।ਉਨ੍ਹਾਂ ਕਿਹਾ ਕਿ ਜਦੋਂ ਵੀ ਕਮਰੇ ਵਿੱਚ ਹੀਟਰ ਲਗਾਇਆ ਜਾਵੇ ਤਾਂ ਉਸ ਕਮਰੇ ਦੇ ਇੱਕ ਨੁੱਕਰ ਵਿੱਚ ਗਿੱਲੇ ਕੱਪੜੇ ਸੁੱਕਣੇ ਪਾ ਦੇਣੇ ਚਾਹੀਦੇ ਹਨ ਜਾਂ ਫਿਰ ਬਾਲਟੀ ਵਿੱਚ ਪਾਣੀ ਭਰ ਕੇ ਰੱਖ ਲੈਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਅਜਿਹਾ ਕਰਨ ਨਾਲ ਕਮਰੇ ਦੇ ਅੰਦਰ ਹਵਾ ਦੇ ਵਿੱਚ ਨਮੀ ਬਰਕਰਾਰ ਰਹਿੰਦੀ ਹੈ।ਉਨ੍ਹਾਂ ਕਿਹਾ ਕਿ ਸੀਤ ਲਹਿਰ ਦੌਰਾਨ ਆਮ ਤੌਰ ਤੇ ਧੂਣੀ, ਚੁੱਲ੍ਹਾ ਅਤੇ ਅੰਗੀਠੀ ਬਾਲੀ ਜਾਂਦੀ ਹੈ ਅਤੇ ਕਈ ਵਾਰ ਲੋਕ ਅੰਗੀਠੀ ਨੂੰ ਬਾਲ ਕੇ ਆਪਣੇ ਬੰਦ ਕਮਰਿਆਂ 'ਚ ਰੱਖ ਲੈਂਦੇ ਹਨ ਜੋ ਕਿ ਬਹੁਤ ਹੀ ਖਤਰਨਾਕ ਅਤੇ ਜਾਨਲੇਵਾ ਸਾਬਤ ਹੁੰਦਾ ਹੈ।

## ਹੜ੍ਹ ਪੀੜਤ ਕਿਸਾਨਾਂ ਨੂੰ ਇਨਸਾਫ਼ ਮਿਲਣ ਤੱਕ ਸੰਘਰਸ਼ ਜਾਰੀ ਰਹੇਗਾ : ਅਕਾਲੀ ਦਲ ਵਾਰਿਸ ਪੰਜਾਬ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਹਰੀਕੇ ਹੈੱਡ ਵਿਖੇ ਹੜ੍ਹ ਪੀੜਤ ਕਿਸਾਨ ਸੰਘਰਸ਼ ਕਮੇਟੀ ਵੱਲੋਂ ਹੜ੍ਹ ਪੀੜਤ ਕਿਸਾਨਾਂ ਨੂੰ ਇਨਸਾਫ਼ ਦਿਵਾਉਣ ਲਈ ਲਗਾਏ ਗਏ ਅਣਮਿਥੇ ਸਮੇਂ ਦੇ ਧਰਨੇ



ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਮੁੱਖ ਬੁਲਾਰੇ ਭਾਈ ਦਲਜੀਤ ਸਿੰਘ ਜਵੰਦਾ ਨੇ ਹਾਜ਼ਰੀ ਭਰ ਕੇ ਪਾਰਟੀ ਵੱਲੋਂ ਕਿਸਾਨ ਸੰਘਰਸ਼ ਨਾਲ ਪੂਰੀ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ। ਅਕਾਲੀ ਦਲ ਵਾਰਿਸ ਪੰਜਾਬ ਦੇ ਮੀਡੀਆ ਇੰਚਾਰਜ ਭਾਈ ਸ਼ਮਸ਼ੇਰ ਸਿੰਘ ਪੱਧਰੀ ਵੱਲੋਂ ਭੇਜੇ ਪ੍ਰੈੱਸ ਨੋਟ ਰਾਹੀਂ ਭਾਈ ਦਲਜੀਤ ਸਿੰਘ ਜਵੰਦਾ ਨੇ ਕਿਹਾ ਕਿ ਹੜ੍ਹਾਂ ਕਾਰਨ ਕਿਸਾਨਾਂ ਦੀ ਫ਼ਸਲ, ਘਰਾਂ ਅਤੇ ਰੋਜ਼ੀ-ਰੋਟੀ ਨੂੰ ਹੋਇਆ ਭਾਰੀ ਨੁਕਸਾਨ ਸਰਕਾਰ ਦੀ ਅਣਗਹਿਲੀ ਅਤੇ ਨਾਕਾਮ ਨੀਤੀਆਂ ਦਾ ਨਤੀਜਾ ਹੈ।ਉਨ੍ਹਾਂ ਕਿਹਾ ਕਿ ਹੜ੍ਹ ਪੀੜਤ ਕਿਸਾਨਾਂ ਨੂੰ ਤੁਰੰਤ ਯੋਗ ਮੁਆਵਜ਼ਾ, ਕਰਜ਼ਾ ਮੁਆਫ਼ੀ, ਨੁਕਸਾਨੀ ਫ਼ਸਲ ਦੀ ਪੂਰੀ ਭਰਪਾਈ ਅਤੇ ਭਵਿੱਖ ਵਿੱਚ ਹੜ੍ਹਾਂ ਤੋਂ ਬਚਾਅ ਲਈ ਢੁੱਕਵੇਂ ਪ੍ਰਬੰਧ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ।ਜਦ ਤੱਕ ਇਹ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਉਦੋਂ ਤੱਕ ਸੰਘਰਸ਼ ਜਾਰੀ ਰਹਿਣਾ ਜਾਇਜ਼ ਹੈ।ਅਖੀਰ ਵਿੱਚ ਭਾਈ ਦਲਜੀਤ ਸਿੰਘ ਜਵੰਦਾ ਨੇ ਕਿਹਾ ਕਿ ਕਿਸਾਨ ਪੰਜਾਬ ਦੀ ਰੀੜ੍ਹ ਦੀ ਹੱਡੀ ਹਨ ਅਤੇ ਕਿਸਾਨਾਂ ਦੀ ਅਣਦੇਖੀ ਕਰਕੇ ਕੋਈ ਵੀ ਸਰਕਾਰ ਲੰਮਾ ਸਮਾਂ ਨਹੀਂ ਚੱਲ ਸਕਦੀ।

## ਪਿੰਡਾਂ/ਵਾਰਡਾਂ ਦੇ ਡਿਫੈਂਸ ਕਮੇਟੀ ਮੈਂਬਰਾਂ ਨਾਲ ਮੀਟਿੰਗ

**ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)**- 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਦੂਜੇ ਪੜਾਅ ਤਹਿਤ ਪਿੰਡਾਂ/ਵਾਰਡਾਂ ਦੇ ਪਹਿਰੇਦਾਰ ਪ੍ਰੋਗਰਾਮ ਸਬੰਧੀ ਫ਼ਤਿਹਗੜ੍ਹ ਚੂੜੀਆਂ ਵਿਖੇ



ਮੀਟਿੰਗ ਕੀਤੀ ਗਈ, ਜਿਸ ਵਿੱਚ ਐੱਸਡੀਐੱਮ ਡਾ. ਨਵਜੋਤ ਸ਼ਰਮਾ ਫ਼ਤਿਹਗੜ੍ਹ ਚੂੜੀਆਂ, ਬੀਡੀਪੀਓ ਸੁਖਜਿੰਦਰ ਸਿੰਘ, ਡੀਐੱਸਪੀ ਰਾਜੇਸ਼ ਕੱਕੜ, ਐੱਸਐੱਚਓ ਸੁਰਿੰਦਰਪਾਲ ਸਿੰਘ, ਗਗਨਦੀਪ ਸਿੰਘ ਹਲਕਾ ਸੰਗਠਨ ਇੰਚਾਰਜ, ਸਰਪੰਚ ਗੁਰਬਿੰਦਰ ਸਿੰਘ ਹਲਕਾ ਯੂਥ ਪ੍ਰਧਾਨ, ਸਮਸ਼ੇਰ ਸਿੰਘ ਸ਼ੇਰਾ ਬਲਾਕ ਪ੍ਰਧਾਨ, ਤੇਜਵਿੰਦਰ ਸਿੰਘ ਸ਼ਹਿਰੀ ਪ੍ਰਧਾਨ, ਡਾ. ਮੰਗਲ ਸਿੰਘ ਬੰਦੇਸ਼ਾ ਹਲਕਾ ਕੋਆਰਡੀਨੇਟਰ ਕਿਸਾਨ ਵਿੰਗ, ਜਸਬੀਰ ਸਿੰਘ ਅਤੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ, ਪੰਚਾਂ, ਵਾਰਡਾਂ ਦੇ ਨੁਮਾਇੰਦਿਆਂ, ਵਲੰਟੀਅਰਾਂ ਆਦਿ ਨੇ ਹਿੱਸਾ ਲਿਆ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਨੂੰ ਹੋਰ ਤੇਜ਼ ਕਰ ਦਿੱਤਾ ਹੈ ਅਤੇ ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਇਸ ਜੰਗ ਵਿੱਚ ਸਾਰੇ ਵੱਧ ਚੜ੍ਹ ਕੇ ਹਿੱਸਾ ਲਈਏ ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਕੀਤਾ ਜਾ ਸਕੇ।

## ਜੈਮਲ ਸ਼ਾਹ ਸੁੱਖ ਸ਼ਾਹ ਨੂੰ ਵੱਡਾ ਸਦਮਾ, ਦਵਿੰਦਰ ਸਿੰਘ ਦਾ ਅਚਨਚੇਤ ਦਿਹਾਂਤ

**ਬਿਆਸ (ਪਰਮਜੀਤ ਸਿੰਘ ਰੱਖੜਾ)**- ਇਲਾਕੇ ਦੀ ਨਾਮਵਰ ਸ਼ਖਸੀਅਤ ਜੈਮਲ ਸ਼ਾਹ (ਆੜ੍ਹਤੀ ਰਈਆ) ਦੇ ਭਰਾ ਅਤੇ ਪੰਜਾਬ ਕਾਂਗਰਸ ਕਿਸਾਨ ਸੈੱਲ ਦੇ ਆਗੂ ਸੁਖਦੀਪ ਸਿੰਘ ਸੁੱਖ ਸ਼ਾਹ ਦੇ ਚਾਚਾ ਦਵਿੰਦਰ ਸਿੰਘ ਵੜੈਚ ਅਚਨਚੇਤ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਭਰਾ ਜੈਮਲ ਸ਼ਾਹ ਨੇ ਦਿੱਤੀ। ਜ਼ਿਕਰਯੋਗ



ਹੈ ਕਿ ਤਿੰਨ ਸਾਲ ਪਹਿਲਾਂ ਵੀ ਇਸ ਪਰਿਵਾਰ ਦਾ ਜਵਾਨ ਪੁੱਤ ਗੁਰੂ ਚਰਨਾਂ 'ਚ ਜਾ ਬਿਰਾਜਿਆ ਸੀ। ਅੱਜ ਇਕ ਹੋਰ ਵੱਡਾ ਝਟਕਾ ਪਰਿਵਾਰ ਨੂੰ ਲੱਗ ਗਿਆ। ਇਲਾਕੇ ਦੀਆਂ ਨਾਮਵਰ ਅਤੇ ਧਾਰਮਿਕ ਸ਼ਖਸੀਅਤਾਂ ਨੇ ਨਮ ਅੱਖਾਂ ਨਾਲ ਦਵਿੰਦਰ ਸਿੰਘ ਨੂੰ ਅੰਤਿਮ ਵਿਦਾਈ ਦਿੱਤੀ। ਇਸ ਮੌਕੇ ਸੰਤੋਖ ਸਿੰਘ ਭਲਾਈਪੁਰ ਸਾਬਕਾ ਵਿਧਾਇਕ, ਜਤਿੰਦਰ ਸਿੰਘ ਸੋਨੂੰ ਯੁਵਰਾਜ ਸਾਬਕਾ ਚੇਅਰਮੈਨ, ਦਲਜੀਤ ਸਿੰਘ ਪੱਪੀ ਸਰਪੰਚ, ਹਰਜਿੰਦਰ ਸਿੰਘ ਡੀਪੀ, ਸੁਰਜਨ ਸਿੰਘ ਸੋਨੂੰ ਭਲਾਈਪੁਰ ਯੂਥ ਕਾਂਗਰਸ ਆਗੂ, ਪੱਤਰਕਾਰ ਰੋਹਿਤ ਅਰੋੜਾ, ਸੰਜੀਵ ਸ਼ਰਮਾ, ਆਜ਼ਾਦ ਕੰਗ, ਜੋਤੀ ਢਿੱਲੋਂ, ਸੰਦੀਪ ਵਿਰਦੀ, ਲਵਜੀਤ ਸਿੰਘ ਲਵਲੀ ਖੋਜਕੀਪੁਰ ਆਦਿ ਹਾਜ਼ਰ ਸਨ।



ਡੀ. ਏ. ਵੀ. ਸਕੂਲਾਂ ਦੀਆਂ ਕੌਮੀ ਖੇਡਾਂ-2026 ਜੋ ਕਿ ਰਾਇਪੁਰ, ਛੱਤੀਸਗੜ੍ਹ ਵਿਚ 6 ਜਨਵਰੀ ਤੋਂ 8 ਜਨਵਰੀ ਤਕ ਹੋਈਆਂ, ਵਿਚ ਡੀ. ਏ. ਵੀ. ਪਬਲਿਕ ਸਕੂਲ, ਲਾਰੈਂਸ ਰੋਡ ਅੰਮ੍ਰਿਤਸਰ ਦੇ ਵਿਦਿਆਰਥੀ ਹਿਤੇਨ ਸ਼ਰਮਾ ਨੇ ਉਮਰ ਵਰਗ 19 ਸਾਲ ਦੇ ਭਾਰ ਵਰਗ ਅੰਡਰ-54 ਵਿਚ ਸੋਨ ਤਮਗਾ ਪ੍ਰਾਪਤ ਕੀਤਾ। (**ਫੋਟੋ ਤੇ ਵੇਰਵਾ : ਮਨੋਜ ਕੁਮਾਰ, ਛੇਹਰਟਾ**)

# ਪੰਜਾਬ ਸਰਕਾਰ ਪੈਨਸ਼ਨਰਾਂ ਦੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਪ੍ਰਵਾਨ ਕਰੇ : ਡੀ ਐੱਸ ਪੀ

**ਪੱਟੀ, (ਬਲਦੇਵ ਸਿੰਘ ਸੰਧੂ)**-ਪੰਜਾਬ ਜੇਲ ਪੁਲਸ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੀ ਜ਼ਰੂਰੀ ਮੀਟਿੰਗ ਪੈਨਸ਼ਨਰ ਸੂਚਨਾ ਕੇਂਦਰ ਪੱਟੀ ਦੇ ਦਫਤਰ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਸੇਵਾ ਮੁਕਤ ਡੀਐੱਸਪੀ ਰਣਜੀਤ ਸਿੰਘ ਨੇ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਨਰਲ ਸਕੱਤਰ ਰਸ਼ਪਾਲ ਸਿੰਘ ਬੱਬ ਨੇ ਸਰਕਾਰ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਪੈਨਸ਼ਨਰ ਵਰਗ ਨਾਲ ਧੱਕਾ ਹੋ ਰਿਹਾ ਹੈ। 16% ਡੀਏ ਪੰਜਾਬ ਸਰਕਾਰ ਘੱਟ ਦੇ ਰਹੀ ਹੈ। ਪੇ-ਕਮਿਸ਼ਨ ਦੀ ਰਿਪੋਰਟ ਵੀ ਅਜੇ ਤੱਕ ਪੂਰੀ ਤਰ੍ਹਾਂ ਲਾਗੂ ਨਹੀਂ ਕੀਤੀ ਜਾ ਰਹੀ। 2.59 ਦਾ ਫੈਕਟਰ ਅਤੇ ਕੈਸ਼ਲੈੱਸ ਸਕੀਮ ਹਾਲੇ ਕੋਰਟ ਦੇ ਫੈਸਲੇ ਅਨੁਸਾਰ ਲਾਗੂ ਨਹੀਂ ਹੋ ਰਹੀ। ਪੰਜਾਬ ਸਰਕਾਰ ਬੁਰੀ ਤਰ੍ਹਾਂ ਕਰਜ਼ਾਈ ਹੋਈ ਪਈ ਹੈ। ਉਚੇਚੇ ਤੌਰ 'ਤੇ ਮੀਟਿੰਗ ਵਿੱਚ ਸ਼ਾਮਿਲ ਹੋਏ ਜਗਤਾਰ ਸਿੰਘ ਆਸਲ ਨੇ ਕਿਹਾ ਕਿ ਪੰਜਾਬ ਸਰਕਾਰ ਕੇਂਦਰ ਦੀ ਸਰਕਾਰ ਵਾਂਗ ਤਾਨਾਸ਼ਾਹ ਬਣ ਚੁੱਕੀ ਹੈ। ਪੁਰਾਣੀ ਪੈਨਸ਼ਨ ਬਹਾਲ ਨਾ ਕਰਨਾ ਇਸ ਦੀ ਮਿਸਾਲ ਹੈ। ਪ੍ਰੈੱਸ ਦਾ ਗਲਾ ਘੁੱਟਿਆ ਜਾ ਰਿਹਾ ਹੈ, ਪੱਤਰਕਾਰਾਂ 'ਤੇ ਨਜਾਇਜ਼ ਪਰਚੇ ਕਰਕੇ ਜੇਲਾਂ ਵਿੱਚ ਸੁੱਟਿਆ ਜਾ ਰਿਹਾ ਹੈ। ਆਮ ਲੋਕਾਂ ਦਾ ਜੀਵਨ ਪੱਧਰ ਨੀਵਾਂ ਹੋ ਗਿਆ ਹੈ। ਅਮਨ ਕਾਨੂੰਨ ਦੀ ਹਾਲਤ ਬੁਰੀ ਤਰ੍ਹਾਂ ਵਿਗੜ ਚੁੱਕੀ ਹੈ। ਸਰਕਾਰ ਇਸ ਪਾਸੇ ਵੱਲ ਕੋਈ ਧਿਆਨ ਨਹੀਂ ਦੇ ਰਹੀ। ਸੇਵਾ ਮੁਕਤ ਡੀਐੱਸਪੀ ਸਲਵਿੰਦਰ ਸਿੰਘ ਧਾਲੀਵਾਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਹਮੇਸ਼ਾ ਚੰਗਿਆਈ ਦਾ ਮੁੱਲ ਪੈਂਦਾ ਹੈ, ਨੇਕ ਨੀਤੀ ਨਾਲ ਜੀਵਨ ਜਿਊਣਾ ਚਾਹੀਦਾ ਹੈ। ਸਰਬੱਤ ਦਾ ਭਲਾ ਹੀ ਚੰਗੀ ਇਨਸਾਨੀਅਤ ਹੈ। ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਦੀ



ਨਿੰਦਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਪੈਨਸ਼ਨਰ ਵਰਗ ਨੂੰ ਇੱਕ ਮੁੱਠ ਹੋਣਾ ਚਾਹੀਦਾ ਹੈ। ਲੋਕਾਂ ਦਾ ਏਕਾ ਅਤੇ ਸੰਘਰਸ਼ ਹੀ ਮੰਗਾਂ ਦੀ ਪ੍ਰਾਪਤੀ ਕਰਵਾ ਸਕਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਪਾਲ ਸ਼ਰਮਾ ਪੱਟੀ ਨੇ ਵੀ ਭਰਾਤਰੀ ਸੰਦੇਸ਼ ਦਿੱਤਾ ਅਤੇ ਪੈਨਸ਼ਨਰਜ਼ ਨੂੰ ਸੁਨੇਹਾ ਦਿੱਤਾ ਕਿ ਇੱਕੋ ਇੱਕ ਠੀਕ ਰਾਹ ਏਕੇ ਤੇ ਸੰਘਰਸ਼ ਦਾ ਹੈ।ਮੀਟਿੰਗ ਵਿੱਚ ਦੀਪ ਸਿੰਘ, ਬਲਵਿੰਦਰ ਸਿੰਘ ਪੂਲਾ, ਹਰਜਿੰਦਰ ਸਿੰਘ, ਪ੍ਰਗਟ ਸਿੰਘ, ਭੁਪਿੰਦਰ ਸਿੰਘ ਅਹਿਮਦਪੁਰਾ ਆਦਿ ਸ਼ਾਮਿਲ ਸਨ।

# ਧਾਲੀਵਾਲ ਵੱਲੋਂ ਟੀ ਵਿਧ ਵਲੰਟੀਅਰ ਪ੍ਰੋਗਰਾਮ ਦਾ ਆਗਾਜ਼

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਆਮ ਆਦਮੀ ਪਾਰਟੀ ਦੇ ਅੰਮ੍ਰਿਤਸਰ ਦੇ ਅਜਨਾਲਾ ਹਲਕੇ ਤੋਂ ਵਿਧਾਇਕ ਅਤੇ ਚੀਫ਼ ਸਪੋਕਸਪਰਸਨ ਕੁਲਦੀਪ ਸਿੰਘ ਧਾਲੀਵਾਲ ਵੱਲੋਂ ਟੀ ਵਿਧ ਵਲੰਟੀਅਰ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ ਹੈ।ਇਸ ਲੜੀ ਤਹਿਤ ਅਜਨਾਲਾ ਦੇ ਵਾਰਡ ਨੰਬਰ 1, 4, 5, 7, 10 ਅਤੇ 12 ਵਿੱਚ ਲੋਕ ਮੀਟਿੰਗਾਂ ਕੀਤੀਆਂ ਗਈਆਂ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਧਾਲੀਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ 'ਪਿੰਡ ਦੇ ਪਹਿਰੇਦਾਰ' ਦੀ ਸ਼ੁਰੂਆਤ ਹੋ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਦੀ ਸ਼ੁਰੂਆਤ ਲੁਧਿਆਣਾ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਕੀਤੀ ਗਈ।ਧਾਲੀਵਾਲ ਨੇ ਕਿਹਾ ਕਿ ਦੂਜੇ ਪੜਾਅ ਤਹਿਤ ਪੰਜਾਬ ਦੇ ਲਗਭਗ 15 ਹਜ਼ਾਰ ਪਿੰਡਾਂ ਅਤੇ ਵਾਰਡਾਂ ਵਿੱਚ ਪੈਦਲ ਯਾਤਰਾ ਕੀਤੀ ਜਾਵੇਗੀ ਤਾਂ ਜੋ ਲੋਕਾਂ ਨੂੰ ਨਸ਼ਿਆਂ ਦੇ ਖਿਲਾਫ਼ ਇਕਜੁੱਟ ਕੀਤਾ ਜਾ ਸਕੇ।ਉਨ੍ਹਾਂ ਦੱਸਿਆ ਕਿ 13 ਜਨਵਰੀ ਨੂੰ ਇੱਕ ਵੱਡੀ ਜਨ ਸਭਾ ਆਯੋਜਿਤ ਕੀਤੀ ਜਾਵੇਗੀ, ਜਿਸ ਵਿੱਚ ਵਿਲੇਜ ਡਿਫੈਂਸ ਕਮੇਟੀ ਦੇ ਮੈਂਬਰਾਂ ਸਮੇਤ ਪਿੰਡਾਂ ਦੇ



ਪਹਿਰੇਦਾਰ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਨਗੇ।ਸਰਕਾਰ ਵੱਲੋਂ ਪਿੰਡ ਦੇ ਪਹਿਰੇਦਾਰ ਬਣਨ ਲਈ 98991-00002 ਨੰਬਰ ਜਾਰੀ ਕੀਤਾ ਗਿਆ ਹੈ, ਜਿਸ 'ਤੇ ਮਿਸਡ ਕਾਲ ਦੇ ਕੇ ਲੋਕ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਇਸਦੇ ਨਾਲ ਹੀ ਲੁਧਿਆਣਾ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੋਬਾਇਲ ਐਪ ਵੀ ਲੋਕਾਂ ਨੂੰ ਸਮਰਪਿਤ ਕੀਤਾ ਗਿਆ।ਵਿਧਾਇਕ ਧਾਲੀਵਾਲ ਨੇ ਭਰੋਸਾ ਜਤਾਇਆ ਕਿ ਪਰਮਾਤਮਾ ਦੀ ਮਿਹਰ ਅਤੇ ਪੰਜਾਬ ਸਰਕਾਰ ਦੀ ਮਜ਼ਬੂਤ ਕਾਰਗੁਜ਼ਾਰੀ ਸਦਕਾ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਦੂਜੇ ਪੜਾਅ ਤਹਿਤ ਅਗਲੇ ਛੇ ਮਹੀਨਿਆਂ ਵਿੱਚ ਪੰਜਾਬ ਨੂੰ ਪੂਰਨ ਤੌਰ 'ਤੇ ਨਸ਼ਾ ਮੁਕਤ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਨਸ਼ਾ ਮੁਕਤ ਹੋ ਰਹੇ ਨੌਜਵਾਨਾਂ ਨੂੰ ਨਵੀਂ ਦਿਸ਼ਾ ਵੱਲ ਮੋੜਨ ਲਈ ਪੰਜਾਬ ਸਰਕਾਰ ਵੱਲੋਂ ਸਕਿੱਲ ਡਿਵੈਲਪਮੈਂਟ ਪ੍ਰੋਗਰਾਮ ਚਲਾਏ ਜਾ ਰਹੇ ਹਨ।ਇਸਦੇ ਨਾਲ ਹੀ ਪਿੰਡ-ਪਿੰਡ ਖੇਡ ਮੈਦਾਨ ਅਤੇ ਲਾਇਬ੍ਰੇਰੀਆਂ ਤਿਆਰ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਨੌਜਵਾਨਾਂ ਨੂੰ ਸਕਾਰਾਤਮਕ ਵਾਤਾਵਰਣ ਅਤੇ ਰੁਜ਼ਗਾਰ ਦੇ ਮੌਕੇ ਮਿਲ ਸਕਣ।ਇਸ ਮੌਕੇ ਸ਼ਹਿਰ ਦੀ ਵਾਰਡ ਨੰਬਰ 1 ਦੇ ਇੰਚਾਰਜ ਤੇ ਸੀਨੀਅਰ ਆਗੂ ਦਲਬੀਰ ਸਿੰਘ ਘੁੱਲੀ ਅਜਨਾਲਾ, ਸ਼ਹਿਰੀ ਪ੍ਰਧਾਨ ਅਮਿਤ ਔਲ, ਵਾਰਡ ਨੰਬਰ 9 ਦੇ ਇੰਚਾਰਜ ਦਵਿੰਦਰ ਸਿੰਘ ਸੋਨੂੰ, ਲੱਭਾ ਮਸੀਹ, ਦਿਲਬਾਗ ਸਿੰਘ ਘੁੱਲੀ, ਬਨਵਾਰੀ ਲਾਲ, ਗੋਰਾ ਸਿੰਘ, ਲਾਲ ਸਿੰਘ ਘੁੱਲੀ, ਵਿੱਕੀ ਘੁੱਲੀ, ਵਿਜੈ ਸਿੰਘ, ਪਾਸਟਰ ਮੇਜਰ ਸਿੰਘ, ਜਸਮੀਤ ਸਿੰਘ ਹਾਜ਼ਰ ਸਨ।

# ਜ਼ਿਲ੍ਹਾ ਪੱਧਰੀ ਸਿਹਤ ਸਫ਼ਾਈ ਅਤੇ ਜਾਗਰੂਕਤਾ ਸਮਾਗਮ ਆਯੋਜਿਤ

**ਗੁਰਦਾਸਪੁਰ, (ਜਨਕ ਮਹਾਜਨ)**- ਜ਼ਿਲਾ ਪੱਧਰੀ ਸਿਹਤ ਸਫ਼ਾਈ ਅਤੇ ਜਾਗਰੂਕਤਾ ਸਮਾਗਮ ਕਰਵਾਇਆ ਗਿਆ ਜਿਸ ਵਿਚ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਵਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ



ਗਈ। ਇਸ ਮੌਕੇ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਮਹੇਸ਼ ਪ੍ਰਭਾਕਰ ਨੇ ਕਿਹਾ ਕਿ ਗੰਦੇ ਵਾਤਾਵਰਨ ਕਾਰਨ ਬਿਮਾਰੀਆਂ ਦਾ ਖ਼ਤਰਾ ਵੱਧ ਰਿਹਾ ਹੈ। ਬਿਮਾਰੀਆਂ ਤੋਂ ਬਚਾਅ ਲਈ ਜਰੂਰੀ ਹੈ ਕਿ ਵਾਤਵਰਨ ਨੂੰ ਸਾਫ਼ ਰੱਖਿਆ ਜਾਵੇ। ਆਲੇ ਦੁਆਲੇ ਦੇ ਨਾਲ ਹੀ ਸਰੀਰਕ ਸਫਾਈ ਵੀ ਰੱਖੀ ਜਾਵੇ। ਹਮੇਸ਼ਾ ਕੁਦਰਤੀ ਖ਼ੁਰਾਕ ਦਾ ਹੀ ਸੇਵਨ ਕੀਤਾ ਜਾਵੇ। ਗੈਰ ਕੁਦਰਤੀ ਖ਼ੁਰਾਕ ਸਾਨੂੰ ਬੀਮਾਰ ਬਣਾਉਂਦੀ ਹੈ। ਹਮੇਸ਼ਾ ਮੌਸਮ ਦੇ ਅਨੁਸਾਰ ਹੀ ਖਾਣ ਪਾਣ ਰੱਖਿਆ ਜਾਵੇ। ਸਿਵਲ ਸਰਜਨ ਡਾਕਟਰ ਮਹੇਸ਼ ਕੁਮਾਰ ਪ੍ਰਭਾਕਰ ਨੇ ਦੱਸਿਆ ਕਿ ਠੰਡ ਵਿੱਚ ਸਰੀਰ ਦੇ ਤਾਪਮਾਨ ਨੂੰ ਸੰਤੁਲਨ ਵਿੱਚ ਰੱਖਿਆ ਜਾਵੇ। ਪੋਸ਼ਟਿਕ ਭੋਜਨ ਕੀਤਾ ਜਾਵੇ, ਤਰਲ ਪਦਾਰਥ ਲੋੜੀਂਦੀ ਮਾਤਰਾ ਵਿਚ ਲਏ ਜਾਣ, ਜਿਆਦਾ ਕੈਫੀਨ ਵਾਲੇ ਪਦਾਰਥ ਨਾ ਲਏ ਜਾਣ, ਸ਼ਰਾਬ ਅਤੇ ਨਸ਼ੇ ਤੋਂ ਪਰਹੇਜ਼ ਕੀਤਾ ਜਾਵੇ। ਜਿਆਦਾ ਟਾਇਟ ਕਪੜੇ ਨਾ ਪਾਏ ਜਾਣ, ਕਿਉਂਕਿ ਇਸ ਨਾਲ ਖੂਨ ਦਾ ਦੌਰਾ ਰੁੱਕਦਾ ਹੈ, ਸਰੀਰ ਨੂੰ ਨਿੱਘਾ ਰੱਖਣ ਲਈ ਪਰਤਾਂ ਵਿਚ ਜਿਆਦਾ ਕਪੜੇ ਪਾਏ ਜਾਣ। ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ ਡਾਕਟਰ ਤੇਜਿੰਦਰ ਕੌਰ ਅਤੇ ਜਿਲਾ ਪ੍ਰੋਗਰਾਮ ਅਫ਼ਸਰ ਜਸਮੀਤ ਕੌਰ ਨੇ ਕਿਹਾ ਕਿ ਲੋਕਾਂ ਖਾਸਕਰ ਮਹਿਲਾਵਾਂ ਨੂੰ ਚੰਗੀ ਸਿਹਤ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ।

# ਆਤਿਸ਼ੀ ਵੱਲੋਂ ਗੁਰੂ ਸਾਹਿਬਾਨ ਪ੍ਰਤੀ ਵਰਤੀ ਗਈ ਸ਼ਬਦਾਵਲੀ ਅਤਿ ਨਿੰਦਣਯੋਗ : ਹੀਰਾ ਵਾਲੀਆ

**ਬਟਾਲਾ (ਤਰਲੋਕ ਬੱਗਾ)**- ਭਾਰਤੀ ਜਨਤਾ ਪਾਰਟੀ ਵੱਲੋਂ ਬਟਾਲਾ ਵਿੱਚ ਜ਼ਿਲ੍ਹਾ ਪ੍ਰਧਾਨ ਹੀਰਾ ਵਾਲੀਆ ਦੀ ਅਗਵਾਈ ਹੇਠ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ



ਹੀਰਾ ਵਾਲੀਆਂ ਨੇ ਕਿਹਾ ਕਿ ਦਿੱਲੀ ਵਿਧਾਨ ਸਭਾ ਵਿੱਚ ਆਤਿਸ਼ੀ ਵੱਲੋਂ ਗੁਰੂ ਸਾਹਿਬਾਨ ਪ੍ਰਤੀ ਵਰਤੀ ਗਈ ਸ਼ਬਦਾਵਲੀ ਨੂੰ ਲੈ ਕੇ ਸਮੁੱਚੀ ਸੰਗਤ ਵਿੱਚ ਭਾਰੀ ਗੁੱਸਾ ਹੈ ਅਤੇ ਭਾਰਤੀ ਜਨਤਾ ਪਾਰਟੀ ਜਿਸ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੀ ਹੈ।ਹੀਰਾ ਵਾਲੀਆ ਨੇ ਦਿੱਲੀ ਦੀ ਸਰਕਾਰ ਤੋਂ ਮੰਗ ਕੀਤੀ ਕਿ ਗੁਰੂ ਸਾਹਿਬਾਨ ਪ੍ਰਤੀ ਦਲਿਤ ਸ਼ਬਦਾਵਲੀ ਵਰਤਣ ਵਾਲੀ ਆਪ ਦੀ ਮਹਿਲਾ ਨੇਤਾ ਆਤਿਸ਼ੀ ਖਿਲਾਫ ਕੇਸ ਕੀਤਾ ਜਾਵੇ ਤਾਂ ਜੋ ਮੁੜ ਕੋਈ ਵੀ ਅਜਿਹੀ ਗਲਤੀ ਨਾ ਕਰੇ।ਹੀਰਾ ਵਾਲੀਆ ਨੇ ਵੀ ਕਿਹਾ ਕਿ ਇਹ ਮਸਲਾ ਰਾਜਨੀਤੀ ਦਾ ਮਸਲਾ ਨਹੀਂ ਹੈ, ਇਹ ਸਿੱਖ ਸੰਗਤਾਂ ਦੀਆਂ ਭਾਵਨਾ ਨਾਲ ਜੁੜਿਆ ਹੋਇਆ ਮਸਲਾ ਹੈ ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਆਤਿਸ਼ੀ ਖਿਲਾਫ ਕਾਰਵਾਈ ਨਹੀਂ ਹੁੰਦੀ ਤਾਂ ਭਾਜਪਾ ਇਸ ਨੂੰ ਲੈ ਕੇ ਵੱਡੇ ਪੱਧਰ 'ਤੇ ਸੰਘਰਸ਼ ਵੀ ਕਰੇਗੀ।ਇਸ ਮੌਕੇ ਸਕਤੀ ਸ਼ਰਮਾ, ਭੂਸ਼ਣ ਬਜਾਜ, ਪੰਕਜ ਸ਼ਰਮਾ, ਗੁਰਿੰਦਰ ਸਿੰਘ ਟੀਟੂ, ਸੰਮੀ ਭੱਟੀ, ਸੁਮੀਤ ਸੋਡੀ, ਆਸ਼ੂ ਹੰਡਾ, ਵਿਕਾਸ ਸ਼ਰਮਾ, ਸੋਨੀਆ ਸ਼ਰਮਾ, ਪਰਗਟ ਸਿੰਘ ਆਦਿ ਹਾਜ਼ਰ ਸਨ।

# ਪੰਜਾਬ 'ਚ 'ਆਪ' ਦੇ ਵਾਅਦੇ ਹੁਣ ਤੱਕ ਅਧੂਰੇ : ਦਦੇਹਰ ਸਾਹਿਬ

**ਚੋਹਲਾ ਸਾਹਿਬ (ਰਮਨ ਚੱਢਾ)**- ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਕਾਰਜਕਾਰੀ ਕਮੇਟੀ ਦੇ ਮੈਂਬਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ ਨੇ ਦੱਸਿਆ ਕਿ ਇਹ ਪਾਰਟੀ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ



ਇਨਕਲਾਬ ਦਾ ਨਾਅਰਾ ਲਗਾ ਕੇ ਸੱਤਾ ਵਿਚ ਆਈ ਸੀ ! ਇਨਕਲਾਬੀ ਨਾਅਰੇ ਦਾ ਮਤਲਬ ਸੀ ਕਿ ਦੇਸ਼ ਵਿਚ ਬੇਰੁਜ਼ਗਾਰੀ, ਭੁੱਖਮਰੀ ਨਹੀਂ ਰਹੂਗੀ। ਇਸ ਸਰਕਾਰ ਨੇ ਨੌਜਵਾਨਾਂ ਨਾਲ ਵਾਅਦਾ ਕੀਤਾ ਸੀ ਕਿ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ, ਹਰ ਮਹਿਕਮੇ ਦੇ ਕੱਚੇ ਮੁਲਾਜ਼ਮ ਪੱਕੇ ਕੀਤੇ ਜਾਣਗੇ, ਵਿਦੇਸ਼ਾਂ ਵਿਚ ਰਹਿੰਦੇ ਨੌਜਵਾਨ ਨੌਕਰੀ ਲੈਣ ਲਈ ਵਾਪਿਸ ਪੰਜਾਬ ਆਉਣਗੇ। ਇਸੇ ਤਰ੍ਹਾਂ ਇਸ ਸਰਕਾਰ ਨੇ ਬਜ਼ੁਰਗਾਂ ਨਾਲ ਵੀ ਵਾਅਦਾ ਕੀਤਾ ਸੀ ਕੀ ਪੈਨਸ਼ਨ ਵਧਾ ਕੇ 2500 ਰੁਪਏ ਕੀਤੀ ਜਾਵੇਗੀ ਪਰ 2500 ਤਾਂ ਸਰਕਾਰ ਨੇ ਕੀ ਦੇਣਾ ਸੀ, 1500 ਰੁਪਏ ਪੈਨਸ਼ਨ ਵੀ ਸਮੇਂ ਸਿਰ ਨਹੀਂ ਮਿਲ ਰਹੀ।ਜੇ ਸਰਕਾਰ ਨੇ ਇਨ੍ਹਾਂ ਮਸਲਿਆਂ ਵੱਲ ਨਾ ਦੇਖਿਆ ਤਾਂ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਲੋਕ ਮਜਬੂਰ ਹੋ ਕੇ ਸਬਕ ਸਿਖਾਉਣ ਲਈ ਮਜਬੂਰ ਹੋਣਗੇ।

# ਸੀਐੱਚਸੀ ਸਰਹਾਲੀ ਵਿਖੇ ਵੈਕਸੀਨ ਕੈਪੇਸਿਟੀ ਬਿਲਡਿੰਗ ਵਰਕਸ਼ਾਪ ਕਰਵਾਈ : ਡਾ. ਸੰਦੀਪ ਕੌਰ

**ਚੋਹਲਾ ਸਾਹਿਬ (ਰਮਨ ਚੱਢਾ)**- ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਤਰਨ ਤਾਰਨ ਅਤੇ ਜ਼ਿਲ੍ਹਾ ਟੀਕਾਕਰਨ ਅਫਸਰ-ਕਮ-ਨੋਡਲ ਅਫ਼ਸਰ ਵਰਿੰਦਰ ਪਾਲ ਕੌਰ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਸੀਐੱਚਸੀ ਸਰਹਾਲੀ ਵਿਖੇ ਜ਼ਿਲ੍ਹਾ ਪੱਧਰੀ ਹਿਊਮਨ ਪੈਪੀਲੋਮਾ ਵਾਇਰਸ



(ਐੱਚਪੀਵੀ) ਵੈਕਸੀਨ ਕੈਪੇਸਿਟੀ ਬਿਲਡਿੰਗ ਵਰਕਸ਼ਾਪ ਕਰਵਾਈ ਗਈ। ਇਸ ਵਰਕਸ਼ਾਪ ਵਿੱਚ ਜ਼ਿਲ੍ਹੇ ਦੇ ਵੱਖ-ਵੱਖ ਸੈਂਟਰਾਂ ਅਤੇ ਸਬ-ਸੈਂਟਰਾਂ ਤੋਂ ਬੀਈਈ, ਏਐੱਨਐੱਮ ਅਤੇ ਸੀਐੱਚਓਜ਼ ਨੇ ਭਾਗ ਲਿਆ। ਇਸ ਮੌਕੇ ਡਾ. ਸੰਦੀਪ ਕੌਰ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀਐੱਚਸੀ ਸਰਹਾਲੀ ਨੇ ਦੱਸਿਆ ਕਿ ਐੱਚਪੀਵੀ ਵੈਕਸੀਨ ਵਿਸ਼ੇਸ਼ ਤੌਰ 'ਤੇ 9 ਸਾਲ ਤੋਂ 14 ਸਾਲਾਂ ਦੀਆਂ ਲੜਕੀਆਂ ਨੂੰ ਜ਼ਿਲੇ ਭਰ ਵਿੱਚ ਸਿਹਤ ਕਰਮੀਆਂ ਵੱਲੋਂ ਬਿਲਕੁਲ ਮੁਫਤ ਲਗਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਵੈਕਸੀਨ ਨੂੰ ਲਗਾਉਣ ਦਾ ਮੁੱਖ ਮੰਤਵ ਬੱਚਿਆਂ ਨੂੰ ਸਰਵਿਕਸ (ਬੱਚੇਦਾਨੀ ਦੇ ਮੂੰਹ) ਦੇ ਕੈਂਸਰ ਤੋਂ ਬਚਾਉਣ ਦੇ ਨਾਲ ਨਾਲ ਗੁਪਤ ਅੰਗਾਂ ਦੇ ਰੋਗਾਂ ਤੋਂ ਬਚਾਉਣਾ ਹੈ। ਉਨ੍ਹਾਂ ਦੱਸਿਆ ਕਿ ਐੱਚਪੀਵੀ ਵੈਕਸੀਨ ਭਾਰਤ ਸਮੇਤ ਕਈ ਮੁਲਕਾਂ ਵਿੱਚ ਪਹਿਲਾਂ ਤੋਂ ਹੀ ਲਗਾਈ ਜਾ ਰਹੀ ਹੈ ਅਤੇ ਇਹ ਟੀਕਾ ਵਿਸ਼ਵ ਸਿਹਤ ਸੰਸਥਾ ਤੋਂ ਪ੍ਰਮਾਣਿਤ ਹੈ। ਉਨ੍ਹਾਂ ਦੱਸਿਆ ਕਿ ਸਿਹਤ ਕਰਮੀ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਹਰੇਕ ਸੈਂਟਰ, ਸਬ ਸੈਂਟਰ ਵਿੱਚ ਯੋਗ ਬੱਚੀਆਂ ਨੂੰ ਬਿਨਾਂ ਕਿਸੇ ਦੇਰੀ ਦੇ ਐੱਚਪੀਵੀ ਦਾ ਟੀਕਾ ਲਗਾਇਆ ਜਾਵੇ ਅਤੇ ਮਿਥੇ ਗਏ 100 ਫੀਸਦੀ ਟੀਚੇ ਨੂੰ ਪ੍ਰਾਪਤ ਕੀਤਾ ਜਾਵੇ। ਸੁਪਰੀਤ ਕੌਰ ਸੀਐੱਚਓ ਨੇ ਦੱਸਿਆ ਕਿ ਵਰਕਸ਼ਾਪ ਦੌਰਾਨ ਸਿਹਤ ਕਰਮਚਾਰੀਆਂ ਨੂੰ ਐੱਚਪੀਵੀ ਵੈਕਸੀਨ ਬਾਰੇ ਵਡਮੁੱਲੀ ਜਾਣਕਾਰੀ ਪ੍ਰਦਾਨ ਕੀਤੀ ਗਈ। ਇਸ ਸਮੇਂ ਬੀਈਈ ਬਲਰਾਜ ਸਿੰਘ ਗਿੱਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਐੱਚਪੀਵੀ ਵੈਕਸੀਨ ਲਗਾਉਣ ਲਈ ਸਿਹਤ ਵਿਭਾਗ ਵੱਲੋਂ ਵਿਸ਼ੇਸ਼ ਟੀਕਾਕਰਨ ਕੈਂਪਾਂ ਦਾ ਪ੍ਰਬੰਧ ਕੀਤਾ ਜਾਵੇਗਾ ਤਾਂ ਜੋ ਲਾਭਪਾਤਰੀ ਬੱਚੀਆਂ ਨੂੰ ਸਮੇਂ ਸਿਰ ਇਸ ਵੈਕਸੀਨ ਨੂੰ ਲਗਾਇਆ ਜਾ ਸਕੇ।

# ਅਕਾਲੀ ਦਲ ਵਰਕਰਾਂ ਦੀ ਇਕੱਤਰਤਾ 'ਚ ਸਿਆਸੀ ਵਿਚਾਰ-ਵਟਾਂਦਰਾ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**- ਵਿਧਾਨ ਸਭਾ ਹਲਕਾ ਮਜੀਠਾ ਤੋਂ ਵਿਧਾਇਕਾ ਬੀਬਾ ਗਨੀਵ ਕੌਰ ਮਜੀਠੀਆ ਦੀ ਅਗਵਾਈ ਹੇਠ ਨਜ਼ਦੀਕੀ ਪਿੰਡ ਨਿਬਰਵਿੰਡ ਵਿਖੇ ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਨਵਜਿੰਦਰਪਾਲ ਸਿੰਘ ਗਾਂਧੀ ਦੇ ਗ੍ਰਹਿ ਵਿਖੇ ਅਕਾਲੀ ਦਲ ਦੇ ਵਰਕਰਾਂ ਦੀ ਇਕ ਅਹਿਮ ਇਕੱਤਰਤਾ ਹੋਈ ਜਿਸ ਵਿਚ ਵੱਡੀ ਗਿਣਤੀ ਵਿਚ ਪਾਰਟੀ ਦੇ ਅਹੁਦੇਦਾਰ ਅਤੇ ਵਰਕਰ ਸ਼ਾਮਿਲ ਹੋਏ। ਇਸ ਇਕੱਤਰਤਾ ਦੌਰਾਨ ਵਿਚਾਰ ਚਰਚਾ ਹੋਈ ਅਪਤੇ ਬੀਬੀ ਮਜੀਠੀਆ ਵੱਲੋਂ ਇਕੱਤਰ ਵਰਕਰਾਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ ਗਈਆਂ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਆਪ ਸਰਕਾਰ ਵੱਲੋਂ ਪਿਛਲੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਪੰਜਾਬ ਦਾ ਵਿਕਾਸ ਕਰਨ ਦੀ ਥਾਂ ਕੇਵਲ ਵਿਰੋਧੀ ਧਿਰ ਖਿਲਾਫ਼ ਕੂੜ ਪ੍ਰਚਾਰ ਕਰਨ ਜਾਂ ਫੋਕੀ ਇਸ਼ਤਿਹਾਰਬਾਜ਼ੀ ਨਾਲ ਲੋਕਾਂ ਨੂੰ ਗੁੰਮਰਾਹ ਕੀਤਾ। ਬੀਬੀ ਗਨੀਵ ਕੌਰ ਮਜੀਠੀਆ ਨੇ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਨੇ ਹਲਕਾ ਮਜੀਠਾ ਦੇ ਵਾਸੀਆਂ ਨੂੰ ਹਮੇਸ਼ਾ ਆਪਣੇ ਪਰਿਵਾਰ ਦਾ ਰੁਤਬਾ ਦਿੱਤਾ ਜਿਸ ਸਦਕਾ ਸਰਕਾਰ ਦੀ ਧੱਕੇਸ਼ਾਹੀ ਦੇ ਬਾਵਜੂਦ ਸਮੁੱਚਾ ਹਲਕਾ ਉਨ੍ਹਾਂ ਨਾਲ ਚੱਟਾਨ ਵਾਂਗ ਖੜ੍ਹਾ ਹੈ। ਇਸ ਮੌਕੇ ਹੋਰਨਾ ਤੋਂ ਇਲਾਵਾ ਸੁਖਵਿੰਦਰ ਸਿੰਘ ਗੋਲਡੀ ਸਾਬਕਾ ਚੇਅਰਮੈਨ, ਨਵਜਿੰਦਰ ਪਾਲ ਸਿੰਘ ਗਾਂਧੀ ਪ੍ਰਧਾਨ ਯੂਥ ਅਕਾਲੀ ਦਲ, ਅਮਰਪਾਲ ਸਿੰਘ ਪਾਲੀ ਉਦੋਕੇ, ਸੁਖਦੇਵ ਸਿੰਘ ਸਾਬਕਾ ਸਰਪੰਚ ਆਦਿ ਆਗੂ ਮੌਜੂਦ ਸਨ।

# ਡਾ. ਸ਼ਾਹਬਾਜ਼ ਸਿੰਘ ਚੀਮਾ ਡੀਡੀਏ/ਸੀਏਓ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਚੁਣੇ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**- ਡੀ.ਡੀ.ਏ./ਸੀ.ਏ.ਓ. (ਡਿਪਟੀ ਡਾਇਰੈਕਟਰ ਖੇਤੀਬਾੜੀ/ਮੁੱਖ ਖੇਤੀਬਾੜੀ ਅਫਸਰਾਂ) ਐਸੋਸੀਏਸ਼ਨ ਦੀ ਸੂਬਾ ਪੱਧਰੀ ਇੱਕ ਅਹਿਮ ਆਨਲਾਈਨ ਮੀਟਿੰਗ ਹੋਈ। ਮੀਟਿੰਗ ਵਿੱਚ ਸਮੂਹ ਡਿਪਟੀ ਡਾਇਰੈਕਟਰ ਖੇਤੀਬਾੜੀ ਅਤੇ ਮੁੱਖ ਖੇਤੀਬਾੜੀ ਅਫਸਰਾਂ ਨੇ ਹਿੱਸਾ ਲਿਆ। ਇਸ ਮੀਟਿੰਗ ਵਿੱਚ



ਵਿਭਾਗ ਨਾਲ ਸਬੰਧਤ ਅਹਿਮ ਮੁੱਦਿਆਂ, ਖਾਸ ਕਰਕੇ ਪੇ-ਫਿਕਸੇਸ਼ਨ ਅਤੇ ਕੰਮਕਾਜ ਦੌਰਾਨ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਮੀਟਿੰਗ ਦਾ ਮੁੱਖ ਏਜੰਡਾ ਐਸੋਸੀਏਸ਼ਨ ਦੀ ਨਵੀਂ ਲੀਡਰਸ਼ਿਪ ਦੀ ਚੋਣ ਕਰਨਾ ਸੀ। ਜ਼ਿਕਰਯੋਗ ਹੈ ਕਿ ਪੁਰਾਣੇ ਪ੍ਰਧਾਨ ਡਾ. ਕਰਨਜੀਤ ਸਿੰਘ ਗਿੱਲ ਦੀ ਤਰੱਕੀ ਹੋ ਜਾਣ ਕਾਰਨ ਪ੍ਰਧਾਨ ਦਾ ਅਹੁਦਾ ਖਾਲੀ ਹੋ ਗਿਆ ਸੀ। ਇਸ ਮੌਕੇ ਸਮੂਹ ਮੈਂਬਰਾਂ ਦੀ ਸਹਿਮਤੀ ਨਾਲ ਡਾ. ਸ਼ਾਹਬਾਜ਼ ਸਿੰਘ ਚੀਮਾ ਨੂੰ ਐਸੋਸੀਏਸ਼ਨ ਦਾ ਨਵਾਂ ਪੰਜਾਬ ਪ੍ਰਧਾਨ ਚੁਣਿਆ ਗਿਆ। ਮੀਟਿੰਗ ਦੌਰਾਨ ਡਾ. ਸ਼ਾਹਬਾਜ਼ ਸਿੰਘ ਚੀਮਾ ਨੂੰ ਸਰਬਸੰਮਤੀ ਨਾਲ ਪ੍ਰਧਾਨਗੀ ਦੀ ਜ਼ਿੰਮੇਵਾਰੀ ਸੌਂਪਣ ਤੋਂ ਇਲਾਵਾ ਪਹਿਲਾਂ ਤੋਂ ਮੌਜੂਦ ਐਗਜ਼ੈਕਟਿਵ ਬਾਡੀ ਉਸੇ ਤਰ੍ਹਾਂ ਹੀ ਬਰਕਰਾਰ ਰੱਖਣ ਦਾ ਫੈਸਲਾ ਲਿਆ ਗਿਆ। ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਵਿਭਾਗੀ ਮੁੱਦਿਆਂ 'ਤੇ ਵਿਚਾਰਾਂ ਕਰਦਿਆਂ ਪੇ-ਫਿਕਸੇਸ਼ਨ ਦੇ ਜਟਿਲ ਮਾਮਲਿਆਂ ਨੂੰ ਜਲਦ ਹੱਲ ਕਰਵਾਉਣ ਲਈ ਰਣਨੀਤੀ ਸਾਂਝੀ ਕੀਤੀ। ਨਵੇਂ ਚੁਣੇ ਗਏ ਪ੍ਰਧਾਨ ਡਾ. ਸ਼ਾਹਬਾਜ਼ ਸਿੰਘ ਚੀਮਾ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਸਾਰੇ ਸਾਥੀਆਂ ਦੀਆਂ ਉਮੀਦਾਂ 'ਤੇ ਖਰਾ ਉਤਰਨਗੇ ਅਤੇ ਵਿਭਾਗ ਅਤੇ ਮੁਲਾਜ਼ਮਾਂ ਦੀਆਂ ਮੁਸ਼ਕਿਲਾਂ ਨੂੰ ਹੱਲ ਕਰਵਾਉਣ ਲਈ ਹਮੇਸ਼ਾ ਤੱਤਪਰ ਰਹਿਣਗੇ ।

# ਧਾਰਮਿਕ, ਸਮਾਜ ਸੇਵੀ ਤੇ ਸਿਆਸੀ ਸ਼ਖਸੀਅਤਾਂ ਵੱਲੋਂ ਬਾਬਾ ਜਗੀਰ ਸਿੰਘ ਹਰੂਵਾਲ ਨੂੰ ਭਾਵ-ਭਿੰਨੀ ਸ਼ਰਧਾਂਜਲੀ

**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**- ਬਾਬਾ ਸੇਵਾ ਸਿੰਘ ਕਾਰ ਸੇਵਾ ਖਡੂਰ ਸਾਹਿਬ ਵਾਲਿਆਂ ਦੇ ਮੁੱਖ ਸੇਵਾਦਾਰ ਤੇ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਪੱਤਰਕਾਰ ਹੀਰਾ ਸਿੰਘ ਮਾਂਗਟ, ਡਾ. ਅਮਰੀਕ ਸਿੰਘ ਤੇ ਥਾਣੇਦਾਰ ਬਲਜੀਤ ਸਿੰਘ ਦੇ ਪਿਤਾ ਬਾਬਾ ਜਗੀਰ ਸਿੰਘ ਹਰੂਵਾਲ ਜੋ ਬੀਤੇ ਦਿਨੀਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਨਮਿਤ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਪਿੰਡ ਹਰੂਵਾਲ ਵਿਖੇ ਪਾਏ ਗਏ।ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਗੁ. ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਕਰਵਾਇਆ ਗਿਆ।ਇਸ ਮੌਕੇ ਭਾਈ ਭਾਈ ਧਰਮਵੀਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਮੱਖਣ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਭਾਈ ਗੁਰਮੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਾਲਿਆਂ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਥਾਵਾਚਕ ਭਾਈ ਜਸਵਿੰਦਰ ਸਿੰਘ ਸ਼ਹੂਰ ਵੱਲੋਂ ਕਥਾ ਵਿਚਾਰਾਂ ਕਰਕੇ ਸੰਗਤਾਂ ਨੂੰ ਗੁਰਬਾਨੀ ਨਾਲ ਜੋੜਿਆ ਅਤੇ ਬਾਬਾ ਜਗੀਰ ਸਿੰਘ ਦੀ ਜੀਵਨੀ 'ਤੇ ਚਾਨਣਾ ਪਾਇਆ ਗਿਆ।ਉਨ੍ਹਾਂ ਕਿਹਾ ਕਿ ਬਾਬਾ ਜਗੀਰ ਸਿੰਘ ਨੇ ਆਪਣੀ ਜ਼ਿੰਦਗੀ ਦਾ ਅੱਧੇ ਤੋਂ ਵੱਧ ਸਮਾਂ ਗੁਰੂ ਦੇ ਲੇਖੇ ਲਾਇਆ ਹੈ। ਇਸ ਮੌਕੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਸਾਬਕਾ ਮੰਤਰੀ ਸੁੱਚਾ ਸਿੰਘ ਛੋਟੇਪੁਰ, ਚੇਅਰਮੈਨ ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ, ਜਥੇਦਾਰ ਬਖਸ਼ੀਸ਼ ਸਿੰਘ ਧਾਰੋਵਾਲੀ, ਜਥੇਦਾਰ ਅਮਰੀਕ ਸਿੰਘ ਸ਼ਾਹਪੁਰ ਮੈਂਬਰ ਸ਼੍ਰੋਮਣੀ ਕਮੇਟੀ, ਬਾਬਾ ਗੁਰਪ੍ਰੀਤ ਸਿੰਘ ਕਾਰ ਸੇਵਾ ਖਡੂਰ ਸਾਹਿਬ, ਬਾਬਾ ਬਿਸ਼ਨ ਸਿੰਘ ਪੱਪੂ ਕਾਰ ਸੇਵਾ ਖਡੂਰ ਸਾਹਿਬ, ਰਮਨਦੀਪ ਸਿੰਘ ਸੰਧੂ ਸਾਬਕਾ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ, ਜਰਨੈਲ ਸਿੰਘ ਮਾਹਲ, ਤਰਸੇਮ ਸੈਣੀ ਪ੍ਰਧਾਨ ਆਲ ਇੰਡੀਆ ਰਾਈਸ ਮਿੱਲਰਜ਼, ਗੁਰਦੀਪ ਸਿੰਘ ਚੀਮਾ ਪ੍ਰਧਾਨ ਪੰਜਾਬ ਰਾਈਸ ਮਿੱਲਰਜ਼, ਸਲਮਾਨ ਜਿਲਾ ਪ੍ਰਧਾਨ, ਅਵਤਾਰ ਸਿੰਘ ਜ਼ਿਲਾ ਪ੍ਰਧਾਨ, ਬਲਵਿੰਦਰ ਸਿੰਘ ਨਾਭਾ ਮੀਤ ਪ੍ਰਧਾਨ ਪੰਜਾਬ, ਡਾ. ਕਮਲ ਇੰਚਾਰਜ ਬਟਾਲਾ, ਡੀਪੀਆਰਓ ਹਰਜਿੰਦਰ ਸਿੰਘ ਕਲਸੀ, ਬੀਜੇਪੀ ਆਗੂ ਨਿਰਮਲ ਸਿੰਘ



ਰੱਤਾ, ਬੀਜੇਪੀ ਆਗੂ ਸੋਨੀ ਮੋਹਲੋਵਾਲੀ, ਪਰਵਿੰਦਰ ਸਿੰਘ ਘਣੀਆ ਪ੍ਰਧਾਨ ਆੜ੍ਹਤੀ ਯੂਨੀਅਨ ਗੁਰਦਾਸਪੁਰ, ਸੁਖਦੇਵ ਸਿੰਘ, ਪ੍ਰਧਾਨ ਰਜੇਸ਼ ਕੁਮਾਰ ਬਿੱਟਾ, ਯੂਥ ਪ੍ਰਧਾਨ ਜਗਰੂਪ ਸਿੰਘ, ਸਰਕਲ ਪ੍ਰਧਾਨ ਰਜਿੰਦਰ ਸਿੰਘ ਵੈਰੋਕੇ, ਲਖਬੀਰ ਸਿੰਘ ਪ੍ਰਧਾਨ ਆੜ੍ਹਤੀ ਯੂਨੀਅਨ, ਡੀਐੱਸਪੀ ਜੋਗਾ ਸਿੰਘ, ਡੀਐੱਸਪੀ ਇੰਦਰਜੀਤ ਸਿੰਘ ਕਾਹਲੋਂ, ਐੱਸਐੱਚਓ ਤੇਜਿੰਦਰ ਸਿੰਘ, ਐਸਐੱਚਓ ਅਸ਼ੋਕ ਸ਼ਰਮਾ, ਐੱਸਐੱਚਓ ਗੁਰਦਰਸ਼ਨ ਸਿੰਘ, ਬੀਡੀਪੀਓ ਅਮਨਦੀਪ ਕੌਰ, ਡੀਐੱਮ ਐੱਫਸੀਆਈ ਗੁਰਦਾਸਪੁਰ, ਮਾਸਟਰ ਅਵਤਾਰ ਸਿੰਘ, ਜਸਵੰਤ ਸਿੰਘ ਰੰਧਾਵਾ, ਰਮਨਦੀਪ ਸਿੰਘ, ਦੀਪ ਅਨਮੋਲ ਸਿੰਘ, ਸਾਬਕਾ ਚੇਅਰਮੈਨ ਜਗਤਾਰ ਸਿੰਘ ਗੋਸਲ, ਸਾਬਕਾ ਚੇਅਰਮੈਨ ਅਵਤਾਰ ਸਿੰਘ ਮਾਹਲ, ਸਾਬਕਾ ਚੇਅਰਮੈਨ ਭਗਵਾਨ ਸਿੰਘ ਮਾਹਲ, ਸਾਬਕਾ ਡਾਇਰੈਕਟਰ ਹਰਭਜਨ ਸਿੰਘ ਲੁਕਮਾਨੀਆ, ਮੈਨੇਜਰ ਸਤਨਾਮ ਸਿੰਘ ਗੋਸਲ, ਕੇ. ਕੇ. ਵੋਹਰਾ, ਬਾਬਾ ਰਸ਼ਪਾਲ ਸਿੰਘ, ਦਲਜੀਤ ਸਿੰਘ ਕਾਹਲੋਂ ਖਾਲਸਾ ਏਡ, ਸੁਖਵਿੰਦਰ ਸਿੰਘ ਬੱਲੀ, ਰਾਜਾ ਮੱਲੀ, ਜੋਗਿੰਦਰ ਸਿੰਘ ਬੀਡੀਓ, ਪ੍ਰੀਤਮ ਸਿੰਘ ਮੰਗੀਆਂ, ਦਿਲਬਾਗ ਸਿੰਘ ਮੰਗੀਆਂ, ਰਾਜਵਿੰਦਰ ਸਿੰਘ ਰਾਜੂ ਹਰਦਰਵਾਲ, ਗੁਰਦਿਆਲ ਸਿੰਘ ਭਗਠਾਣਾ, ਬਾਬਾ ਜੋਗਿੰਦਰ ਸਿੰਘ ਹਰੂਵਾਲ, ਬਲਾਕ ਸੰਮਤੀ ਮੈਂਬਰ ਬਲਵਿੰਦਰ ਸਿੰਘ, ਬਲਾਕ ਸੰਮਤੀ ਮੈਂਬਰ ਤਰਲੋਚਨ ਸਿੰਘ, ਲਵਪ੍ਰੀਤ ਸਿੰਘ ਪੀਏ, ਜਥੇਦਾਰ ਅਮਰੀਕ ਸਿੰਘ ਠੇਠਰਕੇ, ਹਰਜੀਤ ਸਿੰਘ ਠੇਠਰਕੇ, ਵਾਈਸ ਪ੍ਰਧਾਨ ਕੁਲਵਿੰਦਰ ਸਿੰਘ ਬੇਦੀ, ਕੌਂਸਲਰ ਹਰਵਿੰਦਰ ਸਿੰਘ, ਕੌਂਸਲਰ ਸੁਖਜਿੰਦਰ ਸਿੰਘ ਪੱਖੋਕੇ, ਬਲਦੇਵ ਰਾਏ ਡਾਇਮੰਡ, ਕੌਂਸਲਰ ਸਤਪਾਲ ਸ਼ੌਕੀ, ਸਰਵਿੰਦਰ ਸਿੰਘ ਪੱਪੂ ਸਰਪੰਚ ਮਾਨ, ਸਤਨਾਮ ਸਿੰਘ ਡੀਸੀ, ਡਾ. ਮਲਕੀਤ ਸਿੰਘ, ਮੈਨੇਜਰ ਗੁਰਮੇਜ ਸਿੰਘ ਨਿਕੋਸਰਾਂ, ਗੁਰਪ੍ਰੀਤ ਸਿੰਘ, ਜਗਦੀਪ ਸਿੰਘ ਸਮਰਾ, ਕਸ਼ਮੀਰ ਸਿੰਘ ਸਮਰਾ, ਦੀਵਾਨ ਸਿੰਘ ਸਮਰਾ, ਮੰਗਲ ਸਿੰਘ, ਸਤਨਾਮ ਸਿੰਘ ਹਰੂਵਾਲ, ਹਰਦੇਵ ਸਿੰਘ ਹਰੂਵਾਲ, ਇੰਦਰਜੀਤ ਸਿੰਘ ਸ਼ਹਿਜ਼ਾਦਾ, ਸੁਖਦੇਵ ਸਿੰਘ ਭੋਲਾ, ਕੁਲਦੀਪ ਸਿੰਘ ਭਿੱਡਾ, ਸੱਜਣ ਸਿੰਘ ਖਲੀਲਪੁਰ, ਸ਼ੁਗਲ ਆੜ੍ਹਤੀ, ਧਨਰਾਜ ਸਿੰਘ ਆੜ੍ਹਤੀ, ਮੇਜਰ ਸਿੰਘ ਠੇਠਰਕੇ, ਮਨਜੀਤ ਸਿੰਘ ਸਰਪੰਚ ਮੇਤਲਾ, ਗੋਲਡੀ ਸਰਪੰਚ, ਮਨਜੀਤ ਸਿੰਘ ਕਾਦੀਆਂ, ਅਜੀਤ ਸਿੰਘ ਹਰੀਮਾਵਾਦ, ਬੱਬੂ ਪੱਡਾ ਟਰਾਂਸਪੋਟਰ, ਮਿੰਟਾ ਪਨਿਆੜ, ਸਾਬਕਾ ਚੇਅਰਮੈਨ ਬਲਜਿੰਦਰ ਸਿੰਘ ਬਿੱਲੂ, ਸਾਬੀ ਪ੍ਰਧਾਨ, ਸਾਬਕਾ ਚੇਅਰਮੈਨ ਕੁਲਵੰਤ ਸਿੰਘ ਅਗਵਾਨ, ਸਾਬਕਾ ਚੇਅਰਮੈਨ ਬਲਵੰਤ ਸਿੰਘ ਸੁਆਮੀ, ਸਾਬਕਾ ਚੇਅਰਮੈਨ ਬਲਰਾਜ ਠਾਕਰ, ਡਾਕਟਰ ਤਰਲੋਚਨ ਸਿੰਘ ਸੋਖੀ, ਸਰੂਪ ਸਿੰਘ ਪਟਵਾਰੀ, ਹਰਪਾਲ ਸਿੰਘ ਰੰਧਾਵਾ, ਸਰਪੰਚ ਓਮ ਪ੍ਰਕਾਸ਼, ਗੋਰਾ ਕਲਾਨੌਰ ਪ੍ਰਧਾਨ ਆੜ੍ਹਤੀ ਯੂਨੀਅਨ, ਹਰਬੰਸ ਸਿੰਘ, ਲਾਡੀ ਸਰਪੰਚ ਦੋਸਤਪੁਰ, ਦਿਲਬਾਗ ਸਿੰਘ ਸਰਪੰਚ ਕਿਲਾ, ਲਾਡੀ ਸਰਪੰਚ ਚੰਦੂਮਾਝਾ, ਅਜੇ ਬੇਦੀ, ਜਗਦੀਸ਼ ਸਿੰਘ ਸਰਪੰਚ ਪੰਨਵਾ, ਮਨਜੀਤ ਸਿੰਘ ਮਾਹਲ, ਪ੍ਰਧਾਨ ਕਾਲਾ ਲੱਧੂਪੁਰ, ਸੰਜੇ, ਅਸ਼ੋਕ ਕੁਮਾਰ, ਮੈਨੇਜਰ ਹਰਪ੍ਰੀਤ ਸਿੰਘ, ਰਾਜਾ ਸਰਪੰਚ, ਕੁਲਦੀਪ ਹਰਦਰਵਾਲ, ਗੱਬਰ ਸਰਪੰਚ ਸਮੇਤ ਵੱਡੀ ਗਿਣਤੀ ਵਿੱਚ ਪੱਤਰਕਾਰ ਭਾਈਚਾਰਾ, ਇਲਾਕੇ ਦੀਆਂ ਸੰਗਤਾਂ ਅਤੇ ਰਿਸ਼ਤੇਦਾਰ ਹਾਜ਼ਰ ਸਨ।

11 Jan Page 7.qxd 1/10/2026 10:52 PM Page 1



# ਵਿਜੀਲੈਂਸ ਵੱਲੋਂ 5000 ਰਿਸ਼ਵਤ ਲੈਂਦਾ ਸਹਾਇਕ ਸਬ-ਇੰਸਪੈਕਟਰ ਰੰਗੇ ਹੱਥੀਂ ਗ੍ਰਿਫ਼ਤਾਰ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਜ਼ਿਲ੍ਹਾ ਕਪੂਰਥਲਾ ਦੇ ਥਾਣਾ ਸਿਟੀ ਫਗਵਾੜਾ ਵਿਖੇ ਤਾਇਨਾਤ ਸਹਾਇਕ ਸਬ-ਇੰਸਪੈਕਟਰ ਸਰਬਜੀਤ ਸਿੰਘ ਨੂੰ ਸ਼ਿਕਾਇਤਕਰਤਾ ਦੇ ਮਾਪਿਆਂ ਨੂੰ ਜ਼ਮਾਨਤ ਦੇਣ ਵਿੱਚ ਮਦਦ ਕਰਨ ਬਦਲੇ 5000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ।ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਿੰਡ ਈਸਰਵਾਲ, ਜ਼ਿਲ੍ਹਾ ਜਲੰਧਰ ਦੇ ਵਸਨੀਕ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਬੁਲਾਰੇ ਨੇ ਕਿਹਾ ਕਿ ਸ਼ਿਕਾਇਤਕਰਤਾ ਦੇ ਮਾਪਿਆਂ ਵਿਰੁੱਧ ਥਾਣਾ ਸਿਟੀ ਫਗਵਾੜਾ ਵਿਖੇ ਮਾਮਲਾ ਦਰਜ ਕੀਤਾ ਗਿਆ ਸੀ ਤੇ ਦੋਸ਼ੀ ਅਧਿਕਾਰੀ ਨੇ ਸ਼ਿਕਾਇਤਕਰਤਾ ਨੂੰ ਉਸ ਦੇ ਮਾਪਿਆਂ ਦੀ ਜਾਂਚ ਵਿੱਚ ਸ਼ਾਮਲ ਹੋਣ ਦੇ ਸਬੰਧ ਵਿੱਚ ਅਦਾਲਤੀ ਕੰਪਲੈਕਸ ਫਗਵਾੜਾ ਬੁਲਾਇਆ ਸੀ। ਇਸ ਮੁਲਾਕਾਤ ਦੌਰਾਨ ਦੋਸ਼ੀ ਨੇ ਰਿਸ਼ਵਤ ਦੀ ਮੰਗ ਕੀਤੀ ਅਤੇ ਸ਼ਿਕਾਇਤਕਰਤਾ ਨੂੰ ਧਮਕਾਇਆ ਕਿ ਜੇਕਰ ਭੁਗਤਾਨ ਨਾ ਕੀਤਾ ਗਿਆ ਤਾਂ ਉਸ ਦੇ ਮਾਪਿਆਂ ਨੂੰ ਜੇਲ੍ਹ ਭੇਜ ਦਿੱਤਾ ਜਾਵੇਗਾ। ਇਸ ਦਬਾਅ ਹੇਠ ਸ਼ਿਕਾਇਤਕਰਤਾ ਨੇ ਮੌਕੇ 'ਤੇ ਦੋਸ਼ੀ ਨੂੰ 2,000 ਰੁਪਏ ਰਿਸ਼ਵਤ ਵਜੋਂ ਦੇ ਦਿੱਤੇ।ਇਸ ਤੋਂ



ਬਾਅਦ ਸ਼ਿਕਾਇਤਕਰਤਾ ਆਪਣੇ ਮਾਪਿਆਂ ਨਾਲ ਪੁਲਿਸ ਥਾਣਾ ਸਿਟੀ ਫਗਵਾੜਾ ਗਿਆ, ਜਿੱਥੇ ਉਸ ਦੇ ਮਾਪਿਆਂ ਦੀ ਹੋਰ ਤਫ਼ਤੀਸ਼ ਕੀਤੀ ਗਈ, ਉਕਤ ਦੋਸ਼ੀ ਸਹਾਇਕ ਸਬ-ਇੰਸਪੈਕਟਰ ਨੇ ਸ਼ਿਕਾਇਤਕਰਤਾ ਦੇ ਮਾਪਿਆਂ ਨੂੰ ਜ਼ਮਾਨਤ ਦੇਣ ਵਿੱਚ ਮਦਦ ਕਰਨ ਲਈ 10,000 ਰੁਪਏ ਦੀ ਹੋਰ ਰਿਸ਼ਵਤ ਦੀ ਮੰਗ ਕੀਤੀ। ਜਦੋਂ ਸ਼ਿਕਾਇਤਕਰਤਾ ਨੇ ਪੂਰੀ ਰਕਮ ਦੇਣ ਵਿੱਚ ਅਸਮਰੱਥਾ ਪ੍ਰਗਟਾਈ ਤਾਂ ਦੋਸ਼ੀ ਅਧਿਕਾਰੀ ਨੂੰ ਰਿਸ਼ਵਤ ਵਜੋਂ ਹੋਰ 2,000 ਰੁਪਏ ਦੇ ਦਿੱਤੇ ਅਤੇ ਬਾਕੀ ਰਕਮ ਬਾਅਦ ਵਿੱਚ ਅਦਾ ਕਰਨ ਲਈ ਕਿਹਾ ਗਿਆ। ਬੁਲਾਰੇ ਨੇ ਅੱਗੇ ਦੱਸਿਆ ਕਿ ਦੋਸ਼ੀ ਏ ਐਸ ਆਈ ਨੇ ਸ਼ਿਕਾਇਤਕਰਤਾ ਨੂੰ ਦੁਬਾਰਾ ਰਾਵਲਪਿੰਡੀ ਪੁਲਿਸ ਸਟੇਸ਼ਨ ਦੇ ਨੇੜੇ ਬੁਲਾਇਆ ਅਤੇ 2,000 ਰੁਪਏ ਰਿਸ਼ਵਤ ਲੈ ਲਈ ਤੇ ਉਨ੍ਹਾਂ ਬਾਕੀ ਰਕਮ ਦੇਣ ਲਈ ਹਦਾਇਤ ਕੀਤੀ। ਸ਼ਿਕਾਇਤਕਰਤਾ ਦੇ ਮਾਪਿਆਂ ਨੂੰ ਨਿਯਮਤ ਜ਼ਮਾਨਤ ਮਿਲਣ ਤੋਂ ਬਾਅਦ ਵੀ ਦੋਸ਼ੀ ਰਿਸ਼ਵਤ ਦੀ ਬਕਾਇਆ ਰਕਮ ਦੀ ਮੰਗ ਕਰਦਾ ਰਿਹਾ। ਇਸ ਤਰ੍ਹਾਂ, ਦੋਸ਼ੀ ਨੇ ਸ਼ਿਕਾਇਤਕਰਤਾ ਤੋਂ ਤਿੰਨ ਕਿਸ਼ਤਾਂ 'ਚ ਕੁੱਲ 6000 ਰੁਪਏ ਰਿਸ਼ਵਤ ਵਜੋਂ ਲੈ ਚੁੱਕਾ ਸੀ।ਬੁਲਾਰੇ ਨੇ ਅੱਗੇ ਕਿਹਾ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਦੌਰਾਨ ਦੋਸ਼ੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 5000 ਰੁਪਏ ਰਿਸ਼ਵਤ ਲੈਂਦੇ ਹੋਏ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧ ਵਿੱਚ ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਵਿਧਾਇਕ ਬਲਕਾਰ ਸਿੰਘ ਨੇ ਬੱਲਾਂ ਵਾਲੀ ਖੇਡ ਗਰਾਊਂਡ ਦੀ ਨਿਸ਼ਾਨਦੇਹੀ ਦਾ ਕੰਮ ਕਰਵਾਇਆ

**ਅਲਾਵਲਪੁਰ (ਮਦਨ ਬੰਗੜ)**- ਨਜ਼ਦੀਕੀ ਪਿੰਡ ਬੱਲਾਂ ਦੇ ਵਿਸ਼ਵ ਪ੍ਰਸਿੱਧ ਗੁਰਦੁਆਰਾ ਬਾਬਾ ਭਾਗੋ ਜੀ ਅਤੇ ਡੀ ਐਸ ਐਸ ਡੀ ਸੀਨੀ: ਸੈਕੰਡਰੀ ਸਕੂਲ ਬੱਲਾਂ ਦੇ ਨਜ਼ਦੀਕ ਖੇਡ ਗਰਾਊਂਡ ਦੀ ਨਿਸ਼ਾਨਦੇਹੀ ਦਾ ਕੰਮ ਕਰਵਾਉਣ ਲਈ ਪਿੰਡ ਦੇ ਪਤਵੰਤੇ ਸੱਜਣ ਕਈ ਵਾਰ ਮਹਿਕਮਾ ਮਾਲ ਵਿਭਾਗ ਨੂੰ ਬਿਨੈ ਪੱਤਰ ਤੇ ਬੇਨਤੀਆਂ ਕਰ ਚੁੱਕੇ ਸਨ। ਜਦੋਂ ਵੀ ਮਹਿਕਮਾ ਮਾਲ ਵਿਭਾਗ ਦੀ ਟੀਮ ਉਕਤ ਗਰਾਊਂਡ ਦੀ ਨਿਸ਼ਾਨਦੇਹੀ ਕਰਵਾਉਣ ਹਿੱਤ ਪੂਰਾ ਲਾਮ ਲਸ਼ਕਰ ਲੈ ਕੇ ਪਹੁੰਚਦੀ ਸੀ ਤਾਂ ਕੋਈ ਨਾ ਕੋਈ ਪਾਰਟੀ ਕਿਸੇ ਕਾਰਨਵੱਸ ਮੌਕੇ 'ਤੇ ਨਾ ਪਹੁੰਚਣ ਤੇ ਉਕਤ ਗਰਾਊਂਡ ਦੀ ਨਿਸ਼ਾਨਦੇਹੀ ਦਾ ਕੰਮ ਵਾਰ ਵਾਰ ਰਹਿ ਜਾਂਦਾ ਸੀ ਉਕਤ ਗਰਾਊਂਡ ਦੀ ਨਿਸ਼ਾਨਦੇਹੀ ਕਰਵਾਉਣ ਹਿੱਤ ਬੀਤੇ ਦਿਨੀਂ ਪਿੰਡ ਬੱਲਾਂ ਦੇ ਸਮੂਹ ਖਿਡਾਰੀ ਵਰਗ ਦੇ ਇੱਕ ਵਫ਼ਦ ਦੇ ਰੂਪ ਵਿੱਚ ਪਿੰਡ ਦੇ ਆਮ ਆਦਮੀ ਪਾਰਟੀ ਦੇ ਆਗੂਆਂ ਦੀ ਸਾਂਝੀ ਅਗਵਾਈ 'ਚ ਸਾਬਕਾ ਕੈਬਨਿਟ ਮੰਤਰੀ ਤੇ ਮੌਜੂਦਾ ਹਲਕਾ ਵਿਧਾਇਕ ਬਲਕਾਰ ਸਿੰਘ ਨੂੰ ਉਹਨਾਂ ਦੇ ਗ੍ਰਹਿ ਵਿਖੇ ਉਕਤ ਗਰਾਊਂਡ ਦੀ ਨਿਸ਼ਾਨਦੇਹੀ ਕਰਵਾਉਣ ਹਿੱਤ ਉਹਨਾਂ ਨੂੰ ਮਿਲੇ। ਪਿੰਡ ਦੇ ਖਿਡਾਰੀਆਂ ਤੇ ਆਪ ਆਗੂਆਂ ਦੀ ਪੁਰਜ਼ੋਰ ਮੰਗ 'ਤੇ ਹਲਕਾ ਵਿਧਾਇਕ ਬਲਕਾਰ



ਸਿੰਘ ਵੱਲੋਂ ਮਹਿਕਮਾ ਮਾਲ ਵਿਭਾਗ ਦੇ ਸਬੰਧਤ ਸਮੂਹ ਅਧਿਕਾਰੀਆਂ ਨੂੰ ਉਕਤ ਗਰਾਊਂਡ ਦੀ ਨਿਸ਼ਾਨਦੇਹੀ ਇਕ ਦੋ ਦਿਨਾਂ ਵਿੱਚ ਪੂਰੀ ਕਰਨ ਲਈ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ। ਹਲਕਾ ਵਿਧਾਇਕ ਬਲਕਾਰ ਸਿੰਘ ਨੇ ਪਿੰਡ ਦੇ ਆਪ ਆਗੂਆਂ ਤੇ ਸਮੂਹ ਖਿਡਾਰੀਆਂ ਨੂੰ ਭਰੋਸਾ ਦਿਵਾਇਆ ਸੀ ਕਿ ਉਕਤ ਗਰਾਊਂਡ ਦੀ ਨਿਸ਼ਾਨਦੇਹੀ ਦਾ ਕੰਮ ਇਕ ਦੋ ਦਿਨਾਂ ਵਿੱਚ ਪੂਰਾ ਕਰਵਾ ਦਿਤਾ ਜਾਵੇਗਾ। ਹਲਕਾ ਵਿਧਾਇਕ ਬਲਕਾਰ ਸਿੰਘ ਨੇ ਆਖਿਆ ਕਿ ਸਾਡੀ ਸਰਕਾਰ ਨੌਜਵਾਨ ਪੀੜ੍ਹੀ ਨੂੰ ਖੇਡਾਂ ਵੱਲ ਉਤਸਾਹਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਬੀਤੇ ਦੋ ਕੁ ਦਿਨ ਪਹਿਲਾਂ ਮਾਲ ਮਹਿਕਮੇ ਵੱਲੋਂ ਪਿੰਡ ਦੀ ਉਕਤ ਗਰਾਊਂਡ ਦੀ ਨਿਸ਼ਾਨਦੇਹੀ ਪੂਰੀ ਕਰਵਾ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਲੋਕਲ ਆਗੂ ਸੰਦੀਪ ਸਿੰਘ ਹੇਠੀ, ਲੰਬਰਦਾਰ ਸੰਦੀਪ ਕੁਮਾਰ, ਵਿਵੇਕ ਭਾਰਗਵ, ਏ. ਐੱਸ.ਆਈ. ਰਾਮ ਪ੍ਰਕਾਸ਼, ਜਸਵਿੰਦਰ ਬੱਲ ਆਦਿ ਨੇ ਦੱਸਿਆ ਕਿ ਪਿੰਡ ਵਿੱਚ ਹੋਰ ਲੋਕ ਭਲਾਈ ਦੇ ਵਿਕਾਸ ਕਾਰਜ ਹਲਕਾ ਵਿਧਾਇਕ ਬਲਕਾਰ ਸਿੰਘ ਦੀ ਸਮਾਜ ਉਸਾਰੂ ਸੋਚ ਨਾਲ ਨਿਰੰਤਰ ਜਾਰੀ ਰਹਿਣਗੇ।

# ਲਵਲੀ ਪ੍ਰੋਫੈਸ਼ਨਲ 'ਵਰਸਿਟੀ 'ਚ 12ਵੀਂ ਸਾਲਾਨਾ ਕਨਵੋਕੇਸ਼ਨ

**ਜਲੰਧਰ (ਸ਼ੈਲੀ ਐਲਬਰਟ)**- ਅਕਾਦਮਿਕ ਉੱਤਮਤਾ ਅਤੇ ਵਿਸ਼ਵਵਿਆਪੀ ਦ੍ਰਿਸ਼ਟੀਕੋਣ ਨੂੰ ਦਰਸਾਉਂਦੇ ਇੱਕ ਮਹੱਤਵਪੂਰਨ ਸਮਾਰੋਹ ਵਿੱਚ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਨੇ 2026 ਨੂੰ ਆਪਣਾ 12ਵਾਂ ਕਨਵੋਕੇਸ਼ਨ ਆਯੋਜਿਤ ਕੀਤਾ।ਇਸ ਵੱਕਾਰੀ ਸਮਾਰੋਹ ਦੀ ਪ੍ਰਧਾਨਗੀ ਭਾਰਤ ਦੇ ਮਾਨਯੋਗ ਉਪ ਰਾਸ਼ਟਰਪਤੀ, ਸੀ ਪੀ ਰਾਧਾਕ੍ਰਿਸ਼ਨਨ ਨੇ ਕੀਤੀ, ਜਿਨ੍ਹਾਂ ਨੇ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕਨਵੋਕੇਸ਼ਨ ਦੀ ਪ੍ਰਧਾਨਗੀ ਪੰਜਾਬ ਦੇ ਮਾਨਯੋਗ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ, ਗੁਲਾਬ ਚੰਦ ਕਟਾਰੀਆ ਨੇ ਕੀਤੀ।ਉਪ-ਰਾਸ਼ਟਰਪਤੀ ਨੇ ਗ੍ਰੈਜੂਏਟ ਵਿਦਿਆਰਥੀਆਂ ਨੂੰ ਇੱਕ ਮਹੱਤਵਪੂਰਨ ਮੀਲ ਪੱਥਰ 'ਤੇ ਪਹੁੰਚਣ 'ਤੇ ਵਧਾਈ ਦਿੱਤੀ, ਇਸ ਕਨਵੋਕੇਸ਼ਨ ਨੂੰ ਸੰਤੁਸ਼ਟੀ ਦਾ ਇੱਕ ਪਲ ਦੱਸਿਆ ਜੋ ਇੱਕੋ ਸਮੇਂ ਜ਼ਿੰਮੇਵਾਰੀ ਪੈਦਾ ਕਰਦਾ ਹੈ - ਨਾ ਸਿਰਫ਼ ਗ੍ਰੈਜੂਏਟਾਂ ਲਈ, ਸਗੋਂ ਮਾਪਿਆਂ, ਸਟਾਫ ਮੈਂਬਰਾਂ ਅਤੇ ਨੌਜਵਾਨ ਦਿਮਾਗਾਂ ਨੂੰ ਆਕਾਰ ਦੇਣ ਵਾਲੀਆਂ ਸੰਸਥਾਵਾਂ ਲਈ ਵੀ।ਰਾਜਪਾਲ ਨੇ ਗ੍ਰੈਜੂਏਟ ਹੋਣ ਵਾਲੇ ਵਿਦਿਆਰਥੀਆਂ ਨੂੰ



ਜੀਵਨ ਦੇ ਹਰ ਖੇਤਰ ਵਿੱਚ ਇਮਾਨਦਾਰੀ, ਅਨੁਸ਼ਾਸਨ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਦੀ ਅਪੀਲ ਕੀਤੀ।ਡਾ. ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ) ਅਤੇ ਐਲਪੀਯੂ ਦੇ ਸੰਸਥਾਪਕ ਚਾਂਸਲਰ, ਨੇ ਕਨਵੋਕੇਸ਼ਨ ਵਿੱਚ ਭਾਰਤ ਦੇ ਮਾਣਯੋਗ ਉਪ ਰਾਸ਼ਟਰਪਤੀ, ਪ੍ਰਸਿੱਧ ਰਾਜਨੀਤੀ ਅਤੇ ਅੰਤਰਰਾਸ਼ਟਰੀ ਪਤਵੰਤਿਆਂ ਦੇ ਨਾਲ, ਦੀ ਮੇਜ਼ਬਾਨੀ ਕਰਨ 'ਤੇ ਖੁਸ਼ੀ ਪ੍ਰਗਟ ਕੀਤੀ। ਡਾ. ਮਿੱਤਲ ਨੇ ਜ਼ੋਰ ਦੇ ਕੇ ਕਿਹਾ ਕਿ ਐਲਪੀਯੂ ਵਿੱਚ ਸਿੱਖਿਆ ਸਿਰਫ ਡਿਗਰੀਆਂ ਤੱਕ ਸੀਮਿਤ ਨਹੀਂ ਹੈ, ਸਗੋਂ ਇਸ ਦਾ ਉਦੇਸ਼ ਵੀ ਪੂਰਤੀ ਕਰਦੀ ਹੈ, ਜੋ ਕਿ ਰਾਸ਼ਟਰੀ ਅਤੇ ਵਿਸ਼ਵਵਿਆਪੀ ਚੁਣੌਤੀਆਂ ਦਾ ਸਾਹਮਣਾ ਕਰਨ ਵਾਲੇ ਨੇਤਾਵਾਂ, ਨਵੀਨਤਾਕਾਰਾਂ ਅਤੇ ਸਮੱਸਿਆ ਹੱਲ ਕਰਨ ਵਾਲਿਆਂ ਨੂੰ ਤਿਆਰ ਕਰਨ 'ਤੇ ਕੇਂਦ੍ਰਤ ਕਰਦੀ ਹੈ। ਕਨਵੋਕੇਸ਼ਨ 2023-2024 ਅਤੇ 2024-2025 ਦੇ ਨਿਯਮਤ, ਔਨਲਾਈਨ ਅਤੇ ਡਿਸਟੈਂਸ ਸਿੱਖਿਆ ਪ੍ਰੋਗਰਾਮਾਂ ਦੇ 50,000 ਤੋਂ ਵੱਧ ਵਿਦਿਆਰਥੀਆਂ ਦੇ ਅਕਾਦਮਿਕ ਸਫ਼ਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਸੀ।

# ਅਜੈ ਕੁਮਾਰ ਨੂੰ ਚੇਅਰਮੈਨ ਨਿਯੁਕਤ ਕਰਨ 'ਤੇ ਹਲਕਾ ਵਿਧਾਇਕ ਰੰਧਾਵਾ ਵੱਲੋਂ ਖ਼ੁਸ਼ੀ ਜ਼ਾਹਰ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਡੇਰਾ ਬੱਸੀ ਵਿਧਾਨ ਸਭਾ ਹਲਕੇ ਵਿੱਚ ਵਿਕਾਸ ਅਤੇ ਸੁਚੱਜੇ ਪ੍ਰਸ਼ਾਸਨ ਦੀ ਦਿਸ਼ਾ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਦਿਆਂ ਟ੍ਰੈਡ ਕਮਿਸ਼ਨ ਵੱਲੋਂ ਅਜੈ ਕੁਮਾਰ ਨੂੰ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ ਨਾਲ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਅਜੈ ਕੁਮਾਰ ਨੂੰ ਇਸ ਮਹੱਤਵਪੂਰਨ ਜ਼ਿੰਮੇਵਾਰੀ ਲਈ ਵਧਾਈ ਦਿੰਦਿਆਂ ਕਿਹਾ ਕਿ ਇਹ ਨਿਯੁਕਤੀ ਡੇਰਾ ਬੱਸੀ ਲਈ ਮਾਣ ਵਾਲੀ ਗੱਲ ਹੈ।ਵਿਧਾਇਕ ਰੰਧਾਵਾ ਨੇ ਕਿਹਾ ਕਿ ਅਜੈ ਕੁਮਾਰ ਅਤੇ ਉਹਨਾਂ ਦੀ ਟੀਮ ਇੱਕ ਇਮਾਨਦਾਰ, ਮਿਹਨਤੀ ਅਤੇ ਲੋਕਾਂ ਨਾਲ ਜੁੜੇ ਹੋਏ ਸ਼ਖ਼ਸ ਹਨ। ਉਹਨਾਂ ਕੋਲ ਪ੍ਰਸ਼ਾਸਨਿਕ ਤਜਰਬਾ ਅਤੇ ਸਮਾਜਿਕ ਸੇਵਾ ਦਾ ਲੰਬਾ ਪਿਛੋਕੜ ਹੈ, ਜਿਸ ਦਾ ਫਾਇਦਾ ਟ੍ਰੈਡ ਕਮਿਸ਼ਨ ਅਤੇ ਡੇਰਾ ਬੱਸੀ ਹਲਕੇ ਦੇ ਲੋਕਾਂ ਨੂੰ ਮਿਲੇਗਾ।ਕੁਲਜੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਟ੍ਰੈਡ ਕਮਿਸ਼ਨ ਦਾ ਮੁੱਖ ਉਦੇਸ਼ ਉਦਯੋਗ, ਵਪਾਰ ਅਤੇ ਵਿਕਾਸ ਸੰਬੰਧੀ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨਾ ਹੈ। ਅਜੈ ਕੁਮਾਰ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦੀ ਅਗਵਾਈ ਹੇਠ ਕਮਿਸ਼ਨ ਹੋਰ



ਵੀ ਸਰਗਰਮ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਕੰਮ ਕਰੇਗਾ। ਇਸ ਨਾਲ ਡੇਰਾ ਬੱਸੀ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ ਅਤੇ ਨੌਜਵਾਨਾਂ ਨੂੰ ਅੱਗੇ ਵਧਣ ਦਾ ਮੌਕਾ ਮਿਲੇਗਾ। ਰੰਧਾਵਾ ਨੇ ਕਿਹਾ ਕਿ ਸਰਕਾਰ ਦਾ ਟੀਚਾ ਹੈ ਕਿ ਹਰ ਵਿਭਾਗ ਅਤੇ ਕਮਿਸ਼ਨ ਵਿੱਚ ਉਹੀ ਵਿਅਕਤੀ ਬੈਠੇ ਜੋ ਕੰਮ ਕਰਨ ਦੀ ਸਮਰੱਥਾ ਰੱਖਦਾ ਹੋਵੇ ਅਤੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰੇ।ਇਸ ਮੌਕੇ ਅਜੈ ਕੁਮਾਰ ਅਤੇ ਉਨ੍ਹਾਂ ਦੀ ਟੀਮ ਨੇ ਵੀ ਪੰਜਾਬ ਸਰਕਾਰ ਅਤੇ ਹਲਕਾ ਵਿਧਾਇਕ ਰੰਧਾਵਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਨੂੰ ਦਿੱਤੀ ਗਈ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਨਿਸ਼ਠਾ ਨਾਲ ਨਿਭਾਇਆ ਜਾਵੇਗਾ।ਡੇਰਾ ਬੱਸੀ ਹਲਕੇ ਦੇ ਵੱਖ-ਵੱਖ ਸਮਾਜਿਕ, ਵਪਾਰਕ ਅਤੇ ਰਾਜਨੀਤਿਕ ਵਰਗਾਂ ਵੱਲੋਂ ਵੀ ਅਜੈ ਕੁਮਾਰ ਅਤੇ ਉਹਨਾਂ ਦੀ ਟੀਮ ਦੀ ਨਿਯੁਕਤੀ ਦਾ ਸਵਾਗਤ ਕੀਤਾ ਗਿਆ।

# ਇੰਦਰਵੰਸ਼ ਚੱਢਾ ਵਪਾਰੀ ਕਮਿਸ਼ਨ ਜਲੰਧਰ ਦਾ ਚੇਅਰਪਰਸਨ ਨਿਯੁਕਤ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਸਰਕਾਰ ਵੱਲੋਂ ਇੰਦਰਵੰਸ਼ ਚੱਢਾ ਨੂੰ ਵਪਾਰੀ ਕਮਿਸ਼ਨ, ਜਲੰਧਰ ਦਾ ਚੇਅਰਪਰਸਨ ਨਿਯੁਕਤ ਕੀਤਾ ਗਿਆ ਹੈ।ਇਸ ਨਿਯੁਕਤੀ 'ਤੇ ਜਲੰਧਰ ਦੇ ਵਪਾਰੀ ਵਰਗ ਅਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਹੈ।ਇਸ ਮੌਕੇ ਇੰਦਰਵੰਸ਼ ਚੱਢਾ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨਾਲ, ਪੰਜਾਬ ਦੇ ਮੁੱਖ ਮੰਤਰੀ



ਸਰਦਾਰ ਭਗਵੰਤ ਸਿੰਘ ਮਾਨ ਅਤੇ ਪੰਜਾਬ ਦੇ ਪ੍ਰਭਾਰੀ ਮਨੀਸ਼ ਸਿਸੋਦੀਆ ਦਾ ਦਿਲੋਂ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਪਾਰਟੀ ਅਤੇ ਸਰਕਾਰ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਉਹ ਪੂਰੀ ਇਮਾਨਦਾਰੀ, ਨਿਸ਼ਠਾ ਅਤੇ ਵਚਨਬੱਧਤਾ ਨਾਲ ਨਿਭਾਉਣਗੇ।ਸ੍ਰੀ ਚੱਢਾ ਨੇ ਕਿਹਾ ਕਿ ਉਹ ਜਲੰਧਰ ਦੇ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਸਰਕਾਰ ਤੱਕ ਪਹੁੰਚਾਉਣ ਅਤੇ ਵਪਾਰਕ ਮਾਹੌਲ ਨੂੰ ਹੋਰ ਸੁਧਾਰਨ ਲਈ ਲਗਾਤਾਰ ਕੰਮ ਕਰਨਗੇ। ਉਨ੍ਹਾਂ ਨੇ ਵਿਸ਼ਵਾਸ ਜਤਾਇਆ ਕਿ ਪੰਜਾਬ ਸਰਕਾਰ ਦੀਆਂ ਵਪਾਰੀ-ਹਿਤੈਸ਼ੀ ਨੀਤੀਆਂ ਨਾਲ ਵਪਾਰ ਨੂੰ ਨਵੀਂ ਦਿਸ਼ਾ ਮਿਲੇਗੀ।

# ਕਾਂਗਰਸ ਨੇ ਕੀਤਾ 'ਮਨਰੇਗਾ ਬਚਾਓ ਸੰਗਰਾਮ' ਦਾ ਆਗਾਜ਼

**ਬਲਾਚੌਰ (ਜਸਵਿੰਦਰ ਬੈਂਸ)** ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ, ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਅਗਵਾਈ ਹੇਠ



ਸਮੁੱਚੀ ਪੰਜਾਬ ਕਾਂਗਰਸ ਲੀਡਰਸ਼ਿਪ ਵੱਲੋਂ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ ਦੀ ਰਹਿਨੁਮਾਈ ਹੇਠ ਬਲਾਚੌਰ ਵਿਖੇ ਮਨਰੇਗਾ ਬਚਾਓ ਸੰਗਰਾਮ ਦਾ ਆਗਾਜ਼ ਕਰਦਿਆਂ ਇੱਕ ਵਿਸ਼ਾਲ ਰੈਲੀ ਦਾ ਆਯੋਜਨ ਕੀਤਾ ਗਿਆ।ਜਿਸ ਦਾ ਮੁੱਖ ਉਦੇਸ਼ ਭਾਜਪਾ ਸਰਕਾਰ ਵੱਲੋਂ ਗਰੀਬ ਮਜ਼ਦੂਰਾ ਦੇ ਰੁਜ਼ਗਾਰ ਦੀ ਸਕੀਮ ਮਨਰੇਗਾ ਨੂੰ ਖਤਮ ਕੀਤੇ ਜਾਣ ਦੀ ਕੋਝੀ ਸਾਜਿਸ਼ ਬਾਰੇ ਲੋਕਾਂ ਨੂੰ ਜਾਣੂ ਕਰਵਾਉਣਾ ਸੀ।ਇਸ ਮੌਕੇ ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮਨਰੇਗਾ ਸਕੀਮ ਦਾ ਨਾਂਅ ਬਦਲ ਕੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਦਾ ਅਪਮਾਨ ਕੀਤਾ ਹੈ।ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਅਜੇ ਮੰਗੂਪੁਰ ਦੀ ਵਿਸ਼ਾਲ ਰੈਲੀ ਦਾ ਅਯੋਜਨ ਕਰਨ ਤੇ ਸ਼ਲਾਘਾ ਕੀਤੀ ਅਤੇ ਮਨਰੇਗਾ ਬਚਾਓ ਸੰਗਰਾਮ ਜਾਣਕਾਰੀ ਦਿੰਦਿਆ ਮਨਰੇਗਾ ਕਾਮਿਆਂ ਅੰਦਰ ਉਨ੍ਹਾਂ ਦੇ ਹੱਕਾਂ ਦੀ ਲੜਾਈ ਲੜਨ ਬਾਰੇ ਜੋਸ਼ ਭਰਿਆ ਅਤੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਲੋਕਾਂ ਲਈ ਅਗਾਂਹ ਹੋ ਕੇ ਖੜੀ ਹੈ। ਰੈਲੀ ਦੌਰਾਨ ਬੈਠੇ ਲੋਕਾਂ ਨੇ ਵੀ ਕਾਂਗਰਸ ਪਾਰਟੀ ਦੇ ਲੀਡਰਾਂ ਨੂੰ ਵਿਸ਼ਵਾਸ ਜਤਾਉਂਦਿਆਂ ਹੱਥ ਖੜੇ ਕਰ ਆਪਣਾ ਸਮਰਥਨ ਦਿੱਤਾ ਅਤੇ ਦਰਸਾਇਆ ਕਿ 2027 ਵਿੱਚ ਉਨ੍ਹਾਂ ਕਾਂਗਰਸ ਪਾਰਟੀ ਨੂੰ ਜਿਤਾਉਣ ਦਾ ਮਨ ਬਣਾ ਲਿਆ ਹੈ। ਇਸ ਮੌਕੇ ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ,ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਪ੍ਰਤਾਪ ਸਿੰਘ ਬਾਜਵਾ ਨੇਤਾ ਵਿਰੋਧੀ ਧਿਰ, ਰਵਿੰਦਰ ਉੱਤਮ ਰਾਓ ਡਾਲਵੀ ਸਹਿ ਇੰਚਾਰਜ, ਸੂਰਜ ਠਾਕੁਰ ਸਹਿ ਇੰਚਾਰਜ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਰਾਣਾ ਕੰਵਰ ਪਾਲ ਸਾਬਕਾ ਸਪੀਕਰ, ਸੁਖਜਿੰਦਰ ਸਿੰਘ ਰੰਧਾਵਾ ਮੈਂਬਰ ਪਾਰਲੀਮੈਂਟ, ਵਿਜੇ ਇੰਦਰ ਸਿੰਗਲਾ ਸਾਬਕਾ ਮੰਤਰੀ, ਸਾਧੂ ਸਿੰਘ ਧਰਮਸੋਤ ਸਾਬਕਾ ਮੰਤਰੀ, ਗੁਰਜੀਤ ਸਿੰਘ ਔਜਲਾ ਮੈਂਬਰ ਪਾਰਲੀਮੈਂਟ, ਪਰਗਟ ਸਿੰਘ ਵਿਧਾਇਕ ਜਲੰਧਰ ਦਿਹਾਤੀ, ਚੌਧਰੀ ਦਰਸ਼ਨ ਲਾਲ ਮੰਗੂਪੁਰ ਸਾਬਕਾ ਵਿਧਾਇਕ ਬਲਾਚੌਰ, ਅੰਗਦ ਸਿੰਘ ਸੈਣੀ ਸਾਬਕਾ ਵਿਧਾਇਕ ਨਵਾਂਸ਼ਹਿਰ, ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਅਸ਼ਵਨੀ ਕੁਮਾਰ ਸ਼ਰਮਾ ਜ਼ਿਲ੍ਹਾ ਪ੍ਰਧਾਨ ਰੋਪੜ ਸਮੇਤ ਕਾਂਗਰਸੀ ਲੀਡਰ ਹਾਜਰ ਸਨ।

# ਸੈਦੋਂਵਾਲ ਤੋਂ ਭੂਸ਼ਾ ਪੁਲ ਤੱਕ 7 ਕਿਲੋਮੀਟਰ ਸੜਕ ਨਿਰਮਾਣ ਨੂੰ ਮਿਲੀ ਪ੍ਰਵਾਨਗੀ : ਸੀਚੇਵਾਲ

**ਦਸੂਹਾ/ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)**- ਰਾਜ ਸਭਾ ਮੈਂਬਰ ਤੇ ਉੱਘੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਦਸੂਹਾ ਦੇ ਪਿੰਡ ਗਾਲੋਵਾਲ ਦਾ ਦੌਰਾ ਕਰਕੇ ਪਵਿੱਤਰ ਵੇਈਂ ਨਾਲ ਸਬੰਧਤ ਵੇਈਂ ਦੇ ਨਾਲ-ਨਾਲ ਬੁਨਿਆਦੀ ਢਾਂਚੇ ਦੇ ਵਿਕਾਸ, ਸੜਕ ਨਿਰਮਾਣ, ਪਾਣੀ ਦੀ ਸਪਲਾਈ, ਹੜ੍ਹਾਂ ਨਾਲ ਹੋਏ ਨੁਕਸਾਨ ਅਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ



ਵਿਕਾਸ ਕਾਰਜਾਂ ਦਾ ਜਾਇਜ਼ਾ ਲਿਆ ਤੇ ਇਲਾਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ। ਇਸ ਮੌਕੇ ਦਸੂਹਾ ਦੇ ਵਿਧਾਇਕ ਐਡਵੋਕੇਟ ਕਰਮਬੀਰ ਸਿੰਘ ਘੁੰਮਣ ਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਪ੍ਰਸ਼ਾਸਨਿਕ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਸ਼ਾਮਿਲ ਹੋਏ। ਪਵਿੱਤਰ ਗਿਆ। ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਪਵਿੱਤਰ ਵੇਈਂ ਦੇ ਨਾਲ ਸੜਕ ਦੀ ਉਸਾਰੀ ਇਲਾਕੇ ਦੇ ਵਸਨੀਕਾਂ ਦੀ ਲੰਬੇ ਸਮੇਂ ਤੋਂ ਮੰਗ ਸੀ। ਇਸ ਮੰਗ ਨੂੰ ਪੂਰਾ ਕਰਦੇ ਹੋਏ ਪੰਜਾਬ ਸਰਕਾਰ ਨੇ ਦਸੂਹਾ ਇਲਾਕੇ ਦੇ ਸੈਦੋਂਵਾਲ ਪਿੰਡ ਤੋਂ ਭੂਸ਼ਾ ਪੁਲ ਤੱਕ ਪਵਿੱਤਰ ਵੇਈਂ ਦੇ ਨਾਲ ਲੱਗਭਗ 7 ਕਿਲੋਮੀਟਰ ਲੰਬੀ ਸੜਕ ਦੇ ਨਿਰਮਾਣ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜੋ ਕਿ ਟੇਰਕਿਆਣਾ ਤੋਂ ਸੁਲਤਾਨਪੁਰ ਲੋਧੀ ਤੱਕ ਜਾਂਦੀ ਹੈ। ਇਸ ਪ੍ਰੋਜੈਕਟ 'ਤੇ ਲੱਗਭਗ 3 ਕਰੋੜ ਰੁਪਏ ਦੀ ਲਾਗਤ ਆਵੇਗੀ, ਜਿਸ ਨਾਲ ਦਰਜਨਾਂ ਪਿੰਡਾਂ ਨੂੰ ਸਿੱਧਾ ਲਾਭ ਹੋਵੇਗਾ ਅਤੇ ਆਵਾਜਾਈ ਦੀ ਸਹੂਲਤ ਮਿਲੇਗੀ। ਉਨ੍ਹਾਂ ਅੱਗੇ ਕਿਹਾ ਕਿ ਪਵਿੱਤਰ ਵੇਈਂ 'ਤੇ ਇਕ ਮਹੱਤਵਪੂਰਨ ਗੇਟ ਦੀ ਉਸਾਰੀ ਨਾਲ ਜੋੜੀ ਸਮੱਸਿਆ ਵੀ ਲੰਬੇ ਸਮੇਂ ਤੋਂ ਲੰਬਿਤ ਸੀ। ਹੁਣ ਲੱਗਭਗ 3.5 ਲੱਖ ਰੁਪਏ ਦੀ ਲਾਗਤ ਨਾਲ ਇਸ ਗੇਟ ਦੇ ਨਿਰਮਾਣ ਲਈ ਟੈਂਡਰ ਪ੍ਰਕਿਰਿਆ ਪੂਰੀ ਹੋ ਚੁੱਕੀ ਹੈ ਅਤੇ ਕੰਮ ਜਲਦੀ ਹੀ ਸ਼ੁਰੂ ਹੋ ਜਾਵੇਗਾ। ਪੀਣ ਵਾਲੇ ਪਾਣੀ ਦੀ ਸਮੱਸਿਆ ਸਬੰਧੀ ਗੱਲ ਕਰਦਿਆਂ ਸੰਤ ਸੀਚੇਵਾਲ ਨੇ ਕਿਹਾ ਕਿ ਜਿਨ੍ਹਾਂ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਘਾਟ ਹੈ, ਉਨ੍ਹਾਂ ਨੂੰ ਪਹਿਲਾਂ ਹੀ ਟੈਂਕਰ ਮੁਹੱਈਆ ਕਰਵਾਏ ਜਾ ਚੁੱਕੇ ਹਨ ਅਤੇ ਜਿਹੜੇ ਪਿੰਡ ਹੁਣ ਤੱਕ ਪੀਣ ਵਾਲੇ ਪਾਣੀ ਤੋਂ ਵਾਂਝੇ ਰਹੇ ਹਨ, ਉਨ੍ਹਾਂ ਨੂੰ ਵੀ ਜਲਦੀ ਹੀ ਟੈਂਕਰ ਮੁਹੱਈਆ ਕਰਵਾਏ ਜਾਣਗੇ।ਇਸ ਮੌਕੇ ਐੱਸ ਡੀ ਐੱਮ ਦਸੂਹਾ ਕੰਵਲਜੀਤ ਸਿੰਘ, ਡੀ ਐੱਸ ਪੀ ਦਸੂਹਾ ਬਲਵਿੰਦਰ ਸਿੰਘ ਜੌੜਾ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

# ਕਾਮਰੇਡ ਸੁਰਿੰਦਰ ਗਿੱਲ ਨਹੀਂ ਰਹੇ, ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 18 ਨੂੰ

**ਸ਼ਾਹਕੋਟ (ਗਿਆਨ ਸੈਦਪੁਰੀ)** ਸੀ ਪੀ ਆਈ (ਐਮ) ਤਹਿਸੀਲ ਸ਼ਾਹਕੋਟ ਕਮੇਟੀ ਮੈਂਬਰ, ਖੇਤ ਮਜ਼ਦੂਰ ਯੂਨੀਅਨ ਜਲੰਧਰ ਜ਼ਿਲ੍ਹਾ ਕਮੇਟੀ ਮੈਂਬਰ ਅਤੇ ਸੈਦਪੁਰ ਝਿੜੀ ਤੋਂ ਪੰਜ ਵਾਰੀ ਦੇ ਪੰਚਾਇਤ ਮੈਂਬਰ ਰਹੇ ਕਾਮਰੇਡ ਸੁਰਿੰਦਰ ਸਿੰਘ ਗਿੱਲ ਬਿਮਾਰ ਰਹਿਣ ਉਪਰੰਤ ਸ਼ੁੱਕਰਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ ਸਨ।ਸ਼ਨੀਵਾਰ ਨੂੰ ਸੈਂਕੜੇ ਨਮ ਅੱਖਾਂ ਦੀ ਮੌਜੂਦਗੀ ਵਿੱਚ ਪਿੰਡ ਦੇ ਸ਼ਮਸ਼ਾਨਘਾਟ ਵਿੱਚ ਉਨ੍ਹਾਂ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ।ਇਸ ਤੋਂ ਪਹਿਲਾ ਸੀ ਪੀ ਆਈ (ਐਮ) ਦੇ ਆਗੂਆਂ ਕਾਮਰੇਡ ਬਚਿੱਤਰ ਸਿੰਘ ਤੱਗੜ ਤਹਿਸੀਲ ਕਮੇਟੀ ਮੈਂਬਰ ਸੀ. ਪੀ. ਆਈ (ਐਮ), ਕਾਮਰੇਡ ਜਸਕਰਨਜੀਤ ਸਿੰਘ ਕੰਗ ਸੀ.ਪੀ. ਆਈ(ਐਮ) ਜ਼ਿਲ੍ਹਾ ਕਮੇਟੀ ਮੈਂਬਰ, ਕਾਮਰੇਡ ਤਾਰਾ ਸਿੰਘ ਥੰਮੂਵਾਲ, ਕਾਮਰੇਡ ਮੱਖਣ ਸਿੰਘ ਸ਼ਾਹਕੋਟ, ਕਾਮਰੇਡ ਪ੍ਰਕਾਸ਼ ਕਲੇਰ ਜਲੰਧਰ ਦਫਤਰ ਇਨਚਾਰਜ ਸੀ.ਪੀ.ਆਈ(ਐਮ), ਕਾਮਰੇਡ ਕੇਵਲ ਸਿੰਘ ਕੋਟਲੀ ਵੱਲੋਂ ਕਾਮਰੇਡ ਸੁਰਿੰਦਰ ਸਿੰਘ ਗਿੱਲ ਦੀ ਮ੍ਰਿਤਕ ਦੇਹ 'ਤੇ ਲਾਲ ਝੰਡਾ ਪਾ ਕੇ ਅਤੇ ਨਾਹਰੇ ਲਾ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।ਅੰਤਿਮ ਸਸਕਾਰ ਮੌਕੇ ਸਵਰਨ ਸਿੰਘ ਗਿੱਲ(ਭਰਾ) ਬਲਵਿੰਦਰ ਸਿੰਘ ਗਿੱਲ, ਸੁਖਵਿੰਦਰ ਸਿੰਘ ਟੋਨੀ ਗਿੱਲ, ਗੁਰਪ੍ਰੀਤ ਸਿੰਘ ਹੈਪੀ



ਗਿੱਲ(ਤਿੰਨੋਂ ਪੁੱਤਰ), ਤਰਸੇਮ ਸਿੰਘ ਧੰਜੂ ਸਰਪੰਚ ਸੈਦਪੁਰ ਝਿੜੀ, ਰਣਬੀਰ ਸਿੰਘ ਸਾਬਕਾ ਸਰਪੰਚ ਸੈਦਪੁਰ ਝਿੜੀ, ਕਾਮਰੇਡ ਸਰਬਣ ਕੁਮਾਰ ਬਿੱਲਾ, ਡਾ. ਵਿਲੀਅਮ ਜੌਨ ਸੀਨੀਅਰ ਆਗੂ ਆਮ ਆਦਮੀ ਪਾਰਟੀ, ਜਸਪਾਲ ਸਿੰਘ ਸੇਵਾ ਮੁਕਤ ਮੈਨੇਜਰ ਬੈਂਕ ਆਫ਼ ਬੜੌਦਾ, ਵਿਜੈ ਕੁਮਾਰ ਪੰਚ, ਅਮਨਦੀਪ ਸੈਦਪੁਰੀ, ਮੋਨੂੰ ਦੱਤ, ਅਮਰੀਕ ਸਿੰਘ ਜੰਮੂ, ਸ਼ਾਮ ਲਾਲ, ਐਡਵਨ ਮਸੀਹ, ਪਹਿਲਵਾਨ ਤਰਸੇਮ ਨਾਹਰ, ਸੁਖਵਿੰਦਰ ਸਿੰਘ ਸੋਖਾ(ਪੰਜੇ ਸਾਬਕਾ ਪੰਚ), ਮਾਸਟਰ ਬਲਵਿੰਦਰ ਕੁਮਾਰ, ਬਿੱਕਰ, ਜੱਸਾ ਬਾਬਾ, ਬਲਦੇਵ ਰਾਜ ਪੋਕਾ, ਬੰਟੀ ਹੰਸ ਆਦਿ ਮੌਜੂਦ ਸਨ। ਪਰਿਵਾਰ ਸੂਤਰਾਂ ਮੁਤਾਬਕ ਕਾਮਰੇਡ ਸੁਰਿੰਦਰ ਸਿੰਘ ਗਿੱਲ ਨਮਿਤ ਪਾਠ ਦਾ ਭੋਗ ਅਤੇ ਸ਼ਰਧਾਂਜਲੀ ਸਮਾਗਮ 18 ਜਨਵਰੀ ਦਿਨ ਐਤਵਾਰ ਨੂੰ ਪਿੰਡ ਸੈਦਪੁਰ ਝਿੜੀ ਦੇ ਭਗਵਾਨ ਵਾਲਮੀਕਿ ਗੁਰਦੁਆਰਾ ਸਾਹਿਬ ਵਿਖੇ ਹੋਵੇਗਾ।

# ਜੌਹਲ ਫਾਰਮ ਘੁੜਕਾ ਵਿਖੇ ਕਰਵਾਏ 6 ਜੋੜਿਆਂ ਦੇ ਆਨੰਦ ਕਾਰਜ

**ਗੁਰਾਇਆ, ਜੇਜੋਂ ਦੋਆਬਾ (ਬਿੰਦਰ ਸੁੰਮਨ, ਨਿਰਮਲ ਸਿੰਘ ਮੁੱਗੋਵਾਲ)**- ਬ੍ਰਹਮ ਗਿਆਨੀ 108 ਸੰਤ ਬਾਬਾ ਸੋਨੀ ਮਹਾਰਾਜ ਦੇ ਆਸ਼ੀਰਵਾਦ ਸਦਕਾ ਸਵ. ਗੁਰਮੁੱਖ ਸਿੰਘ ਜੌਹਲ ਦੇ ਪਰਵਾਰ ਵੱਲੋਂ ਜੌਹਲ ਫਾਰਮ ਸੇਵਾ ਸੁਸਾਇਟੀ ਘੁੜਕਾ ਦੇ ਸਰਪ੍ਰਸਤ ਪਿੰਦੂ ਜੌਹਲ (ਯੂਕੇ) ਤੇ ਸਤਨਾਮ ਸਿੰਘ ਬਾਹੜਾ ਦੇ ਸਹਿਯੋਗ ਸਦਕਾ ਜੌਹਲ ਫਾਰਮ ਪਿੰਡ ਘੁੜਕਾ ਵਿਖੇ ਚੱਲ ਰਹੇ ਸਮਾਜ ਸੇਵੀ ਕਾਰਜਾ ਤਹਿਤ ਸੋਮਵਾਰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਨੇ



ਜ਼ਰੂਰਤਵੰਦ 6 ਜੋੜਿਆਂ ਦੇ ਆਨੰਦ ਕਾਰਜ ਕਰਵਾਏ ਗਏ। ਇਨ੍ਹਾਂ ਸਾਰੇ ਜੋੜਿਆਂ ਦੇ ਵਿਆਹ ਦੇ ਕਾਰ ਵਿਹਾਰ ਸੁਸਾਇਟੀ ਵੱਲੋਂ ਕੀਤੇ ਗਏ ਤੇ ਉਨ੍ਹਾਂ ਨੂੰ ਘਰੇਲੂ ਜ਼ਰੂਰਤਾਂ ਦਾ ਸਾਰਾ ਸਾਮਾਨ ਵੀ ਦਿੱਤਾ ਗਿਆ। ਇਸ ਮੌਕੇ ਆਕਾਲ ਤਖਤ ਦੇ ਸਾਬਕਾ ਜੱਥੇਦਾਰ ਗਿਆਨੀ ਰਘੂਬੀਰ ਸਿੰਘ ਵੱਲੋਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਗਈ। ਜਥੇਦਾਰ ਨੇ ਜੌਹਲ ਫਾਰਮ ਘੁੜਕਾ ਦੇ ਸਰਪ੍ਰਸਤ ਪਿੰਦੂ ਜੌਹਲ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਉਕਤ ਲੋਕ ਭਲਾਈ ਦੇ ਕੰਮਾਂ ਲਈ ਪਿੰਦੂ ਜੌਹਲ ਵਧਾਈ ਦੇ ਪਾਤਰ ਹਨ। ਇਸ ਸਮੇਂ ਸੰਤ ਗੁਰਚਰਨ ਸਿੰਘ ਨਿਰਮਲ ਕੁਟੀਆ ਪੰਡਵਾਂ, ਯੂਕੇ ਤੋਂ ਸੁਸਾਇਟੀ ਦੇ ਸਰਪ੍ਰਸਤ ਪਿੰਦੂ ਜੌਹਲ, ਸਤਨਾਮ ਸਿੰਘ ਬਾਹੜਾ, ਡੀ ਆਈ ਜੀ ਬਲਦੇਵ ਸਿੰਘ ਟਾਈਗਰ, ਐਸ ਐਸ ਪੀ ਸਰਬਜੀਤ ਰਾਏ, ਅਮਰੀਕ ਸਿੰਘ ਸੈਣੀ , ਹਰਮਿੰਦਰ ਸਿੰਘ ਬਸਰਾ, ਜੱਗੂ ਜੋੜਾਂ ਜੋੜਾ ਜਿਊਲਰਜ਼ ਫਗਵਾੜਾ ਸਮੇਤ ਨਾਮਵਰ ਸ਼ਖ਼ਸੀਅਤਾਂ ਵੱਲੋਂ ਨਵ-ਵਿਆਹੇ ਜੋੜਿਆਂ ਨੂੰ ਆਸ਼ੀਰਵਾਦ ਦਿੱਤਾ ਗਿਆ। ਇਸ ਮੌਕੇ ਪੰਜਾਬੀ ਗਾਇਕ ਮਨਮੋਹਨ ਵਾਰਸ ਨੇ ਜੌਹਲ ਫਾਰਮ ਸੇਵਾ ਸੁਸਾਇਟੀ ਵੱਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਸ਼ਲਾਘਾ ਕੀਤੀ ਗਈ। ਸਾਡੇ ਲਈ ਇਹ ਬੜੇ ਮਾਣ ਦੀ ਗੱਲ ਹੈ ਕਿ ਸਾਡੇ ਇਲਾਕੇ 'ਚ ਪਿੰਦੂ ਜੌਹਲ ਤੇ ਅਮਰੀਕ ਸਿੰਘ ਸੈਣੀ, ਬਾਹੜਾ ਪਰਵਾਰ ਅਤੇ ਸਹੋਤਾ ਪਰਵਾਰ ਦੀ ਅਗਵਾਈ ਹੇਠ ਇਹ ਕਾਰਜ ਜੌਹਲ ਫਾਰਮ ਪਿੰਡ ਘੁੜਕਾ ਵਿਖੇ ਪਿਛਲੇ ਇਕ ਦਹਾਕੇ ਤੋਂ ਵੀ ਵੱਧ ਅਰਸੇ ਤੋਂ ਲਗਾਤਾਰ ਚੱਲਦੇ ਆ ਰਹੇ ਹਨ। ਇਸ ਮੌਕੇ ਜੌਹਲ ਫਾਰਮ ਦੇ ਸਰਪ੍ਰਸਤ ਪਿੰਦੂ ਜੌਹਲ ਵੱਲੋਂ ਆਪਣੇ ਹੱਥੀਂ ਧੀਆਂ ਦੀਆਂ ਡੋਲੀਆਂ ਨੂੰ ਵਿਦਾ ਕੀਤਾ ਗਿਆ। ਇਸ ਮੌਕੇ ਐਸ ਐਸ ਪੀ ਸਰਬਜੀਤ ਸਿੰਘ ਰਾਏ ਨੇ ਆਏ ਹੋਏ ਸਾਰੇ ਮਹਿਮਾਨਾਂ ਤੇ ਪਤਵੰਤਿਆਂ ਦਾ ਧੰਨਵਾਦ ਕੀਤਾ ਤੇ ਦੱਸਿਆ ਕਿ 11 ਜਨਵਰੀ ਨੂੰ ਜੌਹਲ ਫਾਰਮ ਵਿਖੇ 5100 ਨਵਜੰਮੀਆਂ ਬੱਚੀਆਂ ਦੀ ਲੋਹੜੀ ਪਾਈ ਜਾਵੇਗੀ। ਜਿਸ ਲਈ ਉਨ੍ਹਾਂ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਪੁੱਜਣ ਦੇ ਖੁੱਲ੍ਹੇ ਸੱਦੇ ਦਿੱਤੇ। ਇਸ ਮੌਕੇ ਆਸ਼ੂ ਚੋਪੜਾ ਵੱਲੋਂ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਗਈ। ਇਸ ਮੌਕੇ ਡੀ ਐਸ ਪੀ ਫਿਲੌਰ ਭਰਤ ਮਸੀਹ, ਐਸ ਐਚ ਓ ਗੁਰਾਇਆ ਸਿਕੰਦਰ ਸਿੰਘ ਵਿਰਕ, ਰਸ਼ਪਾਲ ਸਿੰਘ ਪਾਲਾ ਸਹੋਤਾ, ਹਰਮਿੰਦਰ ਸਿੰਘ ਬਸਰਾ, ਅਸ਼ੋਕ ਕੁਲਥਮ, ਪਾਲੀ (ਯੂਕੇ), ਪੰਜਾਬੀ ਗਾਇਕ ਮੰਗੀ ਮਾਹਲ, ਪੰਜਾਬੀ ਗਾਇਕ ਅਵਤਾਰ ਬਿੱਲਾ, ਐਡਵੋਕੇਟ ਅਸ਼ਵਨੀ ਕੁਮਾਰ, ਮਨੀ ਘੁ ੜਕਾ, ਅਨੂਪ ਕੌਸ਼ਲ ਰਿੰਕੂ , ਤਰਲੋਚਨ ਸਿੰਘ ਜੌਹਲ, ਜਸਵੀਰ ਸਿੰਘ ਰੁੜਕਾ ਖੁਰਦ, ਦਲਵੀਲ ਸਿੰਘ ਮਣਕੂ, ਕੁਲਵਿੰਦਰ ਸਿੰਘ ਸੰਧੂ, ਮਨਪ੍ਰੀਤ ਚੱਢਾ, ਕੌਂਸਲਰ ਰਾਹੁਲ ਪੁੰਜ ਮੁਨੀਸ਼ ਬਾਵਾ, ਧਾਲੀਵਾਲ, ਸੰਤੋਸ਼ ਕੁਮਾਰ ਗੋਗੀ, ਬੂਟਾ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

# ਨਸ਼ੇ ਦਾ ਸੇਵਨ ਕਰਦਾ ਇੱਕ ਕਾਬੂ

**ਕਪੂਰਥਲਾ (ਮਨਜੀਤ ਮਾਨ, ਪ੍ਰੀਤ ਸੰਗੋਜਲਾ)** ਥਾਣਾ ਢਿੱਲਵਾਂ ਦੀ ਪੁਲਸ ਨੇ ਨਸ਼ੇ ਦਾ ਸੇਵਨ ਕਰਦੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਦਲਵਿੰਦਰ ਬੀਰ ਸਿੰਘ ਨੇ ਦੱਸਿਆ ਕਿ ਏ ਐਸ ਆਈ ਪਰਮਜੀਤ ਸਿੰਘ ਸਮੇਤ ਪੁਲਸ ਪਾਰਟੀ ਦੌਰਾਨ ਗਸ਼ਤ ਦਾਣਾ ਮੰਡੀ ਢਿਲਵਾਂ ਪੁੱਜੀ ਤਾਂ ਮੁਖ਼ਬਰ ਖਾਸ ਨੇ ਸੂਚਨਾ ਦਿੱਤੀ ਕਿ ਦਾਣਾ ਮੰਡੀ ਢਿੱਲਵਾਂ ਇੱਕ ਨੌਜਵਾਨ ਦਰਖਤਾਂ ਵਿੱਚ ਬੈਠਾ ਹੈ ਅਤੇ ਨਸ਼ਾ ਹੈਰੋਇਨ ਦਾ ਸੇਵਨ ਕਰ ਰਿਹਾ, ਜੇਕਰ ਹੁਣੇ ਹੀ ਰੇਡ ਕੀਤਾ ਜਾਵੇ ਤਾਂ ਕਾਬੂ ਆ ਸਕਦਾ ਹੈ।ਨੌਜਵਾਨ ਨੂੰ ਕਾਬੂ ਕਰਕੇ ਨਾਂਅ ਪਤਾ ਪੁਛਿਆ ਜਿਸ ਨੇ ਆਪਣਾ ਸਿਰਨਾਵਾਂ ਵਾਸੀ ਢਿਲਵਾ ਦੱਸਿਆ। ਢਿਲਵਾ ਪੁਲਸ ਨੇ ਉਕਤ ਨੌਜਵਾਨ ਤੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਐਂਬੂਲੈਂਸ ਸੇਵਾਵਾਂ ਦੇਣ ਲਈ ਸਿੱਖ ਸੇਵਾ ਸੋਸਾਇਟੀ ਕੁਕੋਵਾਲ ਦੇ ਮੁਖੀ ਨੂੰ ਕੀਤਾ ਸਨਮਾਨਤ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**- ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ ਅਜਨੋਹਾ ਦਾ ਜੱਦੀ ਪਿੰਡ ਅਜਨੋਹਾ ਇਹਨਾਂ ਮਹਾਂਪੁਰਖਾਂ ਦੇ ਇਲਾਕੇ ਵਿੱਚ ਸਿਰਮੌਰ ਸੰਸਥਾ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਸੰਸਥਾ



ਵਲੋਂ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਮਹਾਰਾਜ ਵੱਲੋਂ ਵਰਸੋਏ ਬਾਬਾ ਯੱਖ ਜੀ ਦੇ ਜੱਦੀ ਪਿੰਡ ਨਰੂੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਚਲਾਈ ਜਾ ਰਹੀ ਹੈ। ਗੁਰੂ ਨਾਨਕ ਡਿਸਪੈਂਸਰੀ ਅਤੇ ਲੈਬੋਰਟਰੀ ਪਿੰਡ ਨਰੂੜ ਦੇ ਸਹਿਯੋਗ ਨਾਲ ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ (ਰਜਿ.) ਅਜਨੋਹਾ ਵਲੋਂ ਐਨ ਆਰ ਆਈਜ਼ ਦੀ ਮਦਦ ਨਾਲ ਹੜ੍ਹ ਪੀੜਤ ਇਲਾਕਿਆਂ ਵਿੱਚ 104 ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਏ ਗਏ।ਸਿੱਖ ਸੇਵਾ ਸੋਸਾਇਟੀ ਕੁਕੋਵਾਲ ਵਲੋਂ ਸੰਸਥਾ ਨੂੰ ਇਹਨਾਂ ਮੈਡੀਕਲ ਕੈਂਪ ਲਈ ਐਬੂਲੈਂਸ ਦੀ ਸੇਵਾਵਾਂ ਦਿੱਤੀਆਂ ਗਈਆਂ। ਸੋਸਾਇਟੀ ਦੇ ਮੁਖੀ ਸੂਬੇਦਾਰ ਸੁੱਚਾ ਸਿੰਘ ਜੀ ਨੂੰ ਸੰਸਥਾ ਦੀ ਟੀਮ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਹਾਜ਼ਰ ਸੰਸਥਾ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ, ਸੂਬੇਦਾਰ ਸੁੱਚਾ ਸਿੰਘ ਕੂਕੋਵਾਲ, ਪ੍ਰਧਾਨ ਸੁਰਜੀਤ ਸਿੰਘ ਮਸੂਤਾ, ਭੂੰਗਰਨੀ, ਬਲਜੀਤ ਸਿੰਘ ਬਿੱਲਾ ਅਜਨੋਹਾ, ਡਾਕਟਰ ਤਰਸੇਮ ਸਿੰਘ, ਉਂਕਾਰ ਸਿੰਘ ਨਰੂੜ, ਬਲਵੀਰ ਸਿੰਘ ਤੰਬੜ ਭੂੰਗਰਨੀ, ਨਿਰਮਲ ਸਿੰਘ ਨਰੂੜ ਆਦਿ ਹਾਜ਼ਰ ਸਨ।

# ਪ੍ਰਲੇਸ ਵੱਲੋਂ ਕਹਾਣੀਕਾਰ ਗਿਆਨ ਰੰਜਨ ਦੇ ਦੇਹਾਂਤ 'ਤੇ ਦੁੱਖ ਪ੍ਰਗਟ

**ਲੁਧਿਆਣਾ**- ਪ੍ਰਗਤੀਸ਼ੀਲ ਲੇਖਕ ਸੰਘ (ਪ੍ਰਲੇਸ) ਨੇ ਆਪਣੇ ਸੀਨੀਅਰ ਸਹਿਯੋਗੀ, ਪ੍ਰਸਿੱਧ ਕਹਾਣੀਕਾਰ ਤੇ ਹਿੰਦੀ ਮੈਗਜ਼ੀਨ 'ਪਹਿਲ' ਦੇ ਸੰਪਾਦਕ, ਗਿਆਨਰੰਜਨ ਜੀ ਦੇ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ ਤੇ ਸ਼ਰਧਾਂਜਲੀ ਦਿੱਤੀ ਹੈ। 21 ਨਵੰਬਰ, 1936 ਨੂੰ ਅਕੋਲਾ (ਮਹਾਰਾਸ਼ਟਰ) ਵਿੱਚ ਜਨਮੇ, ਗਿਆਨਰੰਜਨ ਨੇ ਆਪਣਾ ਬਚਪਨ ਅਤੇ ਕਿਸ਼ੋਰ ਅਵਸਥਾ ਦਾ ਜ਼ਿਆਦਾਤਰ ਸਮਾਂ ਅਜਮੇਰ, ਦਿੱਲੀ ਅਤੇ ਵਾਰਾਣਸੀ ਵਿੱਚ ਬਿਤਾਇਆ ਅਤੇ ਆਪਣੀ ਉੱਚ ਸਿੱਖਿਆ ਇਲਾਹਾਬਾਦ ਵਿੱਚ ਪੂਰੀ ਕੀਤੀ। ਹੁਣ ਲੰਬੇ ਸਮੇਂ ਤੋਂ ਜਬਲਪੁਰ (ਮੱਧ ਪ੍ਰਦੇਸ਼) ਉਨ੍ਹਾਂ ਦਾ ਸਥਾਈ ਨਿਵਾਸ ਸੀ। ਗਿਆਨਰੰਜਨ ਜੀ



ਦੀਆਂ ਕਹਾਣੀਆਂ ਦਾ ਭਾਰਤੀ ਭਾਸ਼ਾਵਾਂ ਤੋਂ ਇਲਾਵਾ ਕਈ ਵਿਦੇਸ਼ੀ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ। 'ਸੋਵੀਅਤ ਲੈਂਡ ਨਹਿਰੂ ਅਵਾਰਡ' ਤੇ ਹੋਰ ਵੱਕਾਰੀ ਪੁਰਸਕਾਰਾਂ ਨਾਲ ਸਨਮਾਨਤ ਗਿਆਨਰੰਜਨ ਦੇ ਦੇਹਾਂਤ ਨੂੰ ਉਨ੍ਹਾਂ ਦਾ ਨਿੱਜੀ ਘਾਟਾ ਦੱਸਦਿਆਂ, ਪ੍ਰਲੇਸ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਗਿਆਨਰੰਜਨ ਨੂੰ ਪੰਜਾਬ ਨਾਲ ਖਾਸ ਲਗਾਅ ਸੀ ਅਤੇ ਪੰਜਾਬ ਦੀਆਂ ਵੱਖ-ਵੱਖ ਸੰਸਥਾਵਾਂ ਦੁਆਰਾ ਉਨ੍ਹਾਂ ਦਾ ਸਨਮਾਨ ਕੀਤਾ ਗਿਆ ਸੀ। ਉਨ੍ਹਾਂ ਨੇ ਪੰਜਾਬੀ ਕਵੀ ਲਾਲ ਸਿੰਘ ਦਿਲ ਬਾਰੇ 'ਪਹਿਲ' ਵਿਚ ਵਿਸ਼ੇਸ਼ ਲੇਖ ਵੀ ਪ੍ਰਕਾਸ਼ਿਤ ਕੀਤਾ ਸੀ। ਉਨ੍ਹਾਂ ਨੇ ਪੰਜਾਬੀ ਸ਼ਾਇਰ ਪਾਸ਼ 'ਤੇ 'ਪਹਿਲ' ਦੇ ਇੱਕ ਵਿਸ਼ੇਸ਼ ਅੰਕ ਦਾ ਸੰਪਾਦਨ ਵੀ ਕੀਤਾ। ਪੰਜਾਬ ਇਕਾਈ ਦੇ ਪ੍ਰਧਾਨ ਸੁਰਜੀਤ ਜੱਜ ਅਤੇ ਜਨ ਸਕੱਤਰ ਡਾ. ਕੁਲਦੀਪ ਸਿੰਘ ਦੀਪ, ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਉੱਘੇ ਚਿੰਤਕ ਓ ਪੀ ਵਸ਼ਿਸ਼ਠ, ਕਿਰਪਾਲ ਕਜ਼ਾਕ, ਬਲਦੇਵ ਮੋਗਾ, ਸਵਰਾਜਬੀਰ, ਡਾ. ਜਗਮੋਹਨ ਸਿੰਘ, ਕਾਮਰੇਡ ਅਮੋਲਕ (ਲੋਕ ਮੋਰਚਾ ਪੰਜਾਬ), ਡਾ. ਪਰਮਿੰਦਰ ਸਿੰਘ, ਡਾ. ਪਾਲ ਕੌਰ, ਡਾ. ਗੁਲਜ਼ਾਰ ਪੰਧੇਰ, ਡਾ. ਅਨੂਪ ਸਿੰਘ, ਪ੍ਰੋ. ਬਲਦੇਵ ਬੱਲੀ, ਰਮੇਸ਼ ਯਾਦਵ, ਜਸਪਾਲ ਮਾਨਖੇੜਾ, ਸੁਰਿੰਦਰ ਗਿੱਲ, ਦਰਸ਼ਨ ਜੋਗਾ, ਹਰਮੀਤ ਵਿਦਿਆਰਥੀ, ਮੱਖਣ ਮਾਨ, ਗੁਰਨਾਮ ਕੰਵਰ , ਲਾਭ ਸਿੰਘ ਖੀਵਾ, ਭੁਪਿੰਦਰ ਸੰਧੂ ,ਡਾ .ਹਰਵਿੰਦਰ ਸਿੰਘ ਅਤੇ ਸੁਵਰਨ ਸਿੰਘ ਵਿਰਕ, ਭੋਲਾ ਸਿੰਘ ਸੰਘੇੜਾ, ਬਲਜੀਤਪਾਲ ਸਿੰਘ, ਅਰਵਿੰਦਰ ਕਾਕੜਾ, ਸੁਖਵਿੰਦਰ ਪੱਪੀ, ਡਾ. ਸੰਤੋਖ ਸੁੱਖੀ, ਤਰਸੇਮ ਤੇ ਗੁਰਨੈਬ ਮੰਘਾਣੀਆਂ ਨੇ ਗਿਆਨਰੰਜਨ ਦੇ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ, ਪ੍ਰਸ਼ੰਸਕਾਂ ਅਤੇ ਹੋਰ ਸਬੰਧਤ ਵਿਅਕਤੀਆਂ ਪ੍ਰਤੀ ਆਪਣੀ ਦਿਲੀ ਹਮਦਰਦੀ ਤੇ ਡੂੰਘੀ ਸੰਵੇਦਨਾ ਪ੍ਰਗਟ ਕੀਤੀ।

## ਹਰ ਵਰਗ ਦੀ ਭਲਾਈ ਨੂੰ ਸਮਰਪਤ ਹੋਵੇਗਾ ਹਰਿਆਣਾ ਦਾ ਆਮ ਬਜਟ : ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬੇ ਦਾ ਆਗਾਮੀ ਬਜਟ ਹਰ ਨਾਗਰਿਕ ਦੀ ਖੁਸ਼ਹਾਲੀ ਅਤੇ ਹਰ ਵਰਗ ਦੀ ਭਲਾਈ ਨੂੰ ਸਮਰਪਿਤ ਹੋਵੇਗਾ। ਇਸ ਬਜਟ ਨਿਰਮਾਣ ਦੀ ਪ੍ਰਕਿਰਿਆ ਨੂੰ ਬੰਦ ਕਮਰਿਆਂ ਤੱਕ ਸੀਮਤ ਨਾ ਰੱਖ ਕੇ ਸਰਕਾਰ ਵੱਲੋਂ ਸਾਰੇ ਹਿੱਤਧਾਰਕਾਂ ਦੀ ਭਾਗੀਦਾਰੀ ਯਕੀਨੀ ਕੀਤੀ ਜਾ ਰਹੀ ਹੈ ਤਾਂ ਜੋ ਇੱਕ ਸਰਵ ਸਮਾਜ ਦੀ ਭਲਾਈ ਵਿੱਚ ਇੱਕ ਭਲਾਈਕਾਰੀ ਬਜਟ ਪੇਸ਼ ਕੀਤਾ ਜਾ ਸਕੇ। ਬਜਟ ਪਹਿਲਾਂ ਕੰਸਲਟੇਸ਼ਨ ਮੀਟਿੰਗ ਦੇ ਕ੍ਰਮ ਵਿੱਚ ਮੁੱਖ ਮੰਤਰੀ ਸੂਰਜਕੁੰਡ ਵਿੱਚ ਉਦਯੋਗ ਤੇ ਵਿਨਿਰਮਾਣ ਖੇਤਰ ਦੇ ਪ੍ਰਤੀਨਿਧੀਆਂ ਨਾਲ ਸਿੱਧੀ ਗੱਲਬਾਤ ਕਰ ਰਹੇ ਸਨ।

## ਪੇਂਡੂ ਵਿਕਾਸ ਨੂੰ ਨਵੀਂ ਦਿਸ਼ਾ ਦੇਣ ਲਈ ਸਰਕਾਰ ਵਚਨਬੱਧ : ਡਾ. ਰਵਜੋਤ ਸਿੰਘ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਪਿੰਡ ਸ਼ੇਰਪੁਰ ਖਾਸ ਦਾ ਦੌਰਾ ਕੀਤਾ ਤੇ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ ਤੇ ਉਨ੍ਹਾਂ ਨੇ ਪੀਣ ਵਾਲੇ ਪਾਣੀ, ਸੀਵਰੇਜ, ਸਿੱਖਿਆ ਅਤੇ ਖੇਡ ਸਹੂਲਤਾਂ ਨਾਲ ਸਬੰਧਤ ਆਪਣੀਆਂ ਮੰਗਾਂ ਮੰਤਰੀ ਅੱਗੇ ਰੱਖੀਆਂ। ਡਾ. ਰਵਜੋਤ ਸਿੰਘ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਸਾਰੀਆਂ ਜਾਇਜ਼ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਡਾ. ਰਵਜੋਤ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਦਾ ਉਦੇਸ਼ ਸਿਰਫ਼ ਯੋਜਨਾਵਾਂ ਬਣਾਉਣਾ ਹੀ ਨਹੀਂ ਹੈ, ਸਗੋਂ ਉਨ੍ਹਾਂ ਨੂੰ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਵੀ ਹੈ। ਉਨ੍ਹਾਂ ਕਿਹਾ ਕਿ ਪਿੰਡ ਸ਼ੇਰਪੁਰ ਖਾਸ ਵਿੱਚ ਇਕ ਨਵੇਂ ਆਂਗਨਵਾੜੀ ਕਮਰੇ ਦੀ ਉਸਾਰੀ ਦਾ ਕੰਮ ਬਹੁਤ ਜਲਦੀ ਸ਼ੁਰੂ ਕੀਤਾ ਜਾਵੇਗਾ, ਤਾਂ ਜੋ ਛੋਟੇ ਬੱਚਿਆਂ ਅਤੇ ਔਰਤਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਇਸ ਦੇ ਨਾਲ ਹੀ ਪਿੰਡ ਵਿੱਚ ਸੀਵਰੇਜ ਸਿਸਟਮ ਨੂੰ ਮਜ਼ਬੂਤ ਕਰਨ ਅਤੇ ਸਫ਼ਾਈ ਨੂੰ ਉਤਸ਼ਾਹਿਤ ਕਰਨ ਲਈ ਜ਼ਰੂਰੀ ਕੰਮ ਵੀ ਜਲਦੀ ਸ਼ੁਰੂ ਕੀਤੇ ਜਾਣਗੇ। ਕੈਬਨਿਟ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਪਿੰਡ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਖੇਡ ਮੈਦਾਨ ਦੀ ਉਸਾਰੀ ਦਾ ਕੰਮ ਜਲਦੀ ਹੀ ਸ਼ੁਰੂ ਕੀਤਾ ਜਾਵੇਗਾ।

## ਰੈੱਡ ਕ੍ਰਾਸ ਸੁਸਾਇਟੀ ਵੱਲੋਂ ਪੈਰਾ ਬੈਡਮਿੰਟਨ ਖਿਡਾਰੀ ਦੀ ਸਹਾਇਤਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਅਗਵਾਈ ਹੇਠ ਜ਼ਿਲ੍ਹਾ ਰੈੱਡ ਕ੍ਰਾਸ ਸੁਸਾਇਟੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ



ਵੱਲੋਂ ਉਭਰਦੇ ਪੈਰਾ ਬੈਡਮਿੰਟਨ ਖਿਡਾਰੀ ਰਣਜੀਤ ਸਿੰਘ ਨੂੰ 1.44 ਲੱਖ ਰੁਪਏ ਮੁੱਲ ਦਾ ਖੇਡ ਸਮਾਨ ਸੌਂਪਿਆ ਗਿਆ। ਰਣਜੀਤ ਸਿੰਘ ਸਪੇਨ ਪੈਰਾ ਬੈਡਮਿੰਟਨ ਇੰਟਰਨੈਸ਼ਨਲ ਵਿਕਟੋਰੀਆ-ਗਾਸਟੇਇਜ਼ 2026 ਵਿੱਚ ਭਾਗ ਲੈਣ ਜਾ ਰਹੇ ਹਨ।ਇਹ ਅੰਤਰਰਾਸ਼ਟਰੀ ਟੂਰਨਾਮੈਂਟ ਬੀ ਡਬਲਿਊ ਐੱਫ ਪੈਰਾ ਬੈਡਮਿੰਟਨ ਵਰਲਡ ਸਰਕਿਟ (ਗ੍ਰੇਡ-2, ਲੈਵਲ-2) ਦਾ ਹਿੱਸਾ ਹੈ, ਜੋ ਕਿ 16 ਤੋਂ 22 ਮਾਰਚ 2026 ਤੱਕ ਅਰਾਨਾਲਦੇ ਸਪੋਰਟਸ ਸੈਂਟਰ, ਵਿਕਟੋਰੀਆ-ਗਾਸਟੇਇਜ਼ (ਸਪੇਨ) ਵਿਖੇ ਆਯੋਜਿਤ ਕੀਤਾ ਜਾਵੇਗਾ।

## ਸਰਵਾਈਕਲ ਕੈਂਸਰ ਦੀ ਰੋਕਥਾਮ ਤੇ ਐਚ ਪੀ ਵੀ ਟੀਕਾਕਰਨ ਸੰਬੰਧੀ ਟ੍ਰੇਨਿੰਗ ਕੈਂਪ

**ਮਹਿਤਪੁਰ (ਰਾਜਾ)**- ਸਿਵਲ ਸਰਜਨ ਜਲੰਧਰ ਦੇ ਨਿਰਦੇਸ਼ਾਂ ਅਨੁਸਾਰ ਪ੍ਰਾਇਮਰੀ ਹੈਲਥ ਸੈਂਟਰ ਮੇਹਤਪੁਰ ਵਿਖੇ ਸਰਵਾਈਕਲ ਕੈਂਸਰ ਦੀ ਰੋਕਥਾਮ ਅਤੇ ਐਚ.ਪੀ.ਵੀ. ਟੀਕਾਕਰਨ ਸਬੰਧੀ ਇੱਕ ਵਿਸ਼ੇਸ਼ ਟ੍ਰੇਨਿੰਗ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਦੀ ਅਗਵਾਈ



ਸੀਨੀਅਰ ਮੈਡੀਕਲ ਅਫ਼ਸਰ ਡਾ. ਰਾਘੂ ਪ੍ਰੀਆ ਵੱਲੋਂ ਕੀਤੀ ਗਈ, ਜਿਹਨਾਂ ਦੇ ਨਾਲ ਬਲਾਕ ਐਜੂਕੇਟਰ ਹਿਮਾਲਿਆ ਜੀ ਵੀ ਮੌਜੂਦ ਸਨ । ਡਾ. ਰਾਘੂ ਪ੍ਰੀਆ ਨੇ ਟ੍ਰੇਨਿੰਗ ਦੌਰਾਨ ਏ ਐੱਨ ਐੱਮ ਅਤੇ ਐਲ ਐਚ ਵੀ ਸਟਾਫ਼ ਨੂੰ ਸਰਵਾਈਕਲ ਕੈਂਸਰ ਦੇ ਕਾਰਨ, ਲੱਛਣ, ਰੋਕਥਾਮ ਅਤੇ ਸਮੇਂ ਸਿਰ ਜਾਂਚ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਐਚ.ਪੀ.ਵੀ. ਟੀਕਾਕਰਨ ਰਾਹੀਂ ਸਰਵਾਈਕਲ ਕੈਂਸਰ ਤੋਂ ਬਚਾਅ ਸੰਭਵ ਹੈ ਅਤੇ 14 ਸਾਲ ਦੀ ਉਮਰ ਦੀਆਂ ਕੁੜੀਆਂ ਲਈ ਇਹ ਟੀਕਾ ਬਹੁਤ ਲਾਭਦਾਇਕ ਹੈ।ਉਨ੍ਹਾਂ ਨੇ ਸਟਾਫ਼ ਨੂੰ ਹਦਾਇਤ ਕੀਤੀ ਕਿ ਪਿੰਡ ਪੱਧਰ 'ਤੇ ਜਾ ਕੇ ਲੋਕਾਂ ਨੂੰ ਇਸ ਟੀਕੇ ਅਤੇ ਸਕ੍ਰੀਨਿੰਗ ਸਬੰਧੀ ਜਾਗਰੂਕ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਲਾਭਪਾਤਰੀ ਇਸ ਯੋਜਨਾ ਦਾ ਲਾਭ ਲੈ ਸਕਣ।

## ਅੱਜ ਮਾਹਿਲਪੁਰ ਤੋਂ ਕੱਢੀ ਜਾਵੇਗੀ ਪੈਦਲ ਯਾਤਰਾ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਧੰਨ-ਧੰਨ ਬਾਪੂ ਕੁੰਭ ਦਾਸ ਮਹਾਰਾਜ ਦੀ 20ਵੀ ਬਰਸੀ ਨੂੰ ਸਮਰਪਿਤ ਪੈਦਲ ਯਾਤਰਾ 11 ਜਨਵਰੀ ਨੂੰ ਦਰਬਾਰ ਬਾਪੂ ਗੰਗਾ ਦਾਸ ਜੀ ਮਾਹਿਲਪੁਰ ਤੋਂ ਸ਼ੁਰੂ ਹੋ ਰਹੀ ਹੈ। ਦਰਬਾਰ ਬਾਪੂ ਗੰਗਾ ਦਾਸ ਮਾਹਿਲਪੁਰ ਦੇ ਮੁੱਖ ਸੇਵਾਦਾਰ ਦਾਸ ਮਨਦੀਪ ਸਿੰਘ ਨੇ ਦੱਸਿਆ ਕਿ ਇਹ ਯਾਤਰਾ ਦਰਬਾਰ ਬਾਪੂ ਗੰਗਾ ਦਾਸ ਮਾਹਿਲਪੁਰ ਤੋਂ ਸ਼ੁਰੂ ਹੋ ਕੇ ਗੀਤਾ ਨਗੀਨਾ ਧਾਮ ਪਾਹਲੇਵਾਲ, ਚੋਲਾ ਸਾਹਿਬ ਵਿਖੇ ਨਤਮਸਤਕ ਹੋ ਕੇ ਬੂਟੇ ਵਾਲਾ ਡੇਰਾ ਗੜ੍ਹੀ ਮੱਟੂ ਵਿਖੇ ਦਰਸ਼ਨ ਕਰਕੇ ਸਫੈਦਿਆਂ ਵਾਲਾ ਡੇਰਾ ਬੀਰਮਪੁਰ, ਗੱਬਲਾ ਡੇਰਾ, ਮੰਦਿਰ ਵਾਲਾ ਡੇਰਾ ਅਤੇ ਤਪ ਅਸਥਾਨ ਛੱਪੜੀ ਧਾਮ ਅਚਲਪੁਰ ਡੇਰੇ ਵਿਖੇ ਸਮਾਪਤ ਹੋਵੇਗੀ।

## ਜਨਕ ਰਾਜ ਸਰੋਆ ਦੀ ਧਰਮ ਪਤਨੀ ਦਾ ਦੇਹਾਂਤ

**ਮਹਿਤਪੁਰ (ਰਾਜਾ)** ਮਹਿਤਪੁਰ ਸ਼ਹਿਰ ਅਤੇ ਇਲਾਕੇ ਵਿੱਚ ਨੇਕ ਦਿਲ ਅਤੇ ਸਮਾਜ ਸੇਵੀ ਵਜੋਂ ਜਾਣੇ ਜਾਂਦੇ ਜਨਕ ਰਾਜ ਸਰੋਆ ਦੀ ਧਰਮ ਪਤਨੀ ਸ਼੍ਰੀਮਤੀ ਸੁਦੇਸ਼ ਰਾਣੀ ਦੀ ਬੀਤੇ ਦਿਨੀ ਹੋਈ



ਬੇਵਕਤੀ ਮੌਤ ਦੇ ਨਾਲ ਜਿੱਥੇ ਸਰੋਆ ਪਰਵਾਰ ਨੂੰ ਬਹੁਤ ਵੱਡਾ ਘਾਟਾ ਸਹਿਣਾ ਪਿਆ ਉਥੇ ਹੀ ਸਰੋਆ ਪਰਵਾਰ ਦੇ ਨੇੜਲੇ ਸਾਕ ਸੰਬੰਧੀ ਅਤੇ ਸੱਜਣ ਮਿੱਤਰ ਵੀ ਇਸ ਬੇਵਕਤੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕਰ ਰਹੇ ਹਨ ਅਤੇ ਪਰਵਾਰ ਨੂੰ ਵੀ ਪ੍ਰਮਾਤਮਾ ਦਾ ਭਾਣਾ ਮੰਨਣ ਦੀ ਅਤੇ ਹਿੰਮਤ ਰੱਖਣ ਦੀ ਤੇ ਹੌਸਲਾ ਦੇ ਰਹੇ। ਇਸ ਦੁੱਖ ਦੀ ਘੜੀ ਵਿੱਚ ਦੁੱਖ ਦਾ ਪ੍ਰਗਟਾਵਾ ਕਰਨ ਵਾਲੇ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਬੀਬੀ ਰਣਜੀਤ ਕੌਰ ਕਾਕੜ ਡਾਇਰੈਕਟਰ ਇਨਫੋਟੈਕ ਪੰਜਾਬ, ਮਹਿੰਦਰਪਾਲ ਸਿੰਘ ਟੁਰਨਾ, ਹਲਕਾ ਇੰਚਾਰਜ ਆਮ ਆਦਮੀ ਪਾਰਟੀ ਪਰਮਿੰਦਰ ਸਿੰਘ ਪਿੰਦਰ ਪੰਡੋਰੀ, ਡਾਕਟਰ ਅਮਰਜੀਤ ਸਿੰਘ ਥਿੰਦ ਸੀਨੀਅਰ ਆਗੂ ਭਾਜਪਾ, ਸੇਤੀਆ ਪਰਿਵਾਰ ਮਹਿਤਪੁਰ, ਮਹਿਤਾ ਪਰਿਵਾਰ ਮਹਿਤਪੁਰ, ਕੱਕੜ ਪਰਿਵਾਰ ਮਹਿਤਪੁਰ, ਮਿਗਲਾਨੀ ਪਰਿਵਾਰ ਮਹਿਤਪੁਰ, ਵਾਲੀਆ ਪਰਿਵਾਰ ਨਕੋਦਰ ਆਦਿ ਨੇ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ, ਇਸ ਸਬੰਧੀ ਪਰਿਵਾਰ ਵੱਲੋਂ ਸ਼੍ਰੀਮਤੀ ਸੁਦੇਸ਼ ਰਾਣੀ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ ਮਿਤੀ 11 ਜਨਵਰੀ ਦਿਨ ਐਤਵਾਰ ਨੂੰ ਸਰੋਆ ਨਿਵਾਸ, ਪੁਰਾਣਾ ਬਜ਼ਾਰ, ਮਹਿਤਪੁਰ ਵਿਖੇ ਬਾਅਦ ਦੁਪਹਿਰ 1 ਵਜੇ ਪਵੇਗਾ।

## ਵਿਰਦੀ ਪਰਵਾਰ ਨਾਲ ਦੁੱਖ ਦਾ ਪ੍ਰਗਟਾਵਾ

**ਫਗਵਾੜਾ (ਡਾ. ਰਮਨ)** ਲੇਖਕ ਸੁਰਿੰਦਰ ਕੁਮਾਰ ਵਿਰਦੀ ਦੇ ਪਿਤਾ ਅਤੇ ਲੇਖਕ ਤੇ ਚਿੰਤਕ ਡਾਕਟਰ ਐਸ ਐਲ ਵਿਰਦੀ ਐਡਵੋਕੇਟ ਤੇ ਜੀਤਰਾਮ ਵਿਰਦੀ ਸੇਵਾ ਮੁਕਤ ਦੇ ਭਰਾ ਪਿਆਰਾ



ਰਾਮ ਵਿਰਦੀ 77 ਸਾਲ ਦੇ ਅਚਾਨਕ ਅਕਾਲ ਚਲਾਣਾ ਕਰਨ 'ਤੇ ਸਮਾਜ ਸੇਵਕ ਤੇ ਲੀਗਲ ਅਡਵਾਈਜ਼ਰ ਜਰਨਲਿਸਟ ਪ੍ਰੈੱਸ ਕਲੱਬ ਪੰਜਾਬ (ਰਜਿ:) ਜਸਵਿੰਦਰ ਢੱਡਾ, ਲਾਲੀ ਪੰਡੋਰੀ ਪੱਤਰਕਾਰ, ਉਕਾਰ ਸੂਦ ਪੱਤਰਕਾਰ, ਕੁਲਵੀਰ ਸਿੰਘ ਜਸਪਾਲ ਐਡਵੋਕੇਟ, ਚੰਦਹ ਮੋਹਣ ਐਡਵੋਕੇਟ, ਜੋਗਿੰਦਰ ਕੈਂਥ ਐਡਵੋਕੇਟ, ਨੀਲਮ ਸਿੰਘ, ਪਿਆਰਾ ਸੰਧੂ ਕੋਟਰਾਣੀ, ਗੁਰਪ੍ਰਸਾਦ ਬੱਗਾ ਲੰਬੜਦਾਰ, ਬਲਦੇਵ ਰਾਜ ਸ਼ਰਮਾਂ, ਬਹਾਦਰ ਸਿੰਘ ਸੰਗਤਪੁਰ ਸਾਬਕਾ ਸਰਪੰਚ, ਰਾਮ ਪਾਲ ਸਾਹਨੀ ਸਾਬਕਾ ਸਰਪੰਚ, ਰਣਦੀਪ ਸਿੰਘ ਰਾਣਾ ਸਾਹਨੀ ਆਦਿ ਨੇ ਦੁਖੀ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਉਹਨਾਂ ਦੀ ਅੰਤਿਮ ਅਰਦਾਸ ਤੇ ਸੁਖਮਣੀ ਸਾਹਿਬ ਪਾਠ ਦੇ ਭੋਗ ਤੇ ਸ਼ਰਧਾਜਲੀ ਸਮਾਰੋਹ ਮਿਤੀ 11 ਜਨਵਰੀ ਦਿਨ ਐਤਵਾਰ ਨੂੰ ਗੁਰਦੁਆਰਾ ਸ਼੍ਰੀ ਗੁਰੂ ਰਵਿਦਾਸ ਪਿੰਡ ਵਿਰਕਾਂ ਵਿਖੇ ਬਾਅਦ ਦੁਪਹਿਰ 11.00 ਵਜੇ ਤੋਂ 2.00 ਵਜੇ ਹੋਵੇਗਾ।



ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਐੱਸ ਡੀ ਐੱਮ ਦਫਤਰ ਵਿਖੇ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੀ ਤਹਿਸੀਲ ਪੱਧਰੀ ਮੀਟਿੰਗ ਐੱਸ ਡੀ ਐੱਮ ਵਨੀਤ ਸਿੰਘ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਸਾਰੇ ਵਿਭਾਗਾਂ ਦੇ ਅਫਸਰ ਸਾਹਿਬਾਨਾਂ ਨੇ ਵੀ ਸ਼ਿਰਕਤ ਕੀਤੀ। ਇਸ ਮੀਟਿੰਗ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਸਬੰਧੀ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ ਚਰਚਾ ਕੀਤੀ।ਐੱਸ ਡੀ ਐੱਮ ਵਨੀਤ ਸਿੰਘ ਨੇ ਸਾਰੇ ਵਿਭਾਗਾਂ ਨੂੰ ਆਦੇਸ਼ ਦਿੱਤੇ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਪ੍ਰਬੰਧਕ ਕਮੇਟੀਆਂ ਨੇ ਵੱਖ-ਵੱਖ ਮੁਸ਼ਕਲਾਂ ਬਾਰੇ ਜਾਣਕਾਰੀ ਦਿਤੀ, ਉਹ ਕੰਮ ਜਲਦੀ ਤੋਂ ਜਲਦੀ ਨੇਪਰੇ ਚਾੜ੍ਹ ਕੇ ਪੰਜ ਦਿਨਾਂ ਤੱਕ ਮੈਨੂੰ ਨਿਜੀ ਤੌਰ 'ਤੇ ਰਿਪੋਰਟ ਕੀਤੀ ਜਾਏ। ਇਸ ਮੌਕੇ ਪ੍ਰਧਾਨ ਰਾਜ ਕੁਮਾਰ ਸੰਧੂ, ਪ੍ਰਧਾਨ ਸ੍ਰੀ ਹੰਸ ਰਾਜ, ਤਾਰਾ ਚੰਦ ਜੱਖੂ, ਦਿਲਬਾਗ ਰਾਏ ਕਲੇਰ, ਸੁਰਜੀਤ ਕੁਮਾਰ, ਮਨੋਜ ਕੁਮਾਰ,ਪ੍ਰਧਾਨ ਸਰਬਜੀਤ ਸਾਬੀ, ਅਮੀਰ ਚੰਦ, ਅਮ੍ਰਿਤਪਾਲ ਭੋਸਲੇ ਤੋਂ ਇਲਾਵਾ ਹੋਰ ਵੀ ਵੱਖ-ਵੱਖ ਸਭਾਵਾਂ ਦੇ ਮੈਂਬਰ ਮੌਜੂਦ ਸਨ। **(ਫੋਟੋ ਤੇ ਵੇਰਵਾ : ਨਿਰਮਲ, ਫਿਲੌਰ)**

# ਲੇਡੀਜ਼ ਸੈਲੂਨ ਦੀ ਮਾਲਕ ਗੋਲੀਬਾਰੀ ਦੌਰਾਨ ਜ਼ਖਮੀ

ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)- ਜੰਡਿਆਲਾ ਗੁਰੂ ਇਲਾਕੇ 'ਚ ਫਾਇਰਿੰਗ ਨਾਲ ਦਹਿਸ਼ਤ ਫੈਲ ਗਈ ਜਦੋਂ ਗੁਰੂਸ਼ਾਲਾ ਰੋਡ 'ਤੇ ਸਥਿਤ ਕਰਿਸ਼ ਲੇਡੀਜ਼ ਸੈਲੂਨ ਨੂੰ ਨਿਸ਼ਾਨਾ ਬਣਾਉਂਦੇ ਹੋਏ ਹਮਲਾਵਰਾਂ ਵੱਲੋਂ ਅੰਨ੍ਹੇਵਾਹ ਗੋਲੀਆਂ ਚਲਾਈਆਂ ਗਈਆਂ। ਇਸ ਹਮਲੇ ਵਿੱਚ ਪਾਰਲਰ ਸੰਚਾਲਕ ਕਰਿਸ਼ ਦੇ ਪੈਰ 'ਤੇ ਗੋਲੀ ਲੱਗਣ ਕਾਰਨ ਉਹ ਗੰਭੀਰ ਜ਼ਖਮੀ ਹੋ ਗਈ।ਪੀੜਤਾ ਦੇ ਪਤੀ ਕੁਲਦੀਪ ਸਿੰਘ ਨੇ ਦੱਸਿਆ ਕਿ ਮੈਂ ਛੁਪ ਕੇ ਜਾਨ ਬਚਾਈ ਹੈ। ਗੋਲੀਬਾਰੀ ਤੋਂ ਬਾਅਦ ਹਮਲਾਵਰ ਹਵਾ ਵਿੱਚ ਹਥਿਆਰ ਲਹਿਰਾਉਂਦੇ ਹੋਏ ਭੱਜ ਗਏ।ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਜੋੜੇ ਨੂੰ 3 ਜਨਵਰੀ ਨੂੰ ਇੱਕ ਅਣਜਾਣ ਵਿਦੇਸ਼ੀ ਵਟਸਐਪ ਨੰਬਰ ਤੋਂ ਇੱਕ ਫਿਰੌਤੀ ਦਾ ਕਾਲ ਆਇਆ ਸੀ, ਜਿਸ ਵਿੱਚ 1 ਕਰੋੜ ਰੁਪਏ ਦੀ ਮੰਗ ਕੀਤੀ ਗਈ ਸੀ।ਕਥਿਤ ਤੌਰ 'ਤੇ ਉਨ੍ਹਾਂ ਨੇ ਕਾਲ ਨੂੰ ਨਜ਼ਰਅੰਦਾਜ਼ ਕਰ ਦਿੱਤਾ ਸੀ। ਉਸ ਸਮੇਂ ਪੁਲਸ ਕੋਲ ਸ਼ਿਕਾਇਤ ਦਰਜ ਨਹੀਂ ਕਰਵਾਈ।ਇਸ ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।ਇਲਾਕੇ ਅਤੇ ਆਲੇ-ਦੁਆਲੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਡੀਐੱਸਪੀ ਰਵਿੰਦਰ ਸਿੰਘ ਨੇ ਕਿਹਾ ਕਿ ਇਸ ਮਸਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਕਿਸੇ ਵੀ ਕਿਸਮ ਦੀ ਗੁੰਡਾਗਰਦੀ ਨਹੀ ਚੱਲਣ ਦੇਵਾਂਗੇ।



# ਸੇਖਵਾਂ ਨੇ ਕੇਜਰੀਵਾਲ ਨਾਲ ਕੀਤੀ ਮੁਲਾਕਾਤ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਆਮ ਆਦਮੀ ਪਾਰਟੀ ਦੇ ਹਲਕਾ ਕਾਦੀਆਂ ਦੇ ਇੰਚਾਰਜ ਕਾਦੀਆਂ ਜਗਰੂਪ ਸਿੰਘ ਸੇਖਵਾਂ ਵੱਲੋਂ ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨਾਲ ਸ਼ਿਸ਼ਟਾਚਾਰਕ ਮੁਲਾਕਾਤ ਕੀਤੀ ਅਤੇ ਨਵੇਂ ਸਾਲ ਅਤੇ ਲੋਹੜੀ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ।ਇਸ ਮੌਕੇ ਉਨ੍ਹਾਂ ਅਰਵਿੰਦ ਕੇਜਰੀਵਾਲ ਨਾਲ ਗੱਲਬਾਤ ਕਰਦਿਆਂ ਹਾਲ ਹੀ ਵਿੱਚ ਹੋਈਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਪਾਰਟੀ ਦੀ ਮਜ਼ਬੂਤ ਕਾਰਗੁਜ਼ਾਰੀ, ਖ਼ਾਸ ਕਰਕੇ ਕਾਦੀਆਂ ਹਲਕੇ ਦੀ ਸਫਲਤਾ ਬਾਰੇ ਜਾਣਕਾਰੀ ਸਾਂਝੀ ਕੀਤੀ।ਇਸ ਮੌਕੇ ਅਰਵਿੰਦ ਕੇਜਰੀਵਾਲ ਨੇ ਜਗਰੂਪ ਸਿੰਘ ਸੇਖਵਾਂ ਵੱਲੋਂ ਆਮ ਆਦਮੀ ਪਾਰਟੀ ਦੀ ਮਜ਼ਬੂਤੀ ਲਈ ਕੀਤੇ ਜਾ ਰਹੇ ਕੰਮਾਂ ਅਤੇ ਹਲਕਾ ਕਾਦੀਆਂ ਵਿਖੇ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਸ਼ਲਾਘਾ ਕਰਦਿਆਂ ਪੂਰਾ ਸਮਰਥਨ ਦੇਣ ਦਾ ਅਸ਼ੀਰਵਾਦ ਦਿੱਤਾ ਗਿਆ।ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਮਾਰਗ ਦਰਸ਼ਨ ਨਾਲ ਸੂਬੇ ਅੰਦਰ ਲੋਕ ਭਲਾਈ ਦੇ ਹਿੱਤ ਵਿੱਚ ਵੱਡੇ ਫ਼ੈਸਲੇ ਲਏ ਗਏ ਹਨ।ਉਨ੍ਹਾਂ ਦੱਸਿਆ ਕਿ ਹਰ ਵਰਗ ਨੂੰ 600 ਯੂਨਿਟ ਬਿਜਲੀ ਮੁਫ਼ਤ, ਸਿਹਤ ਸਹੂਲਤਾਂ ਨੂੰ ਮੁੱਖ ਰੱਖਦਿਆਂ ਮੁਹੱਲਾ ਕਲੀਨਿਕ ਖੋਲ੍ਹੇ ਗਏ ਹਨ, ਜਿਥੇ ਰੋਜ਼ਾਨਾ ਮਰੀਜ਼ ਆਪਣਾ ਮੁਫ਼ਤ ਇਲਾਜ ਕਰਵਾ ਕਰ ਰਹੇ ਹਨ।ਸਕੂਲ ਆਫ ਐਮੀਨੈਂਸ ਅਤੇ ਸਕੂਲਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਤੋਂ ਇਲਾਵਾ ਲੋਕ ਹਿੱਤ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ ਹਨ।



# ਚਾਈਨਾ ਡੋਰ ਵੇਚਣ ਵਾਲੇ ਦੁਕਾਨਦਾਰਾਂ 'ਤੇ ਸਖ਼ਤ ਕਾਰਵਾਈ ਦੀ ਮੰਗ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਸਰਬੱਤ ਦਾ ਭਲਾ (ਗਰੁੱਪ) ਪੰਜਾਬ ਦੇ ਪ੍ਰਧਾਨ ਡਾਕਟਰ ਮਨਜੀਤ ਸਿੰਘ ਚਿਤੌੜਗੜ੍ਹ ਨੇ ਮਾਨਯੋਗ ਡੀ. ਸੀ. ਗੁਰਦਾਸਪੁਰ ਤੇ ਮਾਨਯੋਗ ਐੱਸਐੱਸਪੀ ਜ਼ਿਲ੍ਹਾ ਬਟਾਲਾ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਦਿਨੋ-ਦਿਨ ਨੌਜਵਾਨਾਂ ਵਿੱਚ ਵੱਧ ਰਿਹਾ ਚਾਈਨਾ ਡੋਰ ਦਾ ਰੁਝਾਨ ਪੰਜਾਬ ਵਿੱਚ ਲੋਕਾਂ ਦੀ ਜਾਨ ਲਈ ਬਹੁਤ ਵੱਡਾ ਖ਼ਤਰਾ ਬਣਦਾ ਜਾ ਰਿਹਾ ਹੈ।ਹਰ ਰੋਜ਼ ਚਾਈਨਾ ਡੋਰ ਨਾਲ ਬਹੁਤ ਸਾਰੀਆਂ ਦਰਦਨਾਕ ਘਟਨਾਵਾਂ ਵਾਪਰ ਰਹੀਆਂ ਹਨ।ਇਹ ਖੂਨੀ ਡੋਰ ਮਨੁੱਖਾਂ ਤੇ ਪੰਛੀਆਂ ਲਈ ਬਹੁਤ ਖ਼ਤਰਨਾਕ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉਘੇ ਸਮਾਜਸੇਵੀ ਡਾਕਟਰ ਮਨਜੀਤ ਸਿੰਘ ਚਿਤੌੜਗੜ੍ਹ ਨੇ ਕੀਤਾ।ਉਨ੍ਹਾਂ ਕਿਹਾ ਕਿ ਇਸ ਡੋਰ ਦੇ ਨਾਲ ਅਣਗਿਣਤ ਗਲਾ ਕੱਟਣ ਦੀਆਂ ਦਰਦਨਾਕ ਘਟਨਾਵਾਂ ਜਿਵੇਂ ਮੋਟਰਸਾਈਕਲ, ਸਕੂਟਰ ਸਵਾਰ ਤੇ ਪੈਦਲ ਆਉਣ-ਜਾਣ ਵਾਲੇ ਆਮ ਲੋਕਾਂ ਦੇ ਗੰਭੀਰ ਜ਼ਖ਼ਮੀ ਹੋਣ, ਕਈ ਪੰਛੀਆਂ ਦੀਆਂ ਮੌਤਾਂ ਹੋਣ ਕਾਰਨ ਪੰਛੀਆਂ ਦਾ ਵੱਡਾ ਜਾਨੀ ਨੁਕਸਾਨ ਹੋਇਆ ਹੈ।

ਡਿਪਟੀ ਕਮਿਸ਼ਨਰ ਗੁਰਦਾਸਪੁਰ ਤੇ ਐੱਸਐੱਸਪੀ ਜ਼ਿਲ੍ਹਾ ਬਟਾਲਾ ਨੂੰ ਅਪੀਲ ਹੈ ਕਿ ਡੋਰ ਖਰੀਦਣ ਵਾਲੇ ਨੂੰ ਤੇ ਵੇਚਣ ਵਾਲੇ ਦੁਕਾਨਦਾਰ ਨੂੰ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕਰਕੇ ਤੇ ਭਾਰੀ ਜੁਰਮਾਨਾ ਕੀਤਾ ਜਾਵੇ।



# ਪਹਿਲੀ ਪਤਨੀ ਤੇ ਛੇ ਸਾਲਾ ਧੀ ਨੂੰ ਘਰੋਂ ਕੱਢ ਕੇ ਮੁੜ ਲਈਆਂ ਲਾਵਾਂ

ਸਰਾਏ ਅਮਾਨਤ ਖਾਂ, (ਮੱਖਣ ਮਨੋਜ)- ਪਤਨੀ ਅਤੇ 6 ਸਾਲਾ ਧੀ ਨੂੰ ਕੁੱਟ ਮਾਰ ਕੇ ਘਰੋਂ ਕੱਢ ਦਿੱਤਾ ਤੇ ਬਿਨਾਂ ਤਲਾਕ ਦਿੱਤਿਆਂ ਮੁੜ ਵਿਆਹ ਕਰਵਾ ਲਿਆ। ਇਸ ਸੰਬੰਧੀ ਗੱਲਬਾਤ ਕਰਦਿਆਂ ਬਲਜੀਤ ਕੌਰ ਨੇ ਦੱਸਿਆ ਕਿ ਉਸ ਦਾ ਵਿਆਹ ਪਿੰਡ ਲਕਸੀ ਨੰਗਲ ਦੇ ਜੋਬਨ ਸਿੰਘ ਨਾਲ 2018 ਨੂੰ ਹੋਇਆ ਸੀ।ਮੇਰੇ ਪਰਿਵਾਰ ਨੇ ਆਪਣੀ ਹੈਸੀਅਤ ਤੋਂ ਵੱਧ ਸਾਮਾਨ ਦਿੱਤਾ ਸੀ।ਸੋਨੇ ਦੇ ਕੜੇ, ਛਾਪਾਂ ਅਤੇ ਸਪਲੈਂਡਰ ਮੋਟਰਸਾਈਕਲ ਅਤੇ ਐਕਟਿਵਾ ਦਾਜ ਵਿੱਚ ਦਿੱਤੀ ਸੀ।ਸਾਲ ਬਾਅਦ ਕੁੜੀ ਨੇ ਜਨਮ ਲਿਆ ਜਿਸ ਦਾ ਨਾਂਅ ਮਨਸੀਰਤ ਕੌਰ ਹੈ ਜੋ 6 ਸਾਲਾਂ ਦੀ ਹੋ ਗਈ ਹੈ।ਸੰਨ 2023 ਵਿਚ ਦੋਵੇਂ ਜੀਆਂ ਦਾ ਆਪਸ ਵਿੱਚ ਝਗੜਾ ਹੋਣ ਲੱਗ ਪਿਆ।ਦੋ ਤਿੰਨ ਵਾਰ ਪੰਚਾਇਤ ਵਾਲਿਆਂ ਫੈਸਲਾ ਕਰਵਾ ਕੇ ਸਹੁਰੇ ਘਰ ਭੇਜਿਆ ਸੀ, ਪਰ ਜੋਬਨ ਸਿੰਘ ਨੇ ਕੁੱਟ-ਮਾਰ ਕਰਕੇ ਬਲਜੀਤ ਅਤੇ ਛੇ ਸਾਲ ਬੱਚੀ ਨੂੰ ਘਰੋਂ ਕੱਢ ਦਿੱਤਾ।

ਬਲਜੀਤ ਕੌਰ ਨੇ ਦੱਸਿਆ ਕਿ ਇਸ ਬੰਦੇ ਨੇ ਮੇਰੇ ਵਿਆਹ ਤੋਂ ਪਹਿਲਾਂ ਵੀ ਦੋ ਵਿਆਹ ਕਰਵਾਏ ਸਨ।ਇਸਦੇ ਪਹਿਲੇ ਵਿਆਹ ਦੀ ਇੱਕ ਕੁੜੀ ਵੀ ਹੈ, ਜਿਸਦਾ ਨਾਂਅ ਜਸਨੀਤ ਕੌਰ ਹੈ। ਜੋਬਨ ਸਿੰਘ ਦਾ ਹੁਣ ਇਹ ਚੌਥਾ ਵਿਆਹ ਹੈ। ਇਸ ਸੰਬੰਧੀ ਜਦੋਂ ਜੋਬਨ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਸ ਨੇ ਸਾਫ ਹੀ ਕਹਿ ਦਿੱਤਾ ਕਿ ਮੈਂ ਬਲਜੀਤ ਕੌਰ ਨੂੰ ਨਹੀਂ ਰੱਖਣਾ, ਇਹ ਜੋ ਮਰਜ਼ੀ ਕਰ ਲਵੇ।




## Sibia Healthcare

Jind Road, Sangrur, Pb.

Ph: 92166-00321, 01672-241421 info@sibiahospital.com

### ਜਨਤਕ ਨੋਟਿਸ
### ਮੈਡੀਕਲ ਰਿਕਾਰਡ ਨਸ਼ਟ ਕਰਨਾ

ਸਿਬੀਆ ਹੈੱਲਥ ਕੇਅਰ ਪ੍ਰਾਈਵੇਟ ਲਿਮਟਿਡ ਇਸ ਦੁਆਰਾ ਘੋਸ਼ਣਾ ਕਰਦਾ ਹੈ ਕਿ ਹਸਪਤਾਲ 01.04.2020 ਤੋਂ 31.03.2021 ਤੱਕ ਆਈ ਪੀ ਡੀ ਟਰੀਟਮੈਂਟ ਫਾਈਲ ਅਤੇ ਟੈੱਸਟ ਰਿਜ਼ਲਟਸ ਜੋ ਹਸਪਤਾਲ, ਜੀਂਦ ਰੋਡ, ਸੰਗਰੂਰ 'ਚ ਕੀਤੇ ਗਏ ਸਨ, ਨੂੰ ਨਸ਼ਟ ਕਰਨ ਜਾ ਰਿਹਾ ਹੈ। ਜੇਕਰ ਉਪਰੋਕਤ 'ਚੋਂ ਨਸ਼ਟ ਕੀਤੀ ਜਾਣ ਵਾਲੀ ਜਾਣਕਾਰੀ ਤੁਹਾਡੇ ਨਾਲ ਸੰਬੰਧਤ ਹੈ ਅਤੇ ਤੁਸੀਂ ਚਾਹੁੰਦੇ ਹੋ ਕਿ ਇਹ ਜਾਣਕਾਰੀ ਤੁਹਾਨੂੰ ਮੁਹੱਈਆ ਕਰਵਾਈ ਜਾਵੇ ਤਾਂ ਕਿਸੇ ਪੁੱਛਗਿੱਛ ਲਈ ਤੁਸੀਂ ਇਸ ਨੋਟਿਸ ਦੇ 30 ਦਿਨਾਂ ਦੇ ਅੰਦਰ-ਅੰਦਰ (ਫੋਨ 98157-50405, 92166-00321) ਸੰਪਰਕ ਕਰ ਸਕਦੇ ਹੋ।

## Capital Small Finance Bank Ltd.

MIDAS Corporate Park, 3rd Floor, 37, G.T. Road, Jalandhar-144001, Punjab, India

### ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ, 2002 ਦੇ ਸੈਕਸ਼ਨ 13 (2) ਅਧੀਨ ਮਿਤੀ 29.12.2025 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

1. (ਐੱਚ ਐੱਲ ਵਿੱਚ ਕਰਜ਼ਦਾਰ) : ਸ੍ਰੀਮਤੀ ਮਨਜੀਤ ਕੌਰ ਪਤਨੀ ਮਾਂਗਟ ਸਿੰਘ ਵਾਸੀ ਪਿੰਡ ਥੰਮੂਵਾਲ, ਸੰਧਾਂਵਾਲ, ਜਲੰਧਰ ਪੰਜਾਬ-144703
2. (ਐੱਚ ਐੱਲ ਵਿੱਚ ਕਰਜ਼ਦਾਰ) : ਮਾਂਗਟ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਥੰਮੂਵਾਲ, ਸੰਧਾਂਵਾਲ, ਜਲੰਧਰ ਪੰਜਾਬ-144703
2. (ਐੱਚ ਐੱਲ ਵਿੱਚ ਗਰੰਟਰ) : ਅਮਰੀਕ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਥੰਮੂਵਾਲ, ਸੰਧਾਂਵਾਲ, ਜਲੰਧਰ ਪੰਜਾਬ-144703

| ਮਨਜ਼ੂਰ ਸਹੂਲਤ ਦੀ ਕਿਸਮ/ਕਰਜ਼ਾ ਨੰਬਰ | ਰਕਮ ਮਨਜ਼ੂਰ | ਡਿਮਾਂਡ ਨੋਟਿਸ ਦੀ ਮਿਤੀ ਨੂੰ ਕੁੱਲ ਬਕਾਇਆ ਰਕਮ (1.12.2025 ਤੋਂ ਬਿਨਾਂ ਵਿਆਜ) |
|---|---|---|
| HL/073611000010 | Rs. 21,00,000/- | Rs. 22,25,702.60 |

ਪ੍ਰਾਇਮਰੀ ਸਕਿਉਰਿਟੀ : ਅਚੱਲ ਜਾਇਦਾਦ ਦਾ ਉਚਿਤ ਰਹਿਣਨਾਮਾ : ਜਾਇਦਾਦ ਦਾ ਸਮੁੱਚਾ ਅਟੁੱਟ ਹਿੱਸਾ ਰਕਬਾ 8 ਮਰਲਾ ਪਿੰਡ ਥੰਮੂਵਾਲ, ਤਹਿਸੀਲ, ਸ਼ਾਹਕੋਟ, ਜ਼ਿਲ੍ਹਾ ਜਲੰਧਰ ਦੀ ਮਲਕੀਅਤ ਮਨਜੀਤ ਕੌਰ ਪਤਨੀ ਮਾਂਗਟ ਸਿੰਘ ਤਬਾਦਲਾ ਬੈਨਾਮਾ ਦਸਤਾਵੇਜ਼ ਨੰ. 2021-22/177/1/1495 ਮਿਤੀ 09-02-2022 ਅਨੁਸਾਰ।

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਟੁੱਟ ਕਲਾਂ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ: -

(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ
(ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ
(ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ
(ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ।

ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਮਿਤੀ : 10.01.2026    (ਅਧਿਕਾਰਤ ਅਫਸਰ)

## Public Notice

I, Sanju Bala w/o Rimplejeet Singh resident of Baba Bakala Sahib, Near Royal Colony, Amritsar-143205 and owner of property situated at Baba Bakala Sahib, Amritsar. I have lost my 06 year old sale deed of said property situated at Baba Bakala, Amritsar having Sale Deed No. 2019-20/94/1/1499 Dt. 02-Sept-2019 in favour of Paramjit Kaur w/o Joga Singh. Property Area is 04 marle 01 sarsai and Boundries is East- House of Geeta Devi West- House of Sanju Bala North- Street 22' South - Plot of Amrik Singh If any person have objection then contact Advocate Mr. Akhil Chopra (M) 9417741030 and Aadhar Housing Finance Ltd (M) 8437297767 within 7 days.

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਪਹਿਲਾ/ਦੂਜਾ, ਨਾਇਬ ਤਹਿਸੀਲਦਾਰ, ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ।

(ਨੋਟਿਸ ਬਨਾਮ ਆਮ ਜਨਤਾ)

ਕੇਸ ਅਨੁਵਾਨ ਰਮਨਦੀਪ ਕੌਰ ਪਤਨੀ ਗੁਰਜਿੰਦਰ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਪਿੰਡ ਫੂਸਮੰਡੀ ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ ...ਸਾਇਲਾ

ਬਨਾਮ

1. ਪ੍ਰੀਤਮ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਸੋਭਾ ਸਿੰਘ, 2. ਬਲਜਿੰਦਰ ਕੌਰ ਪਤਨੀ ਇਕਬਾਲ ਸਿੰਘ ਪੁੱਤਰ ਭਜਨ ਸਿੰਘ, 3. ਅਜੈਬ ਸਿੰਘ ਪੁੱਤਰ ਗੁਰਜੰਟ ਸਿੰਘ ਪੁੱਤਰ ਬਿਸਨ ਸਿੰਘ, 4. ਸੁਰਜੀਤ ਸਿੰਘ ਪੁੱਤਰ ਗੁਰਜੰਟ ਸਿੰਘ ਪੁੱਤਰ ਬਿਸ਼ਨ ਸਿੰਘ ਵਾਸੀਆਨ ਪਿੰਡ ਝੰਡਾ ਕਲਾਂ ਤਹਿਸੀਲ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ। ਮੁਸੂਲਇਲਮ।

ਦਰਖਾਸਤ ਦਰੁਸਤੀ ਗਿਰਦਾਵਰੀ ਅਰਾਜੀ ਤਦਾਦੀ 22 ਕਨਾਲ 12 ਮਰਲੇ, ਮੁਸਤਤੀਲ ਵਾ ਕਿੱਲਾ ਨੰਬਰ 178//21(8-0)178/23/1(6-12) 178//22(8-0) ਖੇਵਟ ਵਾ ਖਤੌਨੀ ਨੰਬਰ 700, 265, 1611 ਅਤੇ 1023, 331, 2386 ਵਕਿਆ ਰਕਬਾ ਪਿੰਡ ਝੰਡਾ ਕਲਾਂ, ਤਹਿਸੀਲ ਸਰਦੂਲਗੜ੍ਹ, ਜ਼ਿਲ੍ਹਾ ਮਾਨਸਾ।

ਮੁਸੂਲਇਲਮ ਨੰਬਰ. 1. ਪ੍ਰੀਤਮ ਸਿੰਘ ਪੁੱਤਰ ਦਰਸ਼ਨ ਸਿੰਘ ਪੁੱਤਰ ਸੋਭਾ ਸਿੰਘ, 2. ਬਲਜਿੰਦਰ ਕੌਰ ਪਤਨੀ ਇਕਬਾਲ ਸਿੰਘ ਪੁੱਤਰ ਭਜਨ ਸਿੰਘ, 3. ਅਜੈਬ ਸਿੰਘ ਪੁੱਤਰ ਗੁਰਜੰਟ ਸਿੰਘ ਪੁੱਤਰ ਬਿਸਨ ਸਿੰਘ, 4. ਸੁਰਜੀਤ ਸਿੰਘ ਪੁੱਤਰ ਗੁਰਜੰਟ ਸਿੰਘ ਪੁੱਤਰ ਬਿਸ਼ਨ ਸਿੰਘ ਵਾਸੀਆਨ ਪਿੰਡ ਝੰਡਾ ਕਲਾਂ ਤਹਿਸੀਲ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ।

ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਉਕਤ ਕੇਸ ਤਕਸੀਮ ਵਿੱਚ ਉਕਤ ਮਸੂਲਇਲਮ ਦੀ ਤਲਬੀ ਸਾਧਾਰਨ ਢੰਗ ਨਾਲ ਨਹੀਂ ਹੋ ਰਹੀ। ਇਸ ਲਈ ਮਸੂਲਇਲਮ ਦੀ ਤਲਬੀ/ਇਤਲਾਹ ਲਈ ਇਸ਼ਤਿਹਾਰ ਜਾਰੀ ਕੀਤਾ ਜਾਂਦਾ ਹੈ ਕਿ ਜੇਕਰ ਉਕਤ ਮਸੂਲਇਲਮ ਆਪਣਾ ਕੋਈ ਉਜ਼ਰ ਪੇਸ਼ ਕਰਨਾ ਚਾਹੁੰਦਾ ਹੈ ਤਾਂ ਉਹ ਆਪ ਖੁਦ ਜਾਂ ਇੰਨ੍ਹਾਂ ਦੇ ਵਾਰਿਸ ਜਾਂ ਆਪਣੇ ਕਿਸੇ ਵਕੀਲ ਰਾਹੀਂ ਨਿਰਧਾਰਿਤ ਮਿਤੀ 29/01/2026 ਨੂੰ ਸਵੇਰ 10:00 ਵਜੇ ਅਦਾਲਤ ਵਿੱਚ ਪੇਸ਼ ਹੋ ਕੇ ਕੇਸ ਦੀ ਪੈਰਵੀ ਕਰ ਸਕਦਾ ਹੈ। ਨਿਰਧਾਰਿਤ ਮਿਤੀ ਨੂੰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਮਸੂਲਇਲਮ ਖਿਲਾਫ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਕੇਸ ਵਿੱਚ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਬਾਅਦ ਗੁਜ਼ਰਨੇ ਮਿਆਦ ਉਨ੍ਹਾਂ ਦਾ ਕੋਈ ਭੀ ਉਜ਼ਰ ਕਾਬਲੇ ਸਮਾਇਤ ਨਹੀਂ ਹੋਵੇਗਾ।

ਅੱਜ ਮਿਤੀ: 29-12-2025 ਨੂੰ ਮੇਰੇ ਦਸਤਖਤਾਂ ਅਤੇ ਅਦਾਲਤੀ ਮੋਹਰ ਨਾਲ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ ਪਹਿਲਾ,
ਨਾਇਬ ਤਹਿਸੀਲਦਾਰ, ਸਰਦੂਲਗੜ੍ਹ।

(ਪੱਤਰ ਨੰ. 637/ਰੀਡਰ-2, ਮਿਤੀ 31/12/2025)


# ਵਿਧਾਇਕ ਟੌਂਗ ਨੇ ਦਿਵਿਆਂਗ ਵਿਅਕਤੀਆਂ ਨੂੰ ਵੰਡੇ ਉਪਕਰਨ



ਬਿਆਸ (ਪਰਮਜੀਤ ਸਿੰਘ ਰੱਖੜਾ)-ਆਮ ਆਦਮੀ ਪਾਰਟੀ ਦੀ ਸਰਕਾਰ ਦਿਵਿਆਂਗ ਵਿਅਕਤੀਆਂ ਦੀ ਸਹਾਇਤਾ ਲਈ ਹਮੇਸ਼ਾ ਤਿਆਰ ਹੈ ਅਤੇ ਸਮਾਜ ਦੇ ਅਹਿਮ ਹਿੱਸਾ ਮੰਨੇ ਜਾਂਦੇ ਦਿਵਿਆਂਗ ਵਿਅਕਤੀਆਂ ਦੀਆਂ ਜ਼ਰੂਰਤਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਵਚਨਬੱਧ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਬਾਬਾ ਬਕਾਲਾ ਦੇ ਵਿਧਾਇਕ ਸ: ਦਲਬੀਰ ਸਿੰਘ ਟੌਂਗ ਨੇ ਸਰਕਾਰੀ ਆਈਟੀਆਈ ਬਾਬਾ ਬਕਾਲਾ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਦੀ ਸਹਾਇਤਾ ਨਾਲ ਅਲਿਮਕੋ ਦੁਆਰਾ ਲਗਾਏ ਗਏ ਕੈਂਪ ਦੌਰਾਨ ਦਿਵਿਆਂਗ ਵਿਅਕਤੀਆਂ ਨੂੰ ਸਹਾਇਕ ਉਪਕਰਨ ਵੰਡਣ ਸਮੇਂ ਕੀਤਾ।ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਸ਼ੇਸ਼ ਕੈਂਪ ਲਗਾ ਕੇ ਬਾਕੀ ਰਹਿੰਦੇ ਲੋਕਾਂ ਤੱਕ ਵੀ ਲੋੜੀਂਦੀ ਸਹਾਇਤਾ ਸਮੱਗਰੀ ਪਹੁੰਚਾਈ ਜਾਵੇਗੀ।ਉਨ੍ਹਾਂ ਦੱਸਿਆ ਕਿ ਅਲਿਮਕੋ ਵੱਲੋਂ ਕੀਤਾ ਜਾ ਰਿਹਾ ਇਹ ਉਪਰਾਲਾ ਬਹੁਤ ਹੀ ਪ੍ਰਸ਼ੰਸਾਯੋਗ ਹੈ।ਇਸ ਮੌਕੇ ਐੱਸਡੀਐੱਮ ਬਾਬਾ ਬਕਾਲਾ ਅਮਨਪ੍ਰੀਤ ਸਿੰਘ ਨੇ ਦੱਸਿਆ ਕਿ ਕੈਂਪ ਦੌਰਾਨ 22 ਮੋਟੋਰਾਈਜ਼ਡ ਟਰਾਈਸਾਈਕਲ, 48 ਟਰਾਈ ਸਾਈਕਲ, 27 ਵ੍ਹੀਲਚੇਅਰ, 1 ਸੀ. ਪੀ. ਚੇਅਰ, 5 ਟੀਐੱਲਐੱਮ ਕਿੱਟ, 24 ਸੁਣਨ ਵਾਲੀਆਂ ਮਸ਼ੀਨਾਂ, 60 ਬੈਸਾਖੀਆਂ, 22 ਵਾਲਕਿੰਗ ਸਟਿੱਕ, 5 ਵਾਕਰ, 12 ਰੋਲੇਟਰ, 21 ਕੁਸ਼ਨਜ਼, 1 ਐਲੀ.ਐੱਸ.ਬੈਲਟ,1 ਸੁਗਮਿਆ ਕੇਨ ਅਤੇ 5 ਬਨਾਊਟੀ ਅੰਗ ਵੰਡੇ ਗਏ ਹਨ।ਇਸ ਮੌਕੇ ਸੀਡੀਪੀਓ ਵਰਿੰਦਰ ਸਿੰਘ, ਨੋਡਲ ਇੰਚਾਰਜ ਧਰਮਿੰਦਰ ਸਿੰਘ, ਪ੍ਰਿੰ. ਆਈਟੀਆਈ ਸੁਖਦੇਵ ਸਿੰਘ, ਅਲਿਮਕੋ ਤੋਂ ਅਨਿਲ ਕੁਮਾਰ, ਬਲਾਕ ਪ੍ਰਧਾਨ ਸ਼ੁਭਕਰਮਜੀਤ ਸਿੰਘ, ਬਲਾਕ ਸੰਮਤੀ ਮੈਂਬਰ ਜਗਬੀਰ ਸਿੰਘ, ਸਰਪੰਚ ਕਰਮਜੀਤ ਸਿੰਘ, ਹਰਪ੍ਰੀਤ ਸਿੰਘ ਭਿੰਡਰ, ਵਿਸ਼ਾਲ ਮੰਨਣ, ਜਰਮਨਜੀਤ ਸਿੰਘ, ਹਰਮੀਤ ਸਿੰਘ ਤਰਸਿੱਕਾ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਬਜ਼ੁਰਗਾਂ ਦੇ ਵਿਹੜੇ ਝਾਖੋਲਾੜੀ ਵਿਖੇ ਮੁਫਤ ਮੈਡੀਕਲ ਚੈੱਕਅਪ ਕੈਂਪ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਬਜ਼ੁਰਗਾਂ ਦਾ ਵਿਹੜਾ ਆਦਰਸ਼ ਬਿਰਧ ਆਸ਼ਰਮ ਝਾਖੋਲਾੜੀ ਵਿੱਚ ਵਿਲੀਅਨ ਹਾਰਡਵੇਟਿੰਗ ਫਾਊਂਡੇਸ਼ਨ ਵੱਲੋਂ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ ਜਿਸ ਵਿੱਚ ਬਿਰਧ ਘਰ ਵਿੱਚ ਰਹਿ ਰਹੇ ਸਾਰੇ ਹੀ ਬਜ਼ੁਰਗਾਂ ਦਾ ਜਨਰਲ ਚੈੱਕਅਪ ਕੀਤਾ ਗਿਆ।

ਇਸ ਮੌਕੇ ਡਾਕਟਰ ਅਰਸ਼ਦੀਪ ਚੀਮਾ ਨੇ ਸਾਰੇ ਹੀ ਬਜ਼ੁਰਗਾਂ ਨੂੰ ਤੰਦਰੁਸਤ ਦੇਖ ਕੇ ਖੁਸ਼ੀ ਮਹਿਸੂਸ ਕੀਤੀ।ਡਾ. ਚੀਮਾ ਨੇ ਕਿਹਾ ਕਿ ਬੀਪੀ ਅਤੇ ਸ਼ੂਗਰ ਦੀ ਸਮੱਸਿਆ ਦਿਨ-ਬ-ਦਿਨ ਵਧਦੀ ਨਜ਼ਰ ਆ ਰਹੀ ਹੈ।ਸੋ ਸਾਨੂੰ ਸਮੇਂ ਸਿਰ ਦਵਾਈ ਲੈਣੀ ਚਾਹੀਦੀ ਹੈ ਅਤੇ ਵੱਧ ਤੋਂ ਵੱਧ ਸੈਰ ਕਰਨੀ ਚਾਹੀਦੀ ਹੈ।

ਇਸ ਦੇ ਨਾਲ ਸਾਡਾ ਸਰੀਰ ਤੰਦਰੁਸਤ ਰਹਿ ਸਕਦਾ ਹੈ। ਇਸ ਮੌਕੇ ਡਾਕਟਰ ਕਿਰਨਦੀਪ ਕੌਰ ਨੇ ਕਿਹਾ ਕਿ ਸਾਨੂੰ ਭੋਜਨ ਪ੍ਰਤੀ ਬਹੁਤ ਧਿਆਨ ਦੇਣਾ ਚਾਹੀਦਾ ਅਤੇ ਬੇਹਾ ਭੋਜਨ ਨਹੀਂ ਖਾਣਾ ਚਾਹੀਦਾ।ਮੈਡੀਕਲ ਟੀਮ ਦਾ ਆਸ਼ਰਮ ਸੁਪਰਡੈਂਟ ਅੰਜਲੀ ਸ਼ਰਮਾ ਤੇ ਪ੍ਰਧਾਨ ਸਤਨਾਮ ਸਿੰਘ ਨੇ ਤਹਿ ਦਿਲੋਂ ਧੰਨਵਾਦ ਕੀਤਾ ।ਇਸ ਮੌਕੇ ਆਸ਼ਰਮ ਚੇਅਰਪਰਸਨ ਗੀਨਾ ਸਰਮਾਲ ਤੇ ਸਮੂਹ ਸਟਾਫ ਸਵਿਤਾ, ਜਸਵਿੰਦਰ ਕੌਰ, ਸੁਰਜੀਤ ਕੌਰ, ਆਸ਼ਾ ਰਾਣੀ, ਪ੍ਰੀਆ ਚੰਨਦੇਵ, ਬਿਪਨ ਕੁਮਾਰ ਅਤੇ ਰਮੇਸ਼ ਚੰਦਰ ਆਦਿ ਮੌਜੂਦ ਸਨ।



# 10 ਲੱਖ ਰੁਪਏ ਵਾਲੇ ਹੈੱਲਥ ਕਾਰਡ ਬਣਾਉਣ ਬਾਰੇ ਦਿੱਤੀ ਜਾਣਕਾਰੀ

ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਫਤਿਹਗੜ੍ਹ ਚੂੜੀਆਂ ਵਿਖੇ ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਦੀ ਰਹਿਨੁਮਾਈ ਹੇਠ ਇਕ ਅਹਿਮ ਮੀਟਿੰਗ ਕੀਤੀ ਗਈ ਜਿਸ ਵਿੱਚ 10 ਲੱਖ ਰੁਪਏ ਵਾਲੇ ਹੈਲਥ ਕਾਰਡ ਦੀ ਵਿਲੇਜ ਸੈਕਟਰੀ ਅਤੇ ਯੂਥ ਕੋਆਰਡੀਨੇਟਰ ਨੂੰ ਕਾਰਡ ਬਣਾਉਣ ਦੀ ਜਾਣਕਾਰੀ ਦਿੱਤੀ ਗਈ ਜਿਸ ਵਿੱਚ ਹਲਕਾ ਸੰਗਠਨ ਇੰਚਾਰਜ ਗਗਨਦੀਪ ਪੰਨੂ ਹਲਕਾ ਯੂਥ ਪ੍ਰਧਾਨ ਗੁਰਬਿੰਦਰ ਕਾਦੀਆਂ, ਹਲਕਾ ਕੋਆਰਡੀਨੇਟਰ ਕਿਸਾਨ ਵਿੰਗ ਡਾਕਟਰ ਮੰਗਲ ਸਿੰਘ, ਬਲਾਕ ਪ੍ਰਧਾਨ ਰਘਬੀਰ ਸਿੰਘ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਅਮਨਦੀਪ ਸਿੰਘ ਬਲਾਕ ਪ੍ਰਧਾਨ ਸੁਖਦੇਵ ਸਿੰਘ, ਬਲਾਕ ਪ੍ਰਧਾਨ ਗੁਰਪ੍ਰੀਤ ਸਿੰਘ, ਬਲਾਕ ਪ੍ਰਧਾਨ ਜਸਬੀਰ ਸਿੰਘ ਬਿੱਲਾ, ਪ੍ਰਧਾਨ ਸਰਬਜੀਤ ਸਿੰਘ, ਬਲਾਕ ਪ੍ਰਧਾਨ ਜੁਗਰਾਜ ਸਿੰਘ, ਰਾਮ ਸਿੰਘ, ਪ੍ਰਗਟ ਸਿੰਘ, ਸਚਨਦੀਪ ਸਿੰਘ, ਗੁਰ ਪ੍ਰਗਟ ਸਿੰਘ, ਬਲਜਿੰਦਰ ਸਿੰਘ, ਸੁਖਵਿੰਦਰ ਸਿੰਘ, ਗੁਰਪਾਲ ਸਿੰਘ, ਹਰਵੰਤ ਸਿੰਘ, ਗੁਰਮੀਤ ਸਿੰਘ, ਗੁਰਮੇਲ ਸਿੰਘ ਆਦਿ ਵੱਖ-ਵੱਖ ਸਰਪੰਚ/ਪੰਚ ਸ਼ਾਮਿਲ ਹੋਏ।



# ਡੇਹਰੀਵਾਲ ਕਿਰਨ 'ਚ ਅਨੀਮੀਆ ਦਿਨ ਮਨਾਇਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਪਿੰਡ ਡੇਹਰੀਵਾਲ ਕਿਰਨ ਵਿੱਚ ਅਨੀਮੀਆ ਡੇਅ ਮਨਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਐੱਸਡੀਐੱਮ ਅਦਿਤਿਆ ਸ਼ਰਮਾ ਅਤੇ ਪ੍ਰੋਗਰਾਮ ਅਫਸਰ ਜਸਮੀਤ ਕੌਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਇਹ ਪ੍ਰੋਗਰਾਮ ਬਾਲ ਵਿਕਾਸ ਵਿਭਾਗ ਦੀ ਸੀਡੀਪੀਓ. ਹਰਜੀਤ ਵਾਲੀਆ ਦੀ ਅਗਵਾਈ ਹੇਠ ਕਰਵਾਇਆ ਗਿਆ।ਇਸ ਦੌਰਾਨ ਮੁੱਖ ਮਹਿਮਾਨ ਵੱਲੋਂ ਬੱਚਿਆਂ ਨੂੰ ਫਲਾਂ ਦੀਆਂ ਟੋਕਰੀਆਂ ਵੰਡੀਆਂ ਗਈਆਂ।ਮੁੱਖ ਮਹਿਮਾਨ ਐੱਸਡੀਐੱਮ ਅਦਿੱਤਿਆ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮਾਵਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਸਿਹਤ ਵੱਲ ਵੱਧ ਤੋਂ ਵੱਧ ਧਿਆਨ ਦੇਣ।ਜੇਕਰ ਬੱਚਿਆਂ ਵਿੱਚ ਖੂਨ ਦੀ ਕਮੀ ਹੋਵੇ ਤਾਂ ਉਨ੍ਹਾਂ ਨੂੰ ਫਲ ਅਤੇ ਪੱਤੇਦਾਰ ਹਰੀਆਂ ਸਬਜ਼ੀਆਂ ਖਵਾਉਣੀਆਂ ਚਾਹੀਦੀਆਂ ਹਨ ਤਾਂ ਜੋ ਖੂਨ ਦੀ ਘਾਟ ਨੂੰ ਪੂਰਾ ਕੀਤਾ ਜਾ ਸਕੇ।ਇਸ ਮੌਕੇ ਸਰਪੰਚ ਗੁਰਮੀਤ ਕੌਰ (ਡੇਹਰੀਵਾਲ ਕਿਰਨ), ਸੁਪਰਵਾਈਜ਼ਰ ਪਰਮਜੀਤ ਕੌਰ, ਰਾਜਵਿੰਦਰ ਕੌਰ, ਕਮਲਜੀਤ ਕੌਰ ਅਤੇ ਆਂਗਣਵਾੜੀ ਵਰਕਰਾਂ ਮਨਦੀਪ ਕੌਰ, ਸੁਰਜੀਤ ਕੌਰ, ਹਰਦੀਪ ਕੌਰ, ਪਰਮਜੀਤ ਕੌਰ, ਬਲਜਿੰਦਰ ਕੌਰ, ਪਰਮਜੀਤ ਕੌਰ ਬੀਰੋ, ਗਗਨਦੀਪ ਕੌਰ, ਹਰਪਿੰਦਰ ਕੌਰ, ਰਜਵੰਤ ਕੌਰ, ਸੁਖਜਿੰਦਰ ਕੌਰ, ਸੁਖਵਿੰਦਰ ਕੌਰ, ਨੀਲਮ, ਅਵਿਨਾਸ਼ ਅਤੇ ਬਲਵਿੰਦਰ ਕੌਰ ਤੋਂ ਇਲਾਵਾ ਕਈ ਹੋਰ ਵਰਕਰ ਵੀ ਹਾਜ਼ਰ ਸਨ।




## TSC INDIA LIMITED

(FORMERLY KNOWN AS TSC TRAVEL SERVICES LIMITED AND TSC TRAVEL SERVICES PRIVATE LIMITED)

(CIN: U63040PB2003PLC026209)

Registered Office: Office No. 3, 2nd Floor, Midland Financial Centre, Plot No. 21-22, G.T. Road Jalandhar, Punjab-144001

Tel. No.: 0181-3501888, Email: cs@tscpl.biz, Website: https://www.tscindialimited.com/

### ਅਸਾਧਾਰਨ ਆਮ ਮੀਟਿੰਗ ਦਾ ਨੋਟਿਸ

ਇੱਥੇ ਇਹ ਸੂਚਨਾ ਦਿੱਤੀ ਜਾਂਦੀ ਹੈ ਕਿ ਕੰਪਨੀ ਦੀ ਅਸਾਧਾਰਨ ਆਮ ਮੀਟਿੰਗ ('ਈ ਜੀ ਐਮ') ਸੋਮਵਾਰ, 02 ਫਰਵਰੀ, 2026 ਨੂੰ ਦੁਪਹਿਰ 12:00 ਵਜੇ (ਆਈ ਐਸ ਟੀ) ਇਲੈਕਟ੍ਰਾਨਿਕ ਢੰਗ ਵੀਡੀਓ ਕਾਨਫਰੰਸ ('ਵੀ ਸੀ') ਜਾਂ ਹੋਰ ਆਡੀਓ-ਵਿਜ਼ੂਅਲ ਸਾਧਨ ('ਓ ਏ ਵੀ ਐਮ') ਰਾਹੀਂ ਹੋਣ ਵਾਲੀ ਹੈ ਤਾਂ ਜੋ ਈ ਜੀ ਐਮ ਬੁਲਾਉਣ ਦੇ ਨੋਟਿਸ ('ਨੋਟਿਸ') ਵਿੱਚ ਦੱਸੇ ਅਨੁਸਾਰ ਕਾਰੋਬਾਰਾਂ ਦਾ ਲੈਣ-ਦੇਣ ਕੀਤਾ ਜਾ ਸਕੇ।ਈ ਜੀ ਐਮ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ('ਐਮ ਸੀ ਏ ਸਰਕੂਲਰ') ਦੁਆਰਾ ਸਮੇਂ-ਸਮੇਂ 'ਤੇ ਜਾਰੀ ਕੀਤੇ ਗਏ ਸਰਕੂਲਰਾਂ ਦੇ ਅਨੁਸਾਰ ਇਲੈਕਟ੍ਰਾਨਿਕ ਢੰਗ ਰਾਹੀਂ ਆਯੋਜਿਤ ਕੀਤੀ ਜਾਂਦੀ ਹੈ।

ਐਮ ਸੀ ਏ ਸਰਕੂਲਰਾਂ, ਭਾਰਤੀ ਪ੍ਰਤੀਭੂਤੀਆਂ ਅਤੇ ਐਕਸਚੇਂਜ ਬੋਰਡ ('ਸੇਬੀ') ਦੁਆਰਾ ਜਾਰੀ ਕੀਤੇ ਗਏ ਸਰਕੂਲਰਾਂ, ਕੰਪਨੀਜ਼ ਐਕਟ, 2013 ('ਐਕਟ') ਅਤੇ ਸੇਬੀ (ਲਿਸਟਿੰਗ ਓਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕਵਾਇਰਮੈਂਟਸ) ਰੈਗੂਲੇਸ਼ਨਜ਼, 2015 ('ਸੇਬੀ ਲਿਸਟਿੰਗ ਰੈਗੂਲੇਸ਼ਨਜ਼') ਦੇ ਸੰਬੰਧਿਤ ਉਪਬੰਧਾਂ ਦੀ ਪਾਲਣਾ ਵਿੱਚ, ਈ ਜੀ ਐਮ ਬੁਲਾਉਣ ਲਈ ਨੋਟਿਸ 09 ਜਨਵਰੀ, 2026 ਨੂੰ ਸਿਰਫ ਇਲੈਕਟ੍ਰਾਨਿਕ ਮੋਡ ਰਾਹੀਂ ਉਨ੍ਹਾਂ ਮੈਂਬਰਾਂ ਨੂੰ ਭੇਜਿਆ ਗਿਆ ਹੈ ਜਿਨ੍ਹਾਂ ਦੇ ਈ-ਮੇਲ ਪਤੇ ਡਿਪਾਜ਼ਟਰੀ ਭਾਗੀਦਾਰਾਂ ('ਡੀਪੀ')/ਕੰਪਨੀ/ਰਜਿਸਟਰਾਰ ਅਤੇ ਟ੍ਰਾਂਸਫਰ ਏਜੰਟ ਜਿਵੇਂ ਕਿ ਬਿਗਸ਼ੇਅਰ ਸਰਵਿਸਿਜ਼ ਪ੍ਰਾਈਵੇਟ ਲਿਮਟਿਡ ('ਆਰ ਟੀ ਏ') ਨਾਲ ਰਜਿਸਟਰਡ ਹਨ।

ਨੋਟਿਸ ਦੀ ਕਾਪੀ ਕੰਪਨੀ ਦੀ ਵੈੱਬਸਾਈਟ www.tscindialimited.com ਅਤੇ ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਟਿਡ ਦੀ ਵੈੱਬਸਾਈਟ www.nseindia.com 'ਤੇ ਵੀ ਉਪਲਬਧ ਹੈ।ਇਸ ਤੋਂ ਇਲਾਵਾ, ਨੋਟਿਸ ਸੈਂਟਰਲ ਡਿਪਾਜ਼ਟਰੀ ਸਰਵਿਸਿਜ਼ (ਇੰਡੀਆ) ਲਿਮਟਿਡ ('ਸੀ ਡੀ ਐਸ ਐਲ') ਦੀ ਵੈੱਬਸਾਈਟ www.evotingindia.com 'ਤੇ ਵੀ ਉਪਲਬਧ ਹੈ।

ਮੈਂਬਰ ਈ ਜੀ ਐਮ ਸ਼ੁਰੂ ਹੋਣ ਦੇ ਨਿਰਧਾਰਤ ਸਮੇਂ ਤੋਂ 15 ਮਿੰਟ ਪਹਿਲਾਂ ਅਤੇ ਬਾਅਦ ਵਿੱਚ ਵੀ ਸੀ/ਓ ਏ ਵੀ ਐਮ ਰਾਹੀਂ ਈ ਜੀ ਐਮ ਵਿੱਚ ਸ਼ਾਮਲ ਹੋ ਸਕਦੇ ਹਨ ਅਤੇ ਈ ਜੀ ਐਮ ਦੌਰਾਨ ਸੀ ਡੀ ਐਸ ਐਲ ਦੁਆਰਾ www.evotingindia.com 'ਤੇ ਪ੍ਰਦਾਨ ਕੀਤੀ ਗਈ ਸਹੂਲਤ ਰਾਹੀਂ ਲੌਗਇਨ ਪ੍ਰਮਾਣ ਪੱਤਰਾਂ ਦੀ ਵਰਤੋਂ ਕਰਕੇ ਅਤੇ ਕੰਪਨੀ ਦੇ ਈ ਜੀ ਐਮ ਲਈ ਇਲੈਕਟ੍ਰਾਨਿਕ ਵੋਟਿੰਗ ਸੀਕੁਐਂਸ ਨੰਬਰ (ਈ ਵੀ ਐਸ ਐਨ) ਦੀ ਚੋਣ ਕਰਕੇ ਈ ਜੀ ਐਮ ਵਿੱਚ ਸ਼ਾਮਲ ਹੋ ਸਕਦੇ ਹਨ। ਵੀ ਸੀ/ਓ ਏ ਵੀ ਐਮ ਰਾਹੀਂ ਈ ਜੀ ਐਮ ਵਿੱਚ ਸ਼ਾਮਲ ਹੋਣ ਦੀ ਪ੍ਰਕਿਰਿਆ ਨੋਟਿਸ ਵਿੱਚ ਦੱਸੀ ਗਈ ਹੈ।

ਐਕਟ ਦੀ ਧਾਰਾ 103 ਦੇ ਤਹਿਤ ਕੋਰਮ ਦਾ ਪਤਾ ਲਗਾਉਣ ਦੇ ਉਦੇਸ਼ ਲਈ ਵੀ ਸੀ/ਓ ਏ ਵੀ ਐਮ ਰਾਹੀਂ ਈ ਜੀ ਐਮ ਵਿੱਚ ਭਾਗ ਲੈਣ ਵਾਲੇ ਮੈਂਬਰਾਂ ਦੀ ਹਾਜ਼ਰੀ ਗਿਣੀ ਜਾਵੇਗੀ।

**ਈ ਜੀ ਐਮ ਦੌਰਾਨ ਰਿਮੋਟ ਈ-ਵੋਟਿੰਗ ਅਤੇ ਈ-ਵੋਟਿੰਗ ਲਈ ਨਿਰਦੇਸ਼:**

ਐਕਟ ਦੀ ਧਾਰਾ 108, ਕੰਪਨੀਜ਼ (ਪ੍ਰਬੰਧਨ ਅਤੇ ਪ੍ਰਸ਼ਾਸਨ) ਨਿਯਮਾਂ, 2014 ਦੇ ਨਿਯਮ 20, (ਜਿਵੇਂ ਕਿ ਸੋਧਿਆ ਗਿਆ ਹੈ) ਜਨਰਲ ਮੀਟਿੰਗਾਂ 'ਤੇ ਸਕੱਤਰੇਤ ਮਿਆਰ ਅਤੇ ਸੇਬੀ ਸੂਚੀਕਰਨ ਨਿਯਮਾਂ ਦੇ ਨਿਯਮ 44 ਦੇ ਉਪਬੰਧਾਂ ਦੀ ਪਾਲਣਾ ਵਿੱਚ, ਈ ਜੀ ਐਮ ਵਿੱਚ ਲੈਣ-ਦੇਣ ਕੀਤੇ ਜਾਣ ਵਾਲੇ ਕਾਰੋਬਾਰ ਦੇ ਸਬੰਧ ਵਿੱਚ ਰਿਮੋਟ ਈ-ਵੋਟਿੰਗ ਦੀ ਸਹੂਲਤ ਕੰਪਨੀ ਦੁਆਰਾ ਸੀ ਡੀ ਐਸ ਐਲ ਦੁਆਰਾ ਪ੍ਰਦਾਨ ਕੀਤੀ ਜਾ ਰਹੀ ਹੈ।ਰਿਮੋਟ ਈ-ਵੋਟਿੰਗ ਦੀ ਸਹੂਲਤ ਲਈ ਕੰਪਨੀ ਦੁਆਰਾ ਸੀ ਡੀ ਐਸ ਐਲ ਨਾਲ ਜ਼ਰੂਰੀ ਪ੍ਰਬੰਧ ਕੀਤੇ ਗਏ ਹਨ। ਸਾਰੇ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ:

ਇੱਕ ਵਿਅਕਤੀ ਜਿਸ ਦਾ ਨਾਂਅ ਡਿਪਾਜ਼ਿਟਰੀਜ਼ ਦੁਆਰਾ ਬਣਾਈ ਗਈ ਮੈਂਬਰਾਂ/ਲਾਭਪਾਤਰੀ ਮਾਲਕਾਂ ਦੀ ਸੂਚੀ ਵਿੱਚ ਕੱਟ-ਆਫ ਮਿਤੀ ਯਾਨੀ ਸ਼ੁੱਕਰਵਾਰ, 23 ਜਨਵਰੀ, 2026 ਨੂੰ ਦਰਜ ਹੈ, ਉਹ ਹੀ ਈ ਜੀ ਐਮ ਦੌਰਾਨ ਰਿਮੋਟ ਈ-ਵੋਟਿੰਗ ਜਾਂ ਈ-ਵੋਟਿੰਗ ਦੀ ਸਹੂਲਤ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ।

**ਰਿਮੋਟ ਈ-ਵੋਟਿੰਗ ਹੇਠ ਲਿਖੇ ਸਮੇਂ ਦੌਰਾਨ ਉਪਲਬਧ ਹੋਵੇਗੀ :**

| | |
|---|---|
| ਰਿਮੋਟ ਈ-ਵੋਟਿੰਗ ਦੀ ਸ਼ੁਰੂਆਤ | ਸ਼ੁੱਕਰਵਾਰ, 30 ਜਨਵਰੀ, 2026 ਨੂੰ ਸਵੇਰੇ 09:00 ਵਜੇ (ਆਈ ਐਸ ਟੀ) ਤੋਂ |
| ਰਿਮੋਟ ਈ-ਵੋਟਿੰਗ ਦੀ ਸਮਾਪਤੀ | ਐਤਵਾਰ, 01 ਫਰਵਰੀ, 2026 ਨੂੰ ਸ਼ਾਮ 05:00 ਵਜੇ (ਆਈ ਐਸ ਟੀ) ਤੱਕ |

- ਰਿਮੋਟ ਈ-ਵੋਟਿੰਗ ਐਤਵਾਰ, 01 ਫਰਵਰੀ, 2026 ਨੂੰ ਸ਼ਾਮ 5.00 ਵਜੇ ਤੋਂ ਬਾਅਦ ਬੰਦ ਕਰ ਦਿੱਤੀ ਜਾਵੇਗੀ ਅਤੇ ਇਹ ਸਿਰਫ਼ ਈ ਜੀ ਐਮ ਦੌਰਾਨ ਹੀ ਚਾਲੂ ਕੀਤੀ ਜਾਵੇਗੀ।
- ਜਿਹੜੇ ਮੈਂਬਰ ਈ ਜੀ ਐਮ ਤੋਂ ਪਹਿਲਾਂ ਰਿਮੋਟ ਈ-ਵੋਟਿੰਗ ਰਾਹੀਂ ਆਪਣੀ ਵੋਟ ਪਾਉਣਗੇ, ਉਹ ਵੀ ਸੀ/ਓ ਏ ਵੀ ਐਮ ਰਾਹੀਂ ਈ ਜੀ ਐਮ ਵਿੱਚ ਸ਼ਾਮਲ ਹੋ ਸਕਦੇ ਹਨ/ਭਾਗ ਲੈ ਸਕਦੇ ਹਨ ਪਰ ਦੁਬਾਰਾ ਆਪਣੀ ਵੋਟ ਪਾਉਣ ਦੇ ਹੱਕਦਾਰ ਨਹੀਂ ਹੋਣਗੇ।
- ਜਿਹੜੇ ਮੈਂਬਰ ਵੀ ਸੀ/ਓ ਏ ਵੀ ਐਮ ਰਾਹੀਂ ਈ ਜੀ ਐਮ ਵਿੱਚ ਮੌਜੂਦ ਹੋਣਗੇ ਅਤੇ ਜਿਨ੍ਹਾਂ ਰਿਮੋਟ ਈ-ਵੋਟਿੰਗ ਰਾਹੀਂ ਮਤਿਆਂ 'ਤੇ ਆਪਣੀ ਵੋਟ ਨਹੀਂ ਪਾਈ ਸੀ, ਉਹ ਈ ਜੀ ਐਮ ਦੌਰਾਨ ਈ-ਵੋਟਿੰਗ ਰਾਹੀਂ ਵੋਟ ਪਾਉਣ ਦੇ ਯੋਗ ਹੋਣਗੇ।
- ਨੋਟਿਸ ਭੇਜਣ ਤੋਂ ਬਾਅਦ ਜਿਨ੍ਹਾਂ ਵਿਅਕਤੀਆਂ ਨੇ ਕੰਪਨੀ ਦੇ ਸ਼ੇਅਰ ਪ੍ਰਾਪਤ ਕੀਤੇ ਹਨ ਅਤੇ ਕੰਪਨੀ ਦੇ ਮੈਂਬਰ ਬਣੇ ਹਨ, ਉਹ ਨੋਟਿਸ ਵਿੱਚ ਦੱਸੇ ਅਨੁਸਾਰ ਜ਼ਰੂਰੀ ਲੌਗਇਨ ਆਈ ਡੀ ਅਤੇ ਪਾਸਵਰਡ ਪ੍ਰਾਪਤ ਕਰ ਸਕਦੇ ਹਨ।
- ਨੋਟਿਸ ਵਿੱਚ ਸਾਰੇ ਮੈਂਬਰਾਂ (ਭੌਤਿਕ ਰੂਪ ਵਿੱਚ ਸ਼ੇਅਰ ਰੱਖਣ ਵਾਲੇ ਮੈਂਬਰਾਂ/ਜਿਨ੍ਹਾਂ ਦੇ ਈ-ਮੇਲ ਪਤੇ ਡੀ ਪੀਜ਼/ਕੰਪਨੀ/ਆਰ ਟੀ ਏ ਨਾਲ ਰਜਿਸਟਰਡ ਨਹੀਂ ਹਨ) ਲਈ ਈ ਜੀ ਐਮ ਦੌਰਾਨ ਰਿਮੋਟ ਈ-ਵੋਟਿੰਗ ਜਾਂ ਈ-ਵੋਟਿੰਗ ਰਾਹੀਂ ਵੋਟ ਪਾਉਣ ਦੀ ਵਿਸਤ੍ਰਿਤ ਪ੍ਰਕਿਰਿਆ ਅਤੇ ਨਿਰਦੇਸ਼ ਦੱਸੇ ਗਏ ਹਨ।

**ਡਿਪਾਜ਼ਟਰੀ ਰਾਹੀਂ ਲੌਗਇਨ ਨਾਲ ਸੰਬੰਧਤ ਕਿਸੇ ਵੀ ਤਕਨੀਕੀ ਮੁੱਦੇ ਲਈ ਡੀਮੈਟ ਮੋਡ ਵਿੱਚ ਪ੍ਰਤੀਭੂਤੀਆਂ ਰੱਖਣ ਵਾਲੇ ਵਿਅਕਤੀਗਤ ਸ਼ੇਅਰਧਾਰਕਾਂ ਲਈ ਹੈਲਪਡੈਸਕ ਜਿਵੇਂ ਕਿ ਸੀ ਡੀ ਐਸ ਐਲ ਅਤੇ ਐਨ ਐਸ ਡੀ ਐਲ :**

| ਲੌਗਇਨ ਕਿਸਮ | ਹੈਲਪਡੈਸਕ ਵੇਰਵੇ |
|---|---|
| ਸੀ ਡੀ ਐਸ ਐਲ ਨਾਲ ਡੀਮੈਟ ਮੋਡ ਵਿੱਚ ਪ੍ਰਤੀਭੂਤੀਆਂ ਰੱਖਣ ਵਾਲੇ ਵਿਅਕਤੀਗਤ ਸ਼ੇਅਰਧਾਰਕ | ਲੌਗਇਨ ਵਿੱਚ ਕਿਸੇ ਵੀ ਤਕਨੀਕੀ ਸਮੱਸਿਆ ਦਾ ਸਾਹਮਣਾ ਕਰਨ ਵਾਲੇ ਮੈਂਬਰ helpdesk.evoting@cdslindia.com 'ਤੇ ਬੇਨਤੀ ਭੇਜ ਕੇ ਸੀ ਡੀ ਐਸ ਐਲ ਹੈਲਪਡੈਸਕ ਨਾਲ ਸੰਪਰਕ ਕਰ ਸਕਦੇ ਹਨ ਜਾਂ ਟੋਲ ਫ੍ਰੀ ਨੰਬਰ 1800 22 55 33 'ਤੇ ਸੰਪਰਕ ਕਰ ਸਕਦੇ ਹਨ |
| ਐਨ ਐਸ ਡੀ ਐਲ ਨਾਲ ਡੀਮੈਟ ਮੋਡ ਵਿੱਚ ਪ੍ਰਤੀਭੂਤੀਆਂ ਰੱਖਣ ਵਾਲੇ ਵਿਅਕਤੀਗਤ ਸ਼ੇਅਰਧਾਰਕ | ਲੌਗਇਨ ਵਿੱਚ ਕਿਸੇ ਵੀ ਤਕਨੀਕੀ ਸਮੱਸਿਆ ਦਾ ਸਾਹਮਣਾ ਕਰਨ ਵਾਲੇ ਮੈਂਬਰ evoting@nsdl.co.in 'ਤੇ ਬੇਨਤੀ ਭੇਜ ਕੇ ਐਨ ਐਸ ਡੀ ਐਲ ਹੈਲਪਡੈਸਕ ਨਾਲ ਸੰਪਰਕ ਕਰ ਸਕਦੇ ਹਨ ਜਾਂ ਟੋਲ ਫ੍ਰੀ ਨੰਬਰ: 1800 1020 990 ਅਤੇ 1800 22 44 30 'ਤੇ ਕਾਲ ਕਰ ਸਕਦੇ ਹਨ। |

ਡਾਇਰੈਕਟਰਾਂ ਦੇ ਬੋਰਡ ਨੇ ਸ੍ਰੀ ਪਰਮਿੰਦਰ ਪਾਲ ਸਿੰਘ ਰੈਲੀ (ਮੈਂਬਰਸ਼ਿਪ ਨੰਬਰ ਐਫ ਸੀ ਐਸ 6861) ਮੈਸਰਜ਼ ਪੀ ਐਸ ਰੈਲੀ ਐਂਡ ਐਸੋਸੀਏਟਸ, ਪ੍ਰੈਕਟਿਸਿੰਗ ਕੰਪਨੀ ਸੈਕਟਰੀਜ਼ ਨੂੰ ਈ ਜੀ ਐਮ ਦੌਰਾਨ ਰਿਮੋਟ ਈ-ਵੋਟਿੰਗ ਪ੍ਰਕਿਰਿਆ ਦੇ ਨਾਲ-ਨਾਲ ਈ-ਵੋਟਿੰਗ ਦੀ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਜਾਂਚ ਕਰਨ ਲਈ ਸਕ੍ਰੂਟੀਨਾਈਜ਼ਰ ਵਜੋਂ ਨਿਯੁਕਤ ਕੀਤਾ ਹੈ।

ਈ ਜੀ ਐਮ ਦੌਰਾਨ ਕੀਤੀ ਗਈ ਰਿਮੋਟ ਈ-ਵੋਟਿੰਗ ਅਤੇ ਈ-ਵੋਟਿੰਗ ਦੇ ਨਤੀਜੇ ਈ ਜੀ ਐਮ ਦੀ ਸਮਾਪਤੀ ਤੋਂ ਦੋ ਕੰਮਕਾਜੀ ਦਿਨਾਂ ਦੇ ਅੰਦਰ ਘੋਸ਼ਿਤ ਕੀਤੇ ਜਾਣਗੇ। ਨਤੀਜੇ, ਸਕ੍ਰੂਟੀਨਾਈਜ਼ਰ ਦੀ ਰਿਪੋਰਟ ਦੇ ਨਾਲ, ਨਤੀਜਿਆਂ ਦੇ ਐਲਾਨ ਤੋਂ ਤੁਰੰਤ ਬਾਅਦ ਕੰਪਨੀ ਦੀ ਵੈੱਬਸਾਈਟ www.tscindialimited.com ਅਤੇ ਸੀ ਡੀ ਐਸ ਐਲ ਦੀ ਵੈੱਬਸਾਈਟ www.evotingindia.com 'ਤੇ ਪਾਏ ਜਾਣਗੇ ਅਤੇ ਸਟਾਕ ਐਕਸਚੇਂਜ ਨੂੰ ਵੀ ਸੂਚਿਤ ਕੀਤਾ ਜਾਵੇਗਾ ਜਿੱਥੇ ਕੰਪਨੀ ਦੇ ਇਕੁਇਟੀ ਸ਼ੇਅਰ ਸੂਚੀਬੱਧ ਹਨ, ਯਾਨੀ ਕਿ, ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਟਿਡ (ਐਨ ਐਸ ਈ) ਅਤੇ ਇਸ ਦੀ ਵੈੱਬਸਾਈਟ www.nseindia.com 'ਤੇ ਉਪਲਬਧ ਕਰਵਾਏ ਜਾਣਗੇ।

ਸਥਾਨ : ਜਲੰਧਰ
ਮਿਤੀ : 11.01.2026

ਵਾਸਤੇ ਟੀ ਐਸ ਸੀ ਇੰਡੀਆ ਲਿਮਟਿਡ
ਸਹੀ/-
ਸੋਨੀਆ ਗਾਬਾ ਕੰਪਨੀ ਸਕੱਤਰ



## ਕਲਾਸੀਫਾਈਡ ਇਸ਼ਤਿਹਾਰ

### Public Notice

I, Krishna Devi W/o Sham Lal R/o H.No. 658, Shastri Nagar, Pathankot, Punjab, India, declare that my given name as Krishna and my Surname as Devi.

I, Pawan Kumar S/o Jamna Pershad R/o H.No. 667, Near Vishkarma Mandir Ward No.8, Tanda, Distt. Hoshiarpur, Punjab-144204, India, declare that my given name as Pawan and my Surname as Kumar.

### ਆਮ ਸੂਚਨਾ

ਮਹਿੰਦਰ ਕੌਰ ਪਤਨੀ ਬਚਿੱਤਰ ਸਿੰਘ ਵਾਸੀ ਤਖਾਣਵੱਧ, ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਵਾਕਿਆ ਰਕਬਾ ਤਖਾਣਵੱਧ, ਜ਼ਿਲ੍ਹਾ ਮੋਗਾ ਵਿਖੇ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰ. 3003694730 (ਏ ਪੀ-34-8231), 15 ਹਾਰਸ ਪਾਵਰ ਨੂੰ ਜਸਵਿੰਦਰ ਕੌਰ ਪੁੱਤਰੀ ਦਲਜੀਤ ਸਿੰਘ ਵਾਸੀ ਤਖਾਣਵੱਧ, ਜ਼ਿਲ੍ਹਾ ਮੋਗਾ ਦੇ ਨਾਂਅ 'ਤੇ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਪੀ ਐੱਸ ਪੀ ਸੀ ਐੱਲ ਬੱਧਨੀ ਕਲਾਂ, ਜ਼ਿਲ੍ਹਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਮੋਟਰ ਕੁਨੈਕਸ਼ਨ ਖਾਤਾ ਨੰ. ਐਕਸ 25 ਏ ਪੀ 120837 ਪੀ (6 ਬੀ ਐੱਚ ਪੀ) ਜੋ ਕਿ ਕੇਵਲ ਸਿੰਘ ਪੁੱਤਰ ਚਾਨਣ ਸਿੰਘ ਰਕਬਾ ਮੋਟਰ ਪਿੰਡ ਟੋਡਰਵਾਲ, ਕਪੂਰਥਲਾ ਦੇ ਨਾਂਅ 'ਤੇ ਚੱਲ ਰਹੀ ਹੈ, ਨੂੰ ਰਾਜਿੰਦਰ ਕੌਰ ਪਤਨੀ ਕੁਲਬੀਰ ਸਿੰਘ ਵਾਸੀ ਪਿੰਡ ਬਸਤੀ ਭੀਲਾਵਾਲ, ਟਿੱਬਾ, ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਨੇ ਆਪਣੇ ਨਾਂਅ 'ਤੇ ਕਰਵਾਉਣ ਲਈ ਅਰਜ਼ੀ ਦਿੱਤੀ ਹੈ। ਇਸ ਸੰਬੰਧ ਵਿੱਚ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪਾਵਰਕਾਮ ਦੇ ਦਫਤਰ ਟਿੱਬਾ ਸ/ਡ ਕਪੂਰਥਲਾ ਵਿਖੇ ਇਤਰਾਜ਼ ਪੇਸ਼ ਕਰੇ।

### ਬੇਦਖਲੀ ਨੋਟਿਸ

ਮੈਂ, ਸੁਰਿੰਦਰ ਕੁਮਾਰ ਪੁੱਤਰ ਬੋਧ ਰਾਜ ਵਾਸੀ ਸ਼ਹੀਦ ਊਧਮ ਸਿੰਘ ਨਗਰ ਨਕੋਦਰ (ਜਲੰਧਰ) ਸੂਚਿਤ ਕਰਦਾ ਕਿ ਮੇਰਾ ਲੜਕਾ ਨਰੇਸ਼ ਕੁਮਾਰ ਅਤੇ ਮੇਰੀ ਨੂੰਹ ਗੁਰਦੀਪ ਕੌਰ ਉਰਫ (ਦੀਪਾ) ਉਕਤ ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ । ਮੈਂ, ਉਨ੍ਹਾਂ ਦੋਨਾਂ ਨੂੰ ਆਪਣੀ ਚੱਲ- ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਸੰਬੰਧ ਨਹੀਂ ਰਿਹਾ ।ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ ਗੁਲਜਾਰ ਸਿੰਘ ਪੁੱਤਰ ਬਾਬੂ ਖਾਨ ਵਾਸੀ ਗਾਗਾ, ਤਹਿਸੀਲ ਲਹਿਰਾ (ਸੰਗਰੂਰ) ਬਿਆਨ ਕਰਦਾ ਹਾਂ ਕਿ ਰਘਵੀਰ ਖਾਨ ਮੇਰਾ ਹਕੀਕੀ ਲੜਕਾ ਹੈ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ, ਜਿਸ ਨੂੰ ਮੈਂ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ।ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।ਅੱਜ ਤੋਂ ਬਾਅਦ ਮੇਰਾ ਜਾਂ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਾਲੁਕ-ਵਾਸਤਾ ਨਹੀਂ ਹੈ।

ਮੈਂ ਗੁਰਿੰਦਰ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਪਿੰਡ ਦਿਆਲਪੁਰ ਜਿਲਾ ਕਪੂਰਥਲਾ ਪੰਜਾਬ ਬਿਆਨ ਕਰਦਾ ਕਿ ਮੇਰਾ ਲੜਕਾ ਜਸਬੀਰ ਸਿੰਘ ਜੋ ਮੇਰੇ ਕਹਿਣਕਾਰ ਵਿੱਚੋਂ ਬਾਹਰ ਹੈ, ਇਸ ਕਰਕੇ ਮੈਂ ਆਪਣੇ ਲੜਕੇ ਜਸਬੀਰ ਸਿੰਘ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰੇ ਉਕਤ ਲੜਕੇ ਨਾਲ ਜੋ ਕੋਈ ਵੀ ਕਿਸੇ ਵੀ ਕਿਸਮ ਦਾ ਲੈਣ ਦੇਣ ਕਰੇਗਾ ਤਾਂ ਇਸ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਵੀਰਾਂ ਵਾਲੀ ਪਤਨੀ ਲੇਟ ਸ੍ਰੀ ਜੇ ਕਿਸ਼ਨ ਵਾਸੀ ਮਕਾਨ ਨੰ. 6681, ਖਾਈ ਮੁਹੱਲਾ ਬਾਹਰਵਾਰ, ਲਾਹੌਰੀ ਗੇਟ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਦੀਪਕ, ਮੇਰੀ ਨੂੰਹ ਸ਼ਿਵਾਨੀ ਅਤੇ ਮੇਰਾ ਪੋਤਰਾ ਅਰਸ਼ਦ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### Change of Name

I, Pritpal Singh S/o Rashpal singh r/o Village Mulianwala, PO Dhariwal, Distt Gurdaspur, have change my name to Singh Pritpal. In future Singh is my surname and Pritpal is my given name. Concerned note.

I, Aabha Naagar Daughter of Late Sh. Onkar Swarup Nagar, resident of 43, Shiv Vihar, Model Town, Jalandhar, Punjab, have changed my name from Abha Nagar to Aabha Naagar. Please Note

I, Jagroop Singh S/o Kuldip Singh R/o VPO Dharar Teh and Distt Amritsar have declare that Jagroop is my Given name and Singh is my name

I, Swapandeep W/o Karanbir Singh R/o 2993-A Main Bazar Dasmesh Nagar Jaura Phatak Amritsar have changed my name from Swapandeep to Given name Swapandeep Surname Kaur

I, Pawanpreet Kaur W/o Gurpreet Singh R/o 299, Sultanwind East Gobind Nagar, Amritsar have changed my name from Pawanpreet Kaur to Pawanpreet Kaur Sandhu

I, Dilpreet Singh Bhihal S/o Manwinder Singh holder of Indian Passport No.S0498910 Issued at Amritsar on 29.05.2018 R/o H.No.L-10/504, Gali No.4, Anteryami Colony, Amritsar Punjab India at presently residing at 22 Firefly RD Brampton, ON L6X 5G4 Ontario have changed my name from Dilpreet Singh to Dilpreet Singh Bihal

### ਨਾਂਅ ਦੀ ਬਦਲੀ

ਮੈਂ, ਮੋਲੀ ਪੁੱਤਰੀ ਕਮਲ ਵਧਵਾ ਵਾਸੀ 252/1, ਪੁਰਾਣਾ ਫਗਵਾੜਾ ਰੋਡ, ਰਣਜੀਤ ਇਨਕਲੇਵ, ਦੀਪ ਨਗਰ, ਡਾਕਖਾਨਾ ਜਲੰਧਰ ਕੈਂਟ, ਜ਼ਿਲ੍ਹਾ ਜਲੰਧਰ, ਪੰਜਾਬ ਨੇ ਆਪਣਾ ਨਾਂਅ ਮੋਲੀ ਤੋਂ ਬਦਲ ਕੇ ਮੋਹਨੀ ਕਮਲ ਵਧਵਾ ਰੱਖ ਲਿਆ ਹੈ। ਕਿਰਪਾ ਕਰਕੇ ਮੇਰੀ ਐੱਲ ਆਈ ਸੀ ਪਾਲਿਸੀ ਨੰ. 471639427 ਵਿੱਚ ਮੇਰਾ ਨਾਂਅ ਮੋਹਨੀ ਕਮਲ ਵਧਵਾ ਠੀਕ ਕੀਤਾ ਜਾਵੇ।

ਮੈਂ, ਸਰਵਨ ਸਿੰਘ ਪੁੱਤਰ ਚੰਚਲ ਸਿੰਘ ਪੁੱਤਰ ਆਸਾ ਸਿੰਘ ਵਾਸੀ ਖਿਆਲਾ ਕਲਾਂ, ਅੰਮ੍ਰਿਤਸਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਜ਼ਮੀਨ ਦੀ ਜਮ੍ਹਾਂਬੰਦੀ ਵਿੱਚ ਮੇਰਾ ਨਾਂਅ ਗਲਤੀ ਨਾਲ ਸਵਰਨ ਸਿੰਘ ਲਿਖਿਆ ਗਿਆ ਹੈ, ਜਦਕਿ ਮੇਰਾ ਸਹੀ ਨਾਂਅ ਸਰਵਨ ਸਿੰਘ ਹੈ। ਮੇਰੀ ਜਮ੍ਹਾਂਬੰਦੀ ਵਿੱਚ ਮੇਰਾ ਨਾਂਅ ਸਰਵਨ ਸਿੰਘ ਸਹੀ ਕੀਤਾ ਜਾਵੇ। ਸੰਬੰਧਤ ਨੋਟ ਕਰਨ।

ਮੈਂ, ਰੁਪੇਸ਼ ਕੁਮਾਰ ਪੁੱਤਰ ਮੁਲਖ ਰਾਜ ਵਾਸੀ ਮਕਾਨ ਨੰ: 497, ਅਰਬਨ ਅਸਟੇਟ ਫੇਜ਼-1, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣੀ ਨਾਬਾਲਗ ਲੜਕੀ ਦਾ ਨਾਮ ਚੇਸ਼ਟਾ ਤੋਂ ਬਦਲ ਕੇ ਚੇਸ਼ਟਾ ਭਗਤ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ। (ਆਰ)

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।


# ਖਾਲਸਾ ਕਾਲਜ ਆਫ ਇੰਜੀਨੀਅਰਿੰਗ ਵਿਖੇ ਸਟਾਰ ਨਾਈਟ ਪ੍ਰੋਗਰਾਮ ਕਰਵਾਇਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਖਾਲਸਾ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਸਟਾਰ ਨਾਈਟ ਪ੍ਰੋਗਰਾਮ ਕਰਵਾਇਆ ਗਿਆ।ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ ਦੇ ਸਹਿਯੋਗ ਨਾਲ ਕਰਵਾਏ ਗਏ ਉਕਤ ਮੌਕੇ ਬਨੀ ਜੌਹਲ ਨੇ ਆਪਣੇ ਗੀਤਾਂ ਰਾਹੀਂ ਹਰ ਕਿਸੇ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ।ਇਸ ਤੋਂ ਪਹਿਲਾਂ ਡਾ. ਮੰਜੂ ਬਾਲਾ, ਐੱਨ. ਆਈ. ਟੀ. ਦਿੱਲੀ ਤੋਂ ਡਾਇਰੈਕਟਰ ਡਾ. ਅਜੈ ਕੁਮਾਰ ਸ਼ਰਮਾ ਨੇ ਰਾਜੀਵ ਸ਼ਰਮਾ, ਇੰਜ: ਕਰਨਬੀਰ ਸਿੰਘ ਨਾਲ ਮਿਲ ਕੇ ਬੰਨੀ ਜੌਹਲ ਦਾ ਸਵਾਗਤ ਕਰਦਿਆਂ ਗੁਲਦਸਤਾ ਭੇਟ ਕੀਤਾ।ਉਪਰੰਤ ਸ: ਜੌਹਲ ਨੇ ਆਪਣੇ ਨਾਮਵਰ ਗੀਤਾਂ ਰਾਹੀਂ ਹਾਜ਼ਰ ਸਰੋਤਿਆਂ ਨੂੰ ਮੰਤਰਮੁਗਧ ਕੀਤਾ।ਇਸ ਮੌਕੇ ਡਾ. ਮੰਜੂ ਬਾਲਾ, ਡਾ. ਸ਼ਰਮਾ ਨੇ ਸ: ਜੌਹਲ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਵੀ ਕੀਤਾ।



# ਪੈਨਸ਼ਨਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਆਲ ਕੇਡਰ ਪੈਨਸ਼ਨਰ ਐਸੋਸੀਏਸ਼ਨ ਸਿਟੀ ਸਰਕਲ ਅੰਮ੍ਰਿਤਸਰ ਦੀ ਮਹੀਨਾਵਾਰ ਮੀਟਿੰਗ ਮਦਨ ਲਾਲ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਆਲ ਕੇਡਰ ਪੈਨਸ਼ਨਰ ਐਸੋਸੀਏਸ਼ਨ ਸਿਟੀ ਸਰਕਲ ਅੰਮ੍ਰਿਤਸਰ ਦੇ ਜਰਨਲ ਸਕੱਤਰ ਭੁਪਿੰਦਰ ਸਿੰਘ ਬੇਦੀ ਨੂੰ ਸ਼ਰਧਾਂਜਲੀ ਦਿੱਤੀ ਗਈ ਜਿਨਾਂ ਦਾ ਪਿਛਲੇ ਦਿਨੀਂ ਦਿਹਾਂਤ ਹੋ ਗਿਆ ਸੀ। ਮੀਟਿੰਗ ਵਿੱਚ ਬਾਬਾ ਗੁਰਮੀਤ ਨੂੰ ਆਲ ਕੇਡਰ ਪੈਨਸ਼ਨਰ ਐਸੋਸੀਏਸ਼ਨ ਸਿਟੀ ਸਰਕਲ ਦਾ ਸੀਨੀਅਰ ਮੀਤ ਪ੍ਰਧਾਨ ਚੁਣਿਆ ਗਿਆ। ਇਸ ਤੋਂ ਬਾਅਦ ਪੈਨਸ਼ਨਰਾਂ ਦੇ ਰਹਿੰਦੇ ਕੰਮ ਮੌਕੇ 'ਤੇ ਨਿਪਟਾਏ ਗਏ ਅਤੇ ਜਥੇਬੰਦੀ ਦਾ ਨਵੇਂ ਸਾਲ ਦਾ ਕੈਲੰਡਰ ਜਾਰੀ ਕੀਤਾ ਗਿਆ। ਇਸ ਮੌਕੇ ਜਗੀਰ ਸਿੰਘ ਸੈਣੀ, ਕੁਲਵਿੰਦਰ ਸਿੰਘ, ਬਾਬਾ ਗੁਰਮੀਤ, ਮਨੋਹਰ ਲਾਲ, ਸਵਰਨ ਲਾਲ ਸ਼ਰਮਾ, ਜਗਦੀਸ਼ ਭਾਰਦਵਾਜ, ਹਰਜੀਤ ਸਿੰਘ, ਰਮੇਸ਼ ਸ਼ਰਮਾ, ਬਲਦੇਵ ਫੋਰਮੈਨ, ਰਾਜੇਸ਼ ਕੁਮਾਰ, ਅਸ਼ਵਨੀ ਸ਼ਰਮਾ, ਰਮੇਸ਼ ਖੰਨਾ ਆਦੀ ਆਗੂ ਹਾਜ਼ਰ ਸਨ।


### ਚੋਣ ਪ੍ਰੋਗਰਾਮ

ਮਿਤੀ: 28.11.2025

ਅੱਜ ਇਜਲਾਸ ਕਮੇਟੀ ਸ੍ਰੀ ਰੋਹਿਤ ਕੁਮਾਰ ਰਤਨ ਚੋਣ ਮੈਨੇਜਰ ਦੀ ਕੇਵਲ ਵਿਹਾਰ ਕੋਆਪ੍ਰੇਟਿਵ ਹਾਊਸ ਮੇਨਟੇਨਸ ਸੁਸਾਇਟੀ ਜਲੰਧਰ ਦੀ ਪ੍ਰਧਾਨਗੀ ਹੇਠ ਹੋ ਕੇ ਹੇਠ ਲਿਖੀ ਕਾਰਵਾਈ ਹੋਈ।

ਤਜਵੀਜ ਹੋ ਕੇ ਪਾਸ ਹੋਇਆ ਹੈ ਕਿ ਸਭਾ ਦੀ ਪ੍ਰਬੰਧਕ ਕਮੇਟੀ ਦੀ ਚੋਣ ਮਿਤੀ 27.01.2026 ਅਤੇ 28.01.2026 ਨੂੰ ਸਭਾ ਦੇ ਦਫਤਰ ਵਿੱਚ ਹੋਵੇਗੀ। ਜਿਸ ਵਿੱਚ ਕੁੱਲ 09 (ਨੌਂ) ਮੈਂਬਰ ਚੁਣੇ ਜਾਣਗੇ। ਦੀ ਪੰਜਾਬ ਕੋਆਪ੍ਰੇਟਿਵ ਸੁਸਾਇਟੀ (ਅਮੈਂਡਮੈਂਟ) ਬਿੱਲ 2014 (ਪੰਜਾਬ ਐਕਟ ਨੰਬਰ 14 ਆਫ 2014) ਦੇ ਅਮੈਂਡਮੈਂਟ ਸੈਕਸ਼ਨ 26 ਆਫ ਪੰਜਾਬ ਐਕਟ 1961 ਸਨਮੁੱਖ ਇਨ੍ਹਾਂ ਮੈਂਬਰਾਂ ਵਿੱਚ ਸ਼ਡਿਊਲਡ ਕਾਸਟ ਦੀ ਇੱਕ ਰਾਖਵੀ ਸੀਟ ਅਤੇ ਦੋ ਇਸਤਰੀ ਮੈਂਬਰਾਂ ਦੀਆਂ ਸੀਟਾਂ ਰਾਖਵੀਆ ਹੋਣਗੀਆ। ਇਸ ਚੋਣ ਸਬੰਧੀ ਬੁਲਾਏ ਗਏ ਆਮ-ਅਜਲਾਸ ਬਾਬਤ ਨਿਯਮਾਂ ਮੁਤਾਬਕ ਨਿਰਧਾਰਤ ਵਿਧੀ ਅਨੁਸਾਰ ਮੈਂਬਰਾਂ ਨੂੰ ਸੂਚਨਾ ਦੇਣ ਦੀ ਜ਼ਿੰਮੇਵਾਰੀ ਸਕੱਤਰ ਸਭਾ ਦੀ ਹੋਵੇਗੀ।

ਚੋਣ ਅਜੰਡਾ ਹੇਠ ਲਿਖੇ ਅਨੁਸਾਰ ਹੈ।

1. ਹਾਜ਼ਰੀ ਮੈਂਬਰਾਨ ਮਿਤੀ 27.01.2026 ਨੂੰ 9.00 ਵਜੇ ਸਵੇਰੇ ਤੋਂ 10.00 ਵਜੇ ਤੱਕ।
2. ਨਾਮਜ਼ਦਗੀ ਕਾਗਜ਼ਾਤ ਮਿਤੀ 27.01.2026 ਨੂੰ 10.00 ਵਜੇ ਸਵੇਰੇ ਤੋਂ 11.00 ਵਜੇ ਸਵੇਰੇ ਤੱਕ।
3. ਪ੍ਰਾਪਤ ਹੋਏ ਨਾਮਜ਼ਦਗੀ ਪੇਪਰਾਂ ਦੀ ਸੂਚੀ ਲਗਾਉਣ/ਚਸਪਾ ਕਰਨ ਦਾ ਸਮਾਂ ਮਿਤੀ 27.01.2026 ਨੂੰ 11.00 ਵਜੇ ਸਵੇਰੇ ਤੋਂ 11.30 ਵਜੇ ਸਵੇਰੇ ਤੱਕ।
4. ਇਤਰਾਜ਼ ਦਾ ਸਮਾਂ ਮਿਤੀ 27.01.2026 ਨੂੰ 11.30 ਵਜੇ ਸਵੇਰੇ ਤੋਂ 12.30 ਵਜੇ ਦੁਪਹਿਰ ਤੱਕ।
5. ਪੜਤਾਲ ਕਾਗਜ਼ਾਤ ਨਾਮਜ਼ਦਗੀ ਮਿਤੀ 27.01.2026 ਨੂੰ 12.30 ਵਜੇ ਤੋਂ ਦੁਪਹਿਰ 01.00 ਵਜੇ ਤੱਕ।
6. ਠੀਕ ਪਾਏ ਗਏ ਉਮੀਦਵਾਰਾਂ ਦੀ ਸੂਚੀ ਜਾਰੀ ਕਰਨਾ ਮਿਤੀ 27.01.2026 ਨੂੰ 01.00 ਵਜੇ ਤੋਂ 1.30 ਵਜੇ ਦੁਪਹਿਰ ਤੱਕ।
7. ਵਾਪਸੀ ਕਾਗਜ਼ਾਤ ਨਾਮਜ਼ਦਗੀ ਮਿਤੀ 27.01.2026 ਨੂੰ 1.30 ਵਜੇ ਦੁਪਹਿਰ ਤੋਂ 2.00 ਵਜੇ ਤੱਕ।
8. ਬਿਨਾ ਮੁਕਾਬਲਾ ਜੇਤੂ ਉਮੀਦਵਾਰਾਂ ਦੀ ਸੂਚੀ ਲਾਉਣ ਦਾ ਸਮਾਂ ਮਿਤੀ 27.01.2026 ਨੂੰ 2.00 ਵਜੇ ਦੁਪਹਿਰ ਤੋਂ 2.30 ਵਜੇ ਤੱਕ।
9. ਵੋਟਾਂ ਹੋਣ ਦੀ ਸੂਰਤ ਵਿੱਚ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਅਲਾਟਮੈਂਟ ਮਿਤੀ 27.01.2026 ਨੂੰ 2.30 ਵਜੇ ਦੁਪਹਿਰ ਤੋਂ 3.30 ਵਜੇ ਦੁਪਹਿਰ ਤੱਕ।
10. ਵੋਟਾਂ ਪਾਉਣ ਦਾ ਸਮਾਂ ਮਿਤੀ 28.01.2026 ਨੂੰ ਸਵੇਰੇ 11.00 ਵਜੇ ਤੋਂ 3.00 ਦੁਪਹਿਰ ਵਜੇ ਤੱਕ।
11. ਗਿਣਤੀ ਵੋਟਾਂ ਮਿਤੀ 28.01.2026 ਨੂੰ 3.30 ਦੁਪਹਿਰ ਵਜੇ ਤੋਂ ਬਾਅਦ ਕੀਤੀ ਜਾਵੇ ਅਤੇ ਸਫਲ ਉਮੀਦਵਾਰਾਂ ਦਾ ਐਲਾਨ ਰਿਟਰਨਿੰਗ ਅਫਸਰ ਕਰ ਦੇਣਗੇ।
12. ਕੋਈ ਵੀ ਮੈਂਬਰ ਜੇ ਕਰਜ਼ੇ ਜਾਂ ਹਿੱਸੇ ਦਾ ਡਿਫਾਲਟਰ ਹੋਵੇਗਾ, ਉਸਨੂੰ ਵੋਟ ਪਾਉਣ ਦਾ ਅਤੇ ਉਮੀਦਵਾਰ ਖੜੇ ਹੋਣ ਦਾ ਅਧਿਕਾਰ ਨਹੀਂ ਹੋਵੇਗਾ।
13. ਜਿਸ ਮੈਂਬਰ ਨੇ ਬਕਾਇਆ ਹਿੱਸੇ ਦੀ ਅਦਾਇਗੀ ਕਰਨੀ ਹੋਵੇ ਉਹ ਮਿਤੀ 25.01.2026 ਨੂੰ ਸ਼ਾਮ ਦੇ 5.00 ਵਜੇ ਤੱਕ ਸਭਾ ਦੇ ਸਕੱਤਰ ਨੂੰ ਦੇ ਸਕਦਾ ਹੈ। ਇਸ ਟਾਇਮ ਤੋਂ ਮਗਰੋਂ ਕੋਈ ਲੈਣ ਦੇਣ ਨਹੀਂ ਹੋਵੇਗਾ।
14. ਇਸ ਪ੍ਰੋਗਰਾਮ ਦੀਆਂ 4 (ਚਾਰ) ਪੜਤਾਂ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾ, ਜਲੰਧਰ-2 ਨੂੰ ਭੇਜੀਆ ਜਾਣ ਤਾਂ ਕਿ ਉਹ ਸਭਾ ਦੀ ਕਮੇਟੀ ਦੀ ਚੋਣ ਕਰਵਾਉਣ ਲਈ ਰਿਟਰਨਿੰਗ ਅਫਸਰ ਨਿਯੁਕਤ ਕਰ ਦੇਣ।
15. ਪ੍ਰਬੰਧਕ ਕਮੇਟੀ ਦੀ ਚੋਣ ਪੰਜਾਬ ਸਹਿਕਾਰੀ ਸਭਾਵਾਂ ਐਕਟ, ਰੂਲਜ਼, ਬਾਈਲਾਜ਼ ਅਤੇ ਰਜਿਸਟਰਾਰ ਸਾਹਿਬ ਵੱਲੋਂ ਚੋਣ ਸਬੰਧੀ ਸਮੇਂ ਸਮੇਂ ਸਿਰ ਜਾਰੀ ਹੋਈਆ ਹਦਾਇਤਾਂ ਅਨੁਸਾਰ ਹੋਵੇਗੀ।
16. ਆਮ ਅਜਲਾਸ ਵਿੱਚ ਹਾਜ਼ਰ ਹੋਣ ਲਈ ਇਤਲਾਹ ਸਭਾ ਦੇ ਦਾਇਰਾ ਕਾਰੋਬਾਰ ਵਿੱਚ ਮਨਿਆਦੀ ਕਰਵਾ ਕੇ ਅਤੇ ਮੁੱਖ ਥਾਵਾਂ ਤੇ ਇਸ਼ਤਿਹਾਰ ਲਾਕੇ ਦਿੱਤੀ ਜਾਵੇਗੀ।
17. ਪ੍ਰਬੰਧਕ ਕਮੇਟੀ ਦੀ ਮਿਆਦ 16.09.2024 ਨੂੰ ਖਤਮ ਹੋ ਚੁੱਕੀ ਹੈ।

ਸ੍ਰੀ ਰੋਹਿਤ ਕੁਮਾਰ ਰਤਨ ਚੋਣ ਮੈਨੇਜਰ
ਦਸਖਤ ਅੰਗ੍ਰੇਜੀ

ਤਸਦੀਕ ਕੀਤਾ ਜਾਂਦਾ ਹੈ ਕਿ ਨਕਲ ਰੈਜ਼ੂਲੇਸ਼ਨ ਮੁਤਾਬਿਕ ਅਸਲ ਹੈ ਅਤੇ ਜਿਸ ਕਿਤਾਬ ਕਾਰਵਾਈ ਦੀ ਇਹ ਨਕਲ ਹੈ ਉਹ ਕਿਤਾਬ ਕਾਰਵਾਈ ਸਭਾ ਦੇ ਰਿਕਾਰਡ ਵਿੱਚ ਮੌਜੂਦ ਹੈ।

ਸਹਾਇਕ ਰਜਿਸਟਰਾਰ
ਸਹਿਕਾਰੀ ਸਭਾਵਾਂ
ਜਲੰਧਰ-2

# ਨਵਾਂ ਜ਼ਮਾਨਾ ਐਤਵਾਰਤਾ

ਸਾਨੂੰ ਤੇਰਾ ਗਮ ਭੁਲਾਉਣਾ ਆਉਂਦਾ ਹੈ
ਕਸੀਏ ਦੇ ਵਿੱਚ ਦਸਤਾ ਪਾਉਣਾ ਆਉਂਦਾ ਹੈ
ਅਸੀਂ ਤਾਂ ਵਗਦੀ ਵਾ 'ਚੋਂ ਮਹਿਕਾਂ ਲੱਭ ਲਈਏ
ਸਾਨੂੰ ਕੱਲਰਾਂ ਨੂੰ ਵੀ ਵਾਹੁਣਾ ਆਉਂਦਾ ਹੈ।

- ਗੁਰਸੇਵਕ ਲੰਬੀ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 11 ਜਨਵਰੀ 2026 | www.nawanzamana.in | ਕੀਮਤ 5.00 ਰੁਪਏ




ਗਿਆਨਪੀਠ ਗੁਰਦਿਆਲ ਸਿੰਘ
(ਆਖਰੀ ਸਫੇ 'ਤੇ)

# ਦੱਖਣ ਦਾ ਗੁਰੂ ਪਿਆਰਾ : ਸੁਬਰਾਮਣੀਆ ਭਾਰਤੀ

ਡਾ. ਸੁਖਦੇਵ ਸਿੰਘ ਸਿਰਸਾ

ਉਹ ਬਨਾਰਸ 'ਚ ਹਿੰਦੀ, ਸੰਸਕ੍ਰਿਤ ਸਿੱਖਣ ਅਤੇ ਵੇਦਾਂਤ ਪੜ੍ਹਨ ਆਇਆ ਸੀ। ਉੱਥੇ ਇੱਕ ਸਿੱਖ ਵਿਦਿਆਰਥੀ ਨਾਲ ਮੇਲ ਹੋਇਆ, ਦੋਸਤੀ ਗੂੜ੍ਹੀ ਹੋ ਗਈ। ਗੁਰਮਤਿ ਵਿਚਾਰਧਾਰਾ, ਜੀਵਨ-ਜਾਚ ਅਤੇ ਸਿੱਖ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਸੁਣ ਕੇ ਸਿੱਖੀ ਨੂੰ ਸਮਝਣ ਦੀ ਜਗਿਆਸਾ ਤੀਬਰ ਹੋਈ। ਬੀਰ-ਕਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਚਰਿੱਤਰ ਅਤੇ ਲਾਸਾਨੀ ਕੁਰਬਾਨੀ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਪਗੜੀ ਬੰਨ੍ਹਣੀ ਸ਼ੁਰੂ ਕਰ ਦਿੱਤੀ। ਸਾਰੀ ਉਮਰ ਪਗੜੀ ਬੰਨ੍ਹੀ ਹੀ ਨਹੀਂ, ਉਸ ਨੇ ਸਿੱਖੀ ਦੀ ਨਾਬਰੀ ਵਾਲੀ ਰੀਤ ਅਤੇ ਲੋਕ-ਮੁਖੀ ਪਰੰਪਰਾ ਦੀ ਲਾਜ ਵੀ ਰੱਖੀ; ਬਸਤੀਵਾਦੀ ਬਰਤਾਨਵੀ ਸਰਕਾਰ ਦੇ ਜ਼ੁਲਮ ਅੱਗੇ ਡਟ ਕੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕੀਰਤੀ ਬਾਰੇ ਉਸ ਨੇ ਲੰਬੀ ਤੇ ਭਾਵ-ਪੂਰਤ ਕਵਿਤਾ ਆਪਣੀ ਮਾਂ-ਬੋਲੀ ਤਮਿਲ ਵਿੱਚ ਲਿਖੀ ਹੈ; ਇਸੇ ਕਰਕੇ ਪੰਜਾਬੀ ਲੇਖਕ ਤੇ ਚਿੰਤਕ ਸੁਬਰਾਮਣੀਆ ਭਾਰਤੀ ਨੂੰ ਬੜੀ ਅਕੀਦਤ ਨਾਲ ਯਾਦ ਕਰਦੇ ਹਨ। ਭਾਰਤੀਆਰ, ਸੁੱਬਈਆ, ਭਾਰਤੀ, ਸ਼ਕਤੀ ਦਾਸਨ, ਸ਼ੈਲੀ ਦਾਸਨ, ਮਹਾਂਕਵੀ, ਵੀਰਾਕਵੀ ਅਤੇ ਮੁੰਡਾਸੂ ਕਵੀਗਨਾਰ ਆਦਿ ਕਲਮੀ ਨਾਵਾਂ ਨਾਲ ਜਾਣਿਆ ਜਾਂਦਾ ਸੁਬਰਾਮਣੀਆ ਭਾਰਤੀ ਤਮਿਲ ਭਾਸ਼ਾ ਦਾ ਕਵੀ, ਗਲਪਕਾਰ, ਨਾਟਕਕਾਰ, ਵਾਰਤਕ ਲੇਖਕ, ਪੱਤਰਕਾਰ, ਅਨੁਵਾਦਕ, ਸੁਤੰਤਰਤਾ ਸੰਗਰਾਮੀਆ ਅਤੇ ਕ੍ਰਾਂਤੀਕਾਰੀ ਮਿਜ਼ਾਜ ਵਾਲਾ ਸਮਾਜ ਸੁਧਾਰਕ ਸੀ।

ਸੁਬਰਾਮਣੀਆ ਭਾਰਤੀ ਦਾ ਜਨਮ ਪਿਤਾ ਚਿਨਾਸਵਾਮੀ ਅੱਯਰ ਤੇ ਮਾਤਾ ਲਕਸ਼ਮੀ ਅੰਮਾਲ ਦੇ ਘਰ 11 ਦਸੰਬਰ 1882 ਨੂੰ ਮਦਰਾਸ ਪ੍ਰੈਜ਼ੀਡੈਂਸੀ ਦੇ ਪਿੰਡ 'ਇੱਟਾਯਾਪੁਰਮ' (Ettayapuram) ਜ਼ਿਲ੍ਹਾ ਤਿਰੂਨੇਲਵੈਲੀ 'ਚ ਹੋਇਆ। ਪਿਤਾ ਚਿਨਾਸਵਾਮੀ ਸਨਾਤਨੀ ਬ੍ਰਾਹਮਣ ਪਰਵਾਰ ਵਿੱਚੋਂ ਸੀ, ਉਸ ਦਾ ਜੱਦੀ ਪਿੰਡ ਤਾਂ ਸਿਵਾਲਪੇਰੀ ਸੀ, ਪਰ ਉਸ ਨੇ 1880 'ਚ ਇੱਟਾਯਾਪੁਰਮ 'ਚ ਕੱਪੜਾ ਮਿੱਲ ਲਗਾਈ ਸੀ। ਸੁਬਰਾਮਣੀਆ ਭਾਰਤੀ ਉਸ ਦਾ ਪਲੇਠਾ ਪੁੱਤਰ ਸੀ, ਉਸ ਦਾ ਛੋਟਾ ਘਰੇਲੂ ਨਾਂਅ 'ਸੁੱਬਈਆ' ਸੀ। ਪੰਜ ਸਾਲ ਦੀ ਉਮਰ 'ਚ ਸੁੱਬਈਆ ਦੀ ਮਾਂ ਦਾ ਦੇਹਾਂਤ ਹੋ ਗਿਆ, ਪਿਤਾ ਨੇ ਦੂਜਾ ਵਿਆਹ ਕਰਵਾ ਲਿਆ। ਪਿਤਾ ਆਪਣੇ ਪੁੱਤਰ ਸੁੱਬਈਆ ਨੂੰ ਅੰਗਰੇਜ਼ੀ ਤੇ ਹਿਸਾਬ ਦਾ ਮਾਹਿਰ ਅਤੇ ਇੰਜੀਨੀਅਰ ਬਣਾਉਣਾ ਚਾਹੁੰਦਾ ਸੀ, ਪਰ ਉਹ ਦਸਵੀਂ ਜਮਾਤ ਦਾ ਇਮਤਿਹਾਨ ਦੇਣ ਲਈ ਯੋਗਤਾ ਨਾ ਪੂਰੀ ਕਰ ਸਕਿਆ। ਉਸ ਨੇ ਹਿੰਦੂ ਕਾਲਜ ਤਿਰੂਨੇਲਵੈਲੀ 'ਚ ਪੜ੍ਹਾਈ ਜਾਰੀ ਰੱਖੀ। ਜਦੋਂ ਉਹ ਅਜੇ 16 ਵਰ੍ਹਿਆਂ ਦਾ ਸੀ, ਉਦੋਂ ਪਿਤਾ ਦੀ ਮੌਤ ਹੋ ਗਈ। ਉਸ ਦੀ ਸ਼ਾਦੀ 15 ਸਾਲ ਦੀ ਉਮਰ 'ਚ 1897 ਈ. 'ਚ ਚੇਲਅੰਮਾ ਨਾਲ ਕਰ ਦਿੱਤੀ ਸੀ, ਜਦੋਂ ਉਹ ਮਸਾਂ 7 ਸਾਲ ਦੀ ਬਾਲੜੀ ਸੀ। ਪਿਤਾ ਦੀ ਸਿਫ਼ਾਰਸ਼ ਨਾਲ ਉਸ ਨੇ ਕੁਝ ਸਮਾਂ ਸਥਾਨਕ ਰਾਜੇ (ਸਾਮੰਤ) ਦੇ ਦਰਬਾਰ 'ਚ 'ਜ਼ਾਮਿਨ' ਦੀ ਨੌਕਰੀ ਕੀਤੀ ਸੀ। ਭਾਵੇਂ ਸਕੂਲੀ ਪੜ੍ਹਾਈ 'ਚ ਉਸ ਦਾ ਮਨ ਨਹੀਂ ਸੀ ਲੱਗਦਾ, ਪਰ ਉਹ ਪ੍ਰਤਿਭਾਸ਼ਾਲੀ ਤੇ ਤੇਜ਼-ਤਰਾਰ ਬੁੱਧੀ ਦਾ ਮਾਲਕ ਸੀ। ਉਸ ਦੇ ਇੱਕ ਦਲੀਲ ਭਰਪੂਰ ਅਤੇ ਵਿਅੰਗਾਤਮਕ ਭਾਸ਼ਣ ਨੂੰ ਸੁਣ ਕੇ ਉਸ ਦੇ ਇਲਾਕੇ ਦੇ ਵਿਦਵਾਨ ਪੰਡਿਤਾਂ ਨੇ ਉਸ ਨੂੰ 'ਭਾਰਤੀ' ਦਾ ਲਕਬ ਦਿੱਤਾ ਸੀ। ਭਾਰਤੀ ਕਲਾ ਦੀ ਦੇਵੀ ਸਰਸਵਤੀ ਦਾ ਇੱਕ ਨਾਂਅ ਵੀ ਹੈ। ਪਿਤਾ ਦੀ ਮੌਤ ਬਾਅਦ 1898 ਈ. 'ਚ ਉਹ ਆਪਣੀ ਭੂਆ ਕੁੰਜੱਮਾਲ ਅਤੇ ਫੁੱਫੜ ਕ੍ਰਿਸਨ ਸ਼ਿਵਨ ਕੋਲ ਵਾਰਾਨਸੀ (ਬਨਾਰਸ) ਚਲਾ ਗਿਆ, ਜਿੱਥੇ ਉਹ ਦੋ ਸਾਲ ਰਿਹਾ। ਬਨਾਰਸ 'ਚ ਕਿਆਮ ਸਮੇਂ ਉਸ ਦੀ ਸ਼ਖ਼ਸੀਅਤ ਅਤੇ ਵਿਚਾਰਾਂ ਵਿੱਚ ਤਿੱਖੀ ਤਬਦੀਲੀ ਆਈ। ਹਿੰਦੀ, ਸੰਸਕ੍ਰਿਤ ਅਤੇ ਅੰਗਰੇਜ਼ੀ ਭਾਸ਼ਾਵਾਂ 'ਚ ਮੁਹਾਰਤ ਨੇ ਉਸ ਦੇ ਸਾਹਮਣੇ ਪੂਰਬ ਤੇ ਪੱਛਮ (ਭਾਰਤ ਅਤੇ ਯੂਰਪ) ਦੇ ਦਰਸ਼ਨ ਅਤੇ ਸਾਹਿਤ ਦੇ ਅਧਿਐਨ ਲਈ ਖਿੜਕੀਆਂ ਖੋਲ੍ਹ ਦਿੱਤੀਆਂ। ਅੰਗਰੇਜ਼ੀ ਭਾਸ਼ਾ ਦੇ ਰੁਮਾਂਟਿਕ ਕਵੀਆਂ ਅਤੇ ਕਵੀ ਪੀ.ਬੀ. ਸ਼ੈਲੇ ਦੀ ਗੂੜ੍ਹ ਰਹੱਸਵਾਦੀ ਕਵਿਤਾ ਤੋਂ ਉਹ ਏਨਾ ਪ੍ਰਭਾਵਿਤ ਹੋਇਆ ਕਿ ਉਸ ਨੇ 'ਸ਼ੈਲੀ ਗਿਲਡ' ਦੀ ਸਥਾਪਨਾ ਕੀਤੀ ਅਤੇ ਨਵੇਂ ਕਲਮੀ ਨਾਂਅ 'ਸ਼ੈਲੀ ਦਾਸਨ' ਤਖ਼ੱਲਸ ਹੇਠ ਕਵਿਤਾ ਦੀ ਰਚਨਾ ਕੀਤੀ। ਉਸ ਨੇ ਤਮਿਲ ਕਵਿਤਾ ਦੀ ਪੁਰਾਣੀ ਤੇ ਪਰੰਪਰਾਗਤ ਰੀਤੀ ਨੂੰ ਤਿਆਗ ਕੇ ਨਵੀਂ ਆਧੁਨਿਕ ਰੰਗ ਦੀ ਕਵਿਤਾ ਲਿਖਣੀ ਸ਼ੁਰੂ ਕੀਤੀ। ਬਨਾਰਸ 'ਚ ਪੜ੍ਹਦਿਆਂ ਬਹੁ-ਭਾਸ਼ਾਈ ਗਿਆਨ ਨਾਲ ਉਸ ਦੇ ਅਨੁਭਵ ਅਤੇ ਵਿਚਾਰਾਂ ਦਾ ਘੇਰਾ ਵਿਸ਼ਾਲ ਹੋਇਆ। ਉਹ ਰਾਸ਼ਟਰਵਾਦੀ ਲਹਿਰ, ਹਿੰਦੂ ਅਧਿਆਤਮਵਾਦ ਅਤੇ ਸਿੱਖ ਸਿਧਾਂਤਾਂ ਤੇ ਜੀਵਨ-ਜਾਚ ਤੋਂ ਪ੍ਰਭਾਵਿਤ ਹੋਇਆ। ਬਨਾਰਸ ਵਿੱਚ ਹੀ ਉਸ ਦਾ ਮੇਲ ਐਨੀਬੇਸੈਂਟ ਵਰਗੇ ਰਾਸ਼ਟਰਵਾਦੀ ਚਿੰਤਕਾਂ ਨਾਲ ਹੋਇਆ ਅਤੇ ਉਸ ਨੇ ਰਾਸ਼ਟਰਵਾਦੀ ਭਾਵਨਾ ਤੇ ਇਨਕਲਾਬੀ ਰੰਗ ਦੀ ਕਵਿਤਾ ਲਿਖਣ ਵੱਲ ਮੋੜਾ ਕੱਟਿਆ। ਉਸ ਨੇ ਅਲਾਹਾਬਾਦ ਯੂਨੀਵਰਸਿਟੀ ਵਿੱਚ ਦਾਖ਼ਲੇ ਦੀ ਪ੍ਰੀਖਿਆ ਚੰਗੇ ਨੰਬਰਾਂ ਨਾਲ ਪਾਸ ਕਰ ਲਈ, ਪਰ ਆਰਥਿਕ ਤੰਗੀ ਕਰਕੇ ਉਹ 1901 ਈ. ਵਿੱਚ ਇੱਟਾਯਪੁਰਮ ਵਾਪਸ ਆ ਗਿਆ ਅਤੇ ਮੁੜ ਸਥਾਨਕ ਸਾਮੰਤ ਦੇ ਦਰਬਾਰ ਵਿੱਚ ਮੁਲਾਜ਼ਮ ਹੋ ਗਿਆ। ਇਸ ਅੱਯਾਸ਼ ਸਾਮੰਤ ਨੇ ਉਸ ਨੂੰ ਅਫ਼ੀਮ ਖਾਣ ਦੀ ਲਤ ਲਗਾ ਦਿੱਤੀ ਸੀ, ਸੰਵੇਦਨਸ਼ੀਲ ਕਵੀ ਤੇ ਸਮਾਜ ਸੁਧਾਰਕ ਹੋਣ ਕਰਕੇ ਭਾਰਤੀ ਉਸ ਅੱਖੜ ਸਾਮੰਤ ਕੋਲ ਜ਼ਿਆਦਾ ਸਮਾਂ ਨਾ ਟਿਕ ਸਕਿਆ। ਉਸ ਨੇ ਕੁਝ ਸਮਾਂ ਮਧੂਰਾਈ ਅਤੇ ਸੇਤੂਪਤੀ ਹਾਈ ਸਕੂਲ, ਮਦਰਾਸ ਵਿੱਚ ਤਮਿਲ ਪੰਡਿਤ (ਅਧਿਆਪਕ) ਵਜੋਂ ਨੌਕਰੀ ਕੀਤੀ। ਇਸੇ ਸਮੇਂ ਉਸ ਦਾ ਮੇਲ ਤਮਿਲ ਦੇ ਰੋਜ਼ਾਨਾ ਅਖ਼ਬਾਰ 'ਸਵਦੇਸ਼ ਮਿਤਰਨ' (ਸਵਦੇਸ਼ ਮਿੱਤਰਾਂ) ਦੇ ਸੰਪਾਦਕ ਜੀ. ਸੁਬਰਾਮਣੀਆ ਅੱਯਰ ਨਾਲ ਹੋਇਆ।


ਸੁਬਰਾਮਣੀਆ ਭਾਰਤੀ ਦੀ ਰਾਜਸੀ ਸਰਗਰਮੀ ਅਤੇ ਪੱਤਰਕਾਰੀ ਦਾ ਆਗਾਜ਼ 1904 ਈ. 'ਚ ਹੁੰਦਾ ਹੈ, ਜਦੋਂ ਉਸ ਨੂੰ ਜੀ. ਸੁਬਰਾਮਣੀਆ ਅੱਯਰ ਦੇ ਰੋਜ਼ਾਨਾ ਤਮਿਲ ਅਖ਼ਬਾਰ 'ਸਵਦੇਸ਼ ਮਿਤਰਨ' ਵਿੱਚ ਸਹਾਇਕ ਸੰਪਾਦਕ ਵਜੋਂ ਕੰਮ ਕਰਨ ਦਾ ਸੱਦਾ ਮਿਲਿਆ। ਉਸ ਦੇ ਜ਼ਿੰਮੇ ਵਿਵੇਕਾਨੰਦ, ਅਰਬਿੰਦੋ ਘੋਸ਼ ਅਤੇ ਬਾਲ ਗੰਗਾਧਰ ਤਿਲਕ ਵਰਗੇ ਸਮਾਜ ਸੁਧਾਰਕ ਚਿੰਤਕਾਂ ਅਤੇ ਦੇਸ਼ ਭਗਤਾਂ ਦੀਆਂ ਤਕਰੀਰਾਂ ਅਤੇ ਲੇਖਾਂ ਨੂੰ ਤਮਿਲ ਵਿੱਚ ਅਨੁਵਾਦ ਕਰਨਾ ਸੀ। ਇੱਥੇ ਉਸ ਨੂੰ ਰਾਜਨੀਤਕ ਵਿਚਾਰਾਂ ਦੀ ਜਾਗ ਲੱਗੀ। 1905 ਈ. ਵਿੱਚ ਬੰਗਾਲ ਦੀ ਵੰਡ ਤੋਂ ਉਪਜੇ ਵਿਆਪਕ ਰੋਹ ਨੇ ਭਾਰਤ ਦੇ ਰਾਜਸੀ ਮੰਜ਼ਰ ਵਿੱਚ ਵਿਸਫ਼ੋਟ ਵਰਗੇ ਹਾਲਾਤ ਪੈਦਾ ਕੀਤੇ। ਭਾਰਤੀ ਰਾਸ਼ਟਰੀ ਕਾਂਗਰਸ ਵਿੱਚ ਗਰਮ ਦਲ ਦੇ ਵਿਚਾਰਾਂ ਵਾਲੇ ਮੈਂਬਰ ਭਾਰੂ ਹੋਣ ਲੱਗ ਪਏ ਸਨ। ਦਸੰਬਰ 1905 ਵਿੱਚ ਸੁਬਰਾਮਣੀਆ ਭਾਰਤੀ ਨੇ ਆਪਣੇ ਕੁਝ ਸਾਥੀਆਂ ਸਮੇਤ ਕੁੱਲ ਹਿੰਦ ਕਾਂਗਰਸ ਦੇ ਬਨਾਰਸ ਸੰਮੇਲਨ ਵਿੱਚ ਸ਼ਿਰਕਤ ਕੀਤੀ। ਵਾਪਸੀ ਸਮੇਂ ਉਹ ਸਵਾਮੀ ਵਿਵੇਕਾਨੰਦ ਦੀ ਜਾਨਸ਼ੀਨ ਸਿਸਟਰ ਨਿਵੇਦਤਾ ਨੂੰ ਮਿਲਿਆ। ਉਹ ਉਸ ਦੀ ਸ਼ਖ਼ਸੀਅਤ ਅਤੇ ਵਿਚਾਰਾਂ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਸਿਸਟਰ ਨਿਵੇਦਤਾ ਨੂੰ ਆਪਣਾ ਰੂਹਾਨੀ ਗੁਰੂ ਸਵੀਕਾਰ ਕਰ ਲਿਆ। ਉਸ ਨੇ ਸਿਸਟਰ ਨਿਵੇਦਤਾ ਨੂੰ ਨਾਰੀ-ਮੁਕਤੀ, ਮਾਂ-ਸ਼ਕਤੀ ਅਤੇ 'ਮਹਾਂ-ਸ਼ਕਤੀ' ਦੇ ਰੂਪ ਵਿੱਚ ਚਿਤਵਿਆ। ਉਸ ਨੇ ਬਾਅਦ ਵਿੱਚ ਆਪਣੇ ਦੋ ਕਾਵਿ-ਸੰਗ੍ਰਹਿ-'ਸਵਦੇਸ਼ ਗੀਤਾਂਜਲ' ਅਤੇ 'ਜਨਮ ਭੂਮੀ' ਉਸ ਨੂੰ ਸਮਰਪਿਤ ਕੀਤੇ।

ਭਾਰਤੀ ਨੇ 1906 ਈ. 'ਚ ਦਾਦਾ ਭਾਈ ਨਾਰੋਜੀ ਦੀ ਅਗਵਾਈ ਵਿੱਚ ਹੋ ਰਹੇ ਕੁੱਲ ਹਿੰਦ ਕਾਂਗਰਸ ਦੇ ਕਲਕੱਤਾ ਸੰਮੇਲਨ ਵਿੱਚ ਭਾਗ ਲਿਆ, ਜਿਸ ਵਿੱਚ ਸਵਰਾਜ ਦੀ ਮੰਗ ਕੀਤੀ ਗਈ ਅਤੇ ਅੰਗਰੇਜ਼ੀ ਮਾਲ ਦੇ ਬਾਈਕਾਟ ਦਾ ਨਾਹਰਾ ਦਿੱਤਾ ਗਿਆ ਸੀ। 1906 ਈ. 'ਚ ਮੰਦਿਅਮ ਭਰਾਵਾਂ-ਤਿਰਾਮਲਾ ਚੇਰੀਆਰ ਅਤੇ ਸ੍ਰੀਨਿਵਾਸਾ ਚੇਰੀਆਰ ਦੀ ਮਾਲਕੀ ਵਾਲਾ ਤਮਿਲ ਸਪਤਾਹਿਕ ਅਖ਼ਬਾਰ 'ਇੰਡੀਆ' ਨਿਕਲਣਾ ਸ਼ੁਰੂ ਹੋਇਆ। ਇਹ ਕਾਂਗਰਸ ਦੇ ਗਰਮ-ਦਲ ਦੇ ਵਿਚਾਰਾਂ ਦੀ ਹੀ ਪੁਸ਼ਟੀ ਕਰਦਾ ਸੀ। ਇਸ ਦਾ ਮੁੱਖ ਸੰਪਾਦਕ ਸੁਬਰਾਮਣੀਆ ਭਾਰਤੀ ਸੀ, ਪਰ ਸੰਪਾਦਕ ਵਜੋਂ ਨਾਂਅ ਸ੍ਰੀਨਿਵਾਸ ਆਇੰਗਾਰ ਦਾ ਛਪਦਾ ਸੀ। ਭਾਰਤੀ ਅਤੇ ਉਸ ਦੇ ਸਾਥੀ ਮੰਦਿਅਮ ਭਰਾ ਕਾਂਗਰਸ ਦੇ ਗਰਮ-ਖ਼ਿਆਲੀ ਨੇਤਾਵਾਂ ਬਾਲਗੰਗਾਧਰ ਤਿਲਕ, ਬਿਪਨਚੰਦਰ ਪਾਲ, ਲਾਲਾ ਲਾਜਪਤ ਰਾਇ ਅਤੇ ਸ੍ਰੀ ਅਰਬਿੰਦੋ ਘੋਸ਼ ਦੇ ਵਿਚਾਰਾਂ ਦੇ ਹਾਮੀ ਸਨ। ਇਸੇ ਸਮੇਂ ਸੁਬਰਾਮਣੀਆ ਭਾਰਤੀ ਤਮਿਲ ਭਾਸ਼ਾ ਦੇ ਮਾਸਿਕ ਰਸਾਲੇ 'ਚੱਕਰਵਰਥਿਨੀ' ਅਤੇ ਅੰਗਰੇਜ਼ੀ ਸਪਤਾਹਿਕ 'ਬਾਲ ਭਾਰਤਮ' ਦੇ ਸੰਪਾਦਕ ਦੀਆਂ ਸੇਵਾਵਾਂ ਵੀ ਨਿਭਾਅ ਰਿਹਾ ਸੀ। ਭਾਰਤੀ ਅਤੇ ਉਸ ਦੇ ਸਾਥੀਆਂ ਸ੍ਰੀ ਨਿਵੇਸਾਚਾਰੀਆ, ਵੀ.ਓ. ਚਿਦੰਬਰਮ ਪਿੱਲੈ ਆਦਿ ਨੇ 1907 'ਚ ਕਾਂਗਰਸ ਦੇ ਇਤਿਹਾਸਕ ਸੂਰਤ ਸੈਸ਼ਨ ਵਿੱਚ ਹਿੱਸਾ ਲਿਆ, ਜਿਸ ਵਿੱਚ ਕਾਂਗਰਸ ਦੇ ਗਰਮ-ਖ਼ਿਆਲੀ ਨੇਤਾਵਾਂ ਨੇ ਬਰਤਾਨਵੀ ਬਸਤੀਵਾਦੀ ਸਰਕਾਰ ਖ਼ਿਲਾਫ਼ ਹਥਿਆਰਬੰਦ ਬਗ਼ਾਵਤ ਦੀ ਵਕਾਲਤ ਕੀਤੀ ਸੀ। ਕਾਂਗਰਸ ਦੇ ਸੂਰਤ ਸੰਮੇਲਨ ਵਿੱਚ ਬਾਲ, ਲਾਲ, ਪਾਲ ਦੇ ਗਰਮ-ਖ਼ਿਆਲੀ ਧੜੇ ਦੇ ਕਾਂਗਰਸ ਦੇ ਨਰਮ-ਖ਼ਿਆਲੀ ਨੇਤਾਵਾਂ ਨਾਲ ਵਿਚਾਰਧਾਰਕ ਮੱਤਭੇਦ ਉੱਭਰ ਕੇ ਸਾਹਮਣੇ ਆਏ ਸਨ। ਭਾਰਤੀ, ਵੀ.ਓ. ਚਿਦੰਬਰਮ ਪਿੱਲੈ ਅਤੇ ਕਾਂਚੀ ਵਰਥਾਚੇਰੀਆਰ ਆਦਿ ਨੇ ਤਿਲਕ ਤੇ ਉਸ ਦੇ ਸਾਥੀਆਂ ਦੇ ਵਿਚਾਰਾਂ ਦਾ ਸਮਰਥਨ ਕੀਤਾ ਸੀ।

ਵੀਹਵੀਂ ਸਦੀ ਦਾ ਪਹਿਲਾ ਦਹਾਕਾ ਭਾਰਤੀ ਸੁਤੰਤਰਤਾ ਸੰਗਰਾਮ ਵਿੱਚ ਤਿੱਖੇ ਸੰਘਰਸ਼ਾਂ ਦਾ ਦੌਰ ਸੀ। ਪੰਜਾਬ ਵਿੱਚ ਲਾਲਾ ਲਾਜਪਤ ਰਾਏ, ਸ. ਅਜੀਤ ਸਿੰਘ ਅਤੇ ਸੂਫ਼ੀ ਅੰਬਾ ਪ੍ਰਸਾਦਿ ਦੀ ਅਗਵਾਈ 'ਚ ਬਾਰ ਦੇ ਕਿਸਾਨ ਬਰਤਾਨਵੀ ਸਰਕਾਰ ਵਿਰੁੱਧ ਲਾਮਬੰਦ ਹੋ ਗਏ ਸਨ। ਮਹਾਂਰਾਸ਼ਟਰ ਵਿੱਚ ਬਾਲਗੰਗਾਧਰ ਤਿਲਕ ਤੇ ਸਾਥੀਆਂ ਦੀ ਅਗਵਾਈ ਵਿੱਚ ਗਣੇਸ਼ ਅਤੇ ਸ਼ਿਵਾ ਜੀ ਉਤਸਵ ਮਨਾਉਣ ਨਾਲ ਰਾਸ਼ਟਰਵਾਦੀਆਂ ਦੇ ਮਨਾਂ 'ਚ ਅੰਗਰੇਜ਼ਾਂ ਵਿਰੁੱਧ ਰੋਸ ਵਧਿਆ ਸੀ। ਬੰਗਾਲ ਵਿੱਚ ਅਲੀਪੁਰ ਬੰਬ ਕੇਸ (ਜਾਂ ਮੁਰਾਰੀਪੁਕੁਰ ਕਨਸੀਪੀਰੇਸੀ ਕੇਸ) ਮੁਕੱਦਮੇ 'ਚ ਅਰਬਿੰਦੋ ਘੋਸ਼ ਦੀ ਗ੍ਰਿਫ਼ਤਾਰੀ ਤੋਂ ਬਾਅਦ ਬੰਗਾਲੀ ਆਵਾਮ ਬਰਤਾਨਵੀ ਹੁਕਮਰਾਨਾਂ ਵਿਰੁੱਧ ਉੱਠ ਖੜ੍ਹਾ ਹੋਇਆ ਸੀ। ਦੱਖਣੀ ਭਾਰਤ ਵਿੱਚ ਮਦਰਾਸ ਪ੍ਰੈਜ਼ੀਡੈਂਸੀ ਦੇ ਤਿਰੂਨੇਲਵੈਲੀ ਜ਼ਿਲ੍ਹੇ 'ਚ ਤਮਿਲ ਵਿਦਵਾਨ, ਸੁਤੰਤਰਤਾ ਸੈਨਾਨੀ ਅਤੇ ਵਕੀਲ ਵੀ.ਓ. ਚਿਦੰਬਰਮ ਪਿੱਲੈ ਨੇ 1906 ਈ. ਵਿੱਚ ਈਸਟ ਇੰਡੀਆ ਕੰਪਨੀ ਦੇ ਵਪਾਰਕ ਹਿੱਤਾਂ 'ਤੇ ਸੱਟ ਮਾਰਨ ਲਈ 'ਸਵਦੇਸ਼ੀ ਸਟੀਮ ਨੇਵੀਗੇਸ਼ਨ ਕੰਪਨੀ' ਬਣਾ ਲਈ ਸੀ। ਬਰਤਾਨਵੀ ਸਰਕਾਰ ਨੇ 1908 ਈ. ਵਿੱਚ ਉਸ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਸੀ। 'ਸਵਦੇਸ਼ ਮਿਤਰਨ' ਦੇ ਸੰਪਾਦਕ ਤੇ ਨਰਮ-ਦਲੀਏ ਆਗੂ ਜੀ. ਸੁਬਰਾਮਣੀਆ ਅੱਯਰ ਨੂੰ ਇੰਡੀਆ ਪ੍ਰੈੱਸ ਐਕਟ ਕਾਨੂੰਨ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ। ਇਸੇ ਤਰ੍ਹਾਂ 'ਇੰਡੀਆ' (ਤਮਿਲ ਸਪਤਾਹਿਕ) ਦੇ ਸੰਪਾਦਕ ਸ੍ਰੀਨਿਵਾਸ ਆਇੰਗਰ ਨੂੰ ਨਜ਼ਰਬੰਦ ਕਰ ਦਿੱਤਾ। ਕਲਕੱਤੇ ਤੋਂ ਛਪਣ ਵਾਲੇ ਜੁਝਾਰੂ ਸੁਰ ਵਾਲੇ ਅਖ਼ਬਾਰ 'ਬੰਦੇ ਮਾਤਰਮ' ਨੂੰ ਸਰਕਾਰੀ ਸੈਂਸਰਸ਼ਿਪ ਰਾਹੀਂ ਸ਼ਿਕੰਜੇ ਵਿੱਚ ਲੈ ਲਿਆ ਸੀ। ਲਾਲਾ ਲਾਜਪਤ ਰਾਏ, ਸ. ਅਜੀਤ ਸਿੰਘ, ਸੂਫ਼ੀ ਅੰਬਾ ਪ੍ਰਸਾਦਿ ਅਤੇ ਬਾਲ ਗੰਗਾਧਰ ਤਿਲਕ ਆਦਿ ਨੂੰ ਦੇਸ਼-ਬਦਰ ਕਰ ਦਿੱਤਾ ਗਿਆ ਸੀ। ਜਦੋਂ ਸ੍ਰੀ ਅਰਬਿੰਦੋ ਘੋਸ਼, ਵੀ.ਓ. ਚਿਦੰਬਰਮ ਪਿੱਲੈ ਅਤੇ ਸੁਬਰਾਮਣੀਆ ਸਿਵਾ ਵਰਗੇ ਰਾਸ਼ਟਰਵਾਦੀਆਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਅਤੇ ਅਖ਼ਬਾਰਾਂ ਦੇ ਕਈ ਸੰਪਾਦਕਾਂ ਦੀ ਗ੍ਰਿਫ਼ਤਾਰੀ ਹੋਈ ਤਾਂ ਭਾਰਤੀ ਗ੍ਰਿਫ਼ਤਾਰੀ ਤੋਂ ਬਚਣ ਲਈ ਪਾਂਡੀਚਰੀ (ਪੁੱਡੂਚੇਰੀ) ਚਲਾ ਗਿਆ, ਜੋ ਫ਼ਰਾਂਸ ਦੀ ਕਾਲੋਨੀ ਸੀ। ਮੰਦਿਅਮ ਭਰਾ, ਸੁਬਰਾਮਣੀਆ ਸਿਵਾ, ਸ੍ਰੀ ਅਰਬਿੰਦੋ ਘੋਸ਼, ਵੀ.ਵੀ. ਸੁਬਰਾਮਣੀਆ ਅੱਯਰ ਆਦਿ ਸਾਰੇ ਰਾਸ਼ਟਰ-ਭਗਤ ਪਾਂਡੀਚਰੀ ਪੁੱਜ ਗਏ। ਮੰਦਿਅਮ ਭਰਾਵਾਂ ਨੇ ਆਪਣੀ ਪ੍ਰੈੱਸ ਚੋਰੀ-ਛਿਪੇ ਪਾਂਡੀਚਰੀ ਪਹੁੰਚਾ ਦਿੱਤੀ। ਸਪਤਾਹਿਕ ਇੰਡੀਆ ਪਾਂਡੀਚਰੀ ਤੋਂ ਮੁੜ ਛਪਣ ਲੱਗ ਪਿਆ। ਮੰਦਿਅਮ ਭਰਾਵਾਂ ਨੇ ਇੱਥੋਂ ਹੀ ਰੋਜ਼ਾਨਾ 'ਵਿਜੈਯ' ਛਾਪਣਾ ਸ਼ੁਰੂ ਕੀਤਾ ਤੇ ਭਾਰਤੀ ਨੂੰ ਸੰਪਾਦਕ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ। ਅੰਗਰੇਜ਼ੀ ਰਸਾਲਾ 'ਬਾਲਾ ਭਾਰਤਮ' ਵੀ ਮੁੜ ਸ਼ੁਰੂ ਕਰ ਲਿਆ ਗਿਆ। ਜਲਾਵਤਨ ਦੇਸ਼ ਭਗਤਾਂ ਨੇ ਇੱਥੋਂ ਹੀ ਮਾਸਿਕ ਤਮਿਲ 'ਕਰਮਯੋਗੀ' ਅਤੇ ਸਥਾਨਕ ਹਫ਼ਤਾਵਾਰ 'ਸੂਰਯੋਉਦਿਅਮ' ਛਾਪਣਾ ਸ਼ੁਰੂ ਕਰ ਦਿੱਤੇ। ਭਾਰਤੀ ਦੀ ਸੰਪਾਦਕੀ ਵਾਲੇ ਸਾਰੇ ਅਖ਼ਬਾਰ ਤੇ ਰਸਾਲੇ ਅੰਗਰੇਜ਼ ਸਰਕਾਰ ਨੇ ਭਾਰਤ ਵਿੱਚ ਬੈਨ ਕਰ ਦਿੱਤੇ। ਬਾਰਾਂ ਮਾਰਚ 1910 ਨੂੰ 'ਇੰਡੀਆ' ਬੰਦ ਹੋ ਗਿਆ ਅਤੇ ਕੁਝ ਕੁ ਮਹੀਨਿਆਂ 'ਚ ਬਾਕੀ ਅਖ਼ਬਾਰ, ਰਸਾਲੇ ਵੀ ਬਸਤੀਵਾਦੀ ਬਰਤਾਨਵੀ ਸਰਕਾਰ ਦੀ ਸਖ਼ਤੀ ਕਰਕੇ ਬੰਦ ਹੋ ਗਏ।

ਅਲੀਪੁਰ ਬੰਬ ਕੇਸ ਵਿੱਚ ਕੁਝ ਸਮਾਂ ਜੇਲ੍ਹ 'ਚ ਰਹਿਣ ਮਗਰੋਂ ਬਰੀ ਹੋ ਕੇ ਸ੍ਰੀ ਅਰਬਿੰਦੋ ਘੋਸ਼ ਪਾਂਡੀਚਰੀ ਪਹੁੰਚ ਗਿਆ ਸੀ। ਉਸ ਨੇ ਸਰਗਰਮ ਸਿਆਸਤ ਨੂੰ ਅਲਵਿਦਾ ਕਹਿ ਕੇ ਰੂਹਾਨੀਅਤ ਤੇ ਅਧਿਆਤਮ ਦੀ ਤਲਾਸ਼ ਵੱਲ ਰੁਖ਼ ਕਰ ਲਿਆ ਸੀ, ਪਰ ਬਰਤਾਨਵੀ ਸਰਕਾਰ ਅਜੇ ਵੀ ਉਸ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦੀ ਸੀ। ਭਾਵੇਂ ਉਸ ਦੇ ਆਸ਼ਰਮ ਵਿੱਚ ਯੋਗਾ ਅਤੇ ਭਾਰਤ ਦੇ ਅਧਿਆਤਮਕ ਸਾਹਿਤ ਉੱਪਰ ਹੀ ਚਰਚਾ ਹੁੰਦੀ ਸੀ, ਪਰ ਸਰਕਾਰ ਉਸ ਦੇ ਆਸ਼ਰਮ ਅਤੇ ਉਸ ਦੇ ਮਾਸਿਕ ਰਸਾਲੇ 'ਆਰੀਆ' ਨੂੰ ਬਾਗ਼ੀਆਂ ਦੀਆਂ ਸਰਗਰਮੀਆਂ ਨਾਲ ਹੀ ਜੋੜ ਕੇ ਦੇਖਦੀ ਸੀ। ਸ੍ਰੀ ਅਰਬਿੰਦੋ ਘੋਸ਼, ਵੀ.ਵੀ.ਐੱਸ. ਅੱਯਰ ਅਤੇ ਭਾਰਤੀ ਨੇ ਇਸੇ ਸਮੇਂ ਭਾਰਤੀ ਤੇ ਪੱਛਮੀ ਅਧਿਆਤਮਕ ਸਾਹਿਤ ਅਤੇ ਦਰਸ਼ਨ ਦਾ ਨਿੱਠ ਕੇ ਮੁਤਾਲਿਆ ਕੀਤਾ। ਸੁਬਰਾਮਣੀਆ ਭਾਰਤੀ ਦੇ ਨਜ਼ਰੀਏ ਵਿੱਚ ਆਈ ਤਬਦੀਲੀ ਦਾ ਪਤਾ ਉਸ ਦੀਆਂ ਇਸ ਦੌਰ ਦੀਆਂ ਲਿਖਤਾਂ, ਖ਼ਾਸ ਕਰਕੇ ਕਵਿਤਾ ਵਿੱਚੋਂ ਲੱਗਦਾ ਹੈ। ਇਸ ਸਮੇਂ ਉਸ ਨੇ ਵੈਦਿਕ ਰਿਚਾਵਾਂ, ਪਤੰਜਲੀ ਦੇ ਯੋਗ ਸੂਤਰ ਅਤੇ ਗੀਤਾ ਦਾ ਤਮਿਲ ਭਾਸ਼ਾ ਵਿੱਚ ਅਨੁਵਾਦ ਕੀਤਾ। ਉਸ ਦੀਆਂ ਪ੍ਰਸਿੱਧ ਕਥਾ-ਕਾਵਿਕ ਰਚਨਾਵਾਂ - 'ਕੰਨਨ ਪੱਟੂ' (ਕ੍ਰਿਸ਼ਨ ਭਗਤੀ ਕਾਵਿ) 'ਪੰਚਾਲੀ ਸ਼ਪਥਮ' ਅਤੇ 'ਕੋਇਲ ਪੱਟੂ' ਦਾ ਸੁਰ ਵੀ ਸ਼ਰਧਾ-ਮੂਲਕ ਤੇ ਭਗਤੀ ਭਾਵਨਾ ਵਾਲਾ ਹੈ। ਇਨ੍ਹਾਂ ਵਿੱਚ ਉਹ ਭਾਰਤੀ ਦਰਸ਼ਨ ਪਰੰਪਰਾਵਾਂ ਤੇ ਧਰਮ-ਸ਼ਾਸਤਰੀ ਚਿੰਤਨ ਨੂੰ ਆਤਮਸਾਤ ਕਰਦਾ ਨਜ਼ਰ ਆਉਂਦਾ ਹੈ।

ਖ਼ੁਦ ਸਹੇੜੀ ਜਲਾਵਤਨੀ ਸਮੇਂ ਪਾਂਡੀਚਰੀ ਰਹਿੰਦਿਆਂ ਸੁਬਰਾਮਣੀਆ ਭਾਰਤੀ ਨੂੰ ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਦੇ ਕ੍ਰਾਂਤੀਕਾਰੀ ਵਿੰਗ ਦੇ ਆਗੂਆਂ ਸ੍ਰੀ ਅਰਬਿੰਦੋ ਘੋਸ਼ ਅਤੇ ਵੀ.ਵੀ.ਐੱਸ ਅੱਯਰ (ਜਿਸ ਨੇ ਖ਼ੁਦ ਫ਼ਰੈਂਚ ਸਰਕਾਰ ਕੋਲ ਪਨਾਹ ਲਈ ਹੋਈ ਸੀ) ਆਦਿ ਨਾਲ ਮਿਲਣ ਦਾ ਇਤਫ਼ਾਕ ਹੋਇਆ। ਖ਼ੁਦ ਉੱਚ-ਜਾਤੀ ਬ੍ਰਾਹਮਣ ਪਰਵਾਰ 'ਚੋਂ ਹੋਣ ਦੇ ਬਾਵਜੂਦ ਭਾਰਤੀ ਰਕਤ-ਗੋਤਰ ਉੱਤੇ ਆਧਾਰਤ ਵਰਣ-ਜਾਤੀ ਪ੍ਰਥਾ ਦਾ ਘੋਰ ਵਿਰੋਧੀ ਸੀ। ਮਦਰਾਸ ਵਿੱਚ ਰਹਿੰਦਿਆਂ ਭਾਰਤੀ ਨੇ ਸੀ. ਰਘੂਨਾਥ ਰਾਉ ਦੇ ਰਸਾਲੇ 'ਰੈਡੀਕਲ ਸੋਸ਼ਲ ਰੀਫ਼ਾਰਮ' ਵਿੱਚ ਜਾਤੀ ਪ੍ਰਥਾ ਦੇ ਵਿਤਕਰਿਆਂ ਵਿਰੁੱਧ ਲੇਖ ਲਿਖੇ। ਸਮਾਜਿਕ ਦਰਜੇਬੰਦੀ ਤੇ ਜਾਤੀ ਬੰਧਨਾਂ ਨੂੰ ਤੋੜਨ ਲਈ ਉਹ ਪਾਂਡੀਚਰੀ 'ਚ ਨਿਵਾਸ ਦੌਰਾਨ ਆਪਣੀ ਘਰੇਲੂ ਨੌਕਰਾਣੀ ਦੇ ਘਰ ਜਾ ਕੇ ਉਸ ਦੇ ਹੱਥ ਦਾ ਬਣਿਆ ਭੋਜਨ ਖਾ ਲੈਂਦਾ ਸੀ। ਉਸ ਦੇ ਅਤਿ ਨੇੜਲੇ ਮਿੱਤਰਾਂ ਵਿੱਚੋਂ ਆਰ. ਕਨਕਾਲਿੰਗਮ ਅਤੇ ਵੇਨੂ ਨਾਇਕਰ ਨੀਵੀਆਂ ਜਾਤੀਆਂ ਵਿੱਚੋਂ ਸਨ। ਬ੍ਰਾਹਮਣ ਪੁਜਾਰੀਆਂ ਦੇ ਵਿਰੋਧ ਦੇ ਬਾਵਜੂਦ ਉਸ ਨੇ ਸ਼ੂਦਰ ਲੜਕੇ ਕਨਕਾਲਿੰਗਮ ਦਾ ਉਪਨਿਯ-ਸੰਸਕਾਰ ਆਪਣੇ ਹੱਥੀਂ ਕਰਵਾਇਆ ਸੀ ਅਤੇ ਉਸ ਨੂੰ ਜਨੇਊ ਪਹਿਨਾ ਕੇ ਬ੍ਰਾਹਮਣ ਐਲਾਨ ਦਿੱਤਾ ਸੀ। ਪਹਿਲੀ ਸੰਸਾਰ ਜੰਗ ਦੇ ਅਖ਼ੀਰਲੇ ਸਮੇਂ ਉਸ ਨੇ ਦੇਸ਼ ਪਰਤਣ ਦਾ ਫ਼ੈਸਲਾ ਕੀਤਾ। 20 ਨਵੰਬਰ 1918 ਈ. ਨੂੰ ਉਹ ਕੁੱਡਾਲੋਰ ਨੇੜੇ ਬਰਤਾਨਵੀ ਪੁਲਸ ਦੇ ਹੱਥ ਲੱਗ ਗਿਆ ਸੀ। ਤਿੰਨ ਕੁ ਹਫ਼ਤੇ ਉਹ ਕੁੱਡਾਲੋਰ ਜੇਲ੍ਹ 'ਚ ਰਿਹਾ। ਐਨੀਬੇਸੈਂਟ ਅਤੇ ਸੀ.ਪੀ. ਰਾਮਾਸਵਾਮੀ ਅੱਯਰ ਦੇ ਦਖ਼ਲ ਤੋਂ ਬਾਅਦ ਉਸ ਨੂੰ ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਗਿਆ। ਉਹ ਦਿਨ-ਕਟੀ ਕਰਨ ਲਈ ਆਪਣੀ ਪਤਨੀ ਦੇ ਪਿੰਡ ਕੜਾਇਮ ਚਲਾ ਗਿਆ। ਉਹ 1919 ਈ. 'ਚ ਮਦਰਾਸ ਵਿਖੇ ਮਹਾਤਮਾ ਗਾਂਧੀ ਅਤੇ ਰਾਜਗੋਪਾਲ ਅਚਾਰੀਆ ਨੂੰ ਮਿਲਿਆ। 1920 ਈ. 'ਚ ਉਸ ਨੇ 'ਸਵਦੇਸ਼ ਮਿੱਤਰਨ' ਦੀ ਸੰਪਾਦਕੀ ਮੁੜ ਸੰਭਾਲੀ, ਪਰ ਇਹ ਉਸ ਲਈ ਘੋਰ ਗ਼ੁਰਬਤ ਦਾ ਸਮਾਂ ਸੀ। ਵਿਸ਼ਾਲ ਹਿਰਦੇ ਵਾਲਾ ਕਵੀ, ਪੱਤਰਕਾਰ ਭਾਰਤੀ ਵਾਤਾਵਰਣ ਪ੍ਰੇਮੀ ਤੇ ਕਾਇਨਾਤ ਦੇ ਕੁੱਲ ਜੀਅ-ਜੰਤੂਆਂ ਨੂੰ ਪਿਆਰਨ, ਦੁਲਾਰਨ ਵਾਲਾ ਸੀ। ਉਹ ਟਰਿਪਲੀਕੇਨ ਮੰਦਰ ਦੇ ਪੁਜਾਰੀ ਦੇ ਹਾਥੀ ਨੂੰ ਹਰ ਰੋਜ਼ ਨਾਰੀਅਲ ਖਵਾਉਂਦਾ ਹੁੰਦਾ ਸੀ। ਜੁਲਾਈ 1921 'ਚ ਮਸਤ ਹੋਏ ਹਾਥੀ ਨੇ ਭਾਰਤੀ ਨੂੰ ਪਟਕਾ ਕੇ ਧਰਤੀ ਉੱਤੇ ਮਾਰਿਆ। ਕਮਜ਼ੋਰ ਸਰੀਰ ਇਸ ਸੱਟ ਵਿੱਚੋਂ ਉੱਭਰ ਨਾ ਸਕਿਆ, 12 ਸਤੰਬਰ 1921 ਨੂੰ ਉਹ ਸੁਰਗਵਾਸ ਹੋ ਗਿਆ। ਹਾਲਾਤ ਦਾ ਸਿੱਤਮ ਦੇਖੋ, ਇਸ ਮਹਾਨ ਕ੍ਰਾਂਤੀਕਾਰੀ ਕਵੀ, ਨਿਧੜਕ ਪ੍ਰਤੀਬੱਧ ਪੱਤਰਕਾਰ, ਰਾਸ਼ਟਰ-ਭਗਤ ਤੇ ਕਰਮੱਠ ਸੁਤੰਤਰਤਾ ਸੰਗਰਾਮੀਏ ਅਤੇ ਦੂਰਦਰਸ਼ੀ ਸਮਾਜ ਸੁਧਾਰਕ ਦੇ ਅੰਤਿਮ ਸੰਸਕਾਰ ਸਮੇਂ ਕੁੱਲ 14 ਵਿਅਕਤੀ ਹਾਜ਼ਰ ਸਨ।






ਸੁਬਰਾਮਣੀਆ ਭਾਰਤੀ ਨੂੰ ਆਧੁਨਿਕ ਤਮਿਲ ਸਾਹਿਤ ਦੇ ਮੋਢੀ (pioneer) ਵਜੋਂ ਯਾਦ ਕੀਤਾ ਜਾਂਦਾ ਹੈ। ਬਹੁ-ਭਾਸ਼ਾਈ ਗਿਆਨ ਕਰਕੇ ਉਸ ਨੇ ਭਾਰਤੀ ਸਾਹਿਤ ਪਰੰਪਰਾ ਦੇ ਸਜੀਵ ਪੱਖਾਂ ਨੂੰ ਆਤਮਸਾਤ ਵੀ ਕੀਤਾ ਅਤੇ ਪੱਛਮੀ ਸਾਹਿਤ ਦੀ ਆਧੁਨਿਕ ਸੰਵੇਦਨਾ ਨੂੰ ਵੀ ਗ੍ਰਹਿਣ ਕੀਤਾ। ਜਦੋਂ ਉਸ ਨੇ ਲਿਖਣਾ ਸ਼ੁਰੂ ਕੀਤਾ, ਉਦੋਂ ਇੱਕ ਪਾਸੇ ਭਾਰਤ ਦੇ ਕੌਮੀ-ਮੁਕਤੀ ਸੰਗਰਾਮ ਕਰਕੇ ਨਵੀਂ ਰਾਸ਼ਟਰਵਾਦੀ ਚੇਤਨਾ ਉੱਭਰ ਰਹੀ ਸੀ ਅਤੇ ਦੂਜੇ ਪਾਸੇ ਪੱਛਮੀ ਸਿੱਖਿਆ ਦੇ ਪਾਸਾਰ ਅਤੇ ਵਿਗਿਆਨ ਤੇ ਤਕਨਾਲੋਜੀ ਦੇ ਅਸਰਾਂ ਕਰਕੇ ਸਨਾਤਨੀ, ਕਠੋਰ ਅਤੇ ਜੜ੍ਹਤਾਵਾਦੀ ਕਦਰਾਂ-ਕੀਮਤਾਂ ਟੁੱਟ ਰਹੀਆਂ ਸਨ। ਕੌਮੀ ਮੁਕਤੀ ਲਹਿਰ ਤੋਂ ਉਪਜੀ ਰਾਸ਼ਟਰਵਾਦੀ ਚੇਤਨਾ ਅਤੇ ਜਨ-ਤਾਂਤ੍ਰਿਕ ਮੁੱਲਾਂ ਦੇ ਉਭਾਰ ਨੇ ਭਾਰਤੀ ਮਨੁੱਖ ਅੰਦਰ ਨਵੀਂ ਊਰਜਾ ਅਤੇ ਮਾਨਵੀ ਗੌਰਵ ਦੇ ਅਹਿਸਾਸ ਨੂੰ ਬਲ ਬਖ਼ਸ਼ਿਆ। ਆਰਥਿਕ, ਸਮਾਜਿਕ ਅਤੇ ਰਾਜਸੀ ਤੌਰ 'ਤੇ ਦੱਬੇ-ਕੁਚਲੇ ਲੋਕ, ਵਰਣ-ਪ੍ਰਥਾ ਦੁਆਰਾ ਤ੍ਰਿਸਕਾਰੀਆਂ ਦਲਿਤ/ਸ਼ੂਦਰ ਜਾਤੀਆਂ, ਪਿੱਤਰ ਸੱਤਾ ਦੀਆਂ ਸੰਸਥਾਵਾਂ ਦੀ ਦਬਾਈ ਔਰਤ ਜਾਤੀ ਅਤੇ ਹਾਸ਼ੀਏ ਦਾ ਸਮਾਜ (subalturns) ਆਪਣੇ ਗੁਆਚੇ ਮਾਨਵੀ ਗੌਰਵ ਨੂੰ ਬਹਾਲ ਕਰਵਾਉਣ ਲਈ ਨਵੀਂ ਪਛਾਣ ਮੰਗ ਰਹੇ ਸਨ। ਰਾਜਨੀਤਕ ਪੱਖੋਂ ਇਹ ਸਮਾਂ ਬਸਤੀਵਾਦੀ ਪ੍ਰਬੰਧਾਂ ਤੇ ਉਸ ਦੇ ਰਾਜਨੀਤਕ/ਵਿਚਾਰਧਾਰਕ ਪ੍ਰਵਚਨਾਂ ਤੋਂ ਮੁਕਤੀ ਅਤੇ ਸਮਾਜਿਕ ਪੱਖੋਂ ਪੁਨਰ-ਜਾਗਰਤੀ ਦਾ ਦੌਰ ਸੀ। ਬਰਤਾਨਵੀ ਬਸਤੀਵਾਦੀ ਰਾਜ ਅਧੀਨ ਹੋਏ ਭਾਰਤ ਦੇ ਢਾਂਚਾਗਤ ਵਿਕਾਸ (structural changes/development), ਪੂੰਜੀਵਾਦੀ ਤਰਜ਼ ਦੀ ਉਪਜ-ਪ੍ਰਣਾਲੀ ਨਾਲ ਉਤਪਾਦਨ ਵਿੱਚ ਹੋਏ ਅਥਾਹ ਵਾਧੇ ਅਤੇ ਉਸ ਦੇ ਫਲਸਰੂਪ ਸਾਡੇ ਉਪਜ-ਸੰਬੰਧਾਂ, ਕਦਰ-ਪ੍ਰਬੰਧ ਅਤੇ ਮਾਨਸਿਕਤਾ ਵਿੱਚ ਆਈਆਂ ਤਬਦੀਲੀਆਂ ਨੇ ਸਾਡੇ ਜਨ-ਮਾਨਸ ਅੰਦਰ ਨਵੀਆਂ ਆਸਾਂ ਤੇ ਸੁਪਨੇ ਜਗਾਏ ਸਨ। ਰਾਜਸੀ ਤੇ ਸਮਾਜਿਕ ਅੰਦੋਲਨਾਂ ਦੇ ਨਾਲ-ਨਾਲ ਉੱਭਰੀਆਂ ਧਾਰਮਿਕ ਪੁਨਰ-ਜਾਗਰਤੀ ਦੀਆਂ ਲਹਿਰਾਂ ਨੇ ਵੀ ਭਾਰਤੀ ਜਨ-ਮਾਨਸ ਅੰਦਰ ਨਵੀਂ ਰੂਹ ਫੂਕੀ ਸੀ। ਸੁਬਰਾਮਣੀਆ ਭਾਰਤੀ ਦਾ ਸਾਹਿਤ ਭਾਰਤੀ ਆਵਾਮ ਦੇ ਮਨ-ਮਸਤਕ ਅੰਦਰ ਸੁਲਘ ਰਹੀ ਇਸ ਨਵੀਂ ਚੇਤਨਾ ਅਤੇ ਨਵ-ਉਸਾਰੀ ਦੀ ਜਗਿਆਸਾ ਦੀ ਹੀ ਪੈਰਵੀ ਕਰਦਾ ਹੈ।

ਭਾਰਤੀ ਦੀ ਕਵਿਤਾ ਵਿੱਚ ਰੂਹਾਨੀਅਤ, ਦੇਸ਼-ਭਗਤੀ ਅਤੇ ਸਮਾਜਿਕ ਨਿਆਂ ਦੀ ਪ੍ਰਾਪਤੀ ਲਈ ਸੰਘਰਸ਼ ਦੀਆਂ ਅੰਤਰ-ਧਾਰਾਵਾਂ ਇੱਕ-ਦੂਜੇ ਦੇ ਸਮਾਨੰਤਰ ਚੱਲਦੀਆਂ ਦਿਸਦੀਆਂ ਹਨ। ਭਾਰਤੀ ਦੇ ਕਾਵਿ-ਸਾਹਿਤ ਦੀ ਅਨੁਵਾਦਿਕ ਤੇ ਉਸ ਦੀ ਜੀਵਨੀ ਦੀ ਲੇਖਿਕਾ ਪ੍ਰੇਮਾ ਨੰਦਕੁਮਾਰ ਅਨੁਸਾਰ, "ਬਨਾਰਸ ਵਿਖੇ ਰਹਿੰਦਿਆਂ ਸੁਬਰਾਮਣੀਆ ਭਾਰਤੀ ਹਿੰਦੀ ਕਵਿਤਾ ਦੀ ਭਾਸ਼ਾਈ ਤੇ ਰੂਪਾਤਮਕ ਸਾਦਗੀ, ਬੰਗਾਲੀ ਕਵਿਤਾ ਵਿਚਲੀ ਸੰਗੀਤਕਤਾ ਅਤੇ ਅੰਗਰੇਜ਼ੀ ਦੀ ਰੁਮਾਂਟਿਕ ਕਵਿਤਾ ਦੀ ਭਾਵਨਾਤਮਿਕ ਵਿਸ਼ਾਲਤਾ ਤੋਂ ਪ੍ਰਭਾਵਿਤ ਹੋਇਆ ਸੀ। ਉਸ ਨੇ 19ਵੀਂ ਸਦੀ ਦੀ ਪਰੰਪਰਿਕ ਤਮਿਲ ਕਵਿਤਾ ਦੀ ਗੂੜ੍ਹ ਦਾਰਸ਼ਨਿਕਤਾ, ਲੱਛੇਦਾਰ ਅਲੰਕਾਰਕ ਸ਼ੈਲੀ, ਬੋਝਲ ਕਾਵਿ-ਭਾਸ਼ਾ ਅਤੇ ਸ਼ਿਲਪੀ ਘੁਣਤਰਾਂ ਤੋਂ ਮੂੰਹ ਫੇਰ ਲਿਆ ਸੀ।" ਰਾਜਸੀ ਚੇਤਨਾ ਵਾਲਾ ਕਵੀ ਅਤੇ ਪਬਲਿਕ ਬੁੱਧੀਜੀਵੀ ਹੋਣ ਕਰਕੇ ਆਵਾਮ ਨਾਲ ਸਿੱਧੇ ਰਾਬਤੇ ਖ਼ਾਤਰ ਉਸ ਨੇ ਸਾਧਾਰਨ ਗੱਲਬਾਤੀ ਲਹਿਜੇ ਵਿੱਚ ਸਰਲ-ਸੁਬੋਧ ਪ੍ਰਗੀਤਕ ਕਾਵਿ ਦੀ ਰਚਨਾ ਕੀਤੀ। ਭਾਵੇਂ ਉਸ ਨੇ ਲੰਬੀਆਂ ਬਿਰਤਾਂਤਕ ਕਵਿਤਾਵਾਂ, ਨਾਟਕੀ ਭਾਵ-ਬੋਧ ਵਾਲੀ ਕਵਿਤਾ ਅਤੇ ਆਧੁਨਿਕ ਨਸਰੀ ਰੰਗ ਵਾਲੀਆਂ ਨਜ਼ਮਾਂ ਦੀ ਵੀ ਸਿਰਜਣਾ ਕੀਤਾ ਹੈ, ਪਰ ਮੂਲ ਰੂਪ ਵਿੱਚ ਉਹ ਪ੍ਰਗੀਤ ਦਾ ਸ਼ਾਇਰ ਸੀ। ਉਸ ਦੀ ਕਵਿਤਾ ਦਾ ਵਾ-ਮੰਡਲ ਵੰਨ-ਸੁਵੰਨਾ ਅਤੇ ਥੀਮਕ ਪਾਸਾਰਾ ਬਹੁਤ ਵਿਸ਼ਾਲ ਹੈ। ਰੂਹਾਨੀਅਤ, ਰਾਸ਼ਟਰਵਾਦ, ਦੇਸ਼ ਭਗਤੀ, ਆਜ਼ਾਦੀ, ਸਮਾਜਿਕ ਬਰਾਬਰੀ, ਹਾਸ਼ੀਏ ਦੇ ਸਮਾਜ ਦੀ ਮਾਨਵੀ ਪਛਾਣ, ਸਮਾਜਿਕ ਨਿਆਂ, ਕੌਮੀ ਅਤੇ ਕੌਮਾਂਤਰੀ ਸੰਘਰਸ਼ਾਂ ਨਾਲ ਇਕਜੁੱਟਤਾ, ਕੌਮਾਂਤਰੀ ਰਾਜਸੀ ਮੰਜ਼ਰ ਵਿਚਲੀਆਂ ਹਲਚਲਾਂ ਉੱਪਰ ਤਬਸਰਾ, ਆਇਰਲੈਂਡ, ਇਟਲੀ, ਰੂਸ, ਬੈਲਜੀਅਮ ਦੀਆਂ ਲੋਕ-ਪੱਖੀ ਲਹਿਰਾਂ ਦਾ ਸਮਰਥਨ ਆਦਿ ਉਸ ਦੀ ਕਵਿਤਾ ਦਾ ਵਸਤੂ ਬਣਦੇ ਹਨ। ਪਾਂਡੀਚਰੀ 'ਚ ਜਲਾਵਤਨੀ ਦੌਰਾਨ ਲਿਖੀ ਗਈ ਭਾਰਤੀ ਦੀ ਬਹੁਤੀ ਕਵਿਤਾ ਭਾਵੇਂ ਅਧਿਆਤਮਕ ਭਾਵ-ਬੋਧ ਵਾਲੀ ਹੈ, ਜਿਸ ਵਿੱਚ ਮਨੁੱਖ ਤੇ ਰੱਬ ਅਤੇ ਮਨੁੱਖ ਦੇ ਪ੍ਰਕਿਰਤੀ ਦੇ ਸੰਬੰਧਾਂ ਨੂੰ ਰੂਹਾਨੀਅਤ ਦੀ ਪੁੱਠ ਦੇ ਕੇ ਹੀ ਚਿਤਰਿਆ ਗਿਆ ਹੈ, ਪਰ ਇਸ ਕਵਿਤਾ ਵਿੱਚੋਂ ਵੀ ਭਾਰਤੀ ਸੱਭਿਆਚਾਰ ਦੀ ਕਦੀਮੀ ਅਮੀਰੀ ਅਤੇ ਮਾਤਰ-ਭੂਮੀ ਦੀ ਮਿੱਟੀ ਦੀ ਗੰਧ ਮਹਿਸੂਸ ਹੁੰਦੀ ਹੈ। ਉਸ ਦੀ ਕਵਿਤਾ ਵਿੱਚ ਉਸ ਦਾ ਪਿਆਰਾ ਪ੍ਰਦੇਸ਼ ਤਾਮਿਲਨਾਡੂ ਆਪਣੇ ਪ੍ਰਕਿਰਤਕ ਹੁਸਨ ਅਤੇ ਸੱਭਿਆਚਾਰਕ ਅਮੀਰੀ ਸਮੇਤ ਹਾਜ਼ਰ ਹੈ ਅਤੇ ਰੰਗਾ-ਰੰਗ ਅਜ਼ਮਤ ਵਾਲੇ ਸੰਪੂਰਨ ਭਾਰਤ ਦੀ ਆਤਮਾ ਵੀ ਧੜਕਦੀ ਹੈ।

ਉਸ ਨੇ ਭਾਰਤੀ ਭੂਖੰਡ ਦੇ ਦਿਲਕਸ਼ ਹੁਸਨ ਅਤੇ ਤਹਿਜ਼ੀਬੀ ਅਮੀਰੀ ਬਾਰੇ 'ਭਾਰਤ ਸਾਡਾ ਦੇਸ਼', 'ਭਾਰਤ ਨੂੰ ਪ੍ਰਣਾਮ', 'ਜੈ ਭਾਰਤ', 'ਭਾਰਤੀ, ਭਾਰਤ ਮਾਂ, ਜਾਗ!' ਅਤੇ ਵੰਦੇ ਮਾਤਰਮ ਆਦਿ ਕਵਿਤਾਵਾਂ ਲਿਖੀਆਂ ਹਨ। ਕੌਮੀ ਅਤੇ ਕੌਮਾਂਤਰੀ ਵਰਤਾਰਿਆਂ ਅਤੇ ਘਟਨਾਕ੍ਰਮ ਉੱਪਰ ਘੋਖਵੀਂ ਨਜ਼ਰ ਰੱਖਣ ਵਾਲੇ ਭਾਰਤੀ ਨੇ ਆਪਣੇ ਪਿਆਰੇ ਦੇਸ਼ ਤਮਿਲਨਾਡੂ ਦੇ ਵਸਨੀਕਾਂ, ਉਸ ਦੇ ਰਮਣੀਕ ਭੂ-ਖੰਡ, ਪ੍ਰਕਿਰਤਕ ਸੁਹਜ, ਉਸ ਦੀ ਅਮੀਰ ਦਾਰਸ਼ਨਿਕ ਪਰੰਪਰਾ ਤੇ ਰਹਿਤਲੀ ਵਿਰਾਸਤ ਅਤੇ ਤਮਿਲ ਭਾਸ਼ਾ ਦੀ ਅਮੀਰੀ ਦਾ ਗੁਣਗਾਣ ਕੀਤਾ ਹੈ। ਸ਼ਾਇਦ ਇਸੇ ਕਰਕੇ ਰਾਜਗੋਪਾਲ ਅਚਾਰੀਆ ਨੇ ਸੁਬਰਾਮਣੀਆ ਭਾਰਤੀ ਨੂੰ ਪੌਰਾਣਿਕ ਰਿਸ਼ੀ, 'ਅਗਸਥਿਆ' ਦਾ ਅਵਤਾਰ ਕਹਿ ਕੇ ਵਡਿਆਇਆ ਹੈ। ਆਪਣੀ ਮਾਤ-ਭੂਮੀ, ਮਾਤ-ਭਾਸ਼ਾ, ਆਪਣੇ ਲੋਕਾਂ ਤੇ ਸਭਿਆਚਾਰਕ ਧਰੋਹਰ ਪ੍ਰਤੀ ਭਾਰਤੀ ਦਾ ਇਹ ਲਗਾਉ ਕਿਸੇ ਸ਼ਾਵਨਵਾਦੀ ਪਹੁੰਚ ਦਾ ਸਿੱਟਾ ਨਹੀਂ, ਸਗੋਂ ਬਸਤੀਵਾਦੀ ਪ੍ਰਵਚਨ ਦੀ ਧੌਂਸ ਪ੍ਰਤੀ ਇੱਕ ਸਜਗ ਰਾਸ਼ਟਰਵਾਦੀ ਦਾ ਪ੍ਰਤਿ-ਚਿੰਤਨ (counter ideology) ਹੈ। ਆਪਣੇ ਦੇਸ ਅਤੇ ਕੌਮ ਦੀ ਉਸਤਤੀ ਰਾਹੀਂ ਉਹ ਬਰਤਾਨਵੀ ਬਸਤੀਵਾਦੀ ਰਾਜ ਦੇ ਸੱਤਾ ਪ੍ਰਵਚਨਾਂ ਨੂੰ ਠੁੱਠ ਦਿਖਾਉਂਦਾ ਹੈ।

ਕੌਮੀ ਸੁਤੰਤਰਤਾ ਸੰਗਰਾਮ ਦਾ ਸਜੱਗ, ਸੁਦ੍ਰਿੜ ਅਤੇ ਜੁਝਾਰੂ ਸੰਗਰਾਮੀਆ ਹੋਣ ਕਰਕੇ ਉਸ ਨੇ ਸਾਡੇ ਰਾਸ਼ਟਰੀ ਅੰਦੋਲਨ ਦੇ ਨਾਇਕਾਂ-ਬਾਲ ਗੰਗਾਧਰ ਤਿਲਕ, ਲਾਲਾ ਲਾਜਪਤ ਰਾਏ, ਸ੍ਰੀ ਅਰਬਿੰਦੋ ਘੋਸ਼, ਵੀ.ਓ. ਚਿਦੰਬਰਮ ਪਿੱਲੈ, ਸਿਸਟਰ ਨਿਵੇਦਤਾ ਅਤੇ ਮਹਾਤਮਾ ਗਾਂਧੀ ਦੀ ਕੀਰਤੀ ਬਾਰੇ ਨਜ਼ਮਾਂ ਲਿਖੀਆਂ ਹਨ। ਛਤਰਪਤੀ ਸ਼ਿਵਾ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਬਾਰੇ ਲਿਖੀਆਂ ਆਪਣੀਆਂ ਕਵਿਤਾਵਾਂ ਵਿੱਚ ਉਹ ਇਨ੍ਹਾਂ ਬੀਰ-ਨਾਇਕਾਂ ਨੂੰ ਰਾਸ਼ਟਰਵਾਦ ਦੇ ਆਦਰਸ਼ਾਂ ਵਜੋਂ ਧਿਆਉਂਦਾ ਹੈ। ਉਸ ਨੇ ਪੱਤਰਕਾਰਤਾ ਨੂੰ ਰਾਜਸੀ ਮਿਸ਼ਨ ਵਾਂਗ ਨਿਭਾਇਆ। ਭਾਰਤੀ ਨੇ ਆਪਣੇ ਅਖ਼ਬਾਰੀ ਕਾਲਮਾਂ, ਸੰਪਾਦਕੀਆਂ, ਵਾਰਤਕ ਰਚਨਾਵਾਂ ਅਤੇ ਕਵਿਤਾ ਵਿੱਚ ਰੂਸ, ਬੈਲਜੀਅਮ, ਇਟਲੀ, ਫ਼ਰਾਂਸ ਅਤੇ ਹੋਰ ਮੁਲਕਾਂ ਦੇ ਆਜ਼ਾਦੀ ਸੰਗਰਾਮਾਂ ਦੀ ਹਮਾਇਤ ਕੀਤੀ। 'ਬੈਲਜੀਅਮ ਨੂੰ ਮੁਬਾਰਕ' ਨਜ਼ਮ ਵਿੱਚ ਉਹ ਸਾਮਰਾਜੀ ਤਾਕਤਾਂ ਵੱਲੋਂ ਮਿਲੀ ਹਾਰ ਬਾਅਦ ਵੀ ਬੈਲਜੀਅਮ ਦੇ ਸੰਘਰਸ਼ ਕਰਨ ਦੇ ਜਜ਼ਬੇ ਨੂੰ ਸਲਾਮ ਕਰਦਾ ਹੈ। 'ਐਸੋਸੀਏਸ਼ਨ ਆਫ਼ ਯੰਗ ਇਟਲੀ' ਦੇ ਨਾਇਕ ਜੀ. ਮੈਜ਼ਿਨੀ ਦੀ ਆਜ਼ਾਦੀ ਤੇ ਸਮਾਜਿਕ ਨਿਆਂ ਲਈ ਕੀਤੀ ਪ੍ਰਤਿੱਗਿਆ ਬਾਰੇ ਉਸ ਦੀ ਲਿਖੀ ਕਵਿਤਾ ਭਾਰਤੀ ਦੀ ਰਾਜਸੀ ਚੇਤਨਾ ਅਤੇ ਇਤਿਹਾਸ-ਬੋਧ ਦਾ ਪ੍ਰਮਾਣ ਹੈ। (ਮੈਜ਼ਿਨੀ ਸਬਦਮ)। ਭਾਰਤ ਦੇ ਕੌਮੀ ਮੁਕਤੀ ਸੰਗਰਾਮ ਅਤੇ ਤਮਿਲ ਭਾਸ਼ਾ ਅਤੇ ਸਾਹਿਤ ਨੂੰ ਸੁਬਰਾਮਣੀਆ ਭਾਰਤੀ ਦੀ ਦੇਣ ਬਾਰੇ ਚਰਚਾ ਨੂੰ ਉਸ ਦੀ ਨਜ਼ਮ 'ਵੰਦੇ ਮਾਤ੍ਰਿਮ' ਦੀਆਂ ਇਨ੍ਹਾਂ ਸਤਰਾਂ ਨਾਲ ਵਿਰਾਮ ਦਿੰਦਾ ਹਾਂ:

-ਪੱਲਰੇ ਇਥੇ ਜਾਤ ਹਜ਼ਾਰ
ਬਾਹਰਲਿਆਂ ਲਈ ਨਾ ਕੋਈ ਥਾਂ
ਮਾਂ ਦੇ ਬੱਚੇ ਲੜਨ ਭਿੜਨ
ਫਿਰ ਵੀ ਭਾਈ ਭਾਈ ਨੇ
ਮਾਂ ਨੂੰ ਸੀਸ ਨਿਵਾਵਾਂਗੇ।

(ਵੰਦੇ ਮਾਤ੍ਰਿਮ)

ਸੰਪਰਕ : 98156-36565



# ਚੋਣਾਂ ਦੇ ਚੱਕਰ ਤੋਂ ਪਹਿਲਾਂ ਕੇਂਦਰੀ ਏਜੰਸੀਆਂ ਦੇ ਛਾਪਿਆਂ ਦੀ ਅਗੇਤੀ ਖੇਡ ਬੰਗਾਲ ਤੋਂ ਸ਼ੁਰੂ

**ਦ੍ਰਿਸ਼ਟੀਕੋਣ**
**ਜਤਿੰਦਰ ਪਨੂੰ**

ਸਾਡੇ ਪੰਜਾਬ ਦੀ ਵਿਧਾਨ ਸਭਾ ਲਈ ਅਗਲੀ ਚੋਣ ਅਗਲੇ ਸਾਲ ਮਾਰਚ ਵਿੱਚ ਹੋਣੀ ਬਣਦੀ ਹੈ, ਪਰ ਇਹ ਕੁਝ ਦਿਨ ਜਾਂ ਕੁਝ ਹਫਤੇ ਪਹਿਲਾਂ ਫਰਵਰੀ ਵਿੱਚ ਵੀ ਕਰਵਾਈ ਜਾ ਸਕਦੀ ਹੈ। ਜਿੱਦਾਂ ਅਗਲੇ ਮਾਰਚ ਵਿੱਚ ਪੰਜਾਬ ਵਿਧਾਨ ਸਭਾ ਦੀ ਚੋਣ ਹੋ ਸਕਦੀ ਹੈ, ਏਸੇ ਤਰ੍ਹਾਂ ਇਸ ਸਾਲ ਮਾਰਚ ਵਿੱਚ ਪੱਛਮੀ ਬੰਗਾਲ, ਕੇਰਲਾ, ਆਸਾਮ, ਤਾਮਿਲਨਾਡੂ ਤੇ ਪੁੱਡੂਚੇਰੀ ਦੀਆਂ ਵਿਧਾਨ ਸਭਾ ਚੋਣਾਂ ਵੀ ਹੋਣ ਵਾਲੀਆਂ ਹਨ, ਪਰ ਚਰਚਾ ਹੈ ਕਿ ਓਦੋਂ ਪਹਿਲਾਂ ਫਰਵਰੀ ਤੱਕ ਇਨ੍ਹਾਂ ਦੀ ਚੋਣ ਦਾ ਐਲਾਨ ਕਿਸੇ ਵੇਲੇ ਵੀ ਹੋ ਸਕਦਾ ਹੈ। ਕਿਸੇ ਵੇਲੇ ਵੀ ਐਲਾਨ ਹੋਣ ਦਾ ਕਾਰਨ ਇਹ ਹੈ ਕਿ ਜਿਸ ਰਾਜ ਵਿੱਚ ਚੋਣ ਹੋਣੀ ਹੁੰਦੀ ਹੈ, ਉਸ ਦੀ ਚੋਣ ਮੁਹਿੰਮ ਦਾ ਸਮਾਂ ਸੰਵਿਧਾਨਕ ਤੌਰ ਉੱਤੇ ਮਸਾਂ ਪੰਜ ਹਫਤੇ ਹੋਣ ਦੇ ਬਾਵਜੂਦ ਇਹ ਐਲਾਨ ਕਈ ਦਿਨ ਪਹਿਲਾਂ ਕੀਤਾ ਜਾ ਸਕਦਾ ਹੈ ਤੇ ਜਿਸ ਵਕਤ ਐਲਾਨ ਹੋ ਜਾਵੇ, ਰਾਜ ਸਰਕਾਰ ਦੇ ਹੱਥ ਓਸੇ ਦਿਨ ਬੱਝ ਜਾਂਦੇ ਹਨ, ਉਹ ਲੋਕਾਂ ਲਈ ਕਿਸੇ ਤਰ੍ਹਾਂ ਦੇ ਨੀਤੀ ਐਲਾਨ ਨਹੀਂ ਕਰ ਸਕਦੀ। ਜਿਨ੍ਹਾਂ ਰਾਜਾਂ ਵਿੱਚ ਚੋਣਾਂ ਮਾਰਚ ਵਿੱਚ ਹੋਣੀਆਂ ਤੈਅ ਹਨ, ਪੰਜ ਹਫਤੇ ਭਾਵੇਂ ਅੱਧ ਫਰਵਰੀ ਵਿੱਚ ਬਣਦੇ ਹੋਣ, ਜਨਵਰੀ ਦੇ ਤੀਜੇ ਹਫਤੇ ਵੀ ਐਲਾਨ ਆ ਜਾਵੇ ਤਾਂ ਓਸੇ ਦਿਨ ਆਦਰਸ਼ ਚੋਣ ਜ਼ਾਬਤਾ ਲਾਗੂ ਕਰ ਦਿੱਤਾ ਜਾਣਾ ਹੈ। ਹਰਿਆਣੇ ਦੀ ਚੋਣ ਪ੍ਰਕਿਰਿਆ ਪਿਛਲੇ ਸਾਲ ਪੰਜ ਸਤੰਬਰ ਨੂੰ ਸ਼ੁਰੂ ਹੋਣੀ ਸੀ ਅਤੇ ਇਸ ਦੀ ਸੂਚਨਾ ਪਹਿਲੀ ਸਤੰਬਰ ਨੂੰ ਸਮਾਂ ਚਾਰ ਦਿਨ ਬਾਕੀ ਰਹਿੰਦੇ ਤੋਂ ਜਾਰੀ ਹੋਈ ਸੀ ਅਤੇ ਇਸ ਦੇ ਨਾਲ ਜੰਮੂ-ਕਸ਼ਮੀਰ ਦੀ ਸੂਚਨਾ ਵੀ ਜਾਰੀ ਹੋਈ ਸੀ। ਇਨ੍ਹਾਂ ਵਿੱਚੋਂ ਇੱਕ ਰਾਜ ਹਰਿਆਣੇ ਵਿੱਚ ਭਾਜਪਾ ਦੀ ਆਪਣੀ ਸਰਕਾਰ ਸੀ, ਜੰਮੂ-ਕਸ਼ਮੀਰ ਕੇਂਦਰੀ ਸ਼ਾਸਨ ਹੇਠ ਸੀ ਅਤੇ ਜਿਹੜਾ ਕੋਈ ਕੰਮ ਰਹਿੰਦਾ ਸੀ, ਉਹ ਸਿਰੇ ਚਾੜ੍ਹਨ ਲਈ ਵੱਧ ਤੋਂ ਵੱਧ ਸਮਾਂ ਦੇ ਦਿੱਤਾ ਗਿਆ ਸੀ, ਪਰ ਅਸੀਂ ਪੰਜਾਬ ਵਿੱਚ ਬੀਬੀ ਰਾਜਿੰਦਰ ਕੌਰ ਭੱਠਲ ਦੇ ਰਾਜ ਦੌਰਾਨ ਕਈ ਹਫਤੇ ਪਹਿਲਾਂ ਏਦਾਂ ਦਾ ਐਲਾਨ ਹੁੰਦਾ ਵੇਖਿਆ ਹੋਇਆ ਹੈ। ਐਲਾਨ ਕਰਨ ਤੇ ਚੋਣ ਤਾਰੀਖਾਂ ਤੱਕ ਦਾ ਫਾਸਲਾ ਚੋਣ ਕਮਿਸ਼ਨ ਜਿੰਨਾ ਵੀ ਰੱਖ ਲਵੇ, ਉਸ ਉੱਤੇ ਕੋਈ ਖਾਸ ਕੁੰਡਾ ਨਹੀਂ ਮੰਨਿਆ ਜਾਂਦਾ ਤੇ ਕੇਂਦਰ ਸਰਕਾਰ ਜਿੱਦਾਂ ਚਾਹੇ, ਉਹ ਓਸੇ ਤਰ੍ਹਾਂ ਕਰ ਸਕਦਾ ਹੈ। ਇਸ ਲਈ ਅਗਲੇ ਦਿਨੀਂ ਚੋਣਾਂ ਵਾਸਤੇ ਤਿਆਰ ਇਨ੍ਹਾਂ ਚਾਰ ਰਾਜਾਂ ਵਿੱਚ ਬੇਸ਼ੱਕ ਆਸਾਮ ਵੀ ਹੈ, ਅਸਲ ਵਿੱਚ ਕੇਰਲਾ, ਤਾਮਿਲਨਾਡੂ ਤੇ ਪੱਛਮੀ ਬੰਗਾਲ ਦੇ ਹੱਥ ਅਗੇਤੇ ਬੰਨ੍ਹਣ ਦਾ ਕੰਮ ਕੀਤਾ ਜਾ ਸਕਦਾ ਹੈ। ਆਸਾਮ ਨੂੰ ਇਸ ਲਈ ਫਰਕ ਨਹੀਂ ਪੈਂਦਾ ਕਿ ਓਥੇ ਭਾਜਪਾ ਦੀ ਆਪਣੀ ਸਰਕਾਰ ਹੋਣ ਕਰ ਕੇ ਉਨ੍ਹਾਂ ਨੂੰ ਅਗੇਤਾ ਸੰਕੇਤ ਚਲਾ ਗਿਆ ਹੋਵੇਗਾ ਕਿ ਫਲਾਣੀ ਤਾਰੀਖ ਤੱਕ ਆਪਣੇ ਸਾਰੇ ਕੰਮ ਪੂਰੇ ਕਰ ਲੈਣ।

ਅਸਲੀ ਖੇਡ ਆਸਾਮ ਵਿੱਚ ਨਹੀਂ, ਬਾਕੀ ਤਿੰਨ ਵੱਡੇ ਰਾਜਾਂ ਕੇਰਲਾ, ਤਾਮਿਲਨਾਡੂ ਅਤੇ ਪੱਛਮੀ ਬੰਗਾਲ ਵਿੱਚ ਹੋਣੀ ਹੈ, ਜਿੱਥੋਂ ਦੀਆਂ ਕੁੱਲ ਮਿਲਾ ਕੇ ਇੱਕ ਸੌ ਇੱਕ ਸੀਟਾਂ ਲੋਕ ਸਭਾ ਵਿੱਚ ਹਨ ਤੇ ਭਾਜਪਾ ਇਨ੍ਹਾਂ ਨੂੰ ਮੁੱਠ ਵਿੱਚ ਲੈਣ ਲਈ ਇਨ੍ਹਾਂ ਰਾਜਾਂ ਦੀਆਂ ਸਰਕਾਰਾਂ ਆਪਣੇ ਕਬਜ਼ੇ ਵਿੱਚ ਕਰਨਾ ਚਾਹੇਗੀ। ਆਪਣੇ ਇਸ ਰਾਜਸੀ ਮਕਸਦ ਲਈ ਚੋਣ ਸਰਗਰਮੀ ਕੀਤੀ ਜਾਵੇ ਤਾਂ ਹਰ ਕਿਸੇ ਨੂੰ ਹੱਕ ਹੈ ਤੇ ਕੋਈ ਇਤਰਾਜ਼ ਨਹੀਂ ਕਰ ਸਕਦਾ, ਪਰ ਕੇਂਦਰ ਸਰਕਾਰ ਦੀਆਂ ਏਜੰਸੀਆਂ ਨੂੰ ਚੋਣਾਂ ਮੌਕੇ ਨੰਗੇ ਰੂਪ ਵਿੱਚ ਇਨ੍ਹਾਂ ਰਾਜਾਂ ਵਿੱਚ ਕਾਰਵਾਈਆਂ ਕਰਨ ਲਾ ਦਿੱਤਾ ਜਾਵੇ ਤਾਂ ਇਹ ਲੋਕਤੰਤਰੀ ਪ੍ਰਕਿਰਿਆ ਨੂੰ ਕਲੰਕਤ ਕਰਨ ਵਾਲੀ ਖੇਡ ਹੈ। ਪੱਛਮੀ ਬੰਗਾਲ ਵਿੱਚ ਜਨਵਰੀ ਦੇ ਦੂਸਰੇ ਹਫਤੇ ਵਿੱਚ ਜਿੱਦਾਂ ਤ੍ਰਿਣਮੂਲ ਕਾਂਗਰਸ ਦੇ ਕਿਲ੍ਹੇ ਨੂੰ ਸੰਨ੍ਹ ਲਾਉਣ ਵਾਂਗ ਉਸ ਲਈ ਚੋਣ ਪ੍ਰਚਾਰ ਸੰਭਾਲਦੀ ਕੰਪਨੀ ਦੇ ਦਫਤਰ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦਾ ਛਾਪਾ ਮਰਵਾਇਆ ਗਿਆ ਹੈ, ਉਸ ਨਾਲ ਸਪੱਸ਼ਟ ਹੋ ਗਿਆ ਕਿ ਚੋਣਾਂ ਵਿੱਚ ਹਰ ਹੀਲਾ ਵਰਤ ਕੇ ਮਮਤਾ ਬੈਨਰਜੀ ਦੇ ਪੈਰ ਉਖਾੜੇ ਜਾ ਸਕਦੇ ਹਨ। ਇਕੱਲੇ ਇਸ ਰਾਜ ਦੀ ਗੱਲ ਨਹੀਂ, ਕੇਰਲਾ ਅਤੇ ਤਾਮਿਲਨਾਡੂ ਦੇ ਰਾਜ ਵੀ ਭਾਜਪਾ ਲੀਡਰਸ਼ਿਪ ਨੂੰ ਚਿਰਾਂ ਦੇ ਰੜਕਦੇ ਹਨ ਅਤੇ ਉਹ ਇਨ੍ਹਾਂ ਰਾਜਾਂ ਰਾਹੀਂ ਕਰਨਾਟਕ, ਹਿਮਾਚਲ ਪ੍ਰਦੇਸ਼ ਜਾਂ ਹੋਰ ਰਾਜਾਂ ਦੇ ਨਾਲ ਪੰਜਾਬ ਦੀ ਹਰ ਰੰਗ ਦੀ ਰਾਜਸੀ ਲੀਡਰਸ਼ਿਪ ਵਾਸਤੇ ਵੀ ਇੱਕ ਸੰਦੇਸ਼ ਦੇ ਰਹੀ ਹੈ ਕਿ ਉਸ ਦੀ ਮਰਜ਼ੀ ਦੇ ਬਿਨਾਂ ਇਸ ਦੇਸ਼ ਵਿੱਚ ਕਿਸੇ ਰਾਜ ਵਿੱਚ ਵੀ ਕੋਈ ਕੁਝ ਨਹੀਂ ਕਰ ਸਕਦਾ।

ਸਥਿਤੀ ਦਾ ਦੂਸਰਾ ਪੱਖ ਇਹ ਹੈ ਕਿ ਇਸ ਵਕਤ ਧਰਮ ਦਾ ਮੁੱਦਾ ਸਾਰੇ ਮੁੱਦਿਆਂ ਤੋਂ ਪੂਰੇ ਭਾਰਤ ਵਿੱਚ ਭਾਰੂ ਹੁੰਦਾ ਪਿਆ ਹੈ, ਜਿਸ ਲਈ ਭਾਜਪਾ ਅਤੇ ਉਸ ਦਾ ਨੇੜ ਰੱਖਦੀਆਂ ਧਿਰਾਂ ਕੋਲ ਨਰਿੰਦਰ ਮੋਦੀ ਵਰਗਾ ਆਪਣੇ ਗਿਰਦ ਪ੍ਰਚਾਰ ਨੂੰ ਘੁੰਮਾਈ ਰੱਖਣ ਵਾਲਾ ਆਗੂ ਹੈ। ਵਿਰੋਧੀ ਧਿਰਾਂ ਕੋਲ ਕੋਈ ਇਹੋ ਜਿਹਾ ਲੀਡਰ ਏਦਾਂ ਦੀ ਸਰਗਰਮੀ ਕਰਨ ਵਾਲਾ ਨਹੀਂ ਅਤੇ ਹੋਵੇ ਵੀ ਤਾਂ ਸਿਰਫ ਇੱਕ ਧਰਮ ਦੀ ਸਰਦਾਰੀ ਵਾਲੇ ਸੰਕੇਤ ਨਾਲ ਕਤਾਰਬੰਦੀ ਕਰਨ ਵਾਸਤੇ ਜਿਹੜੀ ਭਾਵਨਾ ਨਾਲ ਭਾਜਪਾ ਚੱਲਦੀ ਹੈ, ਕੋਈ ਵੀ ਹੋਰ ਪਾਰਟੀ ਉਹ ਕੰਮ ਨਹੀਂ ਕਰ ਸਕਦੀ। ਉਨ੍ਹਾਂ ਵਿੱਚੋਂ ਜਿਹੜੀ ਪਾਰਟੀ ਨੇ ਬੀਤੇ ਸਮੇਂ ਵਿੱਚ ਇਹ ਖੇਡ ਖੇਡਣੀ ਚਾਹੀ, ਮਿਸਾਲ ਵਜੋਂ ਕੁਝ ਮਾਮਲਿਆਂ ਵਿੱਚ ਰਾਜੀਵ ਗਾਂਧੀ ਦੇ ਵਕਤ ਮੁਸਲਿਮ ਭਾਈਚਾਰੇ ਨੂੰ ਖਿੱਚਣ ਲਈ ਜਿਹੜੀਆਂ ਖਾਸ ਛੋਟਾਂ ਉਨ੍ਹਾਂ ਲਈ ਦਿੱਤੀਆਂ ਅਤੇ ਅਯੁੱਧਿਆ ਵਿਚਲੇ ਵਿਵਾਦਤ ਮੰਦਰ ਨੂੰ ਲੱਗਾ ਤਾਲਾ ਖੋਲ੍ਹਣ ਨਾਲ ਹਿੰਦੂ ਭਾਈਚਾਰੇ ਨੂੰ ਜੋ ਸੰਕੇਤ ਕੀਤਾ ਸੀ, ਉਹ ਬਾਅਦ ਵਿੱਚ ਮਹਿੰਗਾ ਪਿਆ ਸੀ। ਭਾਜਪਾ ਨੇ ਉਹ ਮੁੱਦਾ ਚੁੱਕ ਲਿਆ ਤੇ ਭਾਵਨਾਵਾਂ ਦਾ ਇਹੋ ਜਿਹਾ ਵਹਿਣ ਵਗਾਇਆ ਕਿ ਧਰਮ-ਨਿਰਪੱਖਤਾ ਦੀ ਧਾਰਨਾ ਵਾਲੀਆਂ ਧਿਰਾਂ ਉਸ ਅੱਗੇ ਟਿਕ ਨਹੀਂ ਸਨ ਸਕੀਆਂ। ਇਹੋ ਫਾਰਮੂਲਾ ਭਾਜਪਾ ਅੱਜ ਤੱਕ ਵਰਤਦੀ ਜਾ ਰਹੀ ਹੈ।

ਸਾਡੇ ਪੰਜਾਬ ਵਿੱਚ ਧਰਮ ਦਾ ਮੁੱਦਾ ਜਦੋਂ ਅਤੇ ਜਿਸ ਨੇ ਵੀ ਉਭਾਰਿਆ, ਸਾਰਿਆਂ ਲਈ ਇਸ ਦਾ ਨਤੀਜਾ ਇੱਕੋ ਜਿਹਾ ਨਹੀਂ ਰਿਹਾ। ਧਰਮ-ਨਿਰਪੱਖ ਧਿਰਾਂ ਚੋਣਾਂ ਲਈ ਜਦੋਂ ਇਹ ਮੁੱਦਾ ਚੁੱਕਣ ਤਾਂ ਅਕਾਲੀ ਆਗੂ ਇਸ ਦੇ ਹੀਰੋ ਬਣਨ ਲਈ ਏਦਾਂ ਦੀਆਂ ਗੱਲਾਂ ਉਭਾਰਨ ਲੱਗ ਪੈਂਦੇ ਕਿ ਧਰਮ ਦੇ ਨਾਂਅ ਉੱਤੇ ਕਤਾਰਬੰਦੀ ਹੋਣ ਲੱਗਦੀ ਹੈ ਅਤੇ ਜਿਹੜੇ ਲੋਕ ਇਸ ਰਾਜ ਵਿੱਚ ਘੱਟ- ਗਿਣਤੀ ਹਨ, ਉਨ੍ਹਾਂ ਦੀਆਂ ਵੋਟਾਂ ਨਿਗੂਣੀਆਂ ਹੋ ਜਾਂਦੀਆਂ ਅਤੇ ਬਹੁ-ਗਿਣਤੀ ਤੋਂ ਰਾਜ ਕਰਨ ਦੇ ਹੱਕ ਮੰਗਦੀਆਂ ਧਿਰਾਂ ਸਦਾਚਾਰ ਦੀ ਹਰ ਹੱਦ ਲੰਘਣ ਲੱਗਦੀਆਂ ਸਨ। ਪੰਜਾਬ ਦੀ ਲੋੜ ਗਰੀਬੀ ਮਾਰੇ ਲੋਕਾਂ ਦੀ ਜੂਨ ਸੁਧਾਰਨ ਲਈ ਕੁਝ ਕਰਨ ਦੀ ਹੈ, ਕਿਸਾਨੀ ਮੰਦੜੇ ਹਾਲ ਵਿੱਚ ਹੈ, ਮਜ਼ਦੂਰ ਬੇਸ਼ੱਕ ਖੇਤਾਂ ਦਾ ਹੋਵੇ ਜਾਂ ਕਿਸੇ ਉਦਯੋਗਾਂ ਨਾਲ ਜੁੜਿਆ ਜਾਂ ਸਹਾਇਕ ਧੰਦੇ ਕਰਦਾ, ਉਸ ਦੇ ਪਰਵਾਰ ਲਈ ਦੋ ਡੰਗ ਦੀ ਰੋਟੀ ਦਾ ਜੁਗਾੜ ਕਰਨਾ ਬੜਾ ਔਖਾ ਹੈ। ਰਾਜ ਦੀ ਆਰਥਿਕ ਹਾਲਤ ਹਰ ਵਰਗ ਦੇ ਲੋਕਾਂ ਦਾ ਤ੍ਰਾਹ ਕੱਢਣ ਵਾਲੀ ਤੇ ਇਸ ਰਾਜ ਦੇ ਖਜ਼ਾਨੇ ਦੀ ਹਾਲਤ ਇਸ ਦਾ ਭਵਿੱਖ ਹਨੇਰਾ ਹੋਣ ਦੇ ਸੰਕੇਤ ਦੇ ਰਹੀ ਹੈ। ਪਿਛਲੇ ਪੰਜਾਹ ਸਾਲਾਂ ਵਿੱਚ ਏਥੇ ਆਈ ਹਰ ਚੁਣੀ ਹੋਈ ਸਰਕਾਰ ਨੇ ਲੋਕਾਂ ਨੂੰ ਛੋਟਾਂ ਦੇਣ ਦਾ ਮੁਕਾਬਲਾ ਵਿੱਢ ਰੱਖਿਆ ਹੈ, ਪਰ ਕਿਸੇ ਨੇ ਇਸ ਦੇ ਖਜ਼ਾਨੇ ਦੀ ਹਾਲਾਤ ਸੁਧਾਰਨ ਲਈ ਕੁਝ ਨਹੀਂ ਕੀਤਾ। ਰਾਜ ਦੀ ਅਫਸਰਸ਼ਾਹੀ ਮਨ-ਆਈਆਂ ਕਰਦੀ ਹੈ ਤੇ ਇਸ ਸੁਭਾਅ ਨੂੰ ਬਦਲਣ ਲਈ ਕਹਿਣ ਦੀ ਸੋਚਣ ਵਾਲੇ ਹਰ ਰਾਜਸੀ ਆਗੂ ਨੂੰ ਅੱਖਾਂ ਵਿਖਾਉਂਦੀ ਹੈ। ਉਨ੍ਹਾਂ ਕੋਲ ਭੇਜੀ ਗਈ ਹਰ ਫਾਈਲ ਉਸ ਕੰਮ ਦੀ ਅਹਿਮੀਅਤ ਮੁਤਾਬਕ ਨਹੀਂ ਪਰਖੀ ਜਾਂਦੀ, ਅਫਸਰ ਦੀ ਮਰਜ਼ੀ ਜਾਂ ਮਾਇਕ ਹਵਸ ਦੇ ਕੁੰਡਿਆਂ ਨਾਲ ਟੰਗੀ ਰਹਿੰਦੀ ਹੈ। ਬਹੁਤ ਸਾਰੇ ਅਫਸਰ ਰਿਟਾਇਰਮੈਂਟ ਨੇੜੇ ਜਾ ਕੇ ਰਾਜ ਸਰਕਾਰ ਤੋਂ ਉਸ ਦੀਆਂ ਫਾਈਲਾਂ ਕੱਢਣ ਬਦਲੇ ਆਪਣੇ ਲਈ ਸੇਵਾ-ਮੁਕਤੀ ਪਿੱਛੋਂ ਦੀ ਕਿਸੇ ਚੇਅਰਮੈਨੀ ਦਾ ਯਕੀਨ ਮੰਗਦੇ ਸੁਣੇ ਜਾਣ ਲੱਗਦੇ ਹਨ। ਇਹ ਪ੍ਰਵਿਰਤੀ ਪੁਲਸ ਅਫਸਰਾਂ ਵਿੱਚ ਵੀ ਲਗਾਤਾਰ ਵਧਦੀ ਜਾਂਦੀ ਹੈ ਅਤੇ ਉਸ ਪਾਸਿਉਂ ਵੀ ਕਈ ਬੋਰਡਾਂ ਦੇ ਚੇਅਰਮੈਨ ਲੱਗਣੇ ਸ਼ੁਰੂ ਹੋ ਗਏ ਹਨ।

ਸਮਾਂ ਮੰਗ ਕਰਦਾ ਹੈ ਕਿ ਅਫਸਰਸ਼ਾਹੀ ਦੀ ਇਸ ਬਲੈਕਮੇਲ ਕਰਨ ਦੀ ਨੀਤੀ ਅੱਗੇ ਸਪੀਡ ਬਰੇਕਰ ਲਾਇਆ ਜਾਵੇ, ਪਰ ਲਾਉਣ ਦਾ ਕੰਮ ਏਨਾ ਸੌਖਾ ਨਹੀਂ। ਪੰਜਾਬੀ ਕਹਾਵਤ 'ਭਰਾ ਭਰਾਵਾਂ ਦੇ' ਵਾਂਗ ਅਫਸਰਾਂ ਵਿੱਚੋਂ ਕਿਸੇ ਇੱਕ ਵੱਲ ਕੌੜੀ ਨਜ਼ਰ ਕੀਤੀ ਜਾਵੇ ਤਾਂ ਇਕੱਠੀ ਹੋਰ ਅੱਖਾਂ ਵਿਖਾਉਣ ਲੱਗਦੇ ਹਨ। ਸਾਢੇ ਚਾਰ ਸਾਲ ਲੰਘ ਗਏ, ਪਰ ਰਾਜ ਦੀ ਅਫਸਰਸ਼ਾਹੀ ਅਜੇ ਤੱਕ ਮੌਜੂਦਾ ਸਰਕਾਰ ਦੀ ਬਹੁਤੀ ਪ੍ਰਵਾਹ ਇਸ ਕਰ ਕੇ ਨਹੀਂ ਕਰਦੀ ਕਿ ਕੇਂਦਰ ਦੀ ਸਰਕਾਰ ਤੋਂ ਵੀ ਉਨ੍ਹਾਂ ਨੂੰ ਹਮਾਇਤ ਦੇ ਸੰਕੇਤ ਮਿਲਦੇ ਹਨ ਤੇ ਰਾਜ ਦੀ ਵਿਰੋਧੀ ਧਿਰ ਦੀਆਂ ਜਿਹੜੀਆਂ ਪਾਰਟੀਆਂ ਦੇ ਅਜੇ ਤੱਕ ਪੈਰ ਨਹੀਂ ਲੱਗ ਰਹੇ, ਉਨ੍ਹਾਂ ਦੇ ਲੀਡਰ ਵੀ ਕਹਿੰਦੇ ਹਨ ਕਿ ਉਹ ਆ ਕੇ ਸਭ ਸਾਂਭ ਲੈਣਗੇ। ਇਹ ਪੰਜਾਬ ਦੇ ਲੋਕਾਂ ਦੀ ਬਦਕਿਸਮਤੀ ਹੈ ਕਿ ਲੋਕਤੰਤਰ ਕਿੰਨਾ ਵੀ ਚੰਗਾ ਹੋਵੇ, ਇਸ ਵਿੱਚ ਚੌਧਰ ਅਤੇ ਖਜ਼ਾਨੇ ਭਰਨ ਦੀ ਭੁੱਖ ਨੇ ਇਹੋ ਜਿਹੀ ਬਦ-ਅਮਨੀ ਦੇ ਹਾਲਾਤ ਇਸ ਹੱਦ ਤੱਕ ਪੈਦਾ ਕਰ ਦਿੱਤੇ ਹਨ ਕਿ ਕਿਸੇ ਭਲੇ ਦੀ ਆਸ ਕਰਦੇ ਵਕਤ ਸੌ ਵਾਰ ਸੋਚਣਾ ਪੈਂਦਾ ਹੈ। ਇੱਕ ਵੀ ਪਾਰਟੀ ਇਹੋ ਜਿਹੀ ਲੱਭਣੀ ਔਖੀ ਹੈ, ਜਿਸ ਨੂੰ ਸਿਰਫ ਲੋਕਾਂ ਅਤੇ ਪੰਜਾਬ ਦੇ ਹਿੱਤਾਂ ਨਾਲ ਪਿਆਰ ਹੋਵੇ, ਹਰ ਪਾਰਟੀ ਉੱਤੇ ਆਪਣੇ ਹਿੱਤਾਂ ਦੀ ਪੂਰਤੀ ਨੂੰ ਪਹਿਲ ਦੇਣ ਦੇ ਦੋਸ਼ ਲਗਾਤਾਰ ਲੱਗਦੇ ਰਹਿੰਦੇ ਹਨ।

ਇਨ੍ਹਾਂ ਹਾਲਾਤ ਵਿੱਚ ਅੱਜ ਜਿਹੜੀ ਚਿੰਤਾ ਪੱਛਮੀ ਬੰਗਾਲ, ਕੇਰਲਾ, ਤਾਮਿਲਨਾਡੂ ਦੀ ਹੁੰਦੀ ਹੈ, ਭਾਵੇਂ ਆਸਾਮ ਵਿੱਚ ਵੀ ਇਨ੍ਹਾਂ ਤਿੰਨਾਂ ਨਾਲ ਚੋਣਾਂ ਹੋਣੀਆਂ ਹਨ, ਉਹ ਪਹਿਲਾਂ ਹੀ ਭਾਜਪਾ ਕੋਲ ਹੈ, ਹੋਰ ਚਾਰ ਮਹੀਨਿਆਂ ਤੱਕ ਪੰਜਾਬ ਬਾਰੇ ਇਨ੍ਹਾਂ ਤਿੰਨਾਂ ਨਾਲੋਂ ਵੱਧ ਚਿੰਤਾ ਦੀ ਸਥਿਤੀ ਬਣ ਸਕਦੀ ਹੈ। ਆਜ਼ਾਦੀ ਮਿਲਣ ਪਿੱਛੋਂ ਕਿਸੇ ਵੀ ਸਰਕਾਰ ਦੇ ਵਕਤ ਰਾਜਾਂ ਦੀਆਂ ਚੋਣਾਂ ਵਿੱਚ ਏਦਾਂ ਕੇਂਦਰ ਵੱਲੋਂ ਦਖਲ ਦਿੱਤਾ ਜਾਂਦਾ ਵੇਖਿਆ, ਸੁਣਿਆ ਜਾਂ ਪੜ੍ਹਿਆ ਨਹੀਂ ਸੀ ਗਿਆ, ਜਿਹੋ ਜਿਹਾ ਚੋਣਾਂ ਵਾਲੇ ਲਗਭਗ ਹਰ ਰਾਜ ਵਿੱਚ ਇਸ ਵੇਲੇ ਦਿੱਤਾ ਜਾਂਦਾ ਹੈ। ਬਹੁਤੇ ਥਾਂਈਂ ਇਸ ਦੇ ਨਤੀਜੇ ਚੋਣਾਂ ਦੇ ਬਾਅਦ ਕੇਂਦਰ ਵਿੱਚ ਰਾਜ ਕਰਦੀ ਪਾਰਟੀ ਦੇ ਹੱਕ ਵਿੱਚ ਨਿਕਲਣ ਨਾਲ ਉਸ ਨੇ ਇਸ ਨੂੰ ਹਕੀਮ ਲੁਕਮਾਨ ਦਾ ਨੁਸਖਾ ਸਮਝ ਲਿਆ ਅਤੇ ਅੱਗੋਂ ਹਰ ਰਾਜ ਵਿੱਚ ਅਗੇਤਾ ਵਰਤਣ ਲੱਗ ਪਈ ਜਾਪਦੀ ਹੈ। ਪੱਛਮੀ ਬੰਗਾਲ ਵਿੱਚ ਰਾਜ ਕਰਦੀ ਪਾਰਟੀ ਦੀ ਚੋਣ ਮੁਹਿੰਮ ਚਲਾ ਰਹੀ ਕੰਪਨੀ ਦੇ ਦਫਤਰ ਉੱਤੇ ਛਾਪੇ ਮਾਰਨ ਨਾਲ ਕੇਂਦਰ ਦੀਆਂ ਏਜੰਸੀਆਂ ਦਾ ਇੱਕ ਪਾਰਟੀ ਦੇ ਹਿੱਤਾਂ ਵਾਸਤੇ ਕੰਮ ਕਰਦੇ ਹੋਣ ਦਾ ਪ੍ਰਭਾਵ ਹੋਰ ਪੱਕਾ ਹੋ ਗਿਆ ਹੈ, ਪਰ ਇਸ ਨਾਲ ਉਨ੍ਹਾਂ ਏਜੰਸੀਆਂ ਵਿਰੁੱਧ ਲੋਕਾਂ ਵਿੱਚ ਨਾਰਾਜ਼ਗੀ ਓਨੀ ਨਹੀਂ ਜਾਪਦੀ, ਜਿੰਨੀ ਦੀ ਆਸ ਕੀਤੀ ਜਾ ਸਕਦੀ ਹੈ। ਉਲਟਾ ਭਾਜਪਾ ਲੀਡਰ ਇਹ ਕਹਿੰਦੇ ਹਨ ਕਿ ਦੇਸ਼ ਦੀ ਕਮਾਨ ਇਸ ਵੇਲੇ ਇਹੋ ਜਿਹੇ ਮਜ਼ਬੂਤ ਹੱਥਾਂ ਵਿੱਚ ਹੈ, ਜਿਨ੍ਹਾਂ ਦਾ ਰਾਹ ਰੋਕਣਾ ਮੁਸ਼ਕਲ ਹੈ। ਇਹ ਗੱਲ ਬੀਤੇ ਕਿਸੇ ਸਮੇਂ ਵਿੱਚ ਕਹੀ ਹੁੰਦੀ ਤਾਂ ਕੇਂਦਰ ਵਿੱਚ ਰਾਜ ਕਰਦੀ ਧਿਰ ਦੇ ਖਿਲਾਫ ਵਰਤੀ ਜਾਣੀ ਸੀ, ਪਰ ਇਸ ਵਕਤ ਇਸ ਨੂੰ ਵਰਤਣਾ ਇਸ ਕਰ ਕੇ ਅਸੰਭਵ ਹੈ ਕਿ ਦੇਸ਼ ਦੀ ਮੁੱਖ ਧਾਰਾ ਦਾ ਮੀਡੀਆ ਉਨ੍ਹਾਂ ਦੀ ਮੁੱਠ ਵਿੱਚ ਫਸਿਆ ਪਿਆ ਹੈ। ਹਾਲਾਤ ਭਾਰਤ ਨੂੰ ਕੁਰਾਹੇ ਪੈਣ ਤੋਂ ਬਚਾਉਣ ਦੀ ਜਿਹੜੀ ਸਰਗਰਮੀ ਦੀ ਮੰਗ ਕਰਦੇ ਹਨ, ਉਸ ਦੇ ਲਈ ਮਾਹੌਲ ਸੁਖਾਵਾਂ ਨਹੀਂ, ਪਰ ਸੁਖਾਵਾਂ ਬਣਾਉਣ ਦੇ ਯਤਨ ਸੁਹਿਰਦ ਹੋਣ ਤਾਂ ਰਾਹ ਕੱਢਿਆ ਵੀ ਜਾ ਸਕਦਾ ਹੈ। ਕੀ ਕੋਈ ਏਦਾਂ ਦੀਆਂ ਧਿਰਾਂ ਇਸ ਵਕਤ ਭਾਰਤ ਦੀ ਰਾਜਨੀਤੀ ਵਿੱਚ ਹਨ, ਜਿਹੜੀਆਂ ਇਹ ਯਤਨ ਕਰ ਸਕਣਗੀਆਂ ? ਦਾਅਵਾ ਕਈ ਧਿਰਾਂ ਕਰਨਗੀਆਂ, ਪਰ ਅਮਲ ਮੈਦਾਨ ਵਿੱਚ ਜਾਣ ਵੇਲੇ ਇਨ੍ਹਾਂ ਦੀਆਂ ਆਪਸੀ ਕਿੜਾਂ ਤੇ ਆਪਣੇ ਅੰਦਰ ਖਹਿਬਾਜ਼ੀਆਂ ਅੜਿੱਕਾ ਬਣ ਜਾਂਦੀਆਂ ਹਨ। ਜੇ ਇਹ ਧਿਰਾਂ ਇਸ ਵਾਰ ਵੀ ਮੌਕਾ ਨਾ ਸਾਂਭ ਸਕੀਆਂ ਤਾਂ ਬਦਕਿਸਮਤੀ ਹੋਵੇਗੀ।

# ਪਨਿਆੜ ਦਾ ਪਿੜ ਕਦੇ ਮੁਹਿਆਲ ਬ੍ਰਾਹਮਣਾਂ ਨੇ ਵੀ ਬੰਨ੍ਹਿਆ ਸੀ

**ਪਿੰਡ ਵਸਿਆ-60**
**ਵਿਜੇ ਬੰਬੇਲੀ**

ਇਸ ਕਾਲਮ ਰਾਹੀਂ ਜ਼ਿਲ੍ਹਾ ਗੁਰਦਾਸਪੁਰ ਦੇ ਪਠਾਨਕੋਟ-ਅੰਮ੍ਰਿਤਸਰ ਮਾਰਗ 'ਤੇ, ਸ਼ਹਿਰ ਦੀਨਾਨਗਰ ਲਾਗੇ ਉੱਚੇ ਥੇਹ 'ਤੇ ਵਸਦੇ, ਪ੍ਰਾਚੀਨ ਨਗਰ ਪਨਿਆੜ ਜਿਸ ਦਾ ਪਿੜ ਮੁੜ ਮੁਹਿਆਲ ਬ੍ਰਾਹਮਣਾਂ ਨੇ ਬੰਨ੍ਹਿਆ ਸੀ, ਦੀ ਕਥਾ ਤੁਹਾਨੂੰ ਸੁਣਾਉਣੀ ਹੈ। ਇਤਿਹਾਸ-ਮਿਥਿਹਾਸ ਅਨੁਸਾਰ, "ਮੁਹਿਆਲ ਬ੍ਰਾਹਮਣ, ਜਿਹਨਾਂ ਦਾ ਸੰਬੰਧ ਦ੍ਰੋਣਾਚਾਰੀਆ ਦੇ ਪੁੱਤਰ ਅਸ਼ਵਥਾਮਾ ਨਾਲ ਜੁੜਦਾ ਹੈ, ਸੱਤ ਕੁਟੰਬਾਂ: ਛਿੱਬੜ, ਵੈਦ (ਵੈਦਿਆ), ਦੱਤ, ਬਾਲੀ, ਭੀਮਵਾਲ, ਲੌਅ ਅਤੇ ਮੋਹਨ ਦਾ ਸਮੂਹ ਹੈ।" ਇਹ ਬ੍ਰਾਹਮਣ ਉਪ-ਜਾਤੀਆਂ ਦੇ ਪੁਰਖੇ ਜਾਂ ਤਾਂ ਹਲ-ਵਾਹਕ (ਕਿਸਾਨ) ਸਨ ਜਾਂ ਤਲਵਾਰ-ਵਾਹਕ ਅਰਥਾਤ ਸੂਰਮੇ ਸਨ। ਭਾਈ ਪਰਾਗਾ ਅਤੇ ਭਾਈ ਮਤੀ ਦਾਸ-ਸਤੀ ਦਾਸ ਮੁਹਿਆਲ ਬ੍ਰਾਹਮਣ ਹੀ ਸਨ। ਉਦਾਰਵਾਦੀ ਹਿੰਦੂਆਂ ਦੀਆਂ ਇਹ ਧਿਰਾਂ ਸਿੱਖ ਧਰਮ ਨਾਲ ਮੋਹ-ਵੰਤਾਂ ਰਿਸ਼ਤਾ ਰੱਖਦੀਆਂ ਹਨ। ਮੁਹਿਆਲ ਬ੍ਰਾਹਮਣਾਂ ਦੀ ਇੱਕ ਧਿਰ ਨੂੰ ਹੁਸੈਨੀ (ਮੁਸਲਿਮ ਪ੍ਰਸਤ) ਵੀ ਕਿਹਾ ਜਾਂਦਾ ਹੈ। ਇਤਿਹਾਸ ਅਤੇ ਦੰਦ ਕਥਾਵਾਂ ਮੁਤਾਬਿਕ, "ਮਹਾਂਭਾਰਤ ਦੇ ਯੁੱਧ ਉਪਰੰਤ ਅਸ਼ਵਥਾਮਾ (ਦੱਤ) ਇਰਾਕ ਜਾ ਵਸਿਆ ਸੀ, ਜਿੱਥੇ ਉਸ ਦੀ ਔਲਾਦ ਅਤੇ ਸਕੇ-ਸੋਧਰੇ ਵਧੇ-ਫੁਲੇ। ਕਰਬਲਾ, ਇਰਾਕ ਦੇ ਯੁੱਧ ਸਮੇਂ ਇਹਨਾਂ ਬ੍ਰਾਹਮਣਾਂ ਨੇ ਹਜ਼ਰਤ ਹੁਸੈਨ ਦੀ ਹੱਕੀ ਲੜਾਈ ਵਿੱਚ ਉਸ ਦਾ ਸਾਥ ਦਿੱਤਾ। ਇਹਨਾਂ ਬ੍ਰਾਹਮਣਾਂ ਦਾ ਇੱਕ ਬੇਜੋੜ ਯੋਧਾ ਰਾਹਬ ਹਜ਼ਰਤ ਦੇ ਪਰਵਾਰ ਨਾਲ ਹੀ ਵੀਰਗਤੀ ਪਾ ਗਿਆ ਸੀ। ਉਪਰੰਤ ਇਹਨਾਂ ਨੂੰ ਹੁਸੈਨੀ ਬ੍ਰਾਹਮਣ ਕਿਹਾ ਜਾਣ ਲੱਗਾ ਜਿਹੜੇ, ਹਾਲਾਤ ਵੱਸ, ਸੱਤ ਸੌ ਈਸਵੀ ਦੇ ਲਾਗੇ-ਤਾਗੇ, ਮੁੜ ਆਪਣੇ ਪੁਰਵਜਾਂ ਦੇ ਵਤਨ ਭਾਰਤ ਪਰਤ ਸਿਆਲਕੋਟ (ਪਾਕਿਸਤਾਨ) ਖਿੱਤੇ 'ਚ ਉਦੋਂ ਪੈਂਦੇ ਦੀਨਾਨਗਰ ਅਤੇ ਮਗਰੋਂ; ਉਹਨਾਂ ਦੀ ਇੱਕ ਸਾਖ਼ ਪਨਿਆੜ ਆਣ ਵਸੀ।

ਹੋਇਆ ਇਉਂ ਕਿ ਮੁਗਲ ਬਾਦਸ਼ਾਹ ਬਾਬਰ ਦੇ ਸ਼ਾਸਨ ਦੌਰਾਨ ਦੱਤ ਬਰਾਹਮਣ ਰਾਏ ਮਿਧ ਦੇਵ ਦੇ ਵਾਰਸਾਂ ਵਿੱਚੋਂ ਇੱਕ ਧੜਵੈਲ ਯੋਧੇ ਨੇ ਰਾਜਾ ਮੀਨ ਦੇਵ, ਜਿਹੜਾ ਬਾਬਰ ਦਾ ਹਮਜੋਲੀ ਸੀ, ਨੂੰ ਹਰਾ ਕੇ ਪਠਾਨਕੋਟ ਇਲਾਕਾ ਮੱਲ ਲਿਆ। ਜੇਤੂ ਮੁਹਿਆਲਾਂ ਨੇ ਪ੍ਰਚੀਨਤਾ ਅਤੇ ਕੁੱਝ ਹੋਰ ਆਰਥਿਕ (ਜਲ ਸੋਮੇ ਤੇ ਸਬਜ਼ ਧਰਤੀ) ਤੇ ਯੁੱਧਨੀਤਿਕ ਸਹੂਲਤਾਂ ਕਾਰਨ ਰਾਜਧਾਨੀ ਵਜੋਂ ਚੁਣਿਆ, ਉੱਚੇ ਥੇਹ 'ਤੇ ਵਸਦਾ 'ਪਨਿਆੜ'। ਇੱਕ ਕਾਵਿ ਅਨੁਸਾਰ, "ਵੀਰਵਾਰ ਕੇ ਰੋਜ 'ਦੱਤ' ਪਨਿਆੜ ਜੋ ਸਾਧੇ, ਰਾਜਾ ਮੀਨ ਕੋ ਮਾਰ ਫੇਰ ਰਣ ਮੇਂ ਜੋ ਗਾਦੇ।" ਇਹੀ ਨਹੀਂ, ਇਸ ਪਿੰਡ ਨੂੰ ਕਬਜ਼ਾਉਣ ਹਿੱਤ ਵੀ ਮੁਸਲਮਾਨ ਇਥੋਂ ਦੇ ਅਹਿਲਕਾਰਾਂ ਨਾਲ ਯੁੱਧ ਲੜਨਾ ਪਿਆ ਸੀ। ਕਿਹਾ ਜਾਂਦਾ ਹੈ ਕਿ ਰਾਜਾ ਮੀਨ ਦੀ ਹਾਰ ਸੁਣਦਿਆਂ ਬਾਬਰ ਨੇ ਲਾਹੌਰ ਦੇ ਸਾਸ਼ਕ ਨੂੰ ਦੱਤਾਂ ਨੂੰ ਕੁਚਲਣ ਦਾ ਹੁਕਮ ਸਾਦਰ ਕੀਤਾ। ਸਿੱਟਾ; ਭਿਆਨਕ ਤਬਾਹੀ ਹੋਈ ਅਤੇ ਦੱਤਾਂ ਨੂੰ ਸਦਾ ਵਾਸਤੇ ਪਨਿਆੜ ਤਿਆਗਣਾ ਪਿਆ। ਇੱਕ ਮਾਨਤਾ ਅਨੁਸਾਰ ਕਿਸੇ ਵੇਲੇ ਪਨਿਆੜ ਰਾਵੀ ਅਤੇ ਬਿਆਸ ਦੇ ਸੰਗਮ ਕਿਨਾਰੇ ਵੱਸਦਾ ਸੀ। ਭੂਗੋਲਿਕ ਉੱਥਲਾਂ-ਪੁਥਲਾਂ ਤਹਿਤ ਭਾਵੇਂ ਇਹਨਾਂ ਦੋਵੇਂ ਦਰਿਆਵਾਂ ਨੇ ਆਪਣਾ ਵਹਿਣ ਬਦਲ ਲਿਆ, ਪਰ ਪਨਿਆੜ ਫਿਰ ਵੀ ਜਲ-ਲਬਰੇਜ਼ ਰਿਹਾ। ਇੱਕ ਹੋਰ ਮਿੱਥ ਅਨੁਸਾਰ, ਸਮੇਂ-ਸਮੇਂ, ਜਲ-ਸੈਲਾਬਾਂ ਨੇ ਪਨਿਆੜ ਲਾਗਲਾ ਖਿੱਤਾ ਤਾਂ ਕਈ ਵਾਰ ਡੁਬੋਇਆ-ਮਧੋਲਿਆ, ਪਰ ਪਨਿਆੜ ਕਦੇ ਨਾ ਡੁੱਬਿਆ। ਇਸ ਦੇ ਨਾ ਡੁੱਬਣ ਜਾਂ ਨਾ ਗਰਕਣ ਦਾ ਕਾਰਨ ਇਹ ਹੈ, "ਵਿਰਾਟ ਨਗਰੀ (ਦਸੂਹਾ) ਵਿਖੇ ਅਗਿਆਤ-ਵਾਸ ਕੱਟਦੇ ਸਮੇਂ, ਤਲਾਅ (ਪਾਂਡਵ ਸਰੋਵਰ) ਖੋਦਣ ਹਿੱਤ, ਮਹਾਂਬਲੀ ਭੀਮ ਨੇ ਕਹੀ ਦੇ ਢਾਈ ਟੱਪ ਮਾਰ ਕੇ ਜਿਹੜੀ ਮਿੱਟੀ ਵਗਾਹ ਕੇ ਪਠਾਨਕੋਟ ਵੱਲ ਵਗਾਹ ਮਾਰੀ ਸੀ, ਉਹ ਪਹਾੜਾਂ 'ਚ ਡਿੱਗਣ ਦੀ ਬਜਾਏ ਰਾਵੀ-ਬਿਆਸ ਦੇ ਸੰਗਮ ਵੱਲ ਆ ਡਿੱਗੀ। ਸਿੱਟੇ ਵਜੋਂ; ਮਿੱਟੀ ਦਾ ਇੱਕ ਵਿਸ਼ਾਲ ਧੋੜ੍ਹਾ ਬਣ ਗਿਆ ਅਤੇ ਸਮਾਂ ਪਾ ਉਹ ਉੱਚ-ਜਗਾਹ ਵੱਸ-ਰਸ ਗਈ।" ਉਸ ਵਸੇਬ ਦਾ ਕਾਰਨ ਕੋਈ ਵੀ ਹੋਵੇ, ਪਰ ਉਹ ਕਦੋਂ ਹੋਈ ਅਤੇ ਉਸ ਦੀ ਮੋੜ੍ਹੀ ਕਿਸ ਨੇ ਗੱਡੀ ਸੀ ਅਤੇ ਮਗਰੋਂ ਕੀ ਹੋਇਆ-ਵਾਪਰਿਆ, ਇਹ ਸਭ ਇਤਿਹਾਸ ਦੇ ਗਰਭ ਵਿੱਚ ਹੈ।

ਜੰਗਿ-ਆਜ਼ਾਦੀ ਵਿੱਚ ਇਸ ਪਿੰਡ ਨੇ ਬੇਜੋੜ ਹਿੱਸਾ ਪਾਇਆ ਸੀ। ਕਿਰਤੀ ਪਾਰਟੀ ਦੇ ਚੰਨਣ ਸਿੰਘ ਤੁਗਲਵਾਦ, ਕਾ. ਸ਼ਿਵ ਕੁਮਾਰ ਸ਼ਾਰਦਾ ਅਤੇ ਉਸ ਤੋਂ ਛੋਟੀ ਸ਼ਕੁੰਤਲਾਂ ਸ਼ਾਰਦਾ, ਕਾ. ਵਿਸ਼ਨੂੰ ਦੱਤ ਸ਼ਰਮਾ ਅਤੇ ਮੁਜ਼ਾਰਾ ਲਹਿਰ ਦੇ ਉੱਘੇ ਆਗੂ ਕਾ. ਛੱਜੂ ਰਾਮ ਵੈਦ ਦੀ ਇਹ ਜਨਮ ਅਤੇ ਕ੍ਰਮ ਸੱਥਲੀ ਸੀ। ਇਹੀ ਨਹੀਂ, ਚੌਧਰੀ ਰਾਮ ਸਿੰਘ ਦੱਤ (ਸਾਹੋਵਾਲ) ਵੀ ਇੱਥੋਂ ਸਰਗਰਮ ਰਿਹਾ। ਹਾਂ; 1942 ਦੇ ਭਾਰਤ ਛੱਡੋ ਅੰਦੋਲਨ ਵਿੱਚ 'ਪਨਿਆੜ' ਦੇ ਕੇਹਰ ਸਿੰਘ ਅਤੇ ਦਰਸ਼ਨ ਸਿੰਘ ਦਾ ਹਿੱਸਾ ਵੀ ਲਾਸਾਨੀ ਸੀ ਤੇ ਸਿਵਲ ਨਾ-ਫੁਰਮਾਨੀ ਵਿੱਚ ਸ਼ਾਰਦਾ ਦਾ। ਜਿੱਥੇ ਸਿਰਮੌਰ ਨਾਟਕਕਾਰ ਈਸ਼ਵਰ ਚੰਦ ਨੰਦਾ, ਪਨਿਆੜ ਦਾ ਉੱਘਾ ਰੁਕਨ, ਨੇ ਇਸ ਨਗਰ ਨੂੰ ਕੌਮਾਂਤਰੀ ਪ੍ਰਸਿੱਧੀ ਦਿਵਾਈ ਹੋਈ ਹੈ, ਉਥੇ 28 ਅਗਸਤ 1947 ਨੂੰ ਪਾਕਿ ਪ੍ਰਧਾਨ ਮੰਤਰੀ ਲਿਆਕਤ ਅਲੀ ਵੱਲੋਂ ਪੰ. ਜਵਾਹਰ ਲਾਲ ਨਹਿਰੂ ਨਾਲ ਇੱਥੋਂ ਦਾ ਕੀਤਾ ਗਿਆ ਦੌਰਾ '47 ਦੀ ਤ੍ਰਾਸਦੀ ਦੇ ਪੀੜਤਾਂ ਦੀ ਹੂਕ ਬੁੱਝਣ ਦੀ ਗਵਾਹੀ ਭਰਦਾ ਹੈ। ਇਸ ਵੇਲੇ ਦੀ ਗਵਾਹੀ ਲਈ ਇੱਥੇ ਸਥਾਪਤ ਕੀਤਾ ਗਿਆ ਨਹਿਰੂ ਗੇਟ ਜਿੱਥੇ ਸ਼ਰਨਾਰਥੀ ਕੈਂਪਾਂ ਦਾ ਕੀਤਾ ਗਿਆ ਦੌਰਾ, ਵੇਲੇ ਦੀ ਦੁਖਦਾਈ ਤਵਾਰੀਖ ਦੀ ਯਾਦ ਦਿਵਾਉਂਦਾ ਹੈ, ਉਥੇ ਚੌ. ਰਾਮ ਸਿੰਘ ਦੱਤ ਯਾਦਗਾਰੀ ਗੇਟ ਜੰਗਿ-ਏ-ਆਜ਼ਾਦੀ ਵਿੱਚ 'ਪਨਿਆੜ' ਵੱਲੋਂ ਕੀਤੀਆਂ ਕੁਰਬਾਨੀਆਂ ਦੀ ਸ਼ਾਹਦੀ ਭਰਦਾ ਹੈ।

ਹਾਂ, ਮਗਰਲਾ, ਜੋ ਪਤਾ ਲੱਗਾ, ਉਹ ਸੰਖੇਪ 'ਚ ਕੁੱਝ-ਕੁੱਝ, ਇਉਂ ਹੈ: ਬਾਦਸ਼ਾਹ ਅਕਬਰ (1556-1605 ਈ:) ਵੇਲੇ ਪੰਜਾਬ ਨਹੀਂ, ਲਾਹੌਰ ਸੂਬੇ ਦਾ ਦਰਜਾ ਰੱਖਦਾ ਸੀ, ਜਿਹੜਾ ਅੱਗੇ ਅੱਠ ਸਥਾਨਕ ਪ੍ਰਬੰਧਾਂ (ਸਰਕਾਰਾਂ/ਜ਼ਿਲ੍ਹੇ) ਅਧੀਨ ਵੰਡਿਆ ਹੋਇਆ ਸੀ। ਹਰ ਸਰਕਾਰ, ਅਗਾਂਹ ਮਹਿਲਾਂ (ਪਰਗਨਿਆਂ/ਤਹਿਸੀਲਾਂ) ਰਾਹੀਂ ਕਾਰਜ-ਕਰਤਾ ਸੀ। ਇੱਕ ਸਰਕਾਰ ਬਟਾਲਾ ਸੀ। ਇਸ ਅਧੀਨ 14 ਮਹਿਲ ਸਨ। ਇਹਨਾਂ ਵਿੱਚੋਂ ਇੱਕ ਨਾਮਵਰ ਮਹਿਲ 'ਪਨਿਆੜ' ਸੀ, ਜਿਸ ਦੀ ਮਾਲਕੀ ਅਧੀਨ ਕਰੀਬ 66 ਹਜ਼ਾਰ ਵਿੱਘੇ ਭੋਇੰ ਸੀ ਅਤੇ ਪ੍ਰਬੰਧਾਂ ਹਿੱਤ ਲੱਗਭੱਗ 500 ਸੈਨਿਕ ਅਤੇ ਡੇਢ ਸੌ ਘੋੜ-ਚੜ੍ਹੇ ਯੋਧੇ ਸਨ। ਪ੍ਰਸਿੱਧ ਵੈਸ਼ਨਵ ਧਾਰਮਿਕ ਪੀਠ 'ਪੰਡੋਰੀ ਮਹੰਤਾਂ' (ਗੁਰਦਾਸਪੁਰ) 'ਚ ਉਪਲੱਬਧ, ਨਵਾਬ ਜ਼ਕਰੀਆ ਖਾਂ ਲਾਹੌਰ ਵੇਲੇ ਦੇ ਸੰਨ 1736 ਅਤੇ 1744 ਦੇ ਦਸਤਾਵੇਜ਼ਾਂ ਅਨੁਸਾਰ ਅਤੇ ਮਿਸਲਾਂ ਵੇਲੇ ਦੇ 1769 ਈ: ਦੇ ਦਸਤਾਵੇਜ਼ਾਂ ਵਿੱਚ ਪਨਿਆੜ ਦਾ ਸੁਲੱਖਣਾ ਜ਼ਿਕਰ ਦਰਜ ਹੈ। ਸਮੇਂ ਦੇ ਗੇੜ੍ਹ ਅਤੇ ਕਨ੍ਹਈਆ ਅਤੇ ਰਾਮਗੜ੍ਹੀਆ ਮਿਸਲਾਂ ਦੇ ਰਾਜ ਉਪਰੰਤ ਜਦ ਮਹਾਰਾਜਾ ਰਣਜੀਤ ਸਿੰਘ ਨੇ ਇਹ ਖਿੱਤਾ ਹਥਿਆ ਲਿਆ ਤਾਂ ਇਸ ਖੇੜੇ ਦੀ ਮਹੱਤਤਾ ਬੁੱਝਦਿਆਂ ਇਸ ਨਗਰ ਦਾ ਦਰਜਾ ਮਹਿਲ ਦੀ ਬਜਾਏ ਅੱਵਲ ਪਰਗਨਾ ਮਿੱਥਿਆ ਗਿਆ। ਇਹੀ ਨਹੀਂ; ਬ੍ਰਿਟਿਸ਼ ਸਾਮਰਾਜ ਦੀ ਇੱਕ ਪ੍ਰਬੰਧਕੀ ਮਿਸਲ (1878-79) ਅਨੁਸਾਰ "ਗੁਰਦਾਸਪੁਰ ਤਹਿਸੀਲ ਦੀਆਂ 19 ਜੈਲਾਂ ਵਿੱਚੋਂ 'ਪਨਿਆੜ' ਪ੍ਰਮੁੱਖ ਜੈਲ ਹੈ, ਜਿਸ ਅਧੀਨ ਪਿੰਡਾਂ ਦੀ ਗਿਣਤੀ 39 ਹੈ।" ਇਹ ਦਸਤਾਵੇਜ਼ ਅਤੇ ਤਾਰੀਖੀ ਗਵਾਹੀਆਂ ਦਰਸਾਉਂਦੀਆਂ ਹਨ ਕਿ ਆਪਣੀ ਸਰਕਾਰੀ ਗੰਨਾਂ ਮਿੱਲ ਵਾਂਗ ਪੀੜ ਹੋ ਚੁੱਕਾ 'ਪਨਿਆੜ' ਵੀ ਕਦੇ ਸ਼ਾਹ ਬੁਲੰਦ ਸੀ।"

*ਸੰਪਰਕ : 94634-39075*

# ਸੂਫੀ ਗਾਇਕੀ ਦੀ ਅਮੀਰੀ ਨੂੰ ਛੂਹਿਆ ਪੂਰਨ ਸ਼ਾਹਕੋਟੀ ਨੇ

**ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇਂ-48**
**ਸੁਰਜੀਤ ਸੁਮਨ**

ਕੋਈ ਵੀ ਫਨਕਾਰ ਜਦੋਂ ਕੋਈ ਰਾਗ ਗਾਉਂਦੈ, ਓਸ ਵੇਲ਼ੇ ਓਸ ਦੀ ਗਾਇਨ ਕਲਾ ਵਿੱਚੋਂ ਗੁਰੂ ਸ਼ੈਲੀ, ਸਾਧਨਾ, ਸਮਰਥਾ, ਸੁਹਜ, ਸਬਰ ਆਦਿ ਸਾਰੇ ਅਛੋਪਲੇ ਜਿਹੇ ਰੂਹਾਨੀ ਜਿਹਾ ਝਲਕਾਰਾ ਮਾਰਨ ਲਗਦੇ ਹਨ। ਇਹ ਸੁਣ, ਸਰੋਤਾ ਵਾਹ ! ਵਾਹ ! ਕਹਿ ਉੱਠਦਾ ਹੈ। ਕਿਸੇ ਸਮਰਪਿਤ ਸ਼ਾਗਿਰਦ ਨੂੰ ਅਜਿਹਾ ਵਰਦਾਨ ਆਪ-ਮੁਹਾਰੇ ਨਹੀਂ ਮਿਲ਼ਦਾ। ਇਹ ਉਸਦੀ ਘਾਲ਼ਣਾ, ਸਮਰਪਣ, ਤਿਆਗ, ਸੂਝ-ਬੂਝ ਤੇ ਤੀਖਣ ਬੁੱਧੀ ਦਾ ਫਲ਼ ਹੁੰਦਾ ਹੈ। ਅਜਿਹੇ ਫਲ਼ ਦੀ ਪ੍ਰਾਪਤੀ ਐਵੇਂ ਤਾਂ ਨਹੀਂ ਹੁੰਦੀ, ਇਸ ਦੇ ਲਈ ਆਪਣੇ ਆਪ ਨੂੰ ਧੂਣੀ ਵਾਂਗ ਧੁਖਦਾ ਰੱਖਣਾ ਪੈਂਦਾ ਹੈ, ਪ੍ਰਚੰਡ ਅਗਨੀ ਵਾਂਗ ਲਟ-ਲਟ ਬਲ਼ਦਿਆਂ ਰੱਖਣਾ ਹੁੰਦਾ ਹੈ। ਤਪੱਸਿਆ ਕਰਨੀ ਪੈਂਦੀ ਹੈ।

ਬੀਤੇ ਵਰ੍ਹੇ ਦੇ ਅੰਤਲੇ ਦਿਨੀਂ ਆਪਣੇ ਆਪ ਨੂੰ ਕੁੱਲੀ ਵਾਲ਼ਾ ਫ਼ਕੀਰ ਅਖਵਾ ਕੇ ਖ਼ੁਸ਼ ਹੋਣ ਵਾਲ਼ਾ, ਆਪਣੇ ਸ਼ਾਗਿਰਦਾਂ ਨੂੰ ਰਾਗ ਵਿੱਦਿਆ ਤੇ ਪੰਜਾਬੀ ਦੀ ਭਾਸ਼ਾਈ ਅਮੀਰੀ ਦੀ ਸ਼ੁੱਧਤਾ ਦੀਆਂ ਬਾਰੀਕੀਆਂ ਵੱਲ ਪ੍ਰੇਰਿਤ ਕਰਨ ਵਾਲ਼ਾ ਗਵੱਈਆ ਉਸਤਾਦ ਪੂਰਨ ਸ਼ਾਹਕੋਟੀ ਵੀ ਪੂਰਨ ਹੋਇਆ। ਚੇਤੇ ਕਰਦਿਆਂ ਮੇਰੀ ਚੇਤਨਾ ਅੰਦਰ ਬਿਲਾਵਲ 'ਚ ਸੁਰਬੱਧ ਗੁਰਬਾਣੀ ਦਾ ਸ਼ਬਦ ਉਦੈ ਹੋਣ ਲਗਦਾ ਹੈ, 'ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ॥ ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥' ਵਿਦਵਾਨ ਲੋਕ ਆਖਦੇ ਹਨ, 'ਮੌਤ ਜ਼ਿੰਦਗੀ ਦਾ ਅੰਤਿਮ ਸੱਚ ਐ।' ਫ਼ਕੀਰਾਨਾ ਅੰਦਾਜ਼ ਵਿੱਚ ਇਸ ਨੂੰ ਪਰਦਾ ਕਰਨਾ, ਰੱਬ ਨੂੰ ਪਿਆਰਾ ਹੋ ਜਾਣਾ ਤੇ ਚੋਲ਼ਾ ਬਦਲਣਾ ਵੀ ਆਖ ਲਿਆ ਜਾਂਦਾ ਹੈ।

ਯੂਟਿਊਬ ਫਰੋਲਦਿਆਂ ਇੱਕ ਵੀਡੀਓ ਪ੍ਰਗਟ ਹੋਈ। ਦੂਰਦਰਸ਼ਨ ਦੇ ਕਿਸੇ ਪ੍ਰੋਗਰਾਮ ਵਿੱਚ ਪੂਰਨ ਸ਼ਾਹਕੋਟੀ ਆਪਣੇ ਗਭਰੇਟ ਪੁੱਤਰ ਮਾਸਟਰ ਸਲੀਮ ਨਾਲ਼ ਰਲ਼ ਕੇ ਸੂਫੀ ਸ਼ਾਇਰ ਸ਼ਾਹ ਹੁਸੈਨ ਦਾ ਕਲਾਮ 'ਓ ਰੱਬਾ ਮੇਰੇ ਹਾਲ ਦਾ ਮਹਿਰਮ ਤੂੰ' ਜਦੋਂ ਉਹ ਰੂਹ ਤੀਕ ਭਿੱਜ ਕੇ ਗਾਉਂਦਾ ਹੈ, ਉਦੋਂ ਸਮਾਂ ਬੱਝ ਜਾਂਦਾ ਹੈ। ਅਗਲੀ ਸਤਰ 'ਅੰਦਰ ਤੂੰ ਹੈਂ ਬਾਹਰ ਤੂੰ ਹੈਂ/ ਮੇਰੇ ਰੋਮ ਰੋਮ ਵਿੱਚ ਤੂੰ' ਗਾਉਂਦਿਆਂ ਓਹਦਾ ਸੂਫੀਆਨਾ ਅੰਦਾਜ਼ ਲੱਖਾਂ-ਕਰੋੜਾਂ ਨਿਆਸਰਿਆਂ, ਨਿਓਟਿਆਂ, ਨਿਥਾਵਿਆਂ ਦੀ ਆਸ ਹੋ ਬਣ ਜਾਂਦਾ ਹੈ। ਫ਼ਕੀਰੀ ਅੰਦਾਜ਼ ਵਿੱਚ ਉਹਦਾ ਗਾਇਨ ਮਨੁੱਖ ਦੇ ਸਬਰ-ਸ਼ੁਕਰ ਦੀ ਸਿਖਰ ਹੋ ਨਿਬੜਦਾ ਹੈ। ਇੰਝ ਓਹਦਾ ਗਾਇਨ ਇਸ਼ਕ ਹਕੀਕੀ ਰਾਹੀਂ ਬਿਰਹਾ ਦੀਆਂ ਉਚਾਈਆਂ ਨੂੰ ਛੂਹਣ ਲਗਦਾ ਹੈ। ਰਾਗਾਂ ਨਾਲ਼ ਇੱਕ-ਮਿੱਕ ਹੁੰਦਿਆਂ ਓਹਦਾ ਜੋਗੀਆ ਲਿਬਾਸ ਤਿਆਗ ਦੀ ਮੂਰਤ ਬਣਦਿਆਂ ਬੰਦੇ ਨੂੰ ਨਿਰਾਸ਼ਾ ਚੋਂ ਕੱਢ ਕੇ ਆਸ ਤੇ ਉਮੀਦ ਵੱਲ ਲੈ ਤੁਰਦਾ ਹੈ।

ਇੱਕ ਮੁਲਾਕਾਤ ਵਿੱਚ ਉਹ ਦੱਸ ਰਹੇ ਸਨ, 'ਸੰਨ ਪੰਜਾਹ ਦੇ ਲਾਗੇ-ਸ਼ਾਗੇ ਮੇਰਾ ਜਨਮ ਹੋਇਆ। ਆਫਟਰ ਪਾਰਟੀਸ਼ਨ। ਮੇਰੇ ਦਾਦਾ ਸਰਦਾਰਾ ਜੀ, ਮੇਰੇ ਪਿਤਾ ਨਿਰੰਜਣ ਦਾਸ ਜੀ, ਮੇਰੀ ਮਾਂ ਸਾਰਾ ਪਰਿਵਾਰ ਈ ਮਿਊਜ਼ਿਕ ਨਾਲ਼ ਮੋਹ ਰੱਖਦੇ ਸਨ। ਅਸੀਂ ਮੀਰ ਆਲਮ ਹੁੰਦੇ ਆਂ। ਸਾਡਾ ਤਾਅਲੁਕ ਪਟਿਆਲ਼ਾ ਘਰਾਣੇ ਨਾਲ਼ ਹੈ। ਸਾਡੇ ਲੋਕ ਪੜ੍ਹਦੇ ਨਹੀਂ ਸਨ ਹੁੰਦੇ ਉਦੋਂ, ਪਰ ਮੇਰੇ ਬਜ਼ੁਰਗਾਂ ਨੇ ਮੈਨੂੰ ਪੜ੍ਹਾਇਆ। ਫਿਰ ਮੈਂ ਸ਼ਾਹਕੋਟ ਤੋਂ ਜਲੰਧਰ ਆ ਗਿਆ। ਮੈਂ ਚਾਹੁੰਦਾ ਸੀ ਮੇਰੀ ਗਾਇਕੀ ਦਾ ਪ੍ਰਦਰਸ਼ਨ ਹੋਵੇ। ਮੈਂ ਸਟਰਗਲ ਕਰ ਰਿਹਾ ਸੀ। ਕਿਸੇ ਨਾਲ਼ ਢੋਲਕੀ ਵਜਾ, ਕਿਸੇ ਨਾਲ਼ ਵਾਜਾ ਵਜਾ ਲੈਣਾ। ਧੱਕੇ-ਧੁੱਕੇ ਖਾਂਦਾ ਫਿਰਦਾ ਸੀ। ਬਹੁਤ ਲੋਕਾਂ ਨੇ ਮੇਰੀ ਮਦਦ ਕੀਤੀ। ਇੱਕ ਵਾਰ ਮੈਂ ਮੰਢਾਲ਼ੀ ਸ਼ਰੀਫ ਮੇਲੇ 'ਤੇ ਚਲਾ ਗਿਆ। ਓਥੇ ਮੇਰਾ ਮੇਲ਼ ਉਸਤਾਦ ਬਾਕਰ ਹੁਸੈਨ ਖਾਂ ਸਾਅਬ ਨਾਲ਼ ਹੋਇਆ। ਮੇਰੀ ਭੂਆ ਤਾਰੋ ਵੀ ਬਹੁਤ ਸੁਰੀਲਾ ਗਾਉਂਦੀ ਸੀ। ਅਸੀਂ ਉੱਥੇ ਗਾ ਰਹੇ ਸੀ। ਫਿਰ ਮੈਂ ਉਨ੍ਹਾਂ ਦਾ ਸ਼ਾਗਿਰਦ ਹੋ ਗਿਆ। ਮੇਰੇ ਸ਼ਾਗਿਰਦ ਹੰਸ ਰਾਜ ਹੰਸ ਨੇ ਸਾਰੀ ਦੁਨੀਆਂ ਵਿੱਚ ਮੇਰਾ ਨਾਮ ਕੀਤਾ। ਮੈਂ ਸਮਝਦਾ ਉਹ ਮੇਰਾ ਸ਼ਾਗਿਰਦ ਨਹੀਂ, ਅਸੀਂ ਦੋਸਤ ਆਂ। ਮੈਂ ਉਹਦਾ ਆਸ਼ਕ ਆਂ। ਉਹ ਮੇਰੀ ਹਰ ਸੋਚ 'ਤੇ ਪੂਰਾ ਉੱਤਰਿਆ। ਜਦੋਂ ਦੋ ਦੀਵਿਆਂ ਦੀ ਲਾਟ ਇੱਕ ਹੋ ਜਾਵੇ ਤਾਂ ਚਾਨਣ ਹੋ ਜਾਂਦੈ। ਜਿਵੇਂ; 'ਫਿਰ ਰਫਤਾ ਰਫਤਾ ਉਹ ਮੇਰੀ ਹਸਤੀ ਦਾ ਸਾਮਾਅ ਹੋ ਗਿਆ/ਆਪ ਸੇ ਫਿਰ ਤੁਮ ਹੂਏ ਫਿਰ ਤੂੰ ਕਾ ਓਨਮਾ ਹੋ ਗਿਆ।'

ਹੰਸ ਮੇਰਾ ਪਹਿਲਾ ਸ਼ਗਿਰਦ ਆ। ਫਿਰ ਅਸੀਂ ਇਕੱਠੇ ਤੁਰਦੇ ਰਹੇ। ਦੁੱਖ ਵੀ ਬਹੁਤ ਝੱਲੇ। ਅਸੀਂ ਜਿੱਥੇ ਵੀ ਜਾਂਦੇ ਪੈਦਲ ਈ ਜਾਂਦੇ। ਫਿਰ ਸਾਈਕਲ ਵੀ ਲਿਆ ਕਿਸੇ ਤਰੀਕੇ ਨਾਲ਼। ਅਸੀਂ ਦੁੱਖ-ਸੁੱਖ, ਭੁੱਖਾਂ ਕੱਟ ਕੇ ਵੀ ਰਿਆਜ਼ ਜਾਰੀ ਰੱਖਿਆ। ਉਸਤਾਦ ਸਲਾਮਤ ਅਲੀ ਖਾਂ ਸਾਅਬ, ਨੁਸਰਤ ਸਾਅਬ, ਗੁਲਾਮ ਅਲੀ ਖਾਂ ਸਾਅਬ, ਸਾਇਦਾ ਪ੍ਰਵੀਨ, ਲਤਾ ਜੀ, ਰਫੀ ਸਾਅਬ, ਯਮਲਾ ਜੀ, ਜਗਜੀਤ-ਚਿਤਰਾ ਜੀ, ਬੇਗਮ ਅਖ਼ਤਰ, ਪੰਡਿਤ ਯਸ਼ਰਾਜ, ਭੀਮ ਸੈਨ ਜੋਸ਼ੀ ਅਸੀਂ ਸਾਰਿਆਂ ਨੂੰ ਰੂਹ ਨਾਲ਼ ਸੁਣਦੇ ਸਾਂ। ਮੇਰੇ ਮਨ ਵਿੱਚ ਹੁੰਦਾ ਸੀ ਕਿ ਮੈਂ ਹੋਰ ਵੀ ਮਿਹਨਤ-ਮੁਸ਼ੱਕਤ ਕਰਾਂ। ਅੱਜ ਟੈਕਨਾਲੋਜੀ ਦਾ ਸਮਾਂ। ਤੁਹਾਡੇ ਕੋਲ਼ ਪੈਸਾ, ਤੁਸੀਂ ਕਿਸੇ ਮਿਊਜ਼ਿਕ ਡਾਇਰੈਕਟਰ ਨੂੰ ਮਿਲ਼ ਕੇ ਪੈਸਾ ਦਿਓ, ਗੀਤ ਕੱਠੇ ਕਰਕੇ ਗੀਤ ਕਰਵਾ ਲਓ। ਪਰ ਜੇ ਸੁਰ 'ਚ ਨਈਂ ਤਾਂ ਪੈਸਾ ਨਹੀਂ ਲਾਉਣਾ ਚਾਹੀਦਾ। ਸਮੇਂ ਦੀ ਗੱਲ ਹੁੰਦੀ ਆ। ਉਦੋਂ ਰੇਡੀਓ ਤੇ ਗਾਉਂਦੇ ਸੀ। ਪਹਿਲਾਂ-ਪਹਿਲ ਮੈਨੂੰ ਸੱਤ ਵਾਰੀ ਕਿਸੇ ਨੇ ਰੇਡੀਓ ਸਟੇਸ਼ਨ ਦਾ ਦਰਵਾਜ਼ਾ ਲੰਘਣ ਨਹੀਂ ਦਿੱਤਾ।

ਇੱਕ ਵਾਰ ਮੈਂ ਜਲੰਧਰ ਰਾਮ ਲੀਲਾ 'ਚ ਗਾ ਰਿਹਾ ਸੀ। ਮੇਰਾ ਭਰਾ ਰੇਸ਼ਮ ਤਬਲਾ ਵਜਾ ਰਿਹਾ ਸੀ। ਜਦੋਂ ਕੋਈ ਸੀਨ ਚੇਜ਼ ਕਰਦੇ ਸੀ, ਉਦੋਂ ਮੈਂ ਗਾਉਂਦਾ ਸੀ। ਮੈਂ ਗੁਲਾਮ ਅਲੀ ਸਾਅਬ ਦਾ ਗੀਤ ਗਾ ਰਿਹਾ ਸੀ, 'ਮੇਰੇ ਸ਼ੌਕ ਦਾ ਨਈਂ ਇਤਬਾਰ ਤੈਨੂੰ।' ਉਦੋਂ ਇੱਕ ਚਿੱਟੇ ਰੰਗ ਦੀ ਫੀਅਟ ਸਟੇਜ ਪਿੱਛੇ ਆ ਕੇ ਰੁਕੀ। ਉਸ ਵਿੱਚੋਂ ਇੱਕ ਬੰਦਾ ਉੱਤਰ ਕੇ ਸਟੇਜ 'ਤੇ ਆ ਚੜ੍ਹਿਆ। ਉਹ ਰੇਡੀਓ ਸਟੇਸ਼ਨ ਜਲੰਧਰ ਦੇ ਡਾਇਰੈਕਟਰ ਸਨ। ਕਹਿਣ ਲੱਗਾ ਜਿਹੜਾ ਮੁੰਡਾ ਗਾ ਰਿਹਾ ਸੀ, ਓਹਦਾ ਇੱਕ ਗੀਤ ਹੋਰ ਸੁਣਨਾ। ਫਿਰ ਉਨ੍ਹਾਂ ਮੈਨੂੰ ਆਪਣੀ ਕੋਠੀ ਬੁਲਾਇਆ। ਮੈਨੂੰ ਇੱਕ ਚਿੱਟ ਦਿੱਤੀ। ਮੈਂ ਗਾਇਆ, 'ਡੂੰਘੇ ਪੈਂਡੇ ਥਲ਼ਾਂ ਵਾਲ਼ੇ ਮੁੱਕਦੇ ਨਈਓਂ/ ਪੈਰੀਂ ਪੈ ਗਏ ਨੇ ਛਾਲੇ ਪਰ ਰੁਕਦੇ ਨਈਓਂ।'

ਹੰਸ ਜੀ, ਸਾਬਰਕੋਟੀ, ਜੱਸੀ ਤੇ ਹੋਰ ਬਹੁਤ ਸਾਰੇ ਅੱਛੇ ਕਲਾਕਾਰ ਆ, ਮੇਰੇ ਸ਼ਾਗਿਰਦ ਆ। ਸਲੀਮ ਤੇ ਪ੍ਰਵੇਜ਼ ਮੇਰੇ ਬੇਟੇ ਆ। ਗਿਆਰਾਂ ਸਾਲ ਦੀ ਉਮਰ ਵਿੱਚ ਸਲੀਮ ਦੇ ਗੀਤ ਦੀ ਰਿਕਾਰਡਿੰਗ ਹੋਈ ਸੀ। ਦੂਰਦਰਸ਼ਨ ਦੇ ਬਠਿੰਡਾ ਕੇਂਦਰ ਦੀ ਸੈਰੇਮਨੀ ਸੀ। ਉੱਥੇ ਰੰਗਾਰੰਗ ਪ੍ਰੋਗਰਾਮ ਹੋਣਾ ਸੀ। ਲੋਕ ਸਭਾ ਦੇ ਸਪੀਕਰ ਬਲਰਾਮ ਜਾਖੜ ਨੇ ਆਉਣਾ ਸੀ। ਮੈਂ ਵੀ ਉੱਥੇ ਜਾਣਾ ਸੀ। ਸਲੀਮ ਦਸ ਸਾਲ ਦਾ ਸੀ। ਉਹ ਮੇਰੇ ਸਕੂਟਰ 'ਤੇ ਆ ਕੇ ਬਹਿ ਗਿਆ। ਸੰਤੋਸ਼ ਮਿਸ਼ਰਾ ਪਰਿਵਾਰ ਮੇਰੇ 'ਤੇ ਟੈਲੀਵਿਜ਼ੀਨ ਦੇ ਬਲੈਕ ਐਂਡ ਵਾਈਟ ਸਮੇਂ ਤੋਂ ਈ ਮਿਹਰਬਾਨ ਸੀ। ਸਲੀਮ ਮੇਰੇ ਕੋਲ਼ ਬੈਠਾ ਸੀ। ਮੈਂ ਤੇ ਹੰਸ ਜਦੋਂ ਰਿਆਜ਼ ਕਰਦੇ, ਸਲੀਮ ਕੋਲ਼ ਬੈਠਾ ਹੁੰਦਾ। ਉਨ੍ਹਾਂ ਸਲੀਮ ਨੂੰ ਕੁਝ ਸੁਣਾਉਣ ਲਈ ਕਿਹਾ। ਸਲੀਮ ਕਹਿਣ ਲੱਗਾ, ਸੁਰ ਰੱਖੋ ਜੀ। ਮੈਂ ਹੈਰਾਨ ਹੋਇਆ। ਓਹਦੀ ਸਮਝ ਦੇਖ ਕੇ। ਸਲੀਮ ਨੇ ਗਾਇਆ, 'ਮੇਰੇ ਦਿਲ ਵਿੱਚ ਉੱਠਦੀ ਏ ਹੂਕ।' ਫਿਰ ਓਹਦਾ ਇਹੋ ਗੀਤ ਲਾਈਵ ਟੈਲੀਕਾਸਟ ਹੋਇਆ। ਹਾਲ ਵਿੱਚ ਕਲੈਪਿੰਗ ਹੋ ਰਹੀ ਸੀ। ਮੇਰੇ ਲੂੰਅ ਕੰਡੇ ਹੋ ਗਏ। ਸਲੀਮ ਸਲੀਮ ਹੋ ਗਈ। ਫਿਰ ਇੱਕ ਵਾਰ ਮੈਨੂੰ ਕੈਨੇਡਾ ਬੁਲਾਇਆ। ਮੇਰੇ ਵਾਸਤੇ ਕੈਨੇਡਾ ਜਾਣਾ ਵੀ ਵੱਡੀ ਗੱਲ ਸੀ। ਇੱਕ ਫ਼ਕੀਰ ਜਹਾਜ਼ 'ਤੇ ਚੜ੍ਹ ਆਇਆ। 'ਖਸ-ਖਸ ਜਿੰਨਾ ਕਦਰ ਨਾ ਮੇਰਾ/ ਸਾਹਿਬ ਨੇ ਵਡਿਆਈ ਆਂ/ ਮੈਂ ਗਲ਼ੀਆਂ ਦਾ ਕੂੜਾ-ਰੂੜਾ/ ਸਾਹਿਬ ਮਹਿਲ ਚੜ੍ਹਾਈ ਆਂ।'

ਪਰਦਾ ਕਰ ਗਏ ਆਪਣੇ ਗੁਰੂ ਉਸਤਾਦ ਪੂਰਨ ਸ਼ਾਹਕੋਟੀ ਜੀ ਬਾਰੇ ਭਰੇ ਮਨ ਨਾਲ਼ ਹੰਸ ਆਖਦੇ ਹਨ, 'ਪੰਜ ਛੇ ਦਿਨ ਪਹਿਲਾਂ ਉਨ੍ਹਾਂ ਨੇ ਕਿਹਾ ਕਿ ਬੇਟਾ ਦਿਲ ਮਜ਼ਬੂਤ ਕਰਕੇ ਰੱਖਣਾ। ਮਾਲਕ ਕਹਿੰਦਾ ਆ ਜੋ ਹੁਣ। ਅਸੀਂ ਸਮਝੇ ਨਈਂ। ਅਸੀਂ ਕਿਹਾ ਤਕਲੀਫ 'ਚ ਆ। ਵੈਸੇ ਈ ਗੱਲ ਕਰਦੇ ਆ। ਮੈਂ ਕੈਨੇਡੇ ਗਿਆ ਸੀ, ਕਹਿੰਦੇ ਕਦੋਂ ਕੁ ਆਉਣੈ ਕਾਕਾ ? ਮੈਂ ਕਿਹਾ ਜੀ ਮੈਂ ਜਲਦੀ ਆ ਜਾਣਾ। ਕਹਿੰਦੇ ਹੁਣ ਮਿਲਣਾ ਕਿ ਬਾਅਦ 'ਚ ਮਿਲਣਾ ? ਮੈਂ ਗੱਲ ਸਮਝ ਗਿਆ। ਮੈਂ ਫਿਰ ਆ ਗਿਆ। ਬੁੱਲ੍ਹਾ ਸ਼ੌਹ ਪਿਆਰੇ ਬਾਝੋਂ/ ਨਾ ਰਹੇ ਪਾਰ ਉਰਾਰ/ ਰੱਬ ਹੁਣ ਕੀ ਕਰੀਏ/ ਉੱਠ ਗਏ ਗਵਾਂਢੋਂ ਯਾਰ।' ਇੰਝ ਕੁੱਲੀ ਵਾਲ਼ੀ ਫ਼ਕੀਰੀ ਤੋਂ ਸੂਫੀ ਗਾਇਕੀ ਦੀ ਅਮੀਰੀ ਨੂੰ ਛੂਹਿਆ ਪੂਰਨ ਹੋਏ ਪੂਰਨ ਸ਼ਾਹਕੋਟੀ ਜੀ ਨੇ।

**ਸੰਪਰਕ : 98144-30874**

# ਬੂਟਾ ਸਿੰਘ ਦਾ ਲਾਇਆ ਰੰਗਮੰਚੀ ਬੂਟਾ, ਵੰਡਦਾ ਰਹੇਗਾ ਸੱਭਿਆਚਾਰ ਦੀ ਖ਼ੁਸ਼ਬੋ

**ਅਮੋਲਕ ਸਿੰਘ**

ਰੰਗ ਕਰਮੀ ਬੂਟਾ ਸਿੰਘ ਬਠਿੰਡਾ 4 ਜੂਨ 1939 ਨੂੰ ਨਥਾਣਾ ਵਿਖੇ ਮਾਂ ਕਿਸ਼ਨ ਕੌਰ ਅਤੇ ਪਿਤਾ ਹਰਦਿਆਲ ਸਿੰਘ ਦੇ ਘਰ ਪੈਦਾ ਹੋਏ।ਪਿਤਾ ਦਾ ਸਾਇਆ ਬਚਪਨ 'ਚ ਸਿਰ ਤੋਂ ਉੱਠ ਗਿਆ। ਆਪਣੇ ਪਰਵਾਰ 'ਚੋਂ ਸਿਰਫ ਉਹ ਹੀ ਪੜ੍ਹ ਸਕੇ ਅਤੇ ਉਹਨਾਂ ਆਪਣੇ ਦਮ ਤੇ ਨਥਾਣਾ ਤੋਂ 10ਵੀਂ ਕਰਨ ਉਪਰੰਤ ਐਮ ਏ ਅੰਗਰੇਜੀ ਪਾਸ ਕੀਤੀ।ਉਹਨਾਂ ਦਾ ਵਿਦਿਅਕ ਸਫ਼ਰ ਬਹੁਤ ਕਠਨਾਈਆਂ ਭਰਿਆ ਰਿਹਾ। ਉਹ 60ਵਿਆਂ ਦੇ ਪਹਿਲੇ ਅੱਧ ਵਿਚ ਜੇਠੂਕੇ ਵਿਖੇ ਅਧਿਆਪਕ ਵਜੋਂ ਭਰਤੀ ਹੋਏ। ਸਿੱਖਿਆ ਬਾਰੇ ਉਹਨਾਂ ਦਾ ਵਿਚਾਰ ਸੀ ਕਿ ਬੱਚਿਆਂ ਨੂੰ ਸਰੀਰਕ ਸਜ਼ਾ ਨਹੀਂ ਦੇਣੀ ਚਾਹੀਦੀ ਸਗੋਂ ਬੱਚਿਆਂ ਦੇ ਸਰਵਪੱਖੀ ਵਿਕਾਸ ਉਪਰ ਜੋਰ ਦੇਣ ਅਤੇ ਅਧਿਆਪਕ ਨੂੰ ਆਪ ਵਧੇਰੇ ਮਿਹਨਤ ਕਰਨ ਅਤੇ ਆਪਣੇ ਗਿਰਿਵਾਨ ਵਿੱਚ ਝਾਤੀ ਮਾਰਨ ਦੀ ਵਧੇਰੇ ਲੋੜ ਹੁੰਦੀ ਹੈ।



ਸਿੱਖਿਆ ਖੇਤਰ ਤੋਂ ਕੁਝ ਸਮੇਂ ਬਾਅਦ ਹੀ ਉਹ ਸਿਹਤ ਵਿਭਾਗ ਵਿਚ ਸੇਵਾਵਾਂ ਦੇਣ ਲੱਗੇ। ਇਸ ਸਮੇਂ ਦੌਰਾਨ ਉਹਨਾਂ ਦਾ ਵਾਹ ਵਾਸਤਾ ਜਨਤਕ ਇਨਕਲਾਬੀ ਲਹਿਰ ਦੇ ਮੁਦਈ ਸਾਥੀਆਂ ਨਾਲ ਹੋਇਆ। ਉਹਨਾਂ ਮੁੱਢਲੇ ਸਮੇਂ ਵਿਚ ਹੀ ਮਾਈਕਲ ਕੌਰਨਫੌਰਥ ਦੀ ਮਾਰਕਸਵਾਦ ਬਾਰੇ ਰਚਨਾ ਪੜ੍ਹੀ। ਹੋਰ ਬਹੁਤ ਸਾਰਾ ਮਾਰਕਸੀ ਸਾਹਿਤ ਵੀ ਪੜ੍ਹਿਆ ਅਧਿਐਨ ਕੀਤਾ। ਹਰਿਆਣਾ ਬਣਨ ਤੋਂ ਬਾਅਦ ਉਹਨਾਂ ਦੀ ਸਰਵਿਸ ਹਰਿਆਣਾ 'ਚ ਰਹਿ ਗਈ। 1972 ਦੇ ਮੋਗਾ ਘੋਲ ਸਮੇਂ ਉਹਨਾਂ ਦੀ ਪ੍ਰੇਰਨਾ ਨਾਲ ਬੜਾ-ਗੁੜਾ (ਹਰਿਆਣਾ) 'ਚ ਸਕੂਲੀ ਵਿਦਿਆਰਥੀਆਂ ਦੁਆਰਾ ਹੜਤਾਲ ਕਰਨਾ ਵੀ ਉਹਨਾਂ ਲਈ ਸਦਾ ਸਕੂਨ ਅਤੇ ਮਾਣ ਦਾ ਸਰੋਤ ਬਣਿਆਂ ਰਿਹਾ। ਇਸ ਸਮੇਂ ਦੌਰਾਨ ਉਹਨਾਂ ਦਲੀਪ ਭੁੱਚੋ ਖੁਰਦ, ਹਰਦੀਪ ਮਹਿਣਾ, ਮੰਦਰ ਜੱਸੀ, ਗੁਲਜੀਤ ਸਿੰਘ, ਬੰਤ ਭੁੱਚੋ ਖੁਰਦ, ਕਰਮ ਮਹਿਰਾਜ, ਬੱਗਾ ਸਿੰਘ, ਬੂਟਾ ਰਾਮ, ਸਤਪਾਲ ਭਾਰਤੀ, ਹਰਦੇਵ ਗੋਬਿੰਦਪੁਰਾ ਨੇ ਲੋਕ ਨਾਟਕ ਕਲੱਬ ਬਠਿੰਡਾ ਨਾਂਅ ਦੇ ਥਿਏਟਰ ਗਰੁੱਪ ਦਾ ਗਠਨ ਕੀਤਾ। ਐਮਰਜੰਸੀ ਦੇ ਦੌਰ ਵਿਚ ਇਸ ਨਾਟਕ ਟੀਮ ਦਾ ਨਾਂਅ ਬਦਲ ਕੇ ਪੇਂਡੂ ਡਰਾਮਾ ਮੰਡਲੀ ਰੱਖਿਆ ਗਿਆ। ਗੁਰਸ਼ਰਨ ਭਾਅ ਜੀ ਦੇ ਨਾਟਕਾਂ ਇਹ ਲਹੂ ਕਿਸਦਾ ਹੈ ਪਰਖ ਕਿਵ ਕੂੜੇ ਟੁੱਟੇ ਪਾਲ ਦਾ ਮੰਚਨ ਕੀਤਾ। ਇਸ ਤੋਂ ਬਾਅਦ ਪਗੜੀ ਸੰਭਾਲ ਜੱਟਾ ਇਕ ਲੜਾਈ ਇਕ ਸਮਝੌਤਾ ਅਜਨਬੀ ਅਰਮਾਨ ਸ਼ਹੀਦਾਂ ਦੇ ਭੇਖਧਾਰੀ ਸ਼ਹੀਦ ਪ੍ਰਿਥੀਪਾਲ ਰੰਧਾਵਾ ਨਾਲ ਸਬੰਧਤ ਨਾਟਕ ਸ਼ਹੀਦੋ ਥੋਡੀ ਸੋਚ 'ਤੇ ਅਤੇ ਲਹੂ ਦੀ ਲੋਅ ਨਾਵਲ ਤੇ ਅਧਾਰਤ ਅਸੀਂ ਸ਼ਹੀਦ ਹੋਵਾਂਗੇ, ਤੂੰ ਖੁਦਕਸ਼ੀ ਕਰੇਂਗਾ ਅਤੇ ਹੋਰ ਬਹੁਤ ਨਾਟਕਾਂ ਦਾ ਮੰਚਨ ਕੀਤਾ। ਪਗੜੀ ਸੰਭਾਲ ਜੱਟਾ ਵਿਚ ਉਹਨਾਂ ਦੀ ਅਦਾਕਾਰੀ ਬਹੁਤ ਮਕਬੂਲ ਹੋਈ। ਪੇਂਡੂ ਡਰਾਮਾ ਮੰਡਲੀ ਦੇ ਸਾਰੇ ਕਲਾਕਾਰ ਪੇਂਡੂ ਮਾਲਵਾ ਖੇਤਰ ਨਾਲ ਸਬੰਧਤ ਸਨ ਅਤੇ ਉਹਨਾਂ ਆਪਣੇ ਨਾਟਕਾਂ ਦਾ ਬਹੁਤ ਸਹਿਜਵਾਨ ਅੰਦਾਜ਼ ਵਿਚ ਪੇਂਡੂ ਮੁਹਾਵਰਾ ਵਿਕਸਤ ਕੀਤਾ ਜਿਸ ਕਾਰਨ ਉਹਨਾਂ ਦੇ ਨਾਟਕਾਂ ਅਤੇ ਪਾਤਰਾਂ ਨੂੰ ਲੋਕਾਂ ਦਾ ਅਥਾਹ ਪਿਆਰ ਮਿਲਿਆ।ਉਹਨਾਂ ਆਪਣੇ ਨਾਟਕਾਂ ਦਾ ਮੰਚਨ ਇਨਕਲਾਬੀ ਲੋਕ ਲਹਿਰ ਦੇ ਇਕ ਸਰਗਰਮ ਕਾਰਕੁੰਨ ਵਜੋਂ ਕੀਤਾ ਅਤੇ ਨਾਟਕਾਂ ਤੋਂ ਇਕਠੀ ਹੋਣ ਵਾਲੀ ਆਰਥਿਕ ਸਹਾਇਤਾ, ਸੰਘਰਸ਼ ਸ਼ੀਲ ਜਥੇਬੰਦੀਆਂ ਨਾਲ ਸਾਂਝੀ ਕਰਦੇ ਰਹੇ। ਰੰਗ ਕਰਮੀਆਂ ਅਤੇ ਲੋਕਾਂ ਦੀ ਬਾਂਹ ਫੜਨ ਲਈ ਜਨਤਕ ਸਰਗਰਮੀਆਂ ਦੇ ਖੇਤਰ ਵਿਚ ਸਰਗਰਮ ਕਾਮਿਆਂ ਲਈ ਅਜੋਕੇ ਸਮੇਂ ਅੰਦਰ ਇਹ ਮਹੱਤਵਪੂਰਨ ਸੁਆਲ ਖੜ੍ਹਾ ਹੈ ਕਿ ਕਲਮ, ਕਲਾ ਅਤੇ ਸੰਗਰਾਮ ਦੀ ਸਾਂਝ ਦੀ ਤੰਦ ਕਿਵੇਂ ਮਜ਼ਬੂਤ ਹੋਵੇ। ਇਸ ਪੱਖੋਂ ਰੰਗ ਕਰਮੀ ਬੂਟਾ ਸਿੰਘ ਦੀ ਸਰਗਰਮੀ ਦਾ ਸਮਾਂ ਇੱਕ ਮਿਸਾਲ ਵਜੋਂ ਸਮਝਣ ਲਈ ਵਿਸ਼ੇਸ਼ ਧਿਆਨ ਮੰਗਦਾ ਹੈ ਕਿਉਂਕਿ ਰੰਗ ਮੰਚ ਅਤੇ ਜਨਤਕ ਦੋਵੇਂ ਖੇਤਰਾਂ ਵਿਚ ਇਹ ਸੁਆਲ ਗੰਭੀਰ ਵਿਚਾਰ ਚਰਚਾ ਅਤੇ ਨਤੀਜੇ ਪੱਲੇ ਬੰਨ੍ਹ ਕੇ ਕੁਝ ਨਵੇਂ ਰਾਹਾਂ ਲਈ ਸੈਨਤਾਂ ਕਰ ਰਿਹਾ ਹੈ।

ਉਹਨਾਂ ਨਾਟਕਾਂ ਦਾ ਮੰਚਨ ਪੰਜਾਬ ਵਿਚ ਕੀਤਾ ਅਤੇ ਸਰਵਿਸ ਹਰਿਆਣਾ ਵਿਚ ਕੀਤੀ। ਉਹਨਾਂ ਬਹੁਤ ਸਿਰੜ ਨਾਲ ਆਪਣੀਆਂ ਦੋਵੇਂ ਸਰਗਰਮੀਆ ਅਤੇ ਜ਼ਿੰਮੇਵਾਰੀਆਂ ਤਾਲਮੇਲ ਬਿਠਾ ਕੇ ਨਿਭਾਈਆਂ। ਉਹਨਾਂ ਵਿੱਦਿਅਕ ਸੇਵਾਵਾਂ ਅਦਾ ਕਰਦੇ ਹੋਏ ਪੂਰੀ ਨੀਝ ਨਾਲ ਆਪਣੇ ਨਾਟਕੀ ਕਿਰਦਾਰਾਂ ਨਾਲ ਇਨਸਾਫ਼ ਕੀਤਾ। ਪੇਂਡੂ ਡਰਾਮਾ ਮੰਡਲੀ ਦੇ ਕਰੀਬ ਦਹਾਕਾ ਭਰ ਦੇ ਸਰਗਰਮ ਸਫ਼ਰ ਵਿਚ ਉਹ ਜੀਅ ਜਾਨ ਨਾਲ ਜੁਟੇ ਰਹੇ।

1974 ਵਿਚ ਵਾਹੀਕਾਰਾ ਯੂਨੀਅਨ ਤੇ ਬਠਿੰਡਾ ਵਿਖੇ ਭਾਰੀ ਲਾਠੀਚਾਰਜ ਹੋਇਆ ਤਾਂ ਉਹਨਾਂ ਦੇ ਕਿਸਾਨੀ ਪਰਿਵਾਰ ਨੇ ਵੀ ਇਸ ਸੰਘਰਸ਼ ਵਿਚ ਹਿੱਸਾ ਲਿਆ।

1974 ਵਿੱਚ ਉਹਨਾਂ ਦੀ ਸ਼ਾਦੀ ਬਿਜਲੀ ਮੁਲਾਜ਼ਮ ਟਰੇਡ ਯੂਨੀਅਨ ਆਗੂ ਪੁਸ਼ਪ ਲਤਾ ਨਾਲ ਹੋਈ। ਉਹਨਾਂ ਦਾ ਵਿਆਹ ਪੁਰਾਤਨ ਵੱਟਾਂ ਬੰਨਿਆਂ ਨੂੰ ਭੰਨਕੇ ਤਾਜ਼ਾ ਵਿਚਾਰਾਂ ਨਾਲ਼ ਰੰਗਿਆ ਹੋਇਆ। ਜੋ ਹੋਰਨਾਂ ਲਈ ਵੀ ਪ੍ਰੇਰਨਾਦਾਇਕ ਬਣਿਆਂ।ਉਹਨਾਂ ਦਾ ਵਿਆਹ ਬਿਨਾਂ ਧਾਰਮਕ ਰੀਤੀ ਰਿਵਾਜਾਂ ਦੇ ਇਨਕਲਾਬੀ ਰਸਮਾਂ ਨਾਲ ਬਿਨਾਂ ਦਾਜ ਦਹੇਜ ਤੋਂ ਹੋਇਆ। ਇਹ ਵਿਆਹ ਉਸ ਸਮੇਂ ਇਨਕਲਾਬੀ ਜਮਹੂਰੀ ਲਹਿਰ ਵੱਲੋਂ ਸਥਾਪਿਤ ਕੀਤੀਆਂ ਜਾ ਰਹੀਆਂ ਨਵੀਂਆਂ ਨਰੋਈਆਂ ਕਦਰਾਂ ਕੀਮਤਾਂ ਦੇ ਰੁਝਾਨ ਅਨੁਸਾਰ ਸੀ ਅਤੇ ਇਸ ਵਾਸਤੇ ਉਹਨਾਂ ਨੇ ਰਵਾਇਤੀ ਪਿਛਾਖੜੀ ਵਿਰੋਧ ਦਾ ਸਹਿਜਤਾ ਨਾਲ ਸਾਹਮਣਾ ਵੀ ਕੀਤਾ।

ਉਹਨਾਂ ਬਹੁਤ ਜਮਹੂਰੀ ਨਜ਼ਰੀਏ ਅਤੇ ਪਹੁੰਚ ਨਾਲ਼ ਆਪਣੀ ਜਵੀਨ ਸਾਥਣ ਪੁਸ਼ਪ ਲਤਾ ਦਾ ਟਰੇਡ ਯੂਨੀਅਨ ਸਰਗਰਮੀਆਂ 'ਚ ਸਹਿਯੋਗ ਕੀਤਾ।ਜਦੋਂ ਉਹਨਾਂ ਦੀ ਜੀਵਨ ਸਾਥਣ ਪੁਸ਼ਪ ਲਤਾ 1982 'ਚ ਥਰਮਲ ਬਠਿੰਡਾ ਦੇ ਸੰਘਰਸ਼ ਕਾਰਨ ਟਰਮੀਨੇਟ ਹੋ ਗਏ ਤਾਂ ਉਹਨਾਂ ਮਜਬੂਤੀ ਨਾਲ ਉਹਨਾਂ ਦਾ ਸਾਥ ਦਿੱਤਾ। ਇੱਕ ਔਰਤ ਕਾਰਕੁੰਨ ਵਜੋਂ ਪੂਰਾ ਸਰਗਰਮ ਜੀਵਨ ਜਿਉਂਦਿਆਂ ਉਹਨਾਂ ਦੀ ਜੀਵਨ ਸਾਥਣ ਨੇ ਉਹਨਾਂ ਵੱਲੋਂ ਹਰ ਕਿਸਮ ਦਾ ਸਹਿਯੋਗ ਹਾਸਲ ਕੀਤਾ। ਸਾਡੇ ਸਮਿਆਂ ਲਈ ਇਹ ਫੁੱਲ ਪੱਤੀਆਂ ਦੀ ਸੌਂਗੰਧ ਵੀ ਸਾਂਭਣਯੋਗ ਹੈ।

ਉਹ ਜਾਤ-ਪਾਤ ਦੇ ਕੋਹੜ ਦੇ ਵਿਰੋਧੀ ਸਨ। ਉਹ ਤਹਿ ਦਿਲੋਂ ਸੈਕੂਲਰ ਸਨ ਅਤੇ ਹਰ ਤਰ੍ਹਾਂ ਦੀ ਫਿਰਕਾਪ੍ਰਸਤੀ ਦੇ ਵਿਰੋਧੀ ਸਨ।ਪੰਜਾਬ 'ਚ ਰਿਹਾਇਸ਼ ਅਤੇ ਹਰਿਆਣਾ 'ਚ ਸਰਵਿਸ ਕਰਦੇ ਰਹੇ ਹੋਣ ਕਾਰਣ 80ਵਿਆਂ 'ਚ ਇਸ ਸੰਬੰਧੀ ਉਹਨਾਂ ਦੋਹਾਂ ਰਾਜਾਂ 'ਚ ਪਨਪੀ ਸਥਿਤੀ ਦਾ ਵਿਅਕਤੀਗਤ ਤੌਰ ਤੇ ਵਿਸ਼ੇਸ਼ ਸਾਹਮਣਾ ਕੀਤਾ।ਸੇਵੇਵਾਲ ਖ਼ੂਨੀ ਕਾਂਡ ਤੋਂ ਬਾਅਦ ਉਹ ਜਬਰ ਅਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ ਦੀਆਂ ਸਰਗਰਮੀਆਂ 'ਚ ਯੋਗਦਾਨ ਪਾਉਂਦੇ ਰਹੇ।90ਵਿਆਂ ਦਾ ਕੁਝ ਅਰਸਾ ਫੇਰ ਉਹਨਾਂ ਕੁਝ ਥਿਏਟਰ ਸਰਗਰਮੀਆਂ 'ਚ ਹਿਸਾ ਲਿਆ। ਉਹ ਕੁਝ ਅਰਸਾ ਲੋਕ ਮੋਰਚਾ ਪੰਜਾਬ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ ਅਤੇ ਇਸਦੀ ਪੱਤ੍ਰਿਕਾ 'ਮੁਕਤੀ ਮਾਰਗ' ਦੀ ਡਾਕ ਭੇਜਣ ਅਤੇ ਪੂਰੀ ਜੁੰਮੇਵਾਰੀ ਨਾਲ ਅਦਾ ਕਰਦੇ ਰਹੇ ਉਹਨਾਂ ਕਿਸੇ ਵੀ ਸਮੇਂ ਜੋ ਵੀ ਜੁੰਮੇਵਾਰੀ ਓਟੀ, ਉਸ ਨੂੰ ਪ੍ਰਤੀਬੱਧਤਾ ਨਾਲ ਨਿਭਾਉਣ 'ਚ ਯਕੀਨ ਰੱਖਦੇ ਸਨ।

ਉਹ ਬਹੁਤ ਹੀ ਮਾਨਵਵਾਦੀ ਅਤੇ ਮਿਹਨਤੀ ਸੁਭਾਅ ਦੇ ਸਨ।ਉਹਨਾਂ ਇਨਕਲਾਬੀ ਜਮਹੂਰੀ ਲਹਿਰ ਦੀਆਂ ਸਥਾਪਤ ਕਦਰਾਂ ਕੀਮਤਾਂ ਨੂੰ ਆਪਣੇ ਨਿਜੀ, ਪਰਵਾਰਕ ਅਤੇ ਸਮਾਜਕ ਜੀਵਨ 'ਚ ਅਪਨਾਉਣ ਲਈ ਪੂਰੀ ਸੁਹਿਰਦਤਾ ਅਤੇ ਮਿਹਨਤ ਨਾਲ ਕੰਮ ਕੀਤਾ।ਸਮਾਜ ਅੰਦਰ ਮੌਜੂਦ ਵਿਤਕਰਿਆਂ ਅਤੇ ਪਿਛਾਖੜੀ ਕਦਰਾਂ ਕੀਮਤਾਂ ਖ਼ਿਲਾਫ਼ ਉਹ ਦ੍ਰਿੜ ਸਟੈਂਡ ਲੈਂਦੇ ਰਹੇ।ਉਹ ਮਨੁਖਤਾਵਾਦੀ ਮਿਆਰਾਂ ਨਾਲ ਰਿਸ਼ਤਿਆਂ 'ਚ ਸਾਫ਼ਗੋਈ ਨਾਲ ਵਰਤਦੇ ਅਤੇ ਅਜਿਹੀ ਹੀ ਉਮੀਦ ਦੂਸਰਿਆਂ ਤੋਂ ਕਰਦੇ।ਉਹ ਲਹਿਰ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਹਿੰਦੂ ਧਰਮ ਦੇ ਰਹੱਸ ਪੜ੍ਹ ਕੇ ਭਾਰਤ ਦੇ ਸਮਾਜ ਨੂੰ ਸਮਝਿਆ ਜਾ ਸਕਦਾ ਹੈ

## ਹਿੰਦੂ ਧਰਮ ਦੇ ਰਹੱਸ

(ਚਿੰਤਨ)

**ਸਫੇ : 256, ਮੁੱਲ : 399 ਰੁਪਏ**

**ਵਾਇਟ ਕਰੋਓ ਪਬਲੀਸ਼ਰਜ਼, ਮਾਨਸਾ**



ਫੋਕਸ

**ਚਰਚਾ ਇਕ ਪੁਸਤਕ ਦੀ**

**ਡਾ. ਤੇਜਿੰਦਰ ਵਿਰਲੀ**



ਹਿੰਦੂ ਧਰਮ ਬਾਰੇ ਅਧਿਐਨ ਕਰਨ ਅਤੇ ਇਸ ਦਾ ਵਿਸ਼ਲੇਸ਼ਣ ਕਰਨ ਸੰਬੰਧੀ ਇਤਿਹਾਸ ਵਿੱਚ ਵੱਖ-ਵੱਖ ਸਮਿਆਂ 'ਤੇ ਵੱਖ-ਵੱਖ ਹਸਤੀਆਂ ਨੇ ਯਤਨ ਕੀਤੇ ਹਨ। ਗਿਆਰ੍ਹਵੀਂ ਸਦੀ ਦੇ ਸ਼ੁਰੂ ਵਿੱਚ ਅਲਬਰੂਨੀ ਨੇ ਇਹਨਾਂ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ ਸੀ। ਅੰਬੇਡਕਰ ਨੇ 20ਵੀਂ ਸਦੀ ਵਿੱਚ ਇਹਨਾਂ ਦਾ ਅਧਿਐਨ/ਵਿਸ਼ਲੇਸ਼ਣ ਕਰਦਿਆਂ ਇਹਨਾਂ ਦੀ ਆਲੋਚਨਾ ਵੀ ਕੀਤੀ ਹੈ। ਇਹ ਕੰਮ ਇੰਨਾ ਵੱਡਾ ਸੀ, ਕਿ ਇਸ ਨੂੰ ਸੰਪੰਨ ਕਰ ਸਕਣਾ ਇੱਕ ਪੂਰੀ ਸੰਸਥਾ ਦਾ ਕਾਰਜ ਸੀ। ਡਾਕਟਰ ਅੰਬੇਡਕਰ ਵਰਗੇ ਵਿਅਕਤੀ ਲਈ ਤਾਂ ਇਹ ਹੋਰ ਵੀ ਜਟਿਲ ਹੋਵੇਗਾ ਜਿਸ ਲਈ ਸੰਸਕ੍ਰਿਤ ਭਾਸ਼ਾ ਨੂੰ ਸਿੱਖਣਾ ਤੇ ਹਿੰਦੂ ਧਰਮ ਗ੍ਰੰਥਾਂ ਨੂੰ ਪੜ੍ਹਨਾ ਭਾਰਤੀ ਕਲਚਰ ਵਿੱਚ ਵਰਜਿਤ ਸੀ, ਕਿਉਂਕਿ ਅੰਬੇਡਕਰ ਭਾਰਤ ਦੇ ਜਾਤੀ-ਪਾਤੀ ਪ੍ਰਬੰਧ ਨੂੰ ਸਮਝਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਸਨ, ਇਸ ਲਈ ਉਹਨਾਂ ਨੇ ਭਾਸ਼ਾ ਸਿੱਖਣ ਦਾ ਕਾਰਜ ਵੀ ਕੀਤਾ ਤੇ ਉਹਨਾਂ ਹਿੰਦੂ ਗ੍ਰੰਥਾਂ ਦਾ ਅਧਿਐਨ/ਵਿਸ਼ਲੇਸ਼ਣ ਵੀ ਕੀਤਾ। ਜਿੱਥੋਂ ਤੱਕ ਆਲੋਚਨਾ ਦਾ ਸੰਬੰਧ ਹੈ, ਇਹ ਕਾਰਜ ਉਹਨਾਂ ਨੇ ਆਪਣੀ ਜ਼ਿੰਦਗੀ ਦੇ ਅਖੀਰਲੇ ਪੜਾਅ 'ਤੇ ਸੰਪੂਰਨ ਕੀਤਾ। ਰਿਡਲਸ ਆਫ ਹਿੰਦੂਇਜ਼ਮ ਨਾਂਅ ਦੀ ਪੁਸਤਕ ਇਸੇ ਕੜੀ ਦੀ ਮਹੱਤਵਪੂਰਨ ਪੁਸਤਕ ਹੈ, ਜਿਸ ਦਾ ਪੰਜਾਬੀ ਵਿੱਚ ਅਨੁਵਾਦ ਹਿੰਦੂ ਧਰਮ ਦੇ ਰਹੱਸ ਵਾਈਟ ਕਰੋ ਪਬਲਿਸ਼ਰ ਨੇ ਛਾਪਿਆ ਹੈ।

ਇਸ ਦਾ ਵਰਣਨ ਕਰਦੇ ਹੋਏ ਨਾਨਕ ਚੰਦ ਰੱਤੂ ਲਿਖਦੇ ਹਨ ਕਿ ਜਨਵਰੀ 1954 ਵਿਚ ਉਨ੍ਹਾਂ ਨੇ (ਅੰਬੇਡਕਰ ਨੇ) 'ਰਿਡਲਜ਼ ਇਨ ਹਿੰਦੂਇਜ਼ਮ' ਲਿਖਣੀ ਸ਼ੁਰੂ ਕੀਤੀ ਅਤੇ ਇਸ ਨੂੰ ਨਵੰਬਰ, 1955 ਤੱਕ ਪੂਰਾ ਕਰ ਲਿਆ ਸੀ।

ਡਾ. ਅੰਬੇਡਕਰ ਇਸ ਤੱਥ ਤੋਂ ਪੂਰੀ ਤਰ੍ਹਾਂ ਜਾਣੂ ਸਨ ਕਿ 'ਰਿਡਲਜ਼ ਇਨ ਹਿੰਦੂਇਜ਼ਮ' ਨੂੰ ਬ੍ਰਾਹਮਣਵਾਦੀਆਂ ਦੁਆਰਾ ਇਕ ਖ਼ਤਰਨਾਕ ਕਿਤਾਬ ਮੰਨਿਆ ਜਾਵੇਗਾ, ਉਹ ਇਸ ਕਿਤਾਬ ਦੇ ਵਿਰੁੱਧ ਖੜ੍ਹੇ ਹੋਣਗੇ ਅਤੇ ਅੰਬੇਡਕਰ ਨੂੰ ਇਹ ਵੀ ਖ਼ਦਸ਼ਾ ਸੀ ਕਿ ਹਿੰਦੂ ਇਸ ਪੁਸਤਕ ਦੇ ਖਰੜੇ ਨੂੰ ਨਸ਼ਟ ਵੀ ਕਰ ਸਕਦੇ ਹਨ। ਇਸ ਖਦਸ਼ੇ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਇਸ ਪੁਸਤਕ ਦੇ ਚਾਰ ਖਰੜੇ ਤਿਆਰ ਕਰਵਾਏ ਸਨ।

ਇਸ ਪੁਸਤਕ ਦੇ ਮੁੱਖਬੰਧ ਦੀਆਂ ਅੰਤਲੀਆਂ ਸਤਰਾਂ ਵਿਚ ਅੰਬੇਡਕਰ ਨੇ ਖੁਦ ਲਿਖਿਆ ਹੈ, 'ਮੈਂ ਇਹ ਕਿਤਾਬ ਇਹ ਜਾਣਦਿਆਂ ਲਿਖੀ ਹੈ ਕਿ ਮੈਂ ਕਿੰਨਾ ਜੋਖ਼ਮ ਲੈ ਰਿਹਾ ਹਾਂ। ਮੈਂ ਇਸ ਦੇ ਨਤੀਜਿਆਂ ਬਾਰੇ ਚਿੰਤਤ ਨਹੀਂ ਹਾਂ। ਜੇ ਮੈਂ ਲੋਕਾਂ ਨੂੰ ਸੋਚਣ ਲਈ ਪ੍ਰੇਰਿਤ ਕਰ ਸਕਿਆ, ਤਾਂ ਮੈਨੂੰ ਬੇਹੱਦ ਖੁਸ਼ੀ ਹੋਵੇਗੀ। (ਡਾ. ਅੰਬੇਡਕਰ, ਮੁੱਖਬੰਧ, ਪੰਨਾ 57)

ਭਾਰਤ ਵਿਚ ਬੀਤੇ ਸਮਿਆਂ ਅੰਦਰ ਇਸ ਪੁਸਤਕ ਨੂੰ ਲੈ ਕੇ ਸਖ਼ਤ ਹੰਗਾਮੇ ਵੀ ਹੋਏ। ਡਾ. ਅੰਬੇਡਕਰ ਦਾ ਖ਼ਦਸ਼ਾ ਉਦੋਂ ਸਹੀ ਸਾਬਤ ਹੋਇਆ ਜਦੋਂ ਇਹ ਪਹਿਲੀ ਵਾਰ 1987 ਵਿਚ ਬੀ.ਏ.ਡਬਲਯੂ.ਐੱਸ ਦੇ ਜਿਲਦ-4 ਵਿਚ ਪ੍ਰਕਾਸ਼ਿਤ ਹੋਈ। ਅਮਰਾਵਤੀ (ਮਹਾਰਾਸ਼ਟਰ) ਵਿਚ 1988 ਵਿਚ ਮਰਾਠਾ ਮਹਾਂਮੰਡਲ ਦੀ ਮੀਟਿੰਗ ਵਿਚ ਇਸ ਦੀਆਂ ਕਾਪੀਆਂ ਜਨਤਕ ਤੌਰ 'ਤੇ ਸਾੜੀਆਂ ਗਈਆਂ। ਜਦੋਂ ਸ਼ਿਵ ਸੈਨਾ ਨੇ ਬੰਬਈ (ਹੁਣ ਮੁੰਬਈ) ਵਿਚ ਇਸ ਦੇ ਇਕ ਚੈਪਟਰ 'ਦ ਰਿਡਲ ਆਫ਼ ਰਾਮਾ ਐਂਡ ਕ੍ਰਿਸ਼ਨਾ' ਨੂੰ ਕਿਤਾਬ ਵਿੱਚੋਂ ਹਟਾਉਣ ਲਈ ਦੰਗਾ ਕੀਤਾ ਤਾਂ ਮਹਾਰਾਸ਼ਟਰ ਸਰਕਾਰ ਨੇ ਕਿਤਾਬ ਵਾਪਸ ਲੈ ਲਈ। ਇਸ ਦੇ ਵਿਰੋਧ ਵਿਚ ਮਹਾਰਾਸ਼ਟਰ ਭਰ ਵਿਚ ਹਜ਼ਾਰਾਂ ਦਲਿਤ ਕਾਰਕੁਨਾਂ ਨੇ ਪ੍ਰਦਰਸ਼ਨ ਕੀਤਾ। ਨਤੀਜੇ ਵਜੋਂ, ਇਹ ਅਧਿਆਇ ਦੁਬਾਰਾ ਪੁਸਤਕ ਵਿਚ ਸ਼ਾਮਲ ਕੀਤਾ ਗਿਆ ਸੀ, ਪਰ ਇਕ ਵਿਸ਼ੇਸ਼ ਨੋਟ ਦੇ ਨਾਲ ਕਿ ਸਰਕਾਰ ਇਸ ਅਧਿਆਇ ਵਿਚ ਪ੍ਰਗਟਾਏ ਗਏ ਵਿਚਾਰਾਂ ਨਾਲ ਸਹਿਮਤ ਨਹੀਂ ਹੈ।

(ਐੱਸ. ਆਨੰਦ, 2016) ਅੱਜ ਤੱਕ ਇਸ ਵਿਸ਼ੇਸ਼ ਟਿੱਪਣੀ ਨਾਲ ਹੀ ਇਹ ਅਧਿਆਇ ਪ੍ਰਕਾਸ਼ਿਤ ਹੁੰਦਾ ਹੈ।

ਡਾਕਟਰ ਅੰਬੇਡਕਰ ਜਦੋਂ ਇਹ ਕਿਤਾਬ ਲਿਖ ਰਹੇ ਸਨ, ਉਸ ਵਕਤ ਉਹਨਾਂ ਨੇ ਹਿੰਦੂ ਧਰਮ ਦੇ ਬਾਰੇ ਵਿੱਚ ਆਪਣਾ ਅਧਿਐਨ ਲੱਗਭੱਗ ਪੂਰਾ ਕਰ ਲਿਆ ਸੀ ਤੇ ਉਹਨਾਂ ਨੇ ਇਹ ਮਨ ਬਣਾ ਲਿਆ ਸੀ ਕਿ ਉਹਨਾਂ ਨੇ ਹਰ ਹਾਲਤ ਵਿੱਚ ਹਿੰਦੂ ਧਰਮ ਤਿਆਗ ਦੇਣਾ, ਜਿਸ ਦਾ ਐਲਾਨ ਉਹਨਾਂ ਨੇ ਬਹੁਤ ਵਾਰ ਪਹਿਲਾਂ ਵੀ ਕੀਤਾ ਸੀ।

13 ਅਕਤੂਬਰ 1935 ਨੂੰ ਭੀਮ ਰਾਓ ਰਾਮਜੀ ਅੰਬੇਡਕਰ ਨੇ ਯੇਵਲਾ, ਬੰਬਈ ਪ੍ਰੈਜ਼ੀਡੈਂਸੀ ਵਿਖੇ ਡਿਪਰੈਸਡ ਕਲਾਸਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ : ਇਹ ਮੇਰੀ ਬਦਕਿਸਮਤੀ ਹੈ ਕਿ ਮੈਂ 'ਅਛੂਤ' ਦਾ ਕਲੰਕ ਲੈ ਕੇ ਪੈਦਾ ਹੋਇਆ ਹਾਂ। ਇਸ ਵਿਚ ਮੇਰੀ ਕੋਈ ਗ਼ਲਤੀ ਨਹੀਂ ਸੀ, ਪਰ ਮੈਂ ਹਿੰਦੂ ਦੇ ਤੌਰ 'ਤੇ ਨਹੀਂ ਮਰਾਂਗਾ, ਕਿਉਂਕਿ ਇਹ ਮੇਰੇ ਹੱਥ ਵਿਚ ਹੈ।। (ਜੇਲੀਅਟ, 2013, 147)

ਆਪਣੀ ਮੌਤ ਤੋਂ ਕੁਝ ਮਹੀਨੇ ਪਹਿਲਾਂ ਅੰਬੇਡਕਰ ਨੇ ਲੱਗਭੱਗ ਪੰਜ ਲੱਖ ਪੈਰੋਕਾਰਾਂ ਦੇ ਨਾਲ ਰਸਮੀ ਤੌਰ 'ਤੇ ਬੁੱਧ ਧਰਮ ਅਪਣਾਅ ਲਿਆ। ਸਮੂਹਿਕ ਧਰਮ ਪਰਿਵਰਤਨ ਦਾ ਇਹ ਸਮਾਰੋਹ ਨਾਗਪੁਰ ਵਿਚ ਹੋਇਆ, ਜੇ ਦੇਖਿਆ ਜਾਵੇ ਤਾਂ ਡਾ. ਅੰਬੇਡਕਰ ਇਕਦਮ ਹਿੰਦੂ ਧਰਮ ਦਾ ਤਿਆਗ ਕਰਨ ਦਾ ਮਨ ਨਹੀਂ ਬਣਾਉਂਦੇ, ਸਗੋਂ ਇਸ ਦਾ ਲੰਮੇ ਸਮੇਂ ਤੱਕ ਸੁਧਾਰ ਕਰਨ ਦੀ ਕੋਸ਼ਿਸ਼ ਕਰਦੇ ਰਹੇ।ਇਸੇ ਸੁਧਾਰ ਦੇ ਚੱਲਦਿਆਂ ਉਹਨਾਂ ਨੇ ਪੀਣ ਵਾਲੇ ਪਾਣੀ ਦੇ ਮੁੱਦੇ ਨੂੰ ਲੈ ਕੇ ਚਾਬਦਾਰ ਤਲਾਬ ਦਾ ਅੰਦੋਲਨ ਚਲਾਇਆ ਸੀ, ਇਸੇ ਤਰ੍ਹਾਂ ਮੰਦਰਾਂ ਵਿੱਚ ਪ੍ਰਵੇਸ਼ ਨੂੰ ਲੈ ਕੇ ਵੀ ਉਹਨਾਂ ਨੇ ਹਿੰਦੂ ਸੰਗਠਨਾਂ ਵਿੱਚ ਚਰਚਾ ਛੇੜੀ ਸੀ, ਪਰ ਹਿੰਦੂ ਜਥੇਬੰਦੀਆਂ ਇਸ ਨੂੰ ਮਾਨਤਾ ਦੇਣ ਦੀ ਬਜਾਏ ਇਸ ਦੇ ਵਿਰੋਧ ਵਿੱਚ ਖੜੀਆਂ ਹੋ ਗਈਆਂ ਸਨ, ਜਿਸ ਦੇ ਸਿੱਟੇ ਵਜੋਂ ਅੰਦੋਲਨ ਦੇ ਨਾਲ-ਨਾਲ ਹਿੰਦੂ ਰਸਮਾਂ-ਰਿਵਾਜਾਂ ਤੇ ਗ੍ਰੰਥਾਂ ਦਾ ਅਧਿਐਨ ਕਰਨ ਦਾ ਕਾਰਜ ਜਿਹੜਾ ਭਾਵੇਂ ਬਹੁਤ ਵੱਡਾ ਤੇ ਸਮਾਂ ਲੈਣ ਵਾਲਾ ਸੀ, ਉਹ ਅੰਬੇਡਕਰ ਹੋਰਾਂ ਨੂੰ ਨਾਲੋ-ਨਾਲ ਕਰਨਾ ਪਿਆ। ਇਹ ਕੋਈ ਅਸਾਨ ਕਾਰਜ ਨਹੀਂ ਸੀ। ਅੰਬੇਡਕਰ ਨੇ ਬੁੱਧ ਅਤੇ ਲੁਕਾਇਤ ਦਰਸ਼ਨ ਦੇ ਮਾਰਗ 'ਤੇ ਚੱਲਦਿਆਂ ਜੀਵਨ ਜੀਣ ਦਾ ਨਿਰਣਾ ਸਮਾਜਿਕ ਵਿਹਾਰ ਤੇ ਧਾਰਮਿਕ ਗ੍ਰੰਥਾਂ ਦੇ ਅਧਿਐਨ ਦੇ ਸਿੱਟੇ ਵਜੋਂ ਕੱਢਿਆ ਸੀ।

ਇੱਕ ਹੋਰ ਮੁੱਦਾ ਹਿੰਦੂ ਧਰਮ ਤੇ ਹਿੰਦੂ ਧਰਮ ਦੀ ਜਕੜ ਵਿੱਚ ਆਈ ਸੰਸਕ੍ਰਿਤ ਭਾਸ਼ਾ ਬਾਰੇ ਸੀ, ਜਿਹੜਾ ਡਾ. ਅੰਬੇਡਕਰ ਨੂੰ ਉਮਰ ਭਰ ਸਵਾਲ ਖੜੇ ਕਰਦਾ ਰਿਹਾ। ਆਖਰ ਜਿਸ ਭਾਸ਼ਾ ਵਿੱਚ ਹਿੰਦੂ ਧਰਮ ਦੇ ਗ੍ਰੰਥ ਵੇਦ ਆਦਿ ਲਿਖੇ ਗਏ, ਉਸ ਭਾਸ਼ਾ ਨੂੰ ਸਿੱਖਣ ਦਾ ਅਧਿਕਾਰ ਦਲਿਤਾਂ ਨੂੰ ਕਿਉਂ ਨਹੀਂ ਦਿੱਤਾ ਜਾਂਦਾ ? ਇਸ ਸਵਾਲ ਦੇ ਨਾਲ-ਨਾਲ ਇੱਕ ਹੋਰ ਸਵਾਲ ਜਿਹੜਾ ਹੋਰ ਵੀ ਉੱਭਰਵੇਂ ਰੂਪ ਵਿੱਚ ਅੰਬੇਡਕਰ ਦੇ ਸਮਿਆਂ ਦੇ ਦਰਪੇਸ਼ ਸੀ, ਉਹ ਸੀ ਕਿ ਹਿੰਦੂ ਧਾਰਮਿਕ ਸਥਾਨਾਂ ਦੇ ਪੁਜਾਰੀ ਆਖਰ ਬ੍ਰਾਹਮਣ ਜਾਤੀ ਦੇ ਹੀ ਕਿਉਂ ਹੁੰਦੇ ਹਨ ? ਜੇ ਸ਼ੂਦਰ ਹਿੰਦੂ ਹਨ ਤਾਂ ਮੰਦਰਾਂ ਦੇ ਪੁਜਾਰੀ ਸ਼ੂਦਰ ਕਿਉਂ ਨਹੀਂ ਹੋ ਸਕਦੇ ? ਇਹ ਇੱਕ ਹੋਰ ਵੱਡਾ ਸਵਾਲ ਸੀ। ਭਾਰਤ ਦੇ ਸੰਵਿਧਾਨ ਦੀ ਧਾਰਾ 14 ਦੇ ਤਹਿਤ ਨਾਗਰਿਕਤਾ ਨੂੰ ਬਰਾਬਰਤਾ ਦਾ ਅਧਿਕਾਰ ਦਿੰਦਾ ਹੈ, ਇਸ ਲਈ ਜੀਣ ਦਾ ਬਰਾਬਰਤਾ ਦਾ ਅਧਿਕਾਰ ਹੈ ਕੁਦਰਤੀ ਸੋਮਿਆਂ ਨੂੰ ਵਰਤਣ ਦਾ, ਬਰਾਬਰਤਾ ਦਾ ਅਧਿਕਾਰ ਹੈ ਪਰ ਭਾਰਤੀ ਸੰਵਿਧਾਨ ਇਸ ਦੀ ਰਾਖੀ ਕਿਉਂ ਨਹੀਂ ਕਰਦਾ ? ਇਹ ਵੀ ਇੱਕ ਹੋਰ ਵੱਡਾ ਸਵਾਲ ਸੀ। ਇਹ ਸਵਾਲ ਡਾਕਟਰ ਅੰਬੇਡਕਰ ਦੇ ਤੁਰ ਜਾਣ ਤੋਂ ਬਾਅਦ ਵੀ ਜਿਉਂ ਦਾ ਤਿਉਂ ਬਰਕਰਾਰ ਹੈ।

ਹੱਥਲੀ ਪੁਸਤਕ ਉਦਾਹਰਨ ਦੇ ਤੌਰ 'ਤੇ ਇੱਕ ਅਹਿਮ ਕੇਸ ਦਾ ਹਵਾਲਾ ਦਿੰਦੀ ਲਿਖਦੀ ਹੈ,

ਦਸੰਬਰ 2015 ਵਿਚ, ਸੁਪਰੀਮ ਕੋਰਟ ਦੇ ਦੋ ਜੱਜਾਂ ਦੇ ਬੈਂਚ ਨੇ ਸੰਵਿਧਾਨ ਦੇ ਅਨੁਛੇਦ 16 (5) ਦਾ ਹਵਾਲਾ ਦਿੰਦੇ ਹੋਏ, ਆਪਣੇ ਫੈਸਲੇ ਵਿਚ ਕਿਹਾ, ਪੁਜਾਰੀ ਦੇ ਅਹੁਦਿਆਂ 'ਤੇ ਨਿਯੁਕਤੀ ਵਿਚ ਕਿਸੇ ਵਿਸ਼ੇਸ਼ ਵਰਗ ਜਾਂ ਫਿਰਕੇ ਨੂੰ ਸ਼ਾਮਲ ਕਰਨਾ ਜਾਂ ਬਾਹਰ ਕਰਨਾ ਧਾਰਾ 14 (ਸਮਾਨਤਾ ਦੇ ਅਧਿਕਾਰ) ਦੀ ਉਲੰਘਣਾ ਨਹੀਂ ਹੈ। ਇਸ ਫੈਸਲੇ ਨੇ ਸਿਰਫ਼ ਬ੍ਰਾਹਮਣਾਂ ਨੂੰ ਹੀ ਪੁਜਾਰੀ ਬਣਨ ਅਤੇ ਅਗਮ ਸ਼ਾਸਤਰ ਦੇ ਆਧਾਰ 'ਤੇ ਹਿੰਦੂ ਧਰਮ ਨੂੰ ਨਿਯੰਤਰਿਤ ਕਰਨ ਦਾ ਅਧਿਕਾਰ ਦਿੱਤਾ ਹੈ। ਜੇਕਰ ਕੋਈ ਗ਼ੈਰ-ਬ੍ਰਾਹਮਣ ਪੁਜਾਰੀ ਦਾ ਕੰਮ ਕਰਨ ਲਈ ਸਿੱਖਿਅਤ ਅਤੇ ਪੂਰੀ ਤਰ੍ਹਾਂ ਯੋਗ ਹੈ, ਉਹ ਆਪਣੀ ਜਾਤ ਦੇ ਕਾਰਨ ਪੁਜਾਰੀ ਨਹੀਂ ਬਣ ਸਕਦਾ, ਕਿਉਂਕਿ ਬ੍ਰਾਹਮਣਵਾਦੀ ਹਿੰਦੂ ਧਰਮ, ਜੋ ਅਧਿਆਤਮਿਕ ਮਾਮਲਿਆਂ ਵਿਚ ਲੋਕਤੰਤਰੀ ਪ੍ਰਨਾਲੀ ਨੂੰ ਸਵੀਕਾਰ ਨਹੀਂ ਕਰਦਾ ਅਤੇ ਅਸਮਾਨਤਾ ਦਾ ਪੁਜਾਰੀ ਹੈ, ਨੂੰ ਹੁਣ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਦਾ ਸਮਰਥਨ ਪ੍ਰਾਪਤ ਹੋ ਗਿਆ ਹੈ।

(ਹਿੰਦੂ ਧਰਮ ਦੇ ਰਹੱਸ ਪੰਨਾ 41)

ਅੰਬੇਡਕਰ ਨੇ ਜ਼ੋਰ ਦਿੰਦਿਆਂ ਕਿਹਾ ਸੀ-

ਮੈਂ ਲੋਕਾਂ ਨੂੰ ਇਹ ਅਹਿਸਾਸ ਕਰਵਾਉਣਾ ਚਾਹੁੰਦਾ ਹਾਂ ਕਿ ਹਿੰਦੂ ਧਰਮ ਸਨਾਤਨ (ਸਦੀਵੀ) ਨਹੀਂ ਹੈ।

ਅੰਬੇਡਕਰ ਦੀ ਹਥਲੀ ਪੁਸਤਕ ਦਾ ਦੂਸਰਾ ਉਦੇਸ਼ ਬ੍ਰਾਹਮਣਾਂ ਦੀ ਚਲਾਕੀ ਵੱਲ ਹਿੰਦੂਆਂ ਦਾ ਧਿਆਨ ਦਿਵਾਉਣਾ ਹੈ ਤਾਂ ਜੋ ਉਹ ਖ਼ੁਦ ਸੋਚਣ ਅਤੇ ਸਮਝਣ ਕਿ ਬ੍ਰਾਹਮਣਾਂ ਨੇ ਉਨ੍ਹਾਂ ਨੂੰ ਕਿਵੇਂ ਧੋਖਾ ਦਿੱਤਾ ਅਤੇ ਗੁੰਮਰਾਹ ਕੀਤਾ ਹੈ।

ਇਸ ਪੁਸਤਕ ਨੂੰ ਪੜ੍ਹ ਕੇ ਪਤਾ ਲੱਗੇਗਾ ਕਿ ਬ੍ਰਾਹਮਣਾਂ ਨੇ ਆਪਣੇ ਦੇਵਤਿਆਂ ਅਤੇ ਗ੍ਰੰਥਾਂ ਨੂੰ ਵੱਖ-ਵੱਖ ਸਮਿਆਂ ਦੇ ਅੰਤਰਾਲ ਨਾਲ ਕਿਵੇਂ ਕਿਵੇਂ ਬਦਲਿਆ। ਮੈਂ ਇਸ ਨੂੰ ਹਿੰਦੂ ਧਰਮ ਦੀ ਉਸ ਵਿਲੱਖਣਤਾ ਵਜੋਂ ਵੀ ਵੇਖਦਾ ਹਾਂ, ਜਿਹੜਾ ਕਦੀ ਵੀ ਸੰਸਥਾਗਤ ਨਹੀਂ ਹੋਇਆ, ਸਗੋਂ ਸਮਿਆਂ ਦੇ ਨਾਲ ਆਪਣੇ-ਆਪ ਨੂੰ ਬਦਲਦਾ ਰਿਹਾ। ਇਹ ਬਦਲਾ ਭਾਵੇਂ ਮਜਬੂਰੀ ਸੀ ਤੇ ਭਾਵੇਂ ਬੇਵੱਸੀ। ਹਿੰਦੂ ਧਰਮ ਵਿੱਚ ਕਿਵੇਂ ਤਬਦੀਲੀਆਂ ਕੀਤੀਆਂ ਗਈਆਂ ਜਾਂ ਹੋਈਆਂ, ਇਸ ਦੀ ਭਿਣਕ ਰਿਡਲਸ ਆਫ ਹਿੰਦੂਇਜ਼ਮ ਵਿੱਚੋਂ ਮਿਲਦੀ ਹੈ, ਕਿਸੇ ਸਮੇਂ ਉਹ ਵੈਦਿਕ ਦੇਵਤਿਆਂ ਦੇ ਉਪਾਸਕ ਸਨ। ਫਿਰ ਇਕ ਸਮਾਂ ਆਇਆ ਜਦੋਂ ਉਨ੍ਹਾਂ ਨੇ ਵੈਦਿਕ ਦੇਵਤਿਆਂ ਨੂੰ ਛੱਡ ਦਿੱਤਾ ਅਤੇ ਗ਼ੈਰ-ਵੈਦਿਕ ਦੇਵਤਿਆਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਕੋਈ ਉਹਨਾਂ ਨੂੰ ਪੁੱਛੇ ਕਿ ਅੱਜ ਇੰਦਰ ਕਿੱਥੇ ਹੈ ? ਵਰੁਣ ਕਿੱਥੇ ਹੈ ? ਬ੍ਰਹਮਾ ਕਿੱਥੇ ਹੈ ? ਤੇ ਮਿੱਤਰ ਕਿੱਥੇ ਹੈ ? ਇਹ ਸਾਰੇ ਦੇਵਤੇ ਹਨ, ਜਿਨ੍ਹਾਂ ਦਾ ਵੇਦਾਂ ਵਿਚ ਜ਼ਿਕਰ ਹੈ। ਅੱਜ ਉਹ ਸਾਰੇ ਦੇਵਤੇ ਗਾਇਬ ਹੋ ਗਏ ਹਨ, ਕਿਉਂ ? ਕਿਉਂਕਿ ਇੰਦਰ, ਵਰੁਣ ਅਤੇ ਬ੍ਰਹਮਾ ਦੀ ਪੂਜਾ ਹੁਣ ਕੋਈ ਲਾਹੇਵੰਦ ਧੰਦਾ ਨਹੀਂ ਰਿਹਾ। (ਹਿੰਦੂ ਧਰਮ ਦੇ ਰਹੱਸ ਪੰਨਾ 52)

ਹਿੰਦੂ ਧਰਮ ਵਿਚ ਵੇਦਾਂ ਨੂੰ ਸਭ ਤੋਂ ਉੱਚ ਸਥਾਨ ਪ੍ਰਾਪਤ ਹੈ। ਬ੍ਰਾਹਮਣ ਗ੍ਰੰਥਾਂ ਨੇ ਵੇਦਾਂ ਨੂੰ ਇਲਾਹੀ ਅਤੇ ਰੱਬੀ ਸ਼ਬਦ ਕਿਹਾ ਹੈ। ਹਿੰਦੂ ਧਰਮ ਗ੍ਰੰਥਾਂ ਨੂੰ ਦੋ ਭਾਗਾਂ ਵਿਚ ਵੰਡਿਆ ਗਿਆ ਹੈ- ਸ਼ਰੁਤੀ ਅਤੇ ਸਮ੍ਰਿਤੀ। ਵੇਦਾਂ ਨੂੰ ਸ਼ਰੁਤੀ ਸਾਹਿਤ ਕਿਹਾ ਜਾਂਦਾ ਹੈ, ਅਰਥਾਤ ਅਜਿਹਾ ਸਾਹਿਤ ਜੋ ਈਸ਼ਵਰ ਦੀ ਬਾਣੀ ਦੇ ਰੂਪ ਵਿਚ ਰਿਸ਼ੀਆਂ ਦੁਆਰਾ ਸੁਣਿਆ ਗਿਆ, ਕੰਠ (ਜ਼ੁਬਾਨੀ ਯਾਦ) ਕੀਤਾ ਗਿਆ ਅਤੇ ਬਾਅਦ ਵਿਚ ਲਿੱਪੀਬੱਧ ਕੀਤਾ ਗਿਆ। ਚਾਰ ਵੇਦ ਹਨ-ਰਿਗਵੇਦ, ਯਜੁਰਵੇਦ, ਸਾਮਵੇਦ ਅਤੇ ਅਥਰਵਵੇਦ। ਰਿਗਵੇਦ ਦੇ ਦਸਮ ਮੰਡਲ ਦੇ ਪੁਰੁਸ਼ਸੂਕਤ ਵਿਚ ਪਹਿਲੀ ਵਾਰ ਵਰਣ ਪ੍ਰਣਾਲੀ ਦੀ ਵਿਧੀ ਦੱਸੀ ਗਈ ਹੈ। ਮਨੂਸਮ੍ਰਿਤੀ ਸ਼ੂਦਰਾਂ ਅਤੇ ਔਰਤਾਂ ਨੂੰ ਵੇਦ ਪੜ੍ਹਨ ਤੋਂ ਮਨ੍ਹਾ ਕਰਦੀ ਹੈ ਅਤੇ ਗੌਤਮ ਸਮ੍ਰਿਤੀ ਰਾਜੇ ਨੂੰ ਹੁਕਮ ਦਿੰਦੀ ਹੈ ਕਿ ਜੇ ਕੋਈ ਸ਼ੂਦਰ ਵੇਦ ਪੜ੍ਹਦਾ ਹੈ ਤਾਂ ਉਸ ਦੇ ਕੰਨਾਂ ਵਿਚ ਪਿਘਲਿਆ ਹੋਇਆ ਸ਼ੀਸ਼ਾ ਪਾਓ।

ਵੇਦਾਂ ਵਿੱਚ ਕਰਮਕਾਂਡਾਂ ਬਾਰੇ ਭਜਨ ਦਰਜ ਹਨ, ਇਹਨਾਂ ਕਰਮਕਾਂਡਾਂ ਵਿੱਚ ਹੀ ਬਲੀ ਦੇਣ ਦੀ ਪ੍ਰਥਾ ਦਾ ਜ਼ਿਕਰ ਵੀ ਵਾਰ-ਵਾਰ ਆਉਂਦਾ ਹੈ। ਬਲੀ ਦੇਣ ਦੀ ਗੱਲ ਇੱਥੋਂ ਤੱਕ ਪਹੁੰਚ ਜਾਂਦੀ ਹੈ ਕਿ ਮਨੁੱਖ ਦੀ ਬਲੀ ਵੀ ਦਿੱਤੀ ਜਾ ਸਕਦੀ ਹੈ। ਇੱਥੇ ਵੀ ਹੁਸ਼ਿਆਰੀ ਦੇਖਣ ਵਾਲੀ ਹੈ ਕਿ ਬ੍ਰਾਹਮਣ ਦੀ ਬਲੀ ਨਹੀਂ ਦਿੱਤੀ ਜਾ ਸਕਦੀ।

8ਵੀਂ ਅਤੇ 6ਵੀਂ ਸਦੀ ਬੀ.ਸੀ. ਦੇ ਵਿਚਕਾਰ, ਭਾਰਤ ਵਿਚ ਬਹੁਤ ਸਾਰੇ ਪਦਾਰਥਵਾਦੀ ਦਾਰਸ਼ਨਿਕ ਅਤੇ ਵਿਚਾਰਧਾਰਾਵਾਂ ਹੋਈਆਂ ਸਨ, ਜਿਨ੍ਹਾਂ ਨੇ ਅਖੌਤੀ ਧਰਮਸ਼ਾਸਤਰ ਦੇ ਉਪਰੋਕਤ ਵਿਸ਼ਵਾਸਾਂ ਨੂੰ ਰੱਦ ਕੀਤਾ ਸੀ। ਇਹਨਾਂ ਵਿੱਚੋਂ ਇੱਕ ਫਲਸਫ਼ਾ ਚਾਰਵਾਕ ਦਾ ਵੀ ਸੀ, ਜਿਸ ਦਾ ਮੋਢੀ ਰਿਸ਼ੀ ਚਾਰਵਾਕ ਮੰਨਿਆ ਜਾਂਦਾ ਹੈ। ਉਸ ਦੇ ਫਲਸਫ਼ੇ ਨੂੰ ਲੋਕਾਇਤ ਵੀ ਕਿਹਾ ਜਾਂਦਾ ਹੈ। ਲੋਕਾਇਤ ਫਲਸਫ਼ਾ ਇਸ ਸੰਸਾਰ ਵਿਚ ਵਿਸ਼ਵਾਸ ਕਰਦਾ ਹੈ ਅਤੇ ਸਵਰਗ, ਨਰਕ ਜਾਂ ਮੁਕਤੀ ਦੀ ਧਾਰਨਾ ਵਿਚ ਵਿਸ਼ਵਾਸ ਨਹੀਂ ਕਰਦਾ ਹੈ। ਇਸ ਲਈ ਇਹ ਫਲਸਫ਼ਾ ਪੁਨਰ-ਜਨਮ ਅਤੇ ਕਰਮ ਸਿਧਾਂਤ ਵਿਚ ਵਿਸ਼ਵਾਸ ਹੀ ਨਹੀਂ ਰੱਖਦਾ ਸੀ। ਇਨ੍ਹਾਂ ਲੋਕਾਇਤ ਦੇ ਪੈਰੋਕਾਰਾਂ ਨੇ ਪੁਜਾਰੀਆਂ ਅਤੇ ਉਨ੍ਹਾਂ ਦੇ ਕਰਮ-ਕਾਂਡਾਂ ਦੀ ਵੀ ਸਖ਼ਤ ਆਲੋਚਨਾ ਕੀਤੀ ਸੀ। ਚਾਰਵਾਕਾਂ ਦੇ ਪੈਰੋਕਾਰਾਂ ਨੇ ਅਜਿਹੀਆਂ ਵਸਤੂਆਂ ਦੀ ਹੋਂਦ ਤੋਂ ਇਨਕਾਰ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਇਨਸਾਨ ਨੂੰ ਇਨਸਾਨੀਅਤ ਦੇ ਵਿਹਾਰ ਲਈ ਪ੍ਰੇਰਦੀਆਂ ਨਿੱਕੀਆਂ-ਵੱਡੀਆਂ ਗੱਲਾਂ

## ਨਿੱਕੀਆਂ-ਵੱਡੀਆਂ ਗੱਲਾਂ

ਪ੍ਰੇਮ ਮਾਨ

**ਸਫੇ : 206, ਮੁੱਲ : 395 ਰੁਪਏ**

**ਗਰੇਸ਼ੀਅਸ ਬੁੱਕਸ, ਪਟਿਆਲਾ**

**ਸਾਹਿਤ ਚਿੰਤਨ**

**ਡਾ. ਭੁਪਿੰਦਰ ਕੌਰ**

'ਨਿੱਕੀਆਂ ਵੱਡੀਆਂ ਗੱਲਾਂ' ਵਾਰਤਕ ਦੀ ਪੁਸਤਕ ਪ੍ਰੇਮ ਮਾਨ ਦੁਆਰਾ ਲਿਖੀ ਗਈ ਹੈ। ਗਲੇਸ਼ੀਅਸ ਬੁੱਕਸ ਪਟਿਆਲਾ ਦੁਆਰਾ ਪ੍ਰਕਾਸ਼ਤ ਪੁਸਤਕ ਲੇਖਕ ਨੇ ਆਪਣੇ ਛੋਟੇ ਭਰਾ ਅਵਤਾਰ ਸਿੰਘ ਮਾਨ, ਭਾਣਜੇ ਜਸਕਰਨ ਅਟਵਾਲ ਅਤੇ ਤਰਨਜੀਤ ਸ਼ੇਰਗਿੱਲ ਨੂੰ ਸਮਰਪਿਤ ਕੀਤੀ ਹੈ, ਜਿਹੜੇ ਕ੍ਰਮਵਾਰ 51, 36 ਤੇ 37 ਸਾਲ ਦੀ ਉਮਰ ਵਿੱਚ ਪਰਵਾਰਾਂ ਨੂੰ ਵਿਛੋੜਾ ਦੇ ਗਏ ਸਨ। ਜਨਵਰੀ 2024 ਵਿੱਚ ਪ੍ਰਕਾਸ਼ਤ ਹੋਏ ਪਹਿਲੇ ਐਡੀਸ਼ਨ ਨੂੰ ਭਰਪੂਰ ਹੁੰਗਾਰਾ ਮਿਲਣ ਤੋਂ ਬਾਅਦ ਇਹ ਦੂਜਾ ਐਡੀਸ਼ਨ 2025 ਵਿੱਚ ਛਾਪਿਆ ਗਿਆ। ਪੁਸਤਕ ਵਿਚਲੇ ਲੇਖਾਂ ਦੇ ਵਿਸ਼ੇ ਇਸ ਪ੍ਰਕਾਰ ਦੇ ਹਨ ਕਿ ਇਨ੍ਹਾਂ ਦੀ ਮਹੱਤਤਾ ਪਹਿਲਾਂ ਵੀ ਸੀ, ਅੱਜ ਵੀ ਹੈ ਤੇ ਭਵਿੱਖ ਵਿੱਚ ਵੀ ਰਹੇਗੀ। ਕੁੱਲ 28 ਲੇਖ ਸ਼ਾਮਲ ਕੀਤੇ ਹਨ, ਜੋ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਹਨ ਤੇ ਜ਼ਿਆਦਾਤਰ ਮਾਨਵੀ-ਮੁੱਲਾਂ ਤੇ ਨੈਤਿਕ ਕਦਰਾਂ-ਕੀਮਤਾਂ ਦੀ ਗੱਲ ਕਰਦੇ ਹਨ। 'ਸਾਡਾ ਵਿਹਾਰ' ਤੋਂ ਸ਼ੁਰੂ ਹੋ ਕੇ 'ਨੱਚਣੁ ਕੁਦਣੁ ਮਨ ਕਾ ਚਾਉ' 'ਤੇ ਗੱਲ ਮੁਕਦੀ ਹੈ। ਮਨੁੱਖੀ ਵਿਹਾਰ ਦੀ ਗੱਲ ਕਰਦਾ ਹੋਇਆ ਲੇਖਕ ਵੱਖ-ਵੱਖ ਉਦਾਹਰਨਾਂ ਨਾਲ ਪੋਲੀਟੀਕਲ ਕਰੈਕਟ ਤੇ ਇਨਕਰੈਕਟ ਦੀ ਪਰਿਭਾਸ਼ਾ ਦਿੰਦਾ ਹੈ। ਬਹੁਤ ਦੁੱਖ ਹੁੰਦਾ ਹੈ, ਜਦੋਂ ਇਹ ਪਤਾ ਲੱਗਦਾ ਹੈ ਕਿ ਅਮਰੀਕਾ ਵਰਗੇ ਸ਼ਹਿਰਾਂ ਵਿੱਚ ਗੁਲਾਮ ਬਣਾ ਕੇ ਰੱਖਣ ਵਾਲੇ ਜ਼ਿਆਦਾਤਰ ਭਾਰਤੀ ਮੂਲ ਦੇ ਲੋਕ ਹੀ ਹਨ। ਹਿੰਦੁਸਤਾਨ ਵਿੱਚ ਅਮੀਰਾਂ ਵੱਲੋਂ ਨੌਕਰਾਂ ਨਾਲ ਗੁਲਾਮਾਂ ਵਾਲਾ ਵਿਹਾਰ ਕੀਤਾ ਜਾਂਦਾ ਹੈ। ਪਰਵਾਰਾਂ ਵੱਲੋਂ ਬੱਚਿਆਂ ਨੂੰ, ਸੱਸ ਵੱਲੋਂ ਨੂੰਹ ਨੂੰ ਤੇ ਪਾਲਤੂ ਜਾਨਵਰਾਂ ਨੂੰ ਵੀ ਗੁਲਾਮ ਬਣਾ ਕੇ ਰੱਖਿਆ ਜਾਂਦਾ ਹੈ। ਅੰਤ ਵਿੱਚ ਲੇਖ ਰਾਹੀਂ ਉਹ ਹਰ ਇਕ ਨਾਲ ਇਨਸਾਨੀਅਤ ਵਾਲਾ ਵਿਹਾਰ ਕਰਨ ਦਾ ਹੋਕਾ ਦਿੰਦਾ ਹੈ। ਕਦੇ ਉਹ ਮਾਣ ਤੇ ਹੰਕਾਰ ਵਰਗੇ ਸ਼ਬਦਾਂ ਨੂੰ ਪਰਿਭਾਸ਼ਿਤ ਕਰਦਾ ਦੱਸਦਾ ਹੈ ਕਿ ਸਾਨੂੰ ਕਿਸੇ ਗੱਲ ਦਾ ਹੰਕਾਰ ਨਹੀਂ, ਬਲਕਿ ਮਾਣ ਹੋਣਾ ਚਾਹੀਦਾ ਹੈ। ਝੂਠੀ ਸ਼ੋਹਰਤ ਤੇ ਦਿਖਾਵੇ ਦੀ ਰੁਚੀ ਹੀ ਹੈ, ਜੋ ਸਾਡੀ ਹਉਮੈ ਨੂੰ ਪੱਠੇ ਪਾਉਂਦੀ ਹੈ। ਹਮੇਸ਼ਾ ਊਣਾ ਭਾਂਡਾ ਹੀ ਉਛਲਦਾ ਹੈ, ਭਰਿਆ ਭਾਂਡਾ ਨਹੀਂ ਉਛਲਦਾ। ਸੋ ਸਾਨੂੰ ਚਾਹੀਦਾ ਹੈ ਕਿ ਅਸੀਂ ਵਧੀਆ ਇਨਸਾਨ ਬਣਨ ਦਾ ਜਤਨ ਕਰੀਏ, ਵਧੀਆ ਹੋਣ ਦੇ ਵਿਖਾਵੇ ਨੂੰ ਤਿਆਗ ਦੱਈਏ। ਕਦੀ ਲੇਖਕ ਹਿੰਦੁਸਤਾਨੀਆਂ ਦੀ ਸੰਕੀਰਨ ਸੋਚ 'ਤੇ ਵਿਅੰਗ ਕਰਦਾ ਹੈ, ਨਾਲ ਹੀ ਉਹ ਦੱਸਦਾ ਹੈ ਕਿ ਜੇ ਅਸੀਂ ਅੱਗੇ ਵਧਣਾ ਹੈ ਤਾਂ ਹਰ ਕਿਸਮ ਦੇ ਨਸਲੀ ਵਿਤਕਰੇ ਤੇ ਨਫ਼ਰਤ ਨੂੰ ਠੱਲ੍ਹ ਪਾਉਣੀ ਪਵੇਗੀ। ਸਕੂਲਾਂ, ਕਾਲਜਾਂ ਵਿੱਚ ਨਵੇਂ ਤੇ ਸਖ਼ਤ ਕਾਨੂੰਨ ਬਣਾ ਕੇ ਅਸੀਂ ਇਸ ਨੂੰ ਅਮਲੀ ਜਾਮਾ ਪਹਿਲਾ ਸਕਦੇ ਹਾਂ।

ਅਗਲੇ ਲੇਖ ਵਿੱਚ ਲੇਖਕ ਦੱਸਦਾ ਹੈ ਕਿ ਅਸੀਂ ਜਦੋਂ ਬੋਲਦੇ ਹਾਂ ਤਾਂ ਕੁਝ ਵੀ ਨਹੀਂ ਸਿਖਦੇ ਤੇ ਜਦੋਂ ਅਸੀਂ ਕਿਸੇ ਨੂੰ ਧਿਆਨ ਨਾਲ ਸੁਣਦੇ ਹਾਂ ਤਾਂ ਅਸੀਂ ਬਹੁਤ ਕੁਝ ਸਿੱਖਦੇ ਹਾਂ। ਸਿੱਖਣ ਲਈ ਸਾਡੇ ਅੰਦਰ ਇੱਛਾ ਹੋਣੀ ਚਾਹੀਦੀ ਹੈ। ਅਸੀਂ ਜ਼ਿਆਦਾਤਰ ਆਪਣੇ ਤੋਂ ਛੋਟਿਆਂ ਤੋਂ ਜ਼ਿਆਦਾ ਸਿੱਖ ਸਕਦੇ ਹਾਂ। ਜੇ ਅਮੀਰ ਤੋਂ ਅਸੀਂ ਲਾਲਚ, ਮਾਇਆ ਨਾਲ ਪਿਆਰ ਤੇ ਹੇਰਾਫੇਰੀਆਂ ਸਿੱਖਦੇ ਹਾਂ ਤੇ ਗਰੀਬ ਤੋਂ ਸਬਰ ਤੇ ਸੰਤੋਖ ਵਿੱਚ ਰਹਿਣਾ ਸਿੱਖਦੇ ਹਾਂ । ਲੇਖਕ, ਕਿਉਂਕਿ ਆਪ ਵੀ ਪੜ੍ਹਦਾ ਹੈ ਤੇ ਸਿੱਖਿਆ ਦਿੰਦਾ ਹੈ ਕਿ ਸਿਹਤ ਨੂੰ ਠੀਕ ਰੱਖਣ ਲਈ ਲੋੜ ਹੈ ਕਿ ਚੰਗੀਆਂ ਪੁਸਤਕਾਂ ਪੜ੍ਹੀਆਂ ਜਾਣ। ਹਿੰਦੁਸਤਾਨ ਦੇ ਮਾਹੌਲ ਪ੍ਰਤੀ ਚਿੰਤਾ ਪ੍ਰਗਟਾਉਂਦਿਆਂ ਹੋਇਆਂ ਉਹ ਉਸ ਨੂੰ ਬਦਲਣ ਦਾ ਚਾਹਵਾਨ ਹੈ। ਉਹ ਦੱਸਦਾ ਹੈ ਕਿ ਬਹੁਤ ਸਾਰੇ ਭਗਤ ਸਿੰਘਾਂ ਦੀ ਲੋੜ ਹੈ, ਜੋ ਸ਼ਾਂਤਮਈ ਢੰਗ ਨਾਲ ਤਬਦੀਲੀਆਂ ਲਿਆ ਸਕਣ। ਬਹੁਤ ਸਾਰੇ ਰਿਵਾਜਾਂ ਨੂੰ ਵੀ ਬਦਲਣ ਦੀ ਗੱਲ ਕਰਦਾ ਹੈ, ਜੋ ਗਰੀਬ ਲੋਕਾਂ ਲਈ ਆਰਥਿਕ ਸਮੱਸਿਆਵਾਂ ਪੈਦਾ ਕਰਦੇ ਹਨ। ਅਗਲੇ ਲੇਖ ਵਿੱਚ ਲੇਖਕ ਦੱਸਦਾ ਹੈ ਕਿ ਬੇਸ਼ੱਕ ਟੈਕਨੋਲੋਜੀ ਨੇ ਤਰੱਕੀ ਕੀਤੀ ਹੈ, ਸਹੂਲਤਾਂ ਦਿੱਤੀਆਂ ਹਨ, ਪਰ ਅਸੀਂ ਇਸ ਕਰਕੇ ਨੁਕਸਾਨ ਵੀ ਉਠਾਏ ਹਨ। ਜਦੋਂ-ਜਦੋਂ ਧਰਤੀ 'ਤੇ ਮੁਸੀਬਤਾਂ ਆਈਆਂ ਹਨ ਤਾਂ ਮਦਦ ਕਰਨ ਵਾਲਿਆਂ ਬਾਰੇ ਵੀ ਜਾਣਕਾਰੀ ਮਿਲੀ। ਅਮਰੀਕਾ ਦੇ ਦੋ ਧਨਾਢ ਬਿੱਲ ਅਤੇ ਮਲਿੰਡਾ ਗੇਟਸ ਫਾਉਂਡੇਸ਼ਨ ਅਤੇ ਵਾਰਨ ਬਫਿਟ ਵਰਗਿਆਂ ਦੇ ਉਦਾਹਰਨ ਦਿੰਦਾ ਹੈ, ਜਿਨ੍ਹਾਂ ਕਈ ਬਿਲੀਅਨ ਡਾਲਰਾਂ ਨਾਲ ਗਰੀਬਾਂ ਦੀ ਮਦਦ ਕੀਤੀ, ਸੰਸਾਰ ਨੂੰ ਵਧੀਆ ਬਣਾਉਣ ਦੀ ਗੱਲ ਕਰਦਾ ਹੈ। ਨਫ਼ਰਤ, ਈਰਖਾ, ਘਿਰਣਾ, ਖ਼ੁਦਗਰਜ਼ੀ ਨੂੰ ਦੂਰ ਕਰਕੇ ਆਪਣੀ ਸਮਰੱਥਾ ਅਨੁਸਾਰ ਗਰੀਬ ਪਰਵਾਰਾਂ ਦੀ ਮਦਦ ਕਰਕੇ ਸਹਾਇਤਾ ਕਰਕੇ ਅਸੀਂ ਬਹੁਤ ਕੁਝ ਕਰ ਸਕਦੇ ਹਾਂ। ਲੇਖਕ ਇਹ ਵੀ ਦੱਸਦਾ ਹੈ ਕਿ ਝੂਠੇ, ਈਰਖਾਲੂ, ਖੁਦਗਰਜ਼ ਤੇ ਬੇਈਮਾਨ ਲੋਕਾਂ ਨੂੰ ਜਾਂ ਤਾਂ ਬਦਲਣ ਦੀ ਕੋਸ਼ਿਸ਼ ਕਰੀਏ ਤੇ ਜਾਂ ਇਹਨਾਂ ਤੋਂ ਦੂਰ ਰਹੀਏ।



ਪੰਜਾਬੀ ਵਿਰਸੇ ਦੀ ਗੱਲ ਵੀ ਕਰਦਾ ਹੈ, ਉਹ ਵਿਰਸਾ, ਜੋ ਬਜ਼ੁਰਗਾਂ ਵੱਲੋਂ ਪੀੜ੍ਹੀ-ਦਰ-ਪੀੜ੍ਹੀ ਦਿੱਤੀਆਂ ਗਈਆਂ ਚੀਜ਼ਾਂ ਹਨ। ਵਿਰਸਾ ਨਿੱਜੀ ਵੀ ਹੋ ਸਕਦਾ ਹੈ, ਪਰਵਾਰਕ ਵੀ ਤੇ ਸਮਾਜਿਕ ਵੀ। ਸਾਨੂੰ ਵਿਰਸੇ ਵਿੱਚੋਂ ਬਹੁਤ ਕੁਝ ਮਿਲਿਆ ਹੈ। ਪੰਜਾਬੀ ਬੋਲੀ ਮਿਲੀ ਹੈ, ਸਭ ਧਰਮਾਂ ਦੇ ਨਾਲ ਪਿਆਰ ਤੇ ਸਤਿਕਾਰ ਤੇ ਰਲਮਿਲ ਕੇ ਬਹਿਣਾ ਮਿਲਿਆ ਹੈ ਤੇ ਨਾਲ ਹੀ ਮਿਲਿਆ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਸ ਵਿਚਲੀ ਬਾਣੀ ਨੂੰ ਪੜ੍ਹਨ ਦੇ ਨਾਲ-ਨਾਲ ਅਮਲ ਕਰਨ 'ਤੇ ਵੀ ਜ਼ੋਰ ਦਿੱਤਾ ਗਿਆ ਹੈ। ਲੇਖਕ ਦੱਸਦਾ ਹੈ ਕਿ ਸਾਡਾ ਵਿਰਸਾ ਸੱਚਾਈ, ਇਮਾਨਦਾਰੀ, ਦਸਾਂ ਨਹੁੰਆਂ ਦੀ ਕਿਰਤ ਕਰਕੇ ਖਾਣਾ, ਨਿਮਰਤਾ, ਦੂਜਿਆਂ ਦੀ ਮਦਦ, ਰੱਬ ਦਾ ਸ਼ੁਕਰ ਮਨਾਉਣਾ ਹੋਇਆ ਕਰਦਾ ਸੀ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਅਗਲੀ ਪੀੜ੍ਹੀ ਇਸ ਨੂੰ ਛੱਡਦੀ ਜਾ ਰਹੀ ਹੈ। ਪੈਸੇ ਨੂੰ ਗਲਤ ਤਰੀਕਿਆਂ ਨਾਲ ਕਮਾਉਣ ਦੇ ਢੰਗ ਸਾਡੇ ਪੰਜਾਬੀਆਂ ਦੇ ਭਵਿੱਖ ਦਾ ਵਿਰਸਾ ਬਣ ਰਹੇ ਹਨ। ਲੇਖਕ ਪੰਜਾਬੀਆਂ ਦੇ ਭਵਿੱਖ ਪ੍ਰਤੀ ਚਿੰਤਾ ਜ਼ਾਹਰ ਕਰਦਾ ਹੈ। ਖੁਦਕੁਸ਼ੀਆਂ ਦੀ ਸਮੱਸਿਆ ਵਿੱਚ ਉਹ ਹਿੰਦੁਸਤਾਨ ਦੇ ਨਾਲ-ਨਾਲ ਸਾਰੇ ਸੰਸਾਰ ਵਿੱਚ ਹੋ ਰਹੀਆਂ ਖੁਦਕੁਸ਼ੀਆਂ ਦੀ ਗੱਲ ਵੀ ਕਰਦਾ ਹੈ ਤੇ ਨਾਲ ਹੀ ਖੁਦਕੁਸ਼ੀ ਕਰਨ ਦੇ ਕਾਰਨਾਂ ਬਾਰੇ ਵੀ ਜਾਣਕਾਰੀ ਦਿੰਦਾ ਹੈ। ਹੌਸਲਾ ਹਾਰ ਜਾਣਾ, ਉਦਾਸੀ ਜਾਂ ਨਿਰਾਸ਼ਾ (ਡਿਪਰੈਸ਼ਨ), ਕਿਸੇ ਲਾਇਲਾਜ ਬਿਮਾਰੀ ਕਾਰਨ ਜਾਂ ਕਿਸੇ ਹੋਈ ਗਲਤੀ ਦੀ ਸ਼ਰਮਿੰਦਗੀ ਕਾਰਨ ਬਣਦੇ ਹਨ ਖੁਦਕੁਸ਼ੀ ਦੇ। ਹਿੰਦੁਸਤਾਨ ਵਿੱਚ ਪਿਆਰ ਦੀ ਅਸਫ਼ਲਤਾ ਵੀ ਖੁਦਕੁਸ਼ੀ ਦਾ ਕਾਰਨ ਬਣਦੀ ਹੈ। ਔਰਤਾਂ ਵੱਲੋਂ ਦਾਜ ਨਾ ਲਿਆਉਣ ਦੀ ਸਮੱਸਿਆ ਤੇ ਨਾਲ ਹੀ ਆਰਥਕ ਮੁਸ਼ਕਲਾਂ ਕਿਰਸਾਨਾਂ ਲਈ ਖੁਦਕੁਸ਼ੀ ਦਾ ਕਾਰਨ ਬਣਦੇ ਹਨ। ਲੇਖਕ ਦੱਸਦਾ ਹੈ ਕਿ ਇਸ ਨੂੰ ਬਿਲਕੁਲ ਖਤਮ ਨਹੀਂ ਕੀਤਾ ਜਾ ਸਕਦਾ, ਪਰ ਮਨੋਵਿਗਿਆਨੀ ਦੀ ਮਦਦ ਨਾਲ ਇਸ ਨੂੰ ਰੋਕਿਆ ਜ਼ਰੂਰ ਜਾ ਸਕਦਾ ਹੈ। ਅਸੀਂ ਅਗਲੀ ਪੀੜ੍ਹੀ ਨੂੰ ਸਮਝਾਉਣਾ ਹੈ ਕਿ ਸਮੱਸਿਆਵਾਂ ਤੋਂ ਡਰ ਕੇ ਖੁਦਕੁਸ਼ੀ ਕਰ ਲੈਣਾ ਗਲਤ ਫੈਸਲਾ ਹੈ।

ਲੇਖਕ ਪੰਜਾਬੀ ਸਾਹਿਤ ਵਿੱਚ ਮਾਣ, ਸਨਮਾਣ ਤੇ ਪੁਰਸਕਾਰਾਂ ਦੀ ਗੱਲ ਵੀ ਕਰਦਾ ਹੈ, ਜੋ ਸਿਰਫ਼ ਤੇ ਸਿਰਫ਼ ਸੌਦੇਬਾਜ਼ੀਆਂ ਹੀ ਰਹਿ ਗਏ ਹਨ। ਹਿੰਦੁਸਤਾਨੀਆਂ ਦਾ ਇਖ਼ਲਾਕ ਦਿਨ-ਬ-ਦਿਨ ਗਿਰਦਾ ਜਾ ਰਿਹਾ ਹੈ। ਸਨਮਾਨਾਂ ਤੇ ਇਨਾਮਾਂ ਵਿੱਚ ਕੁਝ ਨਹੀਂ ਰੱਖਿਆ, ਇਹ ਇਨਸਾਨ ਨੂੰ ਵੱਡਾ ਨਹੀਂ ਬਣਾਉਂਦੇ। ਇਨਸਾਨ ਨੂੰ ਵੱਡਾ ਬਣਾਉਂਦੇ ਹਨ ਉਸ ਦੇ ਕੰਮ। ਜੇ ਇਮਾਨਦਾਰੀ ਨਾਲ ਮਾਣ-ਸਨਮਾਨ ਜਾਂ ਇਨਾਮ ਮਿਲ ਜਾਏ ਤਾਂ ਹਲੀਮੀ ਤੇ ਨਿਮਰਤਾ ਨਾ ਛੱਡੋ। ਆਪਣੇ ਆਪ ਨੂੰ ਹੰਕਾਰ ਦੇ ਛੱਪੜ ਵਿੱਚ ਡੁੱਬਣ ਤੋਂ ਬਚਾਓ।

ਅਗਲੇ ਲੇਖਾਂ ਵਿੱਚ ਲੇਖਕ ਦੱਸਦਾ ਹੈ ਕਿ ਲੀਡਰ ਕਿਹੋ ਜਿਹਾ ਹੋਣਾ ਚਾਹੀਦਾ ਹੈ। ਲੀਡਰ ਸੱਚਾ ਆਗੂ ਤੇ ਸੱਚੀ ਅਗਵਾਈ ਕਰਨ ਵਾਲਾ, ਸਮੱਸਿਆਵਾਂ ਦਾ ਆਪਣੀ ਸਿਆਣਪ ਨਾਲ ਵਿਸ਼ਲੇਸ਼ਣ ਕਰਨ ਵਾਲਾ, ਮਨੋਵਿਗਿਆਨ ਦਾ ਗਿਆਨ ਰੱਖਣ ਵਾਲਾ ਪਾਰਦਰਸ਼ੀ ਤਬੀਅਤ ਦਾ ਮਾਲਕ, ਇਮਾਨਦਾਰੀ ਤੇ ਉਚੀਆਂ ਸੁੱਚੀਆਂ ਕਦਰਾਂ-ਕੀਮਤਾਂ ਨੂੰ ਅਪਨਾਉਣ ਵਾਲਾ ਹੋਣਾ ਚਾਹੀਦਾ ਹੈ। ਅਗਲੇ ਲੇਖ ਵਿੱਚ ਹਿੰਦੁਸਤਾਨ ਦੀਆਂ ਸਮੱਸਿਆਵਾਂ ਬਾਰੇ ਗੱਲ ਕਰਦਾ ਹੈ। ਹਿੰਦੁਸਤਾਨ ਵਿੱਚ ਵਧਦੀ ਹੋਈ ਆਬਾਦੀ, ਦਿਨ-ਬ-ਦਿਨ ਵਧਦੀ ਰਿਸ਼ਵਤਖੋਰੀ ਤੇ ਬੇਈਮਾਨੀ, ਧਾਰਮਿਕ ਕੱਟੜਤਾ, ਘੱਟ-ਗਿਣਤੀ ਵਾਲੇ ਲੋਕਾਂ ਨਾਲ ਕੀਤਾ ਜਾਂਦਾ ਗਲਤ ਵਿਹਾਰ ਹਨ। ਲੇਖਕ ਦੱਸਦਾ ਹੈ ਕਿ ਜਿੰਨੀ ਦੇਰ ਤੱਕ ਹਿੰਦੁਸਤਾਨੀ ਕੱਟੜਤਾ ਦੇ ਆਧਾਰ 'ਤੇ, ਜਾਤਾਂ ਦੇ ਆਧਾਰ 'ਤੇ, ਸੂਬਿਆਂ ਦੇ ਆਧਾਰ 'ਤੇ, ਭਾਸ਼ਾਵਾਂ ਦੇ ਆਧਾਰ 'ਤੇ, ਰਹਿਣੀ-ਬਹਿਣੀ ਦੇ ਆਧਾਰ 'ਤੇ ਇੱਕ-ਦੂਜੇ ਨਾਲ ਵਿਤਕਰਾ ਤੇ ਪੱਖਪਾਤ ਕਰਨਾ ਨਹੀਂ ਛੱਡਦੇ, ਉਦੋਂ ਤੱਕ ਹਿੰਦੁਸਤਾਨ ਉਨਤ ਮੁਲਕਾਂ ਦੀ ਬਰਾਬਰੀ ਨਹੀਂ ਕਰ ਸਕਦਾ। ਅਗਲੇ ਲੇਖ ਵਿੱਚ ਰੱਬ ਦੀ ਹੋਂਦ ਜਾਂ ਅਣਹੋਂਦ ਬਾਰੇ ਵਿਸਤਾਰ ਵਿੱਚ ਜਾਣਕਾਰੀ ਦਿੰਦਾ ਹੈ।

'ਇਨਸਾਨ ਤੇ ਇਨਸਾਨੀਅਤ' ਲੇਖ ਵਿੱਚ ਲੇਖਕ ਘਰਾਂ, ਸਕੂਲਾਂ, ਕਾਲਜਾਂ ਤੋਂ ਹੀ ਬੱਚਿਆਂ ਨੂੰ ਚੰਗੀ ਸਿੱਖਿਆ ਸਿਖਾਉਣ ਦੀ ਗੱਲ ਕਰਦਾ ਹੈ।ਉਹ ਕਹਿੰਦਾ ਹੈ, ਜਦੋਂ ਤੱਕ ਇਹਨਾਂ ਨੂੰ ਚੰਗੀ ਸਿੱਖਿਆ ਨਹੀਂ ਦਿੱਤੀ ਜਾਏਗੀ, ਉਸ ਸਮੇਂ ਤੱਕ ਇਨਸਾਨੀਅਤ ਦਾ ਘਾਣ ਹੁੰਦਾ ਹੀ ਰਹੇਗਾ। ਇਨਸਾਨੀਅਤ ਦੀ ਬਦੌਲਤ ਹੀ ਆਪਣੇ ਤੋਂ ਹੇਠਲੇ ਲੋਕਾਂ ਦੇ ਨਾਲ ਅਸੀਂ ਸਹੀ ਵਿਹਾਰ ਕਰਦੇ ਹਾਂ। ਚੰਗੀਆਂ ਆਦਤਾਂ ਅਤੇ ਚੰਗੇ ਪਾਲਣ-ਪੋਸ਼ਣ ਵਾਲੇ ਇਨਸਾਨ ਕਦੀ ਵੀ ਕਿਸੇ ਨਾਲ ਧੱਕਾ ਨਹੀਂ ਕਰਦੇ, ਮਾੜਾ ਸਲੂਕ ਨਹੀਂ ਕਰਦੇ। ਲੇਖਕ ਦੱਸਦਾ ਹੈ ਕਿ ਵਡਿਆਈ ਇਸੇ ਵਿੱਚ ਹੈ ਕਿ ਉਪਰ ਖੜੇ ਹੋ ਕੇ ਅਸੀਂ ਹੇਠ ਖੜੇ ਲੋਕਾਂ ਨਾਲ ਪਿਆਰ, ਸਤਿਕਾਰ ਤੇ ਹਮਦਰਦੀ ਵਾਲਾ ਵਿਹਾਰ ਕਰੀਏ। ਸਾਡੀਆਂ ਆਦਤਾਂ, ਸਾਡੇ ਸੁਭਾਅ ਲੇਖਾਂ ਦੀ ਲੜੀ ਨੂੰ ਸੱਤ ਹਿੱਸਿਆਂ ਦੇ ਵਿੱਚ ਵੰਡ ਕੇ ਜਿਥੇ ਲੇਖਕ ਬੇਈਮਾਨੀ, ਚੋਰ-ਬਾਜ਼ਾਰੀ ਤੇ ਹੇਰਾਫੇਰੀ ਦੀ ਗੱਲ ਕਰਦਾ ਹੈ, ਉਥੇ ਅਸੂਲਾਂ ਦੀ ਗੱਲ ਵੀ ਕਰਦਾ ਹੈ। ਜਿੱਥੇ ਉਹ ਈਰਖਾ ਦੀ ਗੱਲ ਕਰਦਾ ਹੈ, ਉਥੇ ਚਾਪਲੂਸੀ ਤੇ ਖੁਸ਼ਾਮਦ ਕਰਨ ਵਾਲਿਆਂ ਬਾਰੇ ਵੀ ਦੱਸਦਾ ਹੈ। ਸੱਭਿਆਚਾਰ ਦੀ ਗੱਲ ਕਰਦਾ ਹੈ ਤੇ ਨਾਲ ਹੀ ਇਖ਼ਲਾਕ ਤੇ ਕਦਰਾਂ-ਕੀਮਤਾਂ ਦੇ ਖ਼ਤਮ ਹੋਣ ਦੀ ਗੱਲ ਵੀ ਕਰਦਾ ਹੈ।

ਲੇਖਕ ਪੰਜਾਬ ਦੇ ਭਵਿੱਖ ਪ੍ਰਤੀ ਚਿੰਤਤ ਹੈ। ਵੱਖ-ਵੱਖ ਦਾਰਸ਼ਨਿਕਾਂ ਤੇ ਵਿਦਵਾਨਾਂ ਦੀਆਂ ਉਦਾਹਰਨਾਂ ਦਿੰਦੇ ਹੋਏ ਸਮਾਜ ਪ੍ਰਤੀ ਚਿੰਤਾ ਜ਼ਾਹਿਰ ਕਰਦਾ ਹੈ। ਲੇਖਕ ਆਪਣੇ ਸਾਰੇ ਹੀ ਲੇਖਾਂ ਵਿੱਚ ਮਾਨਵੀ-ਮੁੱਲਾਂ ਤੇ ਨੈਤਿਕ ਕਦਰਾਂ-ਕੀਮਤਾਂ ਦੀ ਗੱਲ ਕਰਦਾ ਹੈ। ਅਮਰੀਕਾ ਦੀਆਂ ਚੰਗੀਆਂ ਗੱਲਾਂ ਦੀ ਉਦਾਹਰਣ ਦਿੰਦੇ ਹੋਏ ਉਹ ਪਾਠਕਾਂ ਨੂੰ ਸਮਝਾਉਂਦਾ ਹੈ ਕਿ ਸਾਨੂੰ ਜਿਥੋਂ ਵੀ ਕੁਝ ਚੰਗਾ ਮਿਲੇ, ਲੈ ਲੈਣਾ ਚਾਹੀਦਾ ਹੈ, ਤਾਂ ਹੀ ਅਸੀਂ ਆਪਣੇ ਆਪ ਵਿੱਚ, ਆਪਣੇ ਸਮਾਜ ਵਿੱਚ, ਆਪਣੇ ਆਲੇ-ਦੁਆਲੇ ਵਿੱਚ ਪੰਜਾਬ ਤੇ ਹਿੰਦੁਸਤਾਨ ਵਿੱਚ ਬਦਲਾਵ ਲਿਆ ਸਕਦੇ ਹਾਂ। ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਉਦਾਹਰਨਾਂ ਦਿੰਦੇ ਹੋਏ ਲੇਖਕ ਆਪਣੀ ਹਰ ਗੱਲ ਨੂੰ ਸਪੱਸ਼ਟ ਕਰਨ ਵਿੱਚ ਸਫ਼ਲ ਹੁੰਦਾ ਹੈ। ਭਿੰਨ-ਭਿੰਨ ਵਿਸ਼ਿਆਂ ਨਾਲ ਸੰਬੰਧਤ ਇਹ ਪੁਸਤਕ ਮਨੁੱਖਤਾ ਨੂੰ ਸਿੱਧੇ ਰਾਹੇ ਪੈਣ ਦਾ ਹੋਕਾ ਦਿੰਦੀ ਹੋਈ ਨਿੱਕੀਆਂ-ਵੱਡੀਆਂ ਗੱਲਾਂ ਰਾਹੀਂ ਬਹੁਤ ਕੁਝ ਸਮਝਾਉਂਦੇ ਪ੍ਰਭਾਵਸ਼ਾਲੀ ਤੇ ਪ੍ਰੇਰਿਤ ਕਰਨ ਵਾਲੀ ਸ਼ੈਲੀ ਰਾਹੀਂ ਪ੍ਰੇਮ ਮਾਨ ਬਹੁਤ ਕੁਝ ਕਹਿਣਾ ਚਾਹੁੰਦਾ ਹੈ ਤੇ ਕਹਿਣ ਦੇ ਵਿੱਚ ਕਾਫੀ ਹੱਦ ਤੱਕ ਸਫਲ ਵੀ ਹੋਇਆ ਹੈ।ਹਰ ਲੇਖ ਦਾ ਅੰਤ ਪਾਠਕਾਂ ਨੂੰ ਇਹ ਸੁਨੇਹਾ ਦੇ ਜਾਂਦਾ ਹੈ।ਆਸ ਹੈ ਕਿ ਪਹਿਲੀ ਐਡੀਸ਼ਨ ਦੀ ਤਰ੍ਹਾਂ ਇਸ ਐਡੀਸ਼ਨ ਨੂੰ ਵੀ ਭਰਪੂਰ ਹੁੰਗਾਰਾ ਮਿਲੇਗਾ।

*ਸੰਪਰਕ : 98555-95818*

# ਅਹਿਸਾਸਾਂ ਤੇ ਜਜ਼ਬਾਤਾਂ ਨੂੰ ਸਮੇਟਦਾ ਕਾਵਿ ਸੰਗ੍ਰਹਿ

## ਪੰਛੀਆਂ ਦੀ ਡਾਰ

**ਡਾ. ਪਰਦੀਪ ਨਾਂਗਲੂ**

**ਸਫੇ : 79, ਮੁੱਲ : 250 ਰੁਪਏ**

**ਮਾਝਾ ਪਬਲੀਕੇਸ਼ਨ, ਗੁਰਦਾਸਪੁਰ**



ਮੈਨੂੰ ਹਰ ਕੋਈ ਆਪੋ-ਆਪਣੇ ਸਾਂਚੇ 'ਚ ਢਾਲਦਾ ਰਿਹਾ,
ਪਰ ਉਨ੍ਹਾਂ ਨੂੰ ਕੀ ਪਤਾ
ਕਿ ਰੇਤ ਨੂੰ ਵੀ ਕੋਈ ਫੜ ਸਕਿਆ ਕਦੇ

ਉਪਰੋਕਤ ਸਤਰਾਂ ਡਾ. ਪਰਦੀਪ ਨਾਂਗਲੂ ਦੀ ਕਾਵਿਕ ਰਚਨਾ 'ਪੰਛੀਆਂ ਦੀ ਡਾਰ' ਵਿਚੋਂ ਹਨ। ਉਨ੍ਹਾਂ ਵੱਲੋਂ ਲਘੂ ਕਵਿਤਾਵਾਂ ਤੇ ਰੁਬਾਈਆਂ ਦੀ ਇਹ ਕਿਤਾਬ ਆਪਣੇ ਆਪ 'ਚ ਰੌਚਕ ਤੇ ਵਿਲੱਖਣ ਹੈ। ਸਾਰੀ ਰਚਨਾ ਮਨੁੱਖੀ ਅਹਿਸਾਸਾਂ ਦਾ ਪ੍ਰਗਟਾਵਾ ਹੈ।

"ਲੰਘਦਾ-ਲੰਘਦਾ ਲੰਘ ਹੀ ਗਿਆ
ਉਹ ਵੇਲਾ ਵੀ, ਜਿਹਦੀ ਉਡੀਕ ਚਿਰਾਂ ਤੋਂ ਸੀ
ਪਰ ਲੰਘਣ ਲੱਗਿਆਂ ਦੱਸ ਕੇ ਨਈਂ ਗਿਆ"

"ਪਤਾ ਨਹੀਂ ਕਿੰਨੇ ਕੁ ਭੁਲੇਖਿਆਂ 'ਚ
ਫਸਿਆ ਰਿਹਾ ਉਮਰ ਭਰ
ਹੁਣ ਉਸ ਮੋੜ 'ਤੇ ਹਾਂ
ਜਿੱਥੇ ਪਤਾ ਹੀ ਨਹੀਂ ਲੱਗਦਾ ਕਿ
ਭੁਲੇਖਾ ਅੰਦਰ ਦਾ ਸੀ, ਕਿ ਬਾਹਰ ਦਾ"

ਕਵਿਤਾ 'ਚ ਜ਼ਿੰਦਗੀ ਦੀ ਗੱਲ, ਪਿਆਰ, ਵਿਛੋੜੇ ਤੇ ਮਿਲਾਪ ਦੀਆਂ ਖ਼ੂਬਸੂਰਤ ਬਾਤਾਂ ਹਨ। ਇਹ ਕਾਇਨਾਤ ਤੇ ਹਾਲਾਤ ਬਦਲਦੇ ਨੇ, ਵਿੱਛੜੇ ਮਿਲਦੇ ਨੇ ਤੇ ਮਿਲੇ ਵਿੱਛੜਦੇ ਨੇ। ਇਨਸਾਨੀ ਜ਼ਿੰਦਗੀ ਨਾਲ ਵਾਪਰਨ ਵਾਲੇ ਇਹ ਸਭ ਕਿੱਸੇ, ਹਾਲਾਤ, ਅਹਿਸਾਸ ਤੇ ਜਜ਼ਬਾਤ ਉਨ੍ਹਾਂ ਨੇ ਆਪਣੀ ਛੋਟੀ ਕਵਿਤਾ ਵਿਚ ਬੜੀ ਖ਼ੂਬਸੂਰਤੀ ਨਾਲ ਪਰੋ ਕੇ ਗਾਗਰ 'ਚ ਸਾਗਰ ਭਰਨ ਵਾਲੀ ਗੱਲ ਕੀਤੀ ਹੈ।

"ਅੱਖਾਂ 'ਚ ਇੰਤਜ਼ਾਰ, ਰੂਹ 'ਚ ਮਿਲਣ ਦੀ ਤੜਫ
ਤੇ ਦੂਰ ਤੱਕ ਬੱਦਲਾਂ 'ਚ, ਉੱਡਦੀ ਸਾਹਾਂ ਦੀ ਡੋਰ
ਪਤਾ ਨਹੀਂ ਕਦੋਂ ਸਾਥ ਛੱਡ ਦੇਵੇ"

"ਇਸ ਦਰਿਆ ਰੂਪੀ ਸਮੇਂ 'ਚ
ਜ਼ਿੰਦਗੀ ਉਸ ਕਾਗਜ਼ ਦੀ ਕਿਸ਼ਤੀ ਵਾਂਗ ਹੈ
ਜਿਹੜੀ ਕਿਨਾਰੇ ਦੀ ਭਾਲ 'ਚ
ਹਮੇਸ਼ਾ ਲਈ ਸਮੁੰਦਰੀ ਲਹਿਰਾਂ 'ਚ ਸਮਾਅ ਜਾਂਦੀ ਹੈ।"

ਕਵੀ ਦਾ ਇੰਤਜ਼ਾਰ, ਮਨ ਵਿਚ ਆਸ ਤੇ ਜ਼ਿੰਦਗੀ ਪ੍ਰਤੀ ਹਾਂ-ਪੱਖੀ ਨਜ਼ਰੀਆ ਉਨ੍ਹਾਂ ਦੀ ਸੂਖ਼ਮ ਤੇ ਡੂੰਘੀ ਸੋਚ ਦਾ ਪ੍ਰਗਟਾਵਾ ਕਰਦਾ ਹੈ। ਦੋਸਤੀ ਦੀ ਖ਼ੂਬਸੂਰਤ ਮਿਸਾਲ ਦਿੰਦਿਆਂ ਉਨ੍ਹਾਂ ਜ਼ਿੰਦਗੀ 'ਚ ਦੋਸਤਾਂ ਦੇ ਹੋਣ ਦੀ ਅਹਿਮੀਅਤ ਦਾ ਬਹੁਤ ਵਧੀਆ ਵਰਣਨ ਕੀਤਾ ਹੈ।

ਜ਼ਿੰਦਗੀ 'ਚ ਦੋਸਤ ਹੋਲੀ ਦੇ ਰੰਗਾਂ ਵਾਂਗ ਮਿਲਦੇ ਰਹੇ,
ਕਈਆਂ ਨੇ ਜ਼ਿੰਦਗੀ ਦੇ ਰੰਗ ਬਦਲਤੇ
ਤੇ ਕਈਆਂ ਨੇ ਜ਼ਿੰਦਗੀ ਰੰਗਾਂ ਨਾਲ ਭਰ'ਤੀ

ਡਾ. ਪਰਦੀਪ ਦਾ ਕਾਵਿ-ਸੰਵਾਦ ਬੜਾ ਹੀ ਅਰਥਪੂਰਣ ਤੇ ਜ਼ਿੰਦਗੀ ਜੀਣ ਦੀਆਂ ਬਾਰੀਕੀਆਂ ਨੂੰ ਬਿਆਨ ਕਰਦਾ ਹੈ, ਬਹੁਤ ਹੀ ਹਲਕੇ-ਫੁਲਕੇ ਆਸਾਰ ਦਿਲਚਸਪ ਤੇ ਦਿਲ-ਟੁੰਭਵੇਂ ਹਨ, ਸੰਬੋਧਨੀ ਸ਼ੈਲੀ ਵੀ ਕਿਤੇ ਉਪਦੇਸ਼ ਦੇਣ ਦੀ ਬਜਾਏ ਆਪਣੇ ਹੀ ਮਨ ਅੰਦਰਲੇ ਭਾਵ ਪ੍ਰਗਟ ਕਰਦੀ ਹੈ ਅਤੇ ਸਹਿਜੇ ਹੀ ਤੁਹਾਡੇ ਮਨ-ਮਸਤਕ ਵਿਚ ਪ੍ਰਵੇਸ਼ ਕਰ ਜਾਂਦੀ ਹੈ।

"ਮਹਿਕ ਦਾ ਸਫਰ ਵੀ ਬੜਾ ਅਜੀਬ ਹੈ,
ਮਹਿਕ ਨੂੰ ਮਹਿਕ ਤੱਕ ਪਹੁੰਚਣ ਲਈ
ਇੱਕ ਅਰਸਾ ਲੱਗ ਜਾਂਦਾ"

"ਛੋਟੇ ਹੁੰਦਿਆਂ ਪੜ੍ਹੀ ਸੀ, ਮੀਸ਼ਾ ਦੀ 'ਚੀਕ ਬੁਲਬੁਲੀ'
ਜੇ ਉਸ ਵੇਲੇ ਮੈਨੂੰ ਚੀਕਾਂ ਮਾਰਨ ਤੋਂ ਨਾ ਰੋਕਿਆ ਹੁੰਦਾ ਤਾਂ
ਅੱਜ ਚੀਕਾਂ ਮਾਰਨ ਦੀ ਜ਼ਰੂਰਤ ਨਾ ਪੈਂਦੀ"

"ਤੂੰ ਇਹ ਨਾ ਸੋਚੀਂ ਕਿ ਮੈਂ ਉਦਾਸ ਆਂ
ਉਦਾਸੀ ਤਾਂ ਮੇਰੇ ਸੁਭਾਅ 'ਚ ਐ,
ਪਰ ਆਪਣੇ ਖ਼ਿਆਲਾਂ ਦੀ ਮਹਿਫਲ 'ਚ
ਮੈਂ ਤੇਰੀਆਂ ਯਾਦਾਂ ਨੂੰ ਮੁਸਕਰਾਂਦੇ ਵੇਖਿਆ"

ਤੇ ਇਹੋ ਜਿਹੀਆਂ ਹੋਰ ਕਿੰਨੀਆਂ ਹੀ ਖ਼ੂਬਸੂਰਤ ਰਚਨਾਵਾਂ ਇਸ ਕਿਤਾਬ ਦਾ ਸ਼ਿੰਗਾਰ ਹਨ। ਡਾ. ਪਰਦੀਪ ਦੀ ਕਵਿਤਾ ਬਸ ਆਪ-ਮੁਹਾਰੇ, ਪਲਾਂ-ਛਿਣਾਂ 'ਚ ਹੀ ਉਪਜੀ ਪ੍ਰਤੀਤ ਹੁੰਦੀ ਹੈ, ਤਾਂ ਹੀ ਉਸ ਵਿੱਚ ਇੱਕ ਕੁਦਰਤੀ ਭਾਵ ਝਲਕਦਾ ਹੈ, ਜੋ ਆਮ ਇਨਸਾਨ ਦੀ ਜ਼ਿੰਦਗੀ ਦੇ ਬਹੁਤ ਹੀ ਨਜ਼ਦੀਕ ਹੋਵੇ। ਪੜ੍ਹਨ ਵਾਲਿਆਂ ਨੂੰ ਇਹ ਸ਼ਾਇਰੀ ਆਪਣੀ ਹੀ ਜ਼ਿੰਦਗੀ ਦੀ ਕਹਾਣੀ ਮਹਿਸੂਸ ਹੁੰਦੀ ਹੈ। ਬੜੀ ਹੀ ਸਰਲ ਤੇ ਸਾਧਾਰਨ ਸ਼ਬਦਾਵਲੀ ਜੋ ਹਰ ਇੱਕ ਦੇ ਦਿਲ 'ਚ ਘਰ ਕਰ ਜਾਵੇ।

ਡਾ. ਪਰਦੀਪ ਇਕ ਨਿਰੰਤਰ ਲਿਖਾਰੀ ਹੈ। ਕਵਿਤਾ ਦੇ ਨਾਲ-ਨਾਲ ਉਹ ਫਿਲਾਸਫੀ ਤੇ ਸਾਈਕੋਲੋਜੀ ਵਰਗੇ ਵਿਸ਼ਿਆਂ ਦੇ ਵੀ ਮਾਹਿਰ ਹਨ। ਉਨ੍ਹਾਂ ਅਮਰੀਕਾ 'ਚ ਇਨ੍ਹਾਂ ਵਿਸ਼ਿਆਂ 'ਤੇ ਡਿਗਰੀ ਹਾਸਲ ਕੀਤੀ ਅਤੇ ਲੋਕਾਂ ਦੀ ਮਾਨਸਿਕ ਸਿਹਤ ਨਾਲ ਜੁੜੀਆਂ ਸਮੱਸਿਆਵਾਂ 'ਤੇ ਵੀ ਉਹ ਆਪਣੀ ਮਾਹਿਰ ਰਾਇ ਦਿੰਦੇ ਨੇ। ਉਨ੍ਹਾਂ ਨਾਲ ਬੈਠ ਕੇ ਗੱਲਬਾਤ ਕਰਦਿਆਂ ਵਕਤ ਦੇ ਵਹਾਅ ਦਾ ਪਤਾ ਹੀ ਨਹੀਂ ਲੱਗਦਾ। ਉਹ ਦੂਸਰੇ ਦੇ ਅਹਿਸਾਸਾਂ ਤੇ ਜਜ਼ਬਾਤਾਂ ਨੂੰ ਸਮਝਣ ਦੀ ਕਮਾਲ ਸਮਰੱਥਾ ਰੱਖਦੇ ਨੇ। ਉਹ ਕਈ ਵਿਸ਼ਿਆਂ 'ਤੇ ਲਿਖ ਰਹੇ ਨੇ ਤੇ ਉਨ੍ਹਾਂ ਦੀਆਂ ਹੋਰ ਕਿਤਾਬਾਂ ਛੇਤੀ ਹੀ ਛਪਣ ਵਾਲੀਆਂ ਨੇ। ਇਸ ਕਾਵਿ ਸੰਗ੍ਰਹਿ "ਪੰਛੀਆਂ ਦੀ ਡਾਰ" ਦੇ ਨਾਲ ਉਨ੍ਹਾਂ ਦੀ ਕਿਤਾਬ "Mindfulness perspectives in Clinical Psychology" ਵੀ ਰਿਲੀਜ਼ ਕੀਤੀ ਗਈ ਹੈ ਅਤੇ ਹੁਣ ਉਹ ਆਪਣੀ ਅਗਲੀ ਕਿਤਾਬ ਦੀ ਤਿਆਰੀ 'ਚ ਲੱਗੇ ਹੋਏ ਨੇ। ਮੇਰੀਆਂ ਸ਼ੁੱਭ ਇੱਛਾਵਾਂ ਨੇ ਕਿ ਉਹ ਇਸੇ ਤਰ੍ਹਾਂ ਇਹ ਅਨਮੋਲ ਖਜ਼ਾਨਾ ਆਪਣੇ ਪਾਠਕਾਂ ਨਾਲ ਸਾਂਝਾ ਕਰਦੇ ਰਹਿਣ, ਉਨ੍ਹਾਂ ਦੀ ਕਲਮ ਇਹ ਖ਼ੂਬਸੂਰਤ ਕਵਿਤਾ ਸਿਰਜਦੀ ਰਹੇ।

**- ਜੀਵਨ ਰੱਤੂ, ਕੈਲੀਫੋਰਨੀਆ (ਯੂ.ਐੱਸ.ਏ.)**

# ਪੁਸਤਕ ਰੀਵਿਊ

## ਆਖ਼ਰੀ ਕਤਾਰ ਦੇ ਯੋਧੇ

(ਕਹਾਣੀ-ਸੰਗ੍ਰਹਿ)

**ਤੇਲੂ ਰਾਮ ਕੁਹਾੜਾ**

**ਪੰਨੇ : 120, ਮੁੱਲ : 250 ਰੁਪਏ**

**ਲਾਹੌਰ ਬੁੱਕ ਸ਼ਾਪ, ਲੁਧਿਆਣਾ**

ਦੋ ਕਹਾਣੀ-ਸੰਗ੍ਰਹਿ, ਦੋ ਕਾਵਿ-ਸੰਗ੍ਰਹਿ, ਇੱਕ ਬਾਲ ਨਾਵਲ, ਇਕ ਸੰਸਮਰਣ ਅਤੇ ਇਕ ਸਵੈ-ਜੀਵਨੀ ਤੋਂ ਬਾਅਦ ਪਿਛਲੇ 60 ਸਾਲਾਂ ਤੋਂ ਸਾਹਿਤ ਸਿਰਜਣਾ ਵਿੱਚ ਰੁੱਝੇ ਸਾਹਿਤਕਾਰ ਤੇਲੂ ਰਾਮ ਕੁਹਾੜਾ ਦਾ ਨਵਾਂ ਕਹਾਣੀ-ਸੰਗ੍ਰਹਿ 'ਆਖ਼ਰੀ ਕਤਾਰ ਦੇ ਯੋਧੇ' ਪ੍ਰਕਾਸ਼ਿਤ ਹੋਇਆ ਹੈ। ਪੰਜਾਬੀ ਕਹਾਣੀ ਸਾਹਿਤ ਵਿੱਚ ਤੇਲੂ ਰਾਮ ਕੁਹਾੜਾ ਇੱਕ ਜਾਣਿਆ-ਪਛਾਣਿਆ ਨਾਂਅ ਹੈ। ਇਸ ਪੁਸਤਕ ਦੀ ਭੂਮਿਕਾ 'ਜਿਉਂਦੇ-ਜਾਗਦੇ ਪਾਤਰਾਂ ਦੀਆਂ ਕਹਾਣੀਆਂ- ਆਖ਼ਰੀ ਕਤਾਰ ਦੇ ਯੋਧੇ' ਵਿੱਚ ਸੁਰਿੰਦਰ ਰਾਮਪੁਰੀ ਉਸ ਨੂੰ ਵਿਸ਼ੇਸ਼ ਕਹਾਣੀਕਾਰ ਸਿੱਧ ਕਰਦਾ ਹੈ। ਇਸ ਪੁਸਤਕ ਵਿੱਚ ਉਸ ਦੀਆਂ 18 ਕਹਾਣੀਆਂ ਹਨ। ਇਹ ਕਹਾਣੀਆਂ ਆਮ ਜਨ ਜੀਵਨ ਦੀ ਰਹਿਨੁਮਾਈ ਕਰਦੀਆਂ ਹਨ ਅਤੇ ਕਹਾਣੀਕਾਰ ਦੇ ਨਿੱਜੀ ਤਜਰਬਿਆਂ 'ਤੇ ਆਧਾਰਤ ਹਨ। ਇਕੱਲੀ-ਇਕੱਲੀ ਕਹਾਣੀ ਦੇ ਪਾਠ ਸਮੇਂ ਜਿਹੜੇ ਸਾਂਝੇ ਨੁਕਤੇ ਸਾਹਮਣੇ ਆਉਂਦੇ ਹਨ, ਉਨ੍ਹਾਂ ਵਿੱਚੋਂ ਪ੍ਰਮੁੱਖ ਹਨ ਕਿ ਇਹਨਾਂ ਕਹਾਣੀਆਂ ਦੇ ਘਟਨਾਕ੍ਰਮਾਂ ਦੀ ਬਿਰਤਾਂਤਕ ਰਫ਼ਤਾਰ ਅਸਮਾਨ ਹੋਣ ਕਾਰਨ ਇਹ ਪਾਠਕ ਨੂੰ ਅਚੰਭਿਤ ਕਰਦੀਆਂ ਹਨ, ਕਿਉਂਕਿ ਇਹਨਾਂ ਕਹਾਣੀਆਂ ਵਿੱਚ ਘਟਨਾਵਾਂ ਘਟਣ ਦੀ ਰਫ਼ਤਾਰ ਅਚਨਚੇਤ ਹੀ ਬਦਲਦੀ ਹੈ। ਕਈ ਵਾਰ ਤਾਂ ਪਾਠਕ ਨੂੰ ਇਸ ਘਟਨਾਵੀਂ ਵਿਉਂਤ ਵਿੱਚ ਕੁਝ ਖੱਪੇ ਵੀ ਨਜ਼ਰੀਂ ਪੈਂਦੇ ਹਨ। ਇਸੇ ਢੰਗ ਨਾਲ ਇਹਨਾਂ ਕਹਾਣੀਆਂ ਵਿੱਚ ਕਈ ਵਾਰ ਘਟਨਾਵਾਂ ਦਾ ਬਿਰਤਾਂਤਕ ਸਥਾਨ ਅਤੇ ਸਮਾਂ ਵੀ ਅਚਨਚੇਤ ਬਦਲ ਜਾਂਦਾ ਹੈ। ਇਹਨਾਂ ਕਹਾਣੀਆਂ ਦੇ ਪਾਤਰਾਂ ਦੀ ਗੱਲ ਕੀਤਿਆਂ ਇਹ ਪਾਤਰ ਵਧੇਰੇ ਚੰਗੇ ਜੀਵਨ ਦੀ ਪ੍ਰਾਪਤੀ ਲਈ ਸੰਘਰਸ਼ ਕਰਦੇ ਨਜ਼ਰ ਆਉਂਦੇ ਹਨ, ਆਪਣੇ ਫ਼ੈਸਲਿਆਂ 'ਤੇ ਦ੍ਰਿੜ੍ਹਤਾ ਨਾਲ ਕਾਇਮ ਰਹਿੰਦੇ ਹਨ, ਨੈਤਿਕਤਾ ਨੂੰ ਆਪਣੇ ਨਾਲ ਲੈ ਕੇ ਚਲਦੇ ਹਨ, ਔਖੀ ਤੋਂ ਔਖੀ ਘੜੀ ਵਿੱਚ ਡਗਮਗਾਉਂਦੇ ਨਹੀਂ ਤੇ ਆਰਥਿਕ ਊਣਤਾਈਆਂ ਦੇ ਬਾਵਜੂਦ ਜੀਵਨ ਵਿੱਚ ਸਫ਼ਲ ਹੋਣ ਦਾ ਜਜ਼ਬਾ ਰੱਖਦੇ ਹਨ।



ਕਹਾਣੀ 'ਸਦਾ ਰਹੇ ਤੇਰੀ ਛਾਂ' ਰਾਹੀਂ ਕਹਾਣੀਕਾਰ ਉਹਨਾਂ ਨੈਤਿਕ ਕਦਰਾਂ ਨੂੰ ਪਾਠਕਾਂ ਤੱਕ ਪਹੁੰਚਾਉਂਦਾ ਹੈ, ਜਿਨ੍ਹਾਂ ਅਨੁਸਾਰ ਚੱਲਣਾ ਇਸ ਸਮਾਜ ਦੇ ਲੋਕਾਂ ਲਈ ਜ਼ਰੂਰੀ ਹੈ। ਇਸ ਕਹਾਣੀ ਵਿੱਚ ਜਸਵੰਤ ਕੌਰ ਦੁਆਰਾ ਸਾਰੀ ਉਮਰ ਕੀਤਾ ਸੰਘਰਸ਼ ਅਤੇ ਅੰਤ ਸਮੇਂ ਉਸ ਦੀ ਆਪਣੇ ਨੂੰਹ-ਪੁੱਤ ਦੁਆਰਾ ਕੀਤੀ ਸੇਵਾ ਨਵੀਂ ਪੀੜ੍ਹੀ ਨੂੰ ਸੇਧ ਦਿੰਦੀ ਹੈ। ਕਹਾਣੀ ਦੇ ਬਿਰਤਾਂਤਕ ਖੱਪਿਆਂ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਜਾਵੇ ਤਾਂ ਇਹ ਕਹਾਣੀ ਨੈਤਿਕ ਸਮਾਜਿਕ ਵਰਤਾਰਿਆਂ ਨੂੰ ਪੇਸ਼ ਕਰਦੀ ਕਹਾਣੀ ਸਾਬਤ ਹੁੰਦੀ ਹੈ। ਕਹਾਣੀ 'ਮੋਮਬੱਤੀਆਂ ਦੀ ਜੂਨ' ਵਿੱਚ ਵਿਦੇਸ਼ ਗਏ ਪਤੀ ਦੀ ਵਾਪਸੀ ਨੂੰ ਉਡੀਕਦੀ ਸੁਰਤੀ ਆਪਣੇ ਨਿੱਜ ਲਈ, ਬੱਚੀ ਲਈ ਅਤੇ ਪਰਵਾਰ ਲਈ ਸੰਘਰਸ਼ ਕਰਦੀ ਜੀਵਨ ਜਿਉ ਰਹੀ ਹੈ। ਕਹਾਣੀਕਾਰ ਨੇ ਵਿਦੇਸ਼ ਦੇ ਨਾਂਅ 'ਤੇ ਹੋ ਰਹੀ ਧੋਖਾਧੜੀ ਨੂੰ ਕੇਂਦਰ ਵਿੱਚ ਰੱਖ ਕੇ ਇਹ ਬਿਰਤਾਂਤ ਘੜਿਆ ਹੈ। ਕਹਾਣੀ 'ਰੋਡ ਸ਼ੋਅ' ਰਾਜਨੀਤਕ ਭ੍ਰਿਸ਼ਟਾਚਾਰ ਅਤੇ ਸਰਕਾਰੀ ਯੋਜਨਾਵਾਂ ਦੀ ਪੋਲ ਖੋਲ੍ਹਦੀ ਕਹਾਣੀ ਹੈ, ਜਿਸ ਵਿੱਚ ਕਹਾਣੀਕਾਰ ਨੇ ਸੜਕਾਂ ਦੀ ਮਾੜੀ ਹਾਲਤ ਨੂੰ ਵਿਸ਼ਾ ਬਣਾ ਕੇ ਕਥਾਨਕ ਰਚਿਆ ਹੈ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਆਖਰੀ ਕਤਾਰ ਦੇ ਯੋਧੇ' ਕੋਰੋਨਾ ਸਮੇਂ ਲਾਸ਼ਾਂ ਦੇ ਲੱਗੇ ਢੇਰ ਅਤੇ ਉਹਨਾਂ ਦੀ ਹੋ ਰਹੀ ਦੁਰਗਤ ਨੂੰ ਵਿਸ਼ਾ ਬਣਾਇਆ ਹੈ। ਉਸ ਔਖੇ ਦੌਰ ਵਿੱਚ ਕਮਾਈ ਲਈ ਇਹਨਾਂ ਲਾਸ਼ਾਂ ਨੂੰ ਸਿਰੇ ਲਗਾਉਣ ਵਿੱਚ ਮਜ਼ਦੂਰ ਜਮਾਤ ਵੱਲੋਂ ਕੀਤੀ ਮਿਹਨਤ ਨੂੰ ਵਿਸ਼ਾ ਬਣਾਇਆ ਗਿਆ ਹੈ, ਪਰ ਇਸ ਕਹਾਣੀ ਵਿੱਚ ਦੂਜੇ ਪਾਸੇ ਸਰਕਾਰੀ ਸਨਮਾਨ ਚਿੰਨ੍ਹਾਂ 'ਤੇ ਅਗਲੀ ਕਤਾਰ ਦੇ ਉਹਨਾਂ ਲੋਕਾਂ ਦਾ ਹੱਕ ਸਿੱਧ ਹੁੰਦਾ ਹੈ, ਜਿਨ੍ਹਾਂ ਨੇ ਅਸਲੀਅਤ ਵਿੱਚ ਕੁਝ ਨਹੀਂ ਕੀਤਾ ਹੁੰਦਾ ਤੇ ਆਖ਼ਰੀ ਕਤਾਰ ਵਿੱਚ ਖੜੇ ਯੋਧੇ ਆਪਣੀ ਥਾਂ ਹੀ ਖੜੇ ਰਹਿ ਜਾਂਦੇ ਹਨ। ਇਸੇ ਢੰਗ ਨਾਲ ਕਹਾਣੀ 'ਗਲਵੱਕੜੀ ਦਾ ਨਿੱਘ' ਭਾਈਚਾਰਕ ਸਾਂਝ ਦੀ ਅਤੇ 'ਪਲਟਵਾਰ' ਰਾਜਨੀਤਕ ਖੁੰਦਕ ਕੱਢਣ ਦੀ ਕਹਾਣੀ ਹੈ। ਕਹਾਣੀ 'ਉਪਰੋਥਲੀ' ਅਤੇ 'ਮਨ ਵਿਚਲੀ ਕਸਕ' ਵਿਸ਼ਵੀਕਰਨ ਦੇ ਪ੍ਰਭਾਵ ਹੇਠ ਆਮ ਬੰਦੇ ਦੇ ਆਰਥਿਕ ਸ਼ੋਸ਼ਣ ਦੀ ਇੱਕ ਲੜੀ ਨੂੰ ਪੇਸ਼ ਕਰਦੀ ਕਹਾਣੀ ਜਿਸ ਵਿੱਚ ਹਰ ਵੱਡੀ ਚੀਜ਼ ਛੋਟੀ ਵਸਤ ਨੂੰ ਨਿਗਲ ਰਹੀ ਪ੍ਰਤੀਤ ਹੁੰਦੀ ਹੈ, ਪਰ ਵਿਕਾਸ ਦੇ ਨਾਂਅ 'ਤੇ ਪਿੰਡਾਂ ਅਤੇ ਸ਼ਹਿਰਾਂ ਦੀ ਨੁਹਾਰ ਬਦਲਣ ਨੂੰ ਹੀ ਅਸਲ ਵਿਕਾਸ ਸਮਝਿਆ ਜਾ ਰਿਹਾ ਹੈ। ਕਹਾਣੀ 'ਬੰਦ ਅੱਖਾਂ ਵਾਲੇ' ਵਿੱਚ ਕਹਾਣੀਕਾਰ ਨੇ ਜਾਨਵਰਾਂ ਦੇ ਮੁਕਾਬਲੇ ਇਨਸਾਨਾਂ ਨੂੰ ਫਿਰਕੂ ਦੰਗਿਆਂ ਅਤੇ ਅਸਲੀਅਤ ਵਿੱਚ ਬੰਦ ਅੱਖਾਂ ਵਾਲੇ ਸਿੱਧ ਕੀਤਾ ਹੈ। 'ਮਘਦੇ ਅੰਗਿਆਰ' ਵਿੱਚ ਕਹਾਣੀਕਾਰ ਨੇ ਰਾਜਨੀਤਕ ਸਰੋਕਾਰਾਂ ਨੂੰ ਦਰਸਾਉਂਦੀ ਕਹਾਣੀ ਕਿਹਾ ਹੈ ਕਿ ਅਸਲ ਵਿੱਚ ਰਾਜਨੀਤਿਕ ਨੇਤਾ ਚੁਣਨ ਵੇਲੇ ਇਸ ਦੇਸ਼ ਵਿੱਚ ਕੀ-ਕੀ ਹੋ ਰਿਹਾ ਹੈ। 'ਆਚਾਰੀ ਅੰਬ', 'ਠੰਢੀ ਹਵਾ ਦੇ ਬੁੱਲ੍ਹੇ', 'ਆਊਟ', 'ਰੋਹ ਦੇ ਰੰਗ' ਅਤੇ 'ਐਥੇ ਹੀ ਟਿਕੇ ਰਹੋ' ਉਹਨਾਂ ਸਮਾਜਿਕ ਸਰੋਕਾਰਾਂ ਨੂੰ ਵਿਸ਼ਾ ਬਣਾਉਂਦੀਆਂ ਕਹਾਣੀਆਂ ਹਨ, ਜਿਨ੍ਹਾਂ ਦਾ ਆਧਾਰ ਆਰਥਿਕਤਾ ਨਾਲ ਜਾ ਜੁੜਦਾ ਹੈ। 'ਕਿਲਕਾਰੀ' ਅਤੇ 'ਸ਼ਾਇਰ ਪਤੀ' ਵਿੱਚ ਵੀ ਮਨੋ ਤਣਾਅ ਝੱਲਦੇ ਪਾਤਰਾਂ ਦੀਆਂ ਕਹਾਣੀਆਂ ਹਨ। ਇਹਨਾਂ ਕਹਾਣੀਆਂ ਵਿੱਚ ਬਿਆਨੀਆ ਸ਼ੈਲੀ, ਪਿਛਲਝਾਤ ਸ਼ੈਲੀ ਅਤੇ ਵਾਰਤਾਲਾਪੀ ਸ਼ੈਲੀ ਵਰਤੀ ਗਈ ਹੈ ਤੇ ਪਾਤਰਾਂ ਦੇ ਮੂੰਹੋਂ ਇਲਾਕੇ ਅਨੁਸਾਰ ਪੰਜਾਬੀ ਉਪ ਬੋਲੀਆਂ ਦੀ ਵਰਤੋਂ ਕਹਾਣੀਕਾਰ ਦੇ ਉਪਭਾਸ਼ਾ ਗਿਆਨ ਦੀ ਹਾਮੀ ਭਰਦੀ ਹੈ। ਇਸ ਢੰਗ ਨਾਲ ਇਹ ਪੁਸਤਕ ਕਹਾਣੀ ਦੇ ਖੇਤਰ ਵਿੱਚ ਨਿਵੇਕਲੇ ਢੰਗ ਦੀਆਂ ਕਹਾਣੀਆਂ ਕਾਰਨ ਆਪਣੀ ਹੋਂਦ ਸਥਾਪਤ ਕਰਦੀ ਹੈ।

**- ਡਾ. ਸੰਦੀਪ ਰਾਣਾ**

# ਸੀਤਾ ਰਤਨਾਮਲ ਦੀ ਆਤਮ ਕਥਾ 'ਜੰਗਲ ਤੋਂ ਪਾਰ' 'ਤੇ ਚਰਚਾ




**ਚੰਡੀਗੜ੍ਹ** : ਸਾਹਿਤ ਚਿੰਤਨ ਚੰਡੀਗੜ੍ਹ ਵੱਲੋਂ ਜੰਗ ਬਹਾਦਰ ਗੋਇਲ ਵੱਲੋਂ ਅਨੁਵਾਦ ਸੀਤਾ ਰਤਨਾਮਲ ਦੀ ਆਤਮ ਕਥਾ 'ਜੰਗਲ ਤੋਂ ਪਾਰ' 'ਤੇ ਗੋਸ਼ਟੀ ਕਰਵਾਈ ਗਈ। ਕਬਾਇਲੀ ਕੁੜੀ ਸੀਤਾ ਰਤਨਾਮਲ ਦੀ ਆਤਮ ਕਥਾ 'ਜੰਗਲ ਤੋਂ ਪਾਰ' ਬਾਰੇ ਸੰਖੇਪ ਚਰਚਾ ਕਰਦਿਆਂ ਡਾ. ਜਸ਼ਨਪ੍ਰੀਤ ਕੌਰ ਨੇ ਕਿਹਾ ਕਿ ਦੱਖਣੀ ਭਾਰਤ ਦੇ ਨੀਲਗਿਰੀ ਪਹਾੜਾਂ ਤੇ ਜੰਗਲਾਂ ਦੀ ਜੰਮਪਲ ਸੀਤਾ ਪ੍ਰਾਚੀਨ ਆਦਿਵਾਸੀ ਕਬੀਲੇ ਇਰੂਲਾ ਨਾਲ ਸੰਬੰਧ ਰੱਖਦੀ ਹੈ। ਉਸ ਨੇ ਪਰੰਪਰਾਵਾਂ ਨੂੰ ਦਰਕਿਨਾਰ ਕਰਕੇ ਸਕੂਲ ਵਿੱਚ ਜਾਣ ਦਾ ਹੌਸਲਾ ਕੀਤਾ। ਉਸ ਨੇ ਦੱਸਿਆ ਕਿ ਜੇ ਹਨੇਰਿਆਂ ਵਿੱਚ ਤੁਰਨਾ ਪਵੇ ਤਾਂ ਹੇਠਾਂ ਨਹੀਂ ਉਤਰਨਾ ਚਾਹੀਦਾ। ਸਿਖਲਾਈ ਪਿੱਛੋਂ ਘਰ ਵਾਪਸੀ ਉੱਤੇ ਸਾਡੀ ਝੁੱਗੀ ਦੇ ਅੱਗੇ ਸਵਾਗਤ ਲਈ ਖੜ੍ਹੇ ਪਿੰਡ ਵਾਸੀਆਂ ਨੂੰ ਦੇਖ ਕੇ ਮੇਰੀਆਂ ਅੱਖਾਂ ਛਲਕ ਪਈਆਂ ਸਨ।ਸ੍ਰੀ ਅਭੈ ਸਿੰਘ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਬ੍ਰਾਹਮਣ ਖ਼ੂਨ ਦੀ ਸ਼ੁੱਧਤਾ ਬਚਾਉਣਾ ਚਾਹੁੰਦੇ ਹਨ, ਪਰ ਖ਼ੂਨ ਦੀ ਪਵਿੱਤਰਤਾ ਦਾ ਕੋਈ ਪੈਮਾਨਾ ਨਹੀਂ ਹੈ। ਡਾ. ਆਤਮਜੀਤ ਨੇ ਕਿਹਾ ਕਿ ਸੁਪਨੇ ਤੇ ਯਥਾਰਥ ਅਕਸਰ ਭਿੜਦੇ ਹਨ। ਸ੍ਰੀ ਸ਼ਬਦੀਸ਼ ਨੇ ਕਿਹਾ ਕਿ ਸੱਭਿਅਕ ਸਮਾਜ ਦੀਆਂ ਆਪਣੀਆਂ ਰੁਕਾਵਟਾਂ ਹਨ।ਇਸ ਤੋਂ ਇਲਾਵਾ ਜਸਵੰਤ ਸਿੰਘ, ਡਾ. ਕਾਂਤਾ ਇਕਬਾਲ, ਡਾ. ਰਾਜੇਸ਼ ਜੈਸਵਾਲ, ਡਾ. ਹਰਮੇਲ ਲਿੰਘ ਨੇ ਵੀ 'ਜੰਗਲ ਤੋਂ ਪਾਰ' 'ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਸ੍ਰੀ ਜੰਗ ਬਹਾਦੁਰ ਗੋਇਲ ਨੇ ਸਰੋਤਿਆਂ ਦੇ ਸਨਮੁੱਖ ਹੁੰਦਿਆਂ ਕਿਹਾ ਕਿ ਮੈਂ ਕਦੋਂ ਦਾ ਮਰ ਗਿਆ ਹੁੰਦਾ, ਜੇ ਮੈਂ ਇਸ ਤਰ੍ਹਾਂ ਦੀਆਂ ਕਿਤਾਬਾਂ ਨਾ ਪੜ੍ਹੀਆਂ ਹੁੰਦੀਆਂ। ਸੀਤਾ ਰਤਨਾਮਲ ਸਾਹਮਣੇ ਅਰਨੈਸਟ ਹੈਮਿੰਗਵੇ ਛੋਟਾ ਲੱਗਦਾ ਹੈ। ਪ੍ਰੋ. ਅਤੈ ਸਿੰਘ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਇਹ ਵੱਡੇ ਮੁੱਦੇ 'ਤੇ ਸਵਾਲ ਖੜ੍ਹੇ ਕਰਦੀ ਹੈ। ਸੀਤਾ ਸ਼ਿਵ ਕੁਮਾਰ ਦੀ ਲੂਣਾ ਹੈ। ਸ੍ਰੀਮਤੀ ਮਾਧਵੀ ਕਟਾਰੀਆ (ਆਈ.ਏ.ਐੱਸ.) ਨੇ ਧੰਨਵਾਦ ਸਮੇਂ ਬੋਲਦਿਆਂ ਕਿਹਾ ਕਿ ਸੀਤਾ ਭਾਰਤੀ ਨਾਰੀ ਸਾਹਿਤ ਦੀ ਨਗੀਨਾ ਹੈ। ਸਮਾਗਮ 'ਚ ਭਾਰੀ ਗਿਣਤੀ 'ਚ ਵਿਦਵਾਨ, ਲੇਖਕ, ਪਾਠਕ ਤੇ ਸਰੋਤੇ ਪਹੁੰਚੇ। ਮੀਟਿੰਗ ਦੀ ਕਾਰਵਾਈ ਸ੍ਰੀ ਸਰਦਾਰਾ ਸਿੰਘ ਚੀਮਾ ਨੇ ਚਲਾਈ।



# 'ਕਹਾਣੀ ਪੰਜਾਬ' ਦਾ 106ਵਾਂ ਸਾਲਾਨਾ ਅੰਕ ਰਿਲੀਜ਼

**ਬਰਨਾਲਾ**-ਅੱਜ ਚਾਰ ਸੌ ਪੰਨਿਆਂ ਦਾ ਇਹ ਅੰਕ ਰਿਲੀਜ਼ ਕਰਦਿਆਂ ਸੰਪਾਦਕ ਅਤੇ ਭਾਰਤੀ ਭਾਸ਼ਾਵਾਂ ਵਿਭਾਗ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਪ੍ਰੋਫੈਸਰ ਕ੍ਰਾਂਤੀ ਪਾਲ ਨੇ ਕਿਹਾ ਕਿ ਹੁਣ ਸਮਾਂ ਬਦਲ ਗਿਆ ਹੈ।ਕਲਾ ਵਸਤੂ ਵੀ ਛਾਣਨੀ ਹੇਠ ਆ ਗਈ ਹੈ, ਅਜਿਹੀਆਂ ਰਚਨਾਵਾਂ ਜੋ ਆਮ ਤੇ ਖਾਸ ਸਭ ਨੂੰ ਆਪਣੀਆਂ ਲੱਗਣ, ਉਸੇ ਦਾ ਇੱਕ ਉਪਰਾਲਾ ਹੈ 'ਕਹਾਣੀ ਪੰਜਾਬ' ਦਾ ਇਹ ਅੰਕ ।ਇਸ ਅੰਕ ਵਿੱਚ ਵੀ ਹਰ ਵਾਰ ਦੀ ਤਰ੍ਹਾਂ ਯੁਵਾ ਲੇਖਕ ਰਾਕੇਸ਼ ਆਨੰਦ ਦਾ ਪਹਿਲਾ ਨਾਵਲ 'ਆਨੰਦ ਸਾਬ ਦਾ ਕੀ ਹਾਲ ਏ' ਛਾਪਿਆ ਗਿਆ ਹੈ, ਉਥੇ ਹੀ ਤ੍ਰਿਪਤਾ ਕੇ ਸਿੰਘ, ਕੁਲਦੀਪ ਕੌਰ ਭੁੱਲਰ, ਕੁਮਾਰ ਜਗਦੇਵ, ਜਸਵੀਰ ਕੌਰ, ਮੁਖਤਿਆਰ ਸਿੰਘ ਪੱਖੋ ਕਲਾਂ ਅਤੇ ਅੰਜਨਾ ਸ਼ਿਵਦੀਪ ਦੀਆਂ ਯਾਦਾਂ ਸ਼ਾਮਲ ਹਨ ।

ਇਸ ਦੇ ਨਾਲ ਗੁਰਮੇਲ ਬੀਰੋਕੇ ਦੀ ਪਰਵਾਸੀ ਲਿਖਤ 'ਕਾਲੇ ਵਰਕੇ' ਗੁਰਸੇਵਕ ਸਿੰਘ ਧੌਲਾ ਨੇ ਆਪਣੀ ਲਿਖਤ ਜੱਟਾਂ ਬਾਰੇ ਗੰਭੀਰ ਸੰਵਾਦ ਛੇੜਿਆ ਹੈ ।ਗੁਆਂਢੀ ਮੁਲਕਾਂ ਦੀਆਂ ਨੌਂ ਅਨੁਵਾਦਿਤ ਕਹਾਣੀਆਂ ਅਤੇ ਭਾਰਤੀ ਕਥਾ ਅਧੀਨ ਸੱਤ ਅਨੁਵਾਦਿਤ ਕਹਾਣੀਆਂ ਵੀ ਵਿਸ਼ੇਸ਼ ਆਕਰਸ਼ਣ ਹਨ।ਇਸ ਰਿਲੀਜ਼ ਮੌਕੇ ਬੂਟਾ ਸਿੰਘ ਚੌਹਾਨ, ਡਾ. ਪਰਮਜੀਤ ਸਿੰਘ ਕੱਟੂ, ਡਾ. ਹਰੀਸ਼ ਸ਼ਰਮਾ, ਡਾ. ਭੁਪਿੰਦਰ ਸਿੰਘ ਬੇਦੀ, ਡਾ. ਜਸਵਿੰਦਰ ਕੌਰ ਵੀਨੂੰ ਅਤੇ ਡਾ. ਜਸਬੀਰ ਕੌਰ ਵੀ ਹਾਜ਼ਰ ਸਨ।

# ਜਗਜੀਤ ਕੌਰ ਢਿੱਲਵਾਂ ਦੇ ਗ਼ਜ਼ਲ ਸੰਗ੍ਰਹਿ 'ਵੰਝਲੀ ਦੀ ਤਾਨ' 'ਤੇ ਗੋਸ਼ਟੀ



**ਸੰਗਰੂਰ**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਕਰਵਾਏ ਗਏ ਮਹੀਨਾਵਾਰ ਸਾਹਿਤਕ ਸਮਾਗਮ ਵਿੱਚ ਉੱਘੀ ਕਵਿੱਤਰੀ ਜਗਜੀਤ ਕੌਰ ਢਿੱਲਵਾਂ ਦੇ ਗ਼ਜ਼ਲ-ਸੰਗ੍ਰਹਿ 'ਵੰਝਲੀ ਦੀ ਤਾਨ' ਉੱਪਰ ਗੋਸ਼ਟੀ ਹੋਈ ਅਤੇ ਨਾਮਵਰ ਬਾਲ ਗ਼ਜ਼ਲਕਾਰ ਜਗਜੀਤ ਸਿੰਘ ਲੱਡਾ ਦੇ ਦੋ ਬਾਲ ਗ਼ਜ਼ਲ-ਸੰਗ੍ਰਹਿ 'ਸਬਜ਼ੀ ਭਾਜੀ' ਅਤੇ 'ਡਸਲਬਾਜ਼ੀ' ਲੋਕ ਅਰਪਣ ਕੀਤੇ ਗਏ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾ. ਗੁਰਚਰਨ ਕੌਰ ਕੋਚਰ ਨੇ ਕਿਹਾ ਕਿ ਜਗਜੀਤ ਕੌਰ ਢਿੱਲਵਾਂ ਨੇ ਪੰਜਾਬੀ ਗ਼ਜ਼ਲ ਨੂੰ ਵਿਸ਼ਵ ਪੱਧਰ 'ਤੇ ਲਿਖੀ ਜਾ ਰਹੀ ਗ਼ਜ਼ਲ ਦੇ ਮੁਕਾਬਲੇ ਵਿੱਚ ਖੜ੍ਹਾ ਕਰਨ ਲਈ ਜ਼ਿਕਰਯੋਗ ਕਾਰਜ ਕੀਤਾ ਹੈ। ਪੁਸਤਕ ਸੰਬੰਧੀ ਪੜ੍ਹੇ ਗਏ ਆਪਣੇ ਖੋਜਪੂਰਨ ਪਰਚੇ ਵਿੱਚ ਪ੍ਰੋ. ਮਨਜੀਤ ਸਿੰਘ ਨੇ ਕਿਹਾ ਕਿ ਜਗਜੀਤ ਕੌਰ ਢਿੱਲਵਾਂ ਵਿਚਾਰਧਾਰਕ ਪ੍ਰਤੀਬੱਧਤਾ ਦੇ ਨਾਲ-ਨਾਲ ਗ਼ਜ਼ਲ ਦੇ ਵਿਧੀ-ਵਿਧਾਨ ਦੀਆਂ ਬਾਰੀਕੀਆਂ ਨੂੰ ਵੀ ਬਾਖ਼ੂਬੀ ਸਮਝਦੇ ਹਨ। ਡਾ. ਮੀਤ ਖਟੜਾ ਨੇ ਕਿਹਾ ਕਿ ਜਗਜੀਤ ਕੌਰ ਢਿੱਲਵਾਂ ਦੀਆਂ ਗ਼ਜ਼ਲਾਂ ਵਿਚਲਾ ਦਰਦ ਉਨ੍ਹਾਂ ਦਾ ਹੱਡੀਂ ਹੰਢਾਇਆ ਹੋਇਆ ਦਰਦ ਹੈ। ਇਕਬਾਲ ਕੌਰ ਉਦਾਸੀ ਨੇ ਕਿਹਾ ਕਿ ਲੋਕਾਂ ਦੀ ਗੱਲ ਕਰਨ ਵਾਲਾ ਸਾਹਿਤ ਹੀ ਸਹੀ ਅਰਥਾਂ ਵਿੱਚ ਲੋਕ ਸਾਹਿਤ ਹੁੰਦਾ ਹੈ। ਕਰਮ ਸਿੰਘ ਜ਼ਖ਼ਮੀ ਨੇ ਕਿਹਾ ਕਿ ਜਗਜੀਤ ਕੌਰ ਢਿੱਲਵਾਂ ਸਮਾਜਿਕ ਵਿਸੰਗਤੀਆਂ ਦੇ ਖ਼ਿਲਾਫ਼ ਬੇਬਾਕ ਹੋ ਕੇ ਗੱਲ ਕਰਦੇ ਹਨ। ਜੰਗੀਰ ਸਿੰਘ ਰਤਨ, ਸੁਰਿੰਦਰ ਸ਼ਰਮਾ ਨਾਗਰਾ ਅਤੇ ਪ੍ਰੋ. ਸੰਤ ਸਿੰਘ ਬੀਹਲਾ ਆਦਿ ਬੁੱਧੀਜੀਵੀਆਂ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ।ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਹੋਇਆ। ਮੰਚ ਸੰਚਾਲਨ ਦੀ ਭੂਮਿਕਾ ਰਾਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।

# 'ਭਗਤ ਸਿੰਘ ਹੁਣ ਸੰਧੂ ਹੋਇਆ' ਕਾਵਿ-ਸੰਗ੍ਰਹਿ ਲੋਕ ਅਰਪਣ

**ਅੰਬਾਲਾ**-ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਖੇ ਲੇਖਕ ਡਾ. ਨਿਸ਼ਾਨ ਸਿੰਘ ਰਾਠੌਰ ਦੀ ਪੰਜਵੀਂ ਪੁਸਤਕ 'ਭਗਤ ਸਿੰਘ ਹੁਣ ਸੰਧੂ ਹੋਇਆ' (ਕਾਵਿ-ਸੰਗ੍ਰਹਿ) ਦਾ ਲੋਕ ਅਰਪਣ ਹੋਇਆ। ਇਸ ਮੌਕੇ ਪੰਜਾਬੀ ਵਿਭਾਗ ਦੇ ਮੁਖੀ ਡਾ. ਕੁਲਦੀਪ ਸਿੰਘ, ਡੀਨ ਕਲਾ ਤੇ ਭਾਸ਼ਾਵਾਂ ਅਤੇ ਹਿੰਦੀ ਵਿਭਾਗ ਦੇ ਮੁਖੀ ਪ੍ਰੋਫ਼ੈਸਰ ਡਾ. ਪੁਸ਼ਪਾ ਰਾਣੀ, ਪੰਜਾਬੀ ਵਿਭਾਗ ਵਿਖੇ ਸਹਾਇਕ ਪ੍ਰੋਫ਼ੈਸਰ ਡਾ. ਗੁਰਪ੍ਰੀਤ ਸਿੰਘ ਸਾਹੂਵਾਲਾ, ਸਹਾਇਕ ਪ੍ਰੋਫ਼ੈਸਰ ਡਾ. ਦਵਿੰਦਰ ਬੀਬੀਪੁਰੀਆ ਅਤੇ ਪੰਜਾਬੀ ਵਿਭਾਗ ਦੇ ਖੋਜਾਰਥੀਆਂ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਵਿਚ ਇਸ ਕਾਵਿ-ਸੰਗ੍ਰਹਿ ਨੂੰ ਲੋਕ ਅਰਪਣ ਕੀਤਾ ਗਿਆ। ਪੰਜਾਬੀ ਵਿਭਾਗ ਦੇ ਮੁਖੀ ਡਾ. ਕੁਲਦੀਪ ਸਿੰਘ ਨੇ ਇਸ ਪੁਸਤਕ ਦੀ ਸਾਹਿਤ ਜਗਤ ਵਿਚ ਆਮਦ ਨੂੰ ਖੁਸ਼ਆਮਦੀਦ ਕਿਹਾ ਅਤੇ ਲੇਖਕ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਡਾ. ਨਿਸ਼ਾਨ ਸਿੰਘ ਰਾਠੌਰ ਇਸ ਵਿਭਾਗ ਦੇ ਵਿਦਿਆਰਥੀ ਰਹੇ ਹਨ। ਡਾ. ਪੁਸ਼ਪਾ ਰਾਣੀ ਨੇ ਲੇਖਕ ਨੂੰ ਵਧਾਈ ਦਿੰਦਿਆਂ ਕਿਹਾ ਕਿ ਫ਼ੌਜ ਜਿਹੀ ਸਖ਼ਤ ਅਨੁਸ਼ਾਸਨ ਵਾਲੀ ਸੰਸਥਾ ਵਿਚ ਰਹਿ ਕੇ ਕੋਮਲ ਸੰਵੇਦਨਾ ਵਾਲੀ ਸ਼ਾਇਰੀ ਦੀ ਸਿਰਜਣਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ। ਡਾ. ਗੁਰਪ੍ਰੀਤ ਸਿੰਘ ਸਾਹੂਵਾਲਾ ਨੇ ਕਿਹਾ ਕਿ ਡਾ. ਨਿਸ਼ਾਨ ਸਿੰਘ ਰਾਠੌਰ ਦੀ ਕਵਿਤਾ ਮਨੁੱਖ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੀ ਹੈ। ਡਾ. ਦਵਿੰਦਰ ਬੀਬੀਪੁਰੀਆ ਨੇ ਕਿਹਾ ਕਿ ਨਿਸ਼ਾਨ ਸਿੰਘ ਰਾਠੌਰ ਦੀ ਕਵਿਤਾ ਮਨੁੱਖ ਨੂੰ ਜਗਾਉਣ ਦਾ ਕੰਮ ਕਰਦੀ ਦਿਖਾਈ ਦਿੰਦੀ ਹੈ ਕਿ ਸੁਰਬੀਰ ਕਿਸੇ ਇਕ ਜਾਤ-ਗੋਤ ਜਾਂ ਫਿਰਕੇ ਦੇ ਨਹੀਂ ਹੁੰਦੇ, ਬਲਕਿ ਸਮੁੱਚੀ ਮਨੁੱਖਤਾ ਦੇ ਹੁੰਦੇ ਹਨ। ਇਸ ਮੌਕੇ ਪੰਜਾਬੀ ਵਿਭਾਗ ਵਿਖੇ ਅਧਿਆਪਕ, ਖੋਜਾਰਥੀ ਅਤੇ ਵਿਦਿਆਰਥੀ ਹਾਜ਼ਰ ਸਨ।



# ਸਮਕਾਲ

---- ਭਗਵੰਤ ਰਸੂਲਪੁਰੀ----

## ਆਲੋਚਨਾ : ਸਨਮਾਨ ਅਤੇ ਜਰਨਲ ਅੰਕ




ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ ਪ੍ਰਕਾਸ਼ਤ 'ਆਲੋਚਨਾ' ਦਾ ਜਨਵਰੀ-ਮਾਰਚ, 2026 ਦਾ ਨਵਾਂ ਅੰਕ 'ਸਨਮਾਨ ਅਤੇ ਜਰਨਲ ਅੰਕ' ਵਜੋਂ ਪ੍ਰਕਾਸ਼ਤ ਹੋਇਆ ਹੈ। ਇਹ ਮੌਜੂਦਾ ਟੀਮ ਦਾ ਅੰਠਵਾਂ ਅੰਕ ਹੈ। 'ਆਲੋਚਨਾ' ਦੇ ਸਰਪ੍ਰਸਤ ਡਾ. ਸਰਬਜੀਤ ਸਿੰਘ ਨੇ ਦਮਨਕ੍ਰਿਤ ਧਿਰ ਨਾਰੀ ਤੇ ਦਲਿਤ ਦੇ ਹੱਕ ਦੀ ਸਿਧਾਂਤਕ ਪੱਧਰ ਉੱਤੇ ਗੱਲ ਕਰਦਿਆਂ ਬੜੇ ਪਤੇ ਦੀ ਗੱਲ ਕੀਤੀ ਹੈ ਕਿ 'ਮੁਕਤੀ ਲਈ ਸਿਰਫ਼ ਰਾਜਸੀ ਪ੍ਰਵਚਨ ਹੀ ਜ਼ਰੂਰੀ ਨਹੀਂ ਹੁੰਦਾ, ਨਾਲੋਂ ਨਾਲ ਚੇਤਨਾ ਪੈਦਾ ਕਰਨ ਲਈ ਸਮਾਜਕ, ਸਭਿਆਚਾਰਕ ਅਤੇ ਭਾਈਚਾਰਕ ਲਹਿਰਾਂ ਦਾ ਸੰਗਠਨ ਅਤੇ ਸੰਘਰਸ਼ ਵੀ ਪੈਦਾ ਕਰਨਾ ਹੁੰਦਾ।' ਉਨ੍ਹਾਂ ਸ਼ਬਦ ਤੇ ਸਭਿਆਚਾਰ ਦੇ ਮੁਹਾਜ਼ ਦੇ ਕੰਮ ਕਰਨ ਦੀ ਜ਼ਰੂਰਤ ਦਾ ਹੋਕਾ ਦਿੱਤਾ। ਸੰਪਾਦਕ ਗੁਲਜ਼ਾਰ ਪੰਧੇਰ ਨੇ ਸੰਪਾਦਕੀ ਵਿੱਚ ਲਿਖਿਆ ਹੈ ਕਿ 'ਅਕਾਡਮੀ ਦੇ ਸਨਮਾਨ ਸਮਾਰੋਹ ਵੱਲੋਂ ਲਿਖਾਏ ਖੋਜ ਪੱਤਰ ਇਸ ਅੰਕ ਵਿੱਚ ਸ਼ਾਮਲ ਕੀਤੇ ਗਏ ਹਨ।' ਅੰਕ ਵਿੱਚ 12 ਸਨਮਾਨਤ ਲੇਖਕਾਂ, ਕਲਾਕਾਰਾਂ ਦੀ ਰਚਨਾਕਾਰੀ-ਕਲਾਕਾਰੀ ਬਾਰੇ ਨਿੱਠ ਕੇ ਲਿਖੇ 12 ਵਿਦਵਾਨਾਂ ਦੇ ਮਹੱਤਵਪੂਰਨ ਪੇਪਰ ਛਪੇ ਹਨ। ਇਨ੍ਹਾਂ ਵਿੱਚ ਡਾ. ਗੁਰਮੇਲ ਸਿੰਘ ਨੇ ਡਾ. ਸਾਧੂ ਸਿੰਘ ਦੀ ਆਲੋਚਨਾ ਦ੍ਰਿਸ਼ਟੀ, ਡਾ. ਅਨੂਪ ਸਿੰਘ ਨੇ ਛੋਟੇ ਕਲਾਕਾਰ ਬਾਬਾ ਬਾਜਵਾ, ਭਗਵੰਤ ਰਸੂਲਪੁਰੀ ਨੇ ਸਿਰਜ਼ੀ ਪੱਤਰਕਾਰ ਜਤਿੰਦਰ ਪੰਨੂੰ, ਡਾ. ਹੀਰਾ ਸਿੰਘ ਨੇ ਖੋਜੀ ਡਾ. ਧਰਮ ਸਿੰਘ, ਡਾ. ਸੁਰਜੀਤ ਸਿੰਘ ਨੇ ਚਿੱਤਰਕਾਰ ਸਿਧਾਰਥ, ਡਾ. ਸੋਮਪਾਲ ਹੀਰਾ ਨੇ ਨਾਟਕਕਾਰ ਆਤਮਜੀਤ, ਡਾ. ਪਰਮਜੀਤ ਸਿੰਘ ਨੇ ਡਾ. ਕੰਵਲਜੀਤ ਕੌਰ ਢਿੱਲੋਂ, ਡਾ. ਗੁਰਮੁਖ ਸਿੰਘ ਨੇ ਨਾਵਲਕਾਰ ਜਸਬੀਰ ਮੰਡ, ਡਾ. ਅਰਵਿੰਦਰ ਕੌਰ ਕਾਕੜਾ ਨੇ ਸ਼ਾਇਰ ਨੀਤੂ ਅਰੋੜਾ, ਪ੍ਰਭਜੋਤ ਸੋਹੀ ਨੇ ਮੀਤ ਮਨਜੀਤ, ਡਾ. ਜਗਵਿੰਦਰ ਜੋਧਾ ਨੇ ਗ਼ਜ਼ਲਗੋ ਰਮਨ ਸੰਧੂ, ਸ਼ਮਸ਼ੇਰ ਮੋਹੀ ਨੇ ਦੇਵ ਰਾਜ ਦਾਦਰ ਆਦਿ ਬਾਰੇ ਵਿਸਥਾਰ ਨਾਲ ਲਿਖਿਆ ਹੈ। ਇਨ੍ਹਾਂ ਲਿਖਤਾਂ ਤੋਂ ਪਾਠਕਾਂ ਨੂੰ ਕੱਦਾਵਰ ਕਲਾ ਤੇ ਸ਼ਬਦ ਨਾਲ ਜੁੜੇ ਅਦਬੀ ਲੋਕਾਂ ਬਾਰੇ ਜਾਣਕਾਰੀ ਮਿਲ ਜਾਂਦੀ ਹੈ। ਇਨ੍ਹਾਂ ਤੋਂ ਇਲਾਵਾ ਮੋਹਨ ਸਿੰਘ ਬਾਰੇ ਸਤਨਾਮ ਚਾਨਾ, ਸੁਰਖ਼ ਰਾਹਾਂ ਦੀ ਸਿਮਰਤੀਆਂ ਬਾਰੇ ਡਾ. ਧਨਵੰਤ ਕੌਰ, ਗੁਰੂ ਗ੍ਰੰਥ ਸਾਹਿਬ ਬਾਰੇ ਡਾ. ਅਕਾਲ ਅੰਮ੍ਰਿਤ ਕੌਰ, ਸਿੱਖ ਪਰੰਪਰਾ ਬਾਰੇ ਪੂਜਾ ਰਾਣੀ, ਕਬੀਲਾ ਸਭਿਆਚਾਰ ਬਾਰੇ ਡਾ. ਮੋਹਨ ਸਿੰਘ ਤਿਆਗੀ, ਸੱਭਿਆਚਾਰ ਬਾਰੇ ਸ਼ਮਿੰਦਰ ਸਿੰਘ, ਥਰਡ ਜੈਂਡਰ ਬਾਰੇ ਡਾ. ਪਰਮੀਤ ਕੌਰ, ਨਾਬਰ ਨਾਰੀਵਾਦੀ ਕਵਿਤਾ ਬਾਰੇ ਰਮਨਪ੍ਰੀਤ ਕੌਰ, ਕੁਲਵੰਤ ਜਗਰਾਉਂ ਬਾਰੇ ਡਾ. ਪਵਨ ਕੁਮਾਰ, ਕਿਰਪਾਲ ਕਜ਼ਾਕ ਬਾਰੇ ਸੰਦੀਪ ਕੌਰ ਦੇ ਖੋਜ ਪੱਤਰ ਵੀ ਪ੍ਰਕਾਸ਼ਤ ਹੋਏ ਹਨ। 'ਆਲੋਚਨਾ' ਵਿੱਚ ਮਿਆਰੀ ਆਲੋਚਨਾ ਪੜ੍ਹਨ ਨੂੰ ਮਿਲ ਜਾਂਦੀ ਹੈ। ਇਸ ਅੰਕ ਦੇ ਸਫ਼ੇ : 180, ਮੁੱਲ : 200 ਰੁਪਏ, ਸਰਪ੍ਰਸਤ ਡਾ. ਸਰਬਜੀਤ ਸਿੰਘ, ਮੁੱਖ ਸੰਪਾਦਕ : ਡਾ.ਗੁਲਜ਼ਾਰ ਸਿੰਘ ਪੰਧੇਰ (70099-66188), ਰਚਨਾਵਾਂ ਭੇਜਣ ਲਈ ਈ-ਮੇਲ : panjabibhawanludhiana@gmail.com

## ਸਮਕਾਲੀ ਸਾਹਿਤ : ਢਾਹਾਂ ਪ੍ਰਾਈਜ਼ ਕਹਾਣੀ ਵਿਸ਼ੇਸ਼




ਹੱਥਲਾ ਅੰਕ 'ਸਮਕਾਲੀ ਸਾਹਿਤ' ਨੇ ਪੰਜਾਬੀ ਦੇ ਨੋਬਲ ਪੁਰਸਕਾਰ ਵਜੋਂ ਜਾਣੇ ਜਾਂਦੇ 'ਢਾਹਾਂ ਪ੍ਰਾਈਜ਼' 'ਚ ਜੇਤੂ ਕਹਾਣੀ ਸੰਗ੍ਰਹਿ ਤੇ ਕੇਂਦਰਿਤ ਵਿਸ਼ੇਸ਼ ਅੰਕ ਤਿਆਰ ਕੀਤਾ ਹੈ। ਪਰਚੇ ਦੇ ਸੰਪਾਦਕ ਕੇਸਰਾ ਰਾਮ ਨੇ ਸੰਪਾਦਕੀ ਵਿੱਚ ਇਸ ਅੰਕ ਦੇ ਤਿਆਰ ਕਰਨ ਪਿੱਛੇ ਦੀ ਭਾਵਨਾ ਨੂੰ ਪ੍ਰਗਟ ਕੀਤਾ ਹੈ। ਡਾ. ਰਘਬੀਰ ਸਿੰਘ ਨੇ 'ਢਾਹਾਂ ਪ੍ਰਾਈਜ਼ ਦੇ ਬਾਰ੍ਹਾਂ ਵਰ੍ਹੇ' ਮਹੱਤਵ ਪੂਰਨ ਲੇਖ ਲਿਖਿਆ ਹੈ, ਜਿਸ ਵਿੱਚ ਢਾਹਾਂ ਪ੍ਰਾਈਜ਼ ਦੀ ਕਾਰਜ ਵਿਧੀ ਅਤੇ ਚੋਣ ਪ੍ਰਕਿਰਿਆ, ਉਦੇਸ਼, ਜਿਊਰੀ ਮੈਂਬਰਾਂ ਬਾਰੇ ਵਿਸਥਾਰ ਨਾਲ ਲਿਖਿਆ ਹੈ। ਬਾਰਜ ਢਾਹਾਂ ਨਾਲ ਕੇਸਰਾ ਰਾਮ ਵੱਲੋਂ ਕੀਤੀ ਲੰਮੀ ਮੁਲਾਕਾਤ ਪ੍ਰਕਾਸ਼ਤ ਕੀਤੀ ਗਈ ਹੈ। ਜਿਸ ਵਿੱਚ ਬਾਰਜ ਨੇ ਖੁੱਲ੍ਹ ਕੇ ਇਸ ਇਨਾਮ ਬਾਰੇ, ਪੰਜਾਬੀ ਭਾਸ਼ਾ ਪ੍ਰਤੀ ਆਪਣੀ ਦਿਆਨਤਦਾਰੀ ਬਾਰੇ ਅਤੇ ਇਨਾਮ ਦੀ ਨਿਰਪੱਖ ਚੋਣ ਵਿਧੀ ਬਾਰੇ ਖੁੱਲ੍ਹ ਕੇ ਤੇ ਇਮਾਨਦਾਰੀ ਨਾਲ ਗੱਲਾਂ ਕੀਤੀਆਂ ਹਨ। ਅਗਾਂਹ ਢਾਹਾਂ ਪ੍ਰਾਈਜ਼ ਜੇਤੂ ਕਹਾਣੀ ਸੰਗ੍ਰਹਿ ਕਾਲੇ ਵਰਕੇ (ਜਰਨੈਲ ਸਿੰਘ), ਜਿਉਣਾ ਸੱਚ ਬਾਕੀ ਝੂਠ (ਜਤਿੰਦਰ ਹਾਂਸ), ਜ਼ਨਾਨੀ ਪੌਦ (ਕੇਸਰਾ ਰਾਮ), ਜੱਗੀ, ਸੱਪ, ਤਰਾਹ (ਨੈਨ ਸੁੱਖ), ਡਬੋਲੀਆ (ਬਲਵਿੰਦਰ ਗਰੇਵਾਲ), ਭੁੱਖ ਇਉਂ ਸਾਹ ਲੈਂਦੀ ਹੈ (ਦੀਪਤੀ ਬਬੂਟਾ) ਤੇ ਸ਼ਫ਼ਟੀ ਕਿੱਟ (ਜਿੰਦਰ) ਕਿਤਾਬਾਂ ਦੀਆਂ ਸਿਰਲੇਖ ਵਾਲੀਆਂ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਇਸੇ ਕ੍ਰਮ ਵਿੱਚ ਇਨ੍ਹਾਂ ਪੁਸਤਕਾਂ ਉੱਤੇ ਗੁਰਪਾਲ ਸਿੰਘ ਸੰਧੂ, ਜਸਵਿੰਦਰ ਕੌਰ ਬਿੰਦਰਾ, ਹਰਿਦਰ ਸਿੰਘ, ਹਰਪ੍ਰੀਤ ਸਿੰਘ, ਪਰਗਟ ਸਿੰਘ ਬਰਾੜ, ਸਤਿੰਦਰ ਸਿੰਘ ਰੇਬੀ ਤੇ ਜੇ. ਬੀ. ਸੇਖੋਂ ਦੇ ਆਲੋਚਨਾ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਇਸ ਮਹੱਤਵਪੂਰਨ ਅੰਕ ਉੱਤੇ ਸੰਪਾਦਕੀ ਮਿਹਨਤ ਸਾਫ਼ ਝਲਕਦੀ ਹੈ।

ਇਸ ਅੰਕ ਦੇ ਸਫ਼ੇ : 200, ਮੁੱਲ : 80 ਰੁਪਏ, ਸੰਪਾਦਕ : ਕੇਸਰਾ ਰਾਮ (98148-03254), ਰਚਨਾਵਾਂ ਭੇਜਣ ਲਈ ਈ-ਮੇਲ : samkalisahit@gmail.com

## ਮੀਰਜ਼ਾਦਾ ਬੋਲਿਆ : ਜਨਵਰੀ-ਮਾਰਚ, 2026




ਹਾਸ ਵਿਅੰਗ ਦੀਆਂ ਮਿਆਰੀ ਲਿਖਤਾਂ ਪ੍ਰਕਾਸ਼ਤ ਕਰਨ ਵਾਲੇ 'ਮੀਰਜ਼ਾਦਾ' ਦਾ ਨਵਾਂ ਅੰਕ ਛਪ ਕੇ ਪੁੱਜਾ ਹੈ। ਸੰਪਾਦਕ ਕੁਲਦੀਪ ਸਿੰਘ ਬੇਦੀ ਨੇ 'ਸਾਹਿਤਕ ਪਰਚਿਆਂ ਦੀ ਦੌੜ' ਤਹਿਤ ਮਹੱਤਵਪੂਰਨ ਨੁਕਤੇ ਉਭਾਰੇ ਹਨ। ਹੱਥਲੇ ਅੰਕ ਵਿੱਚ ਬਿਮਲ ਮਿਤ੍ਰ ਦੀ ਬੰਗਾਲੀ ਕਹਾਣੀ 'ਅਮਰੀਕਾ' ਅਤੇ ਸੁਭਾ ਸਿੰਘ ਦਾ ਚਰਨ ਸਿੰਘ ਸ਼ਹੀਦ ਬਾਰੇ ਲੇਖ ਮਿਆਰੀ ਲਿਖਤਾਂ ਹਨ। ਅੰਕ ਵਿੱਚ ਮਨੋਜੀਤ (ਸਾਡੀ ਪੜ੍ਹਦਾ ਨਹੀਂ), ਹਰੀ ਕਾਦਿਆਨੀ (ਗੁਰਬਾਣਾ), ਨਰੇਂਦਰ ਕੋਹਲੀ ( ਦਿਲ ਦਾ ਦੌਰਾ), ਸੁਰਜੀਤ ਕਾਲੇਕੇ (ਡਰਿਵਰਡ), ਪਰਦੀਪ ਸਿੰਘ ਮੌਜੀ (ਕੁੱਤੇ ਕੰਮ), ਪਰਮਜੀਤ ਢੀਂਗਰਾ (ਸ਼ੈਲਟਰ ਹੋਮ), ਭਗਵੰਤ ਤੱਗੜ (ਲਉ ਬਣਾ ਲਉ ਫ਼ਿਲਮ), ਨੂਰ ਸੰਤੋਖਪੁਰੀ (ਬਹੁਤ ਹਨ ਮੱਤਾਂ ਦੇਣ ਵਾਲੇ), ਦਵਿੰਦਰ ਗਿੱਲ (ਖੀਲ੍ਹੋ ਘੋਟ ), ਸੁਭਾਸ਼ ਸ਼ਰਮਾ (ਕੁੱਤਾ ਅਧਿਕਾਰ) ਵਿਅੰਗ ਲਿਖਤਾਂ ਪੜ੍ਹਨ ਵਾਲੀਆਂ ਹਨ। ਸਮਕਾਲੀ ਪਰਚਿਆਂ ਬਾਰੇ ਬੇਦੀ ਹੁਰਾਂ ਦੀ ਟਿੱਪਣੀ ਪਹਿਲਾਂ ਵਾਂਗ ਕਾਬਲ-ਏ-ਤਰੀਫ਼ ਹੈ। ਇਸ ਅੰਕ ਦੇ ਸਫ਼ੇ: 50, ਮੁੱਲ: 50 ਰੁਪਏ, ਸੰਪਾਦਕ : ਕੁਲਦੀਪ ਸਿੰਘ ਬੇਦੀ (98760-95392), ਰਚਨਾਵਾਂ ਭੇਜਣ ਲਈ ਈ-ਮੇਲ : meerzadaboliya@gmail.com

## ਅੱਖਰ : ਡਾ. ਮਨਮੋਹਨ ਦੀਆਂ ਚਾਰ ਕਵਿਤਾਵਾਂ




ਅੱਖਰ ਦੇ ਹੱਥਲੇ ਅੰਕ, ਜਨਵਰੀ-ਮਾਰਚ,26 ਦੀ ਸੰਪਾਦਕੀ ਕੁਲਨੀਤੀ ਬਾਰੇ ਗੱਲ ਕਰਦੀ ਹੈ। ਅੰਕ ਵਿੱਚ ਡਾ. ਮਨਮੋਹਨ ਦੀਆਂ ਮਹੱਤਵਪੂਰਨ ਚਾਰ ਕਵਿਤਾਵਾਂ ਛਾਪੀਆਂ ਹਨ। ਹੱਥਲੇ ਅੰਕ ਵਿੱਚ ਪ੍ਰੇਮ ਮਾਨ (ਜਿਪਸੀ), ਸਿਮਰਨ ਧਾਲੀਵਾਲ (ਅੰਧੀ ਧੁੱਪ ਅੰਧੀ ਛਾਂ), ਨੀਰਜ ਨੀਰ (ਹਿੰਦੀ,ਢੁਕਨੀ), ਸਨੀ ਵਰਮਾ (ਭਟਕਣਾ), ਅਨੁਰਾਗ ਅਨੰਦ (ਹਿੰਦੀ, ਮੀਰਾਂ, ਪਿਤਾ ਜੀ ਅਤੇ ਮਾਸੂਮ ਚਿਤਰਕਾਰ) ਕਹਾਣੀਆਂ ਛਪੀਆਂ ਹਨ। ਜਗਜੀਤ ਬਰਾੜ ਦਾ ਕਹਾਣੀ ਬਾਰੇ ਲੇਖ ਹੈ। ਲਖਵਿੰਦਰ ਲੱਕੀ, ਗੁਰਚਰਨ ਸੱਗੂ, ਯਤਿੰਦਰ ਮਾਹਲ, ਰਾਜੇਸ਼ਵਰ ਵਸ਼ਿਸ਼ਠ, ਗੁਲ ਚੌਹਾਨ, ਰਮਨ ਸੰਧੂ ਦੀਆਂ ਕਵਿਤਾਵਾਂ-ਗ਼ਜ਼ਲਾਂ ਸਮੇਤ ਅੰਬਰੀਸ਼ ਦੀ ਮੁਲਾਕਾਤ ਅਤੇ ਦਵਿੰਦਰ ਕੌਰ, ਗੁਰਪਾਲ ਸਿੰਘ, ਦਲਵੀਰ ਕੌਰ, ਕਿਰਪਾਲ ਪੂਨੀ, ਮੋਹਨਜੀਤ ਦੀਆਂ ਲਿਖਤਾਂ ਵੀ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਇਸ ਅੰਕ ਦੇ ਸਫ਼ੇ : 72, ਮੁੱਲ : 150 ਰੁਪਏ, ਮੁੱਖ ਸੰਪਾਦਕ/ ਸਰਪ੍ਰਸਤ : ਡਾ. ਕਰਨੈਲ ਸ਼ੇਰਗਿੱਲ / ਡਾ. ਵਿਕਰਮਜੀਤ ਰਚਨਾਵਾਂ ਭੇਜਣ ਲਈ ਈ-ਮੇਲ : shergillkarnail@gmail.com

# ਪਾਠਕਾਂ ਦੇ ਝਰੋਖੇ 'ਚੋਂ

## ਸਾਲਾਨਾ ਸਾਹਿਤਕ ਅੰਕ

ਨਵਾਂ ਜ਼ਮਾਨਾ ਵੱਲੋਂ 'ਐਤਵਾਰਤਾ' ਵਿੱਚ ਸਾਹਿਤ ਦੀਆਂ ਚਰਚਿਤ ਵੰਨਗੀਆਂ ਜਿਵੇਂ ਕਹਾਣੀ, ਕਵਿਤਾ, ਨਾਵਲ ਆਦਿ ਬਾਰੇ ਵਿਦਵਾਨਾਂ ਦੀਆਂ ਉਸਾਰੂ ਕਿਰਤਾਂ ਨੂੰ ਵਡੇਰੀ ਥਾਂ ਦੇ ਕੇ ਸਾਹਿਤਕ ਹਲਕਿਆਂ ਵਿੱਚ ਪਹਿਲਾਂ ਹੀ ਬਣਾਈ ਆਪਣੀ ਨਿਵੇਕਲੀ ਪਛਾਣ ਨੂੰ ਹੋਰ ਪਕੇਰਾ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਅਜਿਹੇ ਸਮੇਂ ਵਿੱਚ ਜਦੋਂ ਬਹੁਤੇ ਪੰਜਾਬੀ ਅਖ਼ਬਾਰ ਸਾਹਿਤਕ ਸਮੱਗਰੀ ਛਾਪਣ ਤੋਂ ਆਪਣਾ ਹੱਥ ਪਿਛਾਂਹ ਖਿੱਚ ਚੁੱਕੇ ਹਨ, ਉਸ ਵੇਲੇ ਨਵਾਂ ਜ਼ਮਾਨਾ ਅਖ਼ਬਾਰ ਦਾ ਇਹ ਨਿੱਗਰ ਉਪਰਾਲਾ ਸਾਹਿਤਕ ਮੱਸ ਰੱਖਣ ਵਾਲੇ ਪਾਠਕਾਂ ਦੇ ਜ਼ਿਹਨ ਵਿੱਚ ਪੁਨਰਮਾਸੀ ਹੋ ਨਿਬੜਦਾ ਪ੍ਰਤੀਤ ਹੁੰਦਾ ਹੈ।

ਪਹਿਲੇ ਪੰਨੇ 'ਤੇ ਡਾ. ਸਰਬਜੀਤ ਸਿੰਘ ਨੇ 'ਪਰਵਾਸੀ ਮਨੁੱਖਤਾ ਦਾ ਪ੍ਰਵਕਤਾ-ਲਾਲ ਸਿੰਘ ਦਿਲ' ਰਾਹੀਂ ਕਵੀ ਨੂੰ ਵੱਖਰੇ ਜਾਵੀਏ ਤੋਂ ਸਮਝਣ, ਸਮਝਾਉਣ ਦਾ ਯਤਨ ਕੀਤਾ ਹੈ। ਡਾ. ਸੁਖਪਾਲ ਕੌਰ ਸਮਰਾਲਾ ਨੇ 'ਪੰਜਾਬੀ ਆਲੋਚਨਾ-2025 ਦਾ ਦ੍ਰਿਸ਼' ਰਾਹੀਂ ਜਬਰੀ ਜੜ੍ਹ ਕੀਤੇ ਗਏ ਪੰਜਾਬ ਦੇ ਨਵ-ਦ੍ਰਿਸ਼ਟੀਕੋਣ ਰਾਹੀਂ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਪੰਜਾਬੀ ਸ਼ਾਇਰੀ ਨੂੰ ਅਰਵਿੰਦਰ ਕੌਰ ਕਾਕੜਾ, ਨਾਵਲ ਨੂੰ ਜੇ.ਬੀ. ਸੇਖੋਂ, ਕਹਾਣੀ ਨੂੰ ਡਾ. ਸੰਦੀਪ ਰਾਣਾ, ਬਾਲ ਸਾਹਿਤ ਨੂੰ ਬਲਜਿੰਦਰ ਮਾਨ, ਨਾਟਕ ਨੂੰ ਡਾ. ਚੰਦਰ ਪ੍ਰਕਾਸ਼ ਅਤੇ ਮਿੰਨੀ ਕਹਾਣੀ ਨੂੰ ਜਗਦੀਸ਼ ਰਾਏ ਕੁਲਰੀਆਂ ਜਿਹੇ ਵਿਦਵਾਨ ਲੇਖਕਾਂ ਦੇ ਆਪਣੇ ਕਲਮੀ ਹੁਨਰ ਅਤੇ ਡੂੰਘੀ ਸੂਝ-ਸਮਝ ਰਾਹੀਂ ਪਾਠਕਾਂ ਦੇ ਰੂਬਰੂ ਕਰਕੇ ਨਿੱਗਰ ਉਸਾਰੂ ਪ੍ਰਭਾਵ ਸਿਰਜਿਆ ਹੈ। ਸਾਹਿਤਕ ਹਲਕਿਆਂ ਵਿੱਚ ਇਸ ਅੰਕ ਦੀ ਗੱਲ ਦੇਰ ਤੱਕ ਹੁੰਦੀ ਰਹੇਗੀ। ਆਖ਼ਰੀ ਪੰਨੇ 'ਤੇ ਛਾਪੇ ਗਏ ਕੈਲੰਡਰ ਵਿੱਚ ਲਾਲ ਸਿੰਘ ਦਿਲ ਦੀ ਤਸਵੀਰ ਨੇ ਇਸ ਦੇ ਆਭਾ ਮੰਡਲ ਨੂੰ ਹੋਰ ਚਮਕਾਇਆ ਹੈ। ਮੁਬਾਰਕ।

**— ਸੁਰਜੀਤ ਸੁਮਨ, ਖਰੜ**

(2)

ਨਵਾਂ ਜ਼ਮਾਨਾ ਵਿੱਚ 2025 ਸੰਬੰਧੀ ਪ੍ਰਕਾਸ਼ਿਤ ਐਤਵਾਰਤਾ ਸਾਹਿਤਕ ਅੰਕ ਪੰਜਾਬੀ ਸਾਹਿਤ, ਆਲੋਚਨਾ ਅਤੇ ਸਮਕਾਲੀ ਸਮਾਜਕ-ਸਿਆਸੀ ਪ੍ਰਸਥਿਤੀਆਂ ਦਾ ਇਕ ਵਿਸਤ੍ਰਿਤ, ਸੰਵੇਦਨਸ਼ੀਲ ਅਤੇ ਮਹੱਤਵਪੂਰਨ ਦਸਤਾਵੇਜ਼ ਪੇਸ਼ ਕਰਦਾ ਹੈ, ਜੋ ਪਾਠਕ ਨੂੰ ਨਾ ਸਿਰਫ਼ ਮੌਜੂਦਾ ਸਾਹਿਤਕ ਦ੍ਰਿਸ਼ ਨਾਲ ਜਾਣੂ ਕਰਵਾਉਂਦਾ ਹੈ, ਸਗੋਂ ਪੰਜਾਬੀ ਸਾਹਿਤ ਦੀ ਮੌਜੂਦਾ ਸਥਿਤੀ ਵੀ ਪਾਠਕ ਸਾਹਮਣੇ ਪੇਸ਼ ਕਰਦੀ ਹੈ। ਇਹ ਅੰਕ ਸਾਹਿਤ ਦੇ ਵਿਸ਼ਾਲ ਘੇਰੇ ਦੇ ਨਾਲ-ਨਾਲ ਵਿਸ਼ਿਆਂ ਦੀ ਵਿਭਿੰਨਤਾ ਅਤੇ ਸੰਵੇਦਨਸ਼ੀਲ ਚਿੰਤਨ ਵੱਲ ਧਿਆਨ ਖਿੱਚਦਾ ਹੈ। ਇਸ ਵਿੱਚ ਸ਼ਾਮਲ ਵੱਖ-ਵੱਖ ਲੇਖ ਪੰਜਾਬੀ ਸਾਹਿਤ ਦੇ ਮੌਜੂਦਾ ਦ੍ਰਿਸ਼ ਨੂੰ ਸਮਝਣ ਲਈ ਇਕ ਗੰਭੀਰ ਬੌਧਿਕ ਆਧਾਰ ਪ੍ਰਦਾਨ ਕਰਦੇ ਹਨ। ਪਰਵਾਸੀ ਮਨੁੱਖਤਾ ਦਾ ਪ੍ਰਵਕਤਾ-ਲਾਲ ਸਿੰਘ ਦਿਲ ਲੇਖ ਵਿੱਚ ਲੇਖਕ ਲਾਲ ਸਿੰਘ ਦਿਲ ਨੂੰ ਪਰਵਾਸ ਢੁੱਕੀ ਸਮਾਜਿਕ ਚੇਤਨਾ ਦੇ ਦਰਮਿਆਨ ਮਨੁੱਖੀ ਸੰਵੇਦਨਾ ਦੇ ਪ੍ਰਵਕਤਾ ਵਜੋਂ ਸਥਾਪਤ ਕਰਦਾ ਹੈ, ਪੰਜਾਬੀ ਆਲੋਚਨਾ ਦੀ ਸਮਕਾਲੀ ਸਥਿਤੀ ਬਿਆਨਦਾ ਇਹ ਅੰਕ 2025 ਦੀ ਪੰਜਾਬੀ ਆਲੋਚਨਾ ਦੀ ਲਾਂਭਕਾਰੀ ਝਲਕ ਪੇਸ਼ ਕਰਦਾ ਹੈ। ਇਹ ਲੇਖ ਸਮਕਾਲੀ ਸਮਾਜਿਕ ਪ੍ਰਸਥਿਤੀਆਂ ਨੂੰ ਸਾਹਿਤ ਨਾਲ ਜੋੜਦਿਆਂ ਕਈ ਮਹੱਤਵਪੂਰਨ ਰਚਨਾਵਾਂ ਵੱਲ ਧਿਆਨ ਦਿਵਾਉਂਦਾ ਹੈ, ਭਾਵੇਂ ਇੱਥੇ ਵੀ ਆਲੋਚਨਾ ਦੀ ਥਾਂ ਵਰਣਨ ਦਾ ਪੱਲਾ ਭਾਰੀ ਰਹਿੰਦਾ ਹੈ। ਇਸ ਦੇ ਨਾਲ ਹੀ ਸਿਆਸੀ ਵਿਸ਼ਲੇਸ਼ਣ ਵਾਲਾ ਲੇਖ ਅਕਾਲੀ-ਭਾਜਪਾ ਸਮਝੌਤੇ ਲਈ ਨਵੀਂ ਸਰਗਰਮੀ ਤੇ ਪੰਜਾਬ ਭਾਜਪਾ ਦੇ ਅੰਦਰਲੇ ਹਾਲਾਤ ਵਿੱਚ ਤਰਕਸੰਗਤ ਅਤੇ ਤਿੱਖੇ ਸਵਾਲ ਖੜ੍ਹੇ ਕਰਦਾ ਹੈ। ਕਵਿਤਾ, ਕਹਾਣੀ, ਨਾਵਲ, ਨਾਟਕ, ਬਾਲ ਸਾਹਿਤ ਅਤੇ ਮਿੰਨੀ ਕਹਾਣੀ ਬਾਰੇ ਲੇਖ ਮਿਲ ਕੇ ਇਹ ਸਪੱਸ਼ਟ ਕਰਦੇ ਹਨ ਕਿ ਅਜੋਕਾ ਪੰਜਾਬੀ ਸਾਹਿਤ ਸਮਾਜਿਕ ਹਕੀਕਤਾਂ, ਅੰਦਰੂਨੀ ਸੰਘਰਸ਼ਾਂ, ਪਰਵਾਸ, ਔਰਤ ਦੀ ਹੋਂਦ, ਹਿੰਸਾ ਅਤੇ ਅਸਤਿਤਵਕ ਪ੍ਰਸ਼ਨਾਂ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ, ਹਾਲਾਂਕਿ ਕਈ ਥਾਵਾਂ 'ਤੇ ਮੁਲਾਂਕਣ ਦੀ ਥਾਂ ਸੂਚੀਬੱਧਤਾ ਹਾਵੀ ਹੋ ਜਾਂਦੀ ਹੈ। ਨਾਟਕ ਅਤੇ ਬਾਲ ਸਾਹਿਤ ਸੰਬੰਧੀ ਲੇਖ ਨਵੀਂ ਪੀੜ੍ਹੀ ਦੇ ਲੇਖਕਾਂ ਅਤੇ ਸੰਵੇਦਨਾ ਨੂੰ ਉਜਾਗਰ ਕਰਦੇ ਹਨ ਅਤੇ ਮਿੰਨੀ ਕਹਾਣੀ ਬਾਰੇ ਚਰਚਾ ਇਸ ਵਿਧਾ ਨੂੰ ਸਮੇਂ ਦੀ ਨਬਜ਼ ਫੜਨ ਵਾਲੇ ਪ੍ਰਭਾਵਸ਼ਾਲੀ ਮਾਧਿਅਮ ਵਜੋਂ ਸਥਾਪਤ ਕਰਦੀ ਹੈ। ਕੁੱਲ ਮਿਲਾ ਕੇ ਇਹ ਲੇਖ ਮਾਲਾ ਨਵਾਂ ਜ਼ਮਾਨਾ ਦੀ ਅਖ਼ਬਾਰੀ ਜ਼ਿੰਮੇਵਾਰੀ ਨੂੰ ਨਿਭਾਉਂਦੀ ਹੋਈ 2025 ਦੇ ਪੰਜਾਬੀ ਸਾਹਿਤ ਦਾ ਇਕ ਮਹੱਤਵਪੂਰਨ ਦਸਤਾਵੇਜ਼ ਬਣਦੀ ਹੈ।

**— ਸੁਖਵਿੰਦਰ ਕੌਰ**

(3)

ਨਵਾਂ ਜ਼ਮਾਨਾ ਅਖ਼ਬਾਰ ਇੱਕ ਰੋਜ਼ਾਨਾ ਅਖ਼ਬਾਰ ਹੀ ਨਹੀਂ, ਸਗੋਂ ਇੱਕ ਪੂਰਾ ਮੁਕੰਮਲ ਸਾਹਿਤਕ ਦਸਤਾਵੇਜ਼ੀ ਮੈਗਜ਼ੀਨ ਹੈ ਅਤੇ ਜਿਹੜਾ ਲੰਬੇ ਸਮੇਂ ਤੋਂ ਪੰਜਾਬੀ ਸਾਹਿਤ ਦੇ ਸਾਹਿਤਕ, ਇਤਿਹਾਸਕ ਪੜਾਵਾਂ ਦਾ ਬਹੁਤ ਹੀ ਖ਼ੂਬਸੂਰਤੀ ਨਾਲ ਮੁਲੰਕਣ ਕਰਦਾ ਆ ਰਿਹਾ ਹੈ। ਇਹ ਪੰਜਾਬੀ ਦਾ ਇੱਕੋ-ਇੱਕ ਵਾਹਦ ਸਿਰਕੱਢ ਅਖ਼ਬਾਰ ਹੈ, ਜਿਸ ਦੇ ਸਾਹਿਤਕ ਅੰਕ ਦੂਸਰੇ ਅਖ਼ਬਾਰਾਂ ਨਾਲੋਂ ਹਮੇਸ਼ਾ ਮਹੱਤਵਪੂਰਨ ਅਤੇ ਗੌਲਣਯੋਗ ਮੰਨੇ ਜਾਂਦੇ ਰਹੇ ਹਨ ਅਤੇ ਲੇਖਕ, ਵਿਦਵਾਨ ਦੱਸਤ ਇਸ ਅਖ਼ਬਾਰ ਵਿੱਚ ਛਪੇ ਸਾਹਿਤ ਨੂੰ ਗੰਭੀਰਤਾ ਨਾਲ ਲੈਂਦੇ ਅਤੇ ਪੜ੍ਹਦੇ ਹਨ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਨਵਾਂ ਜ਼ਮਾਨਾ ਨੇ ਆਪਣੀ ਪੁਰਾਣੀ ਪਿਰਤ ਨੂੰ ਕਾਇਮ ਰੱਖਦਿਆਂ ਸਾਲ ਦੇ ਆਖ਼ਰੀ 'ਐਤਵਾਰਤਾ' ਵਿੱਚ ਸਾਹਿਤ ਦੀਆਂ ਸਮੁੱਚੀਆਂ ਵਿਧਾਵਾਂ ਦਾ ਮੁਲਾਂਕਣ ਵੱਖੋ-ਵੱਖਰੇ ਵਿਦਵਾਨਾਂ ਵੱਲੋਂ ਕਰਵਾ ਕੇ ਪੇਸ਼ ਕੀਤਾ ਗਿਆ ਹੈ। ਸਾਰੇ ਹੀ ਵਿਦਵਾਨਾਂ ਨੇ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਅਤੇ ਬਹੁਤ ਹੀ ਜ਼ਿੰਮੇਵਾਰੀ ਨਾਲ ਇਹ ਮੁਲਾਂਕਣ ਸਿਰੇ ਚਾੜ੍ਹਿਆ ਅਤੇ ਪਾਠਕਾਂ ਨੂੰ ਸਾਰੇ ਸਾਲ ਦੇ ਚੋਣਵੇਂ ਸਾਹਿਤ ਨਾਲ ਰੂਬਰੂ ਕਰਵਾਇਆ। ਅੱਜ ਜਦੋਂ ਕਿ ਬਹੁਤ ਸਾਰੇ ਅਖ਼ਬਾਰਾਂ ਨੇ ਆਪਣੇ ਸਾਹਿਤਕ ਪੰਨੇ ਬੰਦ ਕਰ ਦਿੱਤੇ ਹਨ ਜਾਂ ਸਿਰਫ਼ ਮਾਨਤਾਵਾਂ ਲਈ ਕੱਢਣੇ ਸ਼ੁਰੂ ਕਰ ਦਿੱਤੇ ਹਨ, ਅਜਿਹੇ ਸਮੇਂ ਵਿੱਚ ਨਵਾਂ ਜ਼ਮਾਨਾ ਦੇ ਇਸ ਮੁਲਾਂਕਣ ਦਾ ਮਹੱਤਵ ਹੋਰ ਵੀ ਵਧੇਰੇ ਹੋ ਜਾਂਦਾ ਹੈ। ਇਸ ਮੁਲੰਕਣ ਨਾਲ ਨਾ ਕੇਵਲ ਪੰਜਾਬੀ ਲੇਖਕਾਂ ਦੇ ਸਾਹਮਣੇ ਸਾਲ ਦੇ ਸਮੁੱਚੇ ਸਾਹਿਤ ਦਾ ਵੇਰਵਾ ਸਾਹਮਣੇ ਆਉਂਦਾ ਹੈ, ਸਗੋਂ ਇਸ ਦਿਸ਼ਾ ਵਿੱਚ ਹੋਰ ਖੋਜਕਾਰਾਂ ਲਈ ਇਹ ਅੰਕ ਤੋਂ ਅੱਗੇ ਕੰਮ ਕਰਨ ਲਈ ਵੀ ਬਹੁਤ ਵੱਡੀ ਅਗਵਾਈ ਪ੍ਰਾਪਤ ਕਰਦੇ ਹਨ। ਸੋ ਉਮੀਦ ਕਰਦੇ ਹਾਂ ਕਿ ਨਵਾਂ ਜ਼ਮਾਨਾ ਹਮੇਸ਼ਾ ਆਪਣੀਆਂ ਇਹਨਾਂ ਪਿਰਤਾਂ ਨੂੰ ਲਗਾਤਾਰ ਕਾਇਮ ਰੱਖੇਗਾ ਅਤੇ ਬਹੁਤ ਸਿਰਤਮੰਦ ਅਤੇ ਲੋਕ ਪੱਖੀ ਸਾਹਿਤ ਨਾਲ ਪੰਜਾਬੀ ਸਾਹਿਤਕਾਰੀ ਵਿੱਚ ਆਪਣਾ ਵਿਸ਼ੇਸ਼ ਸਥਾਨ ਦਰਜ ਕਰਦਾ ਰਹੇਗਾ।

**— ਡਾ. ਅਮਰਜੀਤ ਕੌਂਕੇ, ਸੰਪਾ. ਪ੍ਰਤਿਮਾਨ, ਪਟਿਆਲਾ**

(4)

28 ਦਸੰਬਰ ਦੀ ਸਵੇਰ ਨੂੰ ਜਦੋਂ ਨਵਾਂ ਜ਼ਮਾਨਾ ਨੇ ਬਰੂਹਾਂ 'ਤੇ ਦਸਤਕ ਦਿੱਤੀ ਤਾਂ ਇਹ 2025 ਦਾ 'ਸਾਲਾਨਾ ਸਾਹਿਤਕ ਵਿਸ਼ੇਸ਼ ਅੰਕ' ਆਪਣੀ ਬੁੱਕਲ ਵਿਚ ਲਈ ਖੜ੍ਹਾ ਸੀ । ਕਾਹਲ ਨਾਲ ਪੰਨੇ ਫਰੋਲਦਿਆਂ ਡਾ. ਸੰਦੀਪ ਰਾਣਾ ਦਾ ਲਿਖਿਆ ਖ਼ੂਬਸੂਰਤ ਲੇਖ 'ਪੇਚੀਦਾ ਬਿਰਤਾਂਤਕ ਪਰਤਾਂ ਫਰੋਲਦੀ ਪੰਜਾਬੀ ਕਹਾਣੀ' ਸਭ ਤੋਂ ਪਹਿਲਾਂ ਪੜ੍ਹਿਆ । ਉਹਨਾਂ ਅੱਜ ਦੇ ਸਮੇਂ ਵਿੱਚ ਲਿਖੀ ਜਾ ਰਹੀ ਬਹੁਪਰਤੀ ਕਹਾਣੀ ਦਾ ਵਿਸ਼ੇ ਅਤੇ ਕਲਾ ਦੋਵਾਂ ਪੱਖਾਂ ਤੋਂ ਵਿਸ਼ਲੇਸ਼ਣ ਕੀਤਾ ਹੈ, ਜੋ ਉਹਨਾਂ ਦੀ ਕੀਤੀ ਅਣਥੱਕ ਮਿਹਨਤ ਦੀ ਗਵਾਹੀ ਭਰਦਾ ਹੈ । ਇਸ ਅੰਕ ਵਿੱਚ ਸਾਹਿਤ ਦੀਆਂ ਦੂਜੀਆਂ ਵਿਧਾਵਾਂ ਬਾਰੇ ਛਪੇ ਲੇਖ ਵੀ ਵਿਦਵਾਨਾਂ ਦੀ ਅਣਥੱਕ ਮਿਹਨਤ ਅਤੇ ਵਿਦਵਤਾ ਦਾ ਪ੍ਰਮਾਣ ਹਨ । ਇਹ ਵਿਸ਼ੇਸ਼ ਅੰਕ ਜਿੱਥੇ ਲੇਖਕਾਂ ਦੀ ਕਲਮ ਨੂੰ ਉਤਸ਼ਾਹ ਬਖ਼ਸ਼ਦਾ ਹੈ, ਉੱਥੇ ਇਹ ਪਾਠਕਾਂ ਨੂੰ ਵੀ ਪੂਰੇ ਸਾਲ ਦੇ ਸਾਹਿਤ ਦੇ ਰੂ-ਬ-ਰੂ ਕਰਵਾ ਕੇ ਉਹਨਾਂ ਨੂੰ ਪੜ੍ਹਨ ਲਈ ਪ੍ਰੇਰਦਾ ਹੈ । ਇਹ ਅਜੋਕੇ ਡਿਜੀਟਲ ਯੁੱਗ ਦੀ ਵੀ ਮੰਗ ਵੀ ਹੈ । ਅਦਾਰਾ 'ਨਵਾਂ ਜ਼ਮਾਨਾ' ਵੱਲੋਂ ਕੀਤਾ ਜਾਣ ਵਾਲਾ ਇਹ ਕਾਰਜ ਬਹੁਤ ਹੀ ਸ਼ਲਾਘਾਯੋਗ ਹੈ, ਜਿਸ ਲਈ ਉਹ ਵਧਾਈ ਦਾ ਪਾਤਰ ਹੈ ।

**-ਡਾ. ਰਾਜਪ੍ਰੀਤ ਕੌਰ ਬੈਨੀਪਾਲ**

(5)

ਸਾਲ ਦੇ ਆਖ਼ਿਰ 'ਚ ਨਵਾਂ ਜ਼ਮਾਨਾ ਦੇ ਸਹਿਤਕ ਅੰਕ ਦੀ ਬੇਸਬਰੀ ਨਾਲ ਉਡੀਕ ਰਹਿੰਦੀ ਹੈ।ਮਿਤੀ 28 ਦਸੰਬਰ 2025 ਨੂੰ ਲੋਕ ਕਵੀ ਲਾਲ ਸਿੰਘ ਦਿਲ ਦੀ ਫੋਟੋ, ਕੈਲੰਡਰ ਅਤੇ ਉਨ੍ਹਾਂ ਦੇ ਜੀਵਨ ਤੇ ਲੇਖਣ ਬਾਰੇ ਡਾ. ਸਰਬਜੀਤ ਸਿੰਘ ਵੱਲੋਂ ਲਿਖੇ ਨਿੱਗਰ ਲੇਖ ਨਾਲ 'ਐਤਵਾਰਤਾ' ਦੀ ਦਸਤਕ ਹੋਈ।ਸਭ ਤੋਂ ਪਹਿਲਾਂ ਮਿੰਨੀ ਕਹਾਣੀ ਬਾਰੇ ਆਪਣਾ ਲੇਖ ਦੇਖਿਆ।ਉਸ ਤੋਂ ਬਾਅਦ ਸਾਹਿਤ ਦੀਆਂ ਹੋਰਨਾਂ ਵਿਧਾਵਾਂ ਬਾਰੇ ਲੇਖਾਂ ਤੇ ਨਿਗਾਂ ਮਾਰਦਿਆਂ ਉਨ੍ਹਾਂ ਦੇ ਨੁਕਤੇ ਸਮਝੇ।ਕਵਿਤਾ ਬਾਰੇ ਡਾ. ਅਰਵਿੰਦਰ ਕੌਰ ਕਾਕੜਾ ਅਤੇ ਨਾਵਲ ਬਾਰੇ ਡਾ. ਜੇ.ਬੀ.ਸੇਖੋਂ ਦੀ ਮਿਹਨਤ ਬੋਲਦੀ ਹੈ।ਡਾ. ਸੇਖੋਂ ਦੇ ਲੇਖ ਦਾ ਸਿਰਲੇਖ 'ਇਤਿਹਾਸ ਪ੍ਰਤੀ ਰੁਦਨ ਤੇ ਸਮਾਜਿਕ ਫ਼ਿਕਰਮੰਦੀ ਦਾ ਸੂਚਨਾਮੁਖੀ ਪ੍ਰਗਟਾਵਾ' ਹੀ ਬਹੁਤ ਕੁਝ ਕਹਿ ਜਾਂਦਾ ਹੈ।ਇਹ ਸਿਰਫ਼ ਪੰਜਾਬੀ ਨਾਵਲ ਦੀ ਗੱਲ ਨਹੀਂ, ਬਲਕਿ ਹੋਰਨਾਂ ਵਿਧਾਵਾਂ ਬਾਰੇ ਵੀ ਕਹਿ ਸਕਦੇ ਹਾਂ।ਇਸ ਤਰ੍ਹਾਂ ਕਿਸੇ ਵਿਧਾ ਬਾਰੇ ਲਿਖਣ ਲਈ ਲੇਖਕ/ਆਲੋਚਕ ਨੂੰ ਸਾਰਾ ਸਾਲ ਹੀ ਮਿਹਨਤ ਕਰਨੀ ਪੈਂਦੀ ਹੈ।ਨਾਟਕ ਦਾ ਸਾਲਾਨਾ ਲੇਖਾ-ਜੋਖਾ ਡਾ. ਚੰਦਰ ਅਦੀਬ ਹੁਰਾਂ ਨੇ ਕੀਤਾ ਹੈ, ਉਨ੍ਹਾਂ ਦੀ ਲਿਖਣ ਸ਼ੈਲੀ ਵੱਖਰੀ ਹੈ ਅਤੇ ਪਾਠਕ ਨੂੰ ਨਾਲ ਤੋਰ ਲੈਂਦੀ ਹੈ।ਡਾ. ਸੰਦੀਪ ਰਾਣਾ ਨੇ ਪੰਜਾਬੀ ਕਹਾਣੀ ਬਾਰੇ ਇਸ ਵਾਰ ਦੂਜੀ ਵਾਰ ਲਿਖਿਆ ਹੈ ਤੇ ਇਸ ਲਗਾਤਾ ਹੈ ਕਿ ਉਨ੍ਹਾਂ ਨੇ ਇਸ ਪਾਸੇ ਚੰਗਾ ਅਧਿਐਨ ਕਰ ਲਿਆ ਹੈ।ਬਲਜਿੰਦਰ ਮਾਨ ਬਾਲ ਸਾਹਿਤ ਨਾਲ ਵਾਬਸਤਾ ਹਨ, ਇਸ ਲਈ ਉਨ੍ਹਾਂ ਨੇ ਇਸ ਖੇਤਰ ਦੇ ਕਾਰਜ ਬਾਰੇ ਤੱਥਾਂ ਸਹਿਤ ਲਿਖਿਆ ਹੈ।ਡਾ. ਸੁਖਪਾਲ ਕੌਰ ਸਮਰਾਲਾ ਦਾ ਪੰਜਾਬੀ ਆਲੋਚਨਾ ਬਾਰੇ ਵੀ ਚੰਗਾ ਨਿਭਿਆ ਹੈ।ਇਸ ਖ਼ੂਬਸੂਰਤ ਅੰਕ ਲਈ 'ਨਵਾਂ ਜ਼ਮਾਨਾ', ਐਤਵਾਰਤਾ ਗਰੁੱਪ ਅਤੇ ਸੰਪਾਦਕੀ ਟੀਮ ਨੂੰ ਮੁਬਾਰਕਵਾਦ।ਕੁੱਝ ਸਾਹਿਤਕ ਵੰਨਗੀਆਂ ਬਾਰੇ ਰਹਿ ਗਿਆ ਹੈ ਜੋ 2026 ਦੇ ਪਹਿਲੇ ਐਤਵਾਰਤਾ 'ਚ ਛਪਣਾ ਹੈ, ਇਹ ਇਕ ਹੀ ਅੰਕ ਵਿਚ ਹੋਵੇ ਤਾਂ ਜਿਆਦਾ ਵਧੀਆ ਲੱਗੇ।ਪਿਛਲੇ ਕੁਝ ਸਾਲਾਂ ਤੋਂ ਪੰਜਾਬੀ ਭਾਸ਼ਾ 'ਚ ਅਨੁਵਾਦ ਦਾ ਕਾਰਜ ਵਧਿਆ ਹੈ, ਪਿਛਲੇ ਸਾਲ ਵਿੱਚ ਕੁਝ ਅਨੁਵਾਦਿਤ ਕਿਤਾਬਾਂ ਚਰਚਿਤ ਵੀ ਰਹੀਆਂ ਹਨ।ਇਸ ਬਾਰੇ ਵੀ ਜੇਕਰ ਲਿਖਵਾਇਆ ਜਾਵੇ ਤਾਂ ਹੋਰ ਵੀ ਚੰਗਾ ਲੱਗੇਗਾ।

**- ਜਗਦੀਸ਼ ਰਾਏ ਕੁਲਰੀਆਂ**

(6)

28 ਦਸੰਬਰ ਦੇ ਐਤਵਾਰਤਾ ਦੇ ਸਾਲਾਨਾ ਅੰਕ ਵਿੱਚ ਆਲੋਚਨਾ, ਕਵਿਤਾ, ਕਹਾਣੀ, ਨਾਵਲ, ਨਾਟਕ ਆਦਿ ਬਾਰੇ ਵੱਖ-ਵੱਖ ਆਲੋਚਕਾਂ ਦੇ ਮਹੱਤਵਪੂਰਨ ਲੇਖ ਛਪੇ।ਇਹਨਾਂ ਲੇਖਾਂ 'ਚ ਸਮੁੱਚੇ ਸਾਲ ਦਾ ਲੇਖਾ ਜੋਖਾ ਕੀਤਾ ਗਿਆ।ਅਖ਼ਬਾਰ ਦੇ ਸੰਪਾਦਕ ਦਾ ਤਹਿ ਦਿਲੋਂ ਧੰਨਵਾਦ ਹੈ ਕਿ ਜਿਨ੍ਹਾਂ ਨੇ ਅਜਿਹੀ ਚੋਣ ਕਰਕੇ 2025 ਦੇ ਸਾਹਿਤ ਨੂੰ ਸਾਡੇ ਸਨਮੁਖ ਕੀਤਾ। ਲਾਲ ਸਿੰਘ ਦਿਲ ਬਾਰੇ ਡਾ. ਸਰਬਜੀਤ ਦੇ ਵਿਚਾਰ ਬਹੁਤ ਹੀ ਮਹੱਤਵਪੂਰਨ ਲੱਗੇ। ਕਹਾਣੀ ਬਾਰੇ ਸੰਦੀਪ ਰਾਣਾ ਨੇ ਕਾਫ਼ੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਉਥੇ ਜੇ.ਬੀ ਸੇਖੋਂ ਦੇ ਲੇਖ ਵਿੱਚ ਨਾਵਲ ਬਾਰੇ ਮਹੱਤਵਪੂਰਨ ਨੁਕਤੇ ਸਾਹਮਣੇ ਆਏ। ਡਾ. ਅਰਵਿੰਦਰ ਕੌਰ ਕਾਕੜਾ ਦਾ ਕਵਿਤਾ ਦੇ ਬਾਰੇ ਵਿੱਚ ਲਿਖਿਆ ਹੋਇਆ ਲੇਖ ਬਹੁਤ ਹੀ ਜਾਣਕਾਰੀ ਭਰਪੂਰ ਸੀ। ਕਵਿਤਾ ਦੀਆਂ ਕਿਤਾਬਾਂ ਲਗਾਤਾਰ ਬਹੁਤ ਹੀ ਜਿਆਦਾ ਛਪ ਰਹੀਆਂ ਹਨ।ਇਨ੍ਹਾਂ ਸਾਰੀਆਂ ਕਿਤਾਬਾਂ ਨੂੰ ਪੜ੍ਹਨ ਲਈ ਬਹੁਤ ਜਿਆਦਾ ਵਕਤ ਦੀ ਲੋੜ ਹੈ।ਡਾ. ਕਾਕੜਾ ਨੇ ਇਸ ਦੇ ਲਈ ਬਹੁਤ ਮਿਹਨਤ ਕੀਤੀ ਤੇ ਤਰਤੀਬ 'ਚ ਵੱਖ ਵੱਖ ਪੱਖਾਂ ਤੋਂ ਕਿੰਨਾ ਕਵਿਤਾਵਾਂ ਦਾ ਮੁਲਾਂਕਣ ਕੀਤਾ ਜਿਸ ਤੋਂ ਉਸ ਦੀ ਵਿਦਵਤਾ ਝਲਕਦੀ ਹੈ ।ਅਸੀਂ ਹਰ ਸਾਲ ਐਤਵਾਰਤਾ ਦਾ ਸਾਲਾਨਾ ਅੰਕ ਸਾਂਭ ਕੇ ਰੱਖਦੇ ਹਾਂ। ਜੇ ਬੀ ਸੇਖੋਂ ਤੇ ਡਾਕਟਰ ਅਰਵਿੰਦਰ ਕੌਰ ਕਾਕੜਾ ਲਗਾਤਾਰ ਹੀ ਇਸ ਪੱਧਰ ਲਈ ਲਿਖ ਰਹੇ ਹਨ।ਐਤਵਾਰਤਾ ਦੇ ਇਸ ਅੰਕ 'ਚ ਹੋਰ ਵੀ ਬਹੁਤ ਕੁਝ ਮਹੱਤਵਪੂਰਨ ਛਪਿਆ ਇਹ ਅੰਕ ਸੱਚਮੁੱਚ ਹੀ ਸਾਂਭਣ ਦੇ ਯੋਗ ਹੈ। ਇਸ 'ਚ ਛਪੇ ਸਾਰੇ ਲੇਖਾਂ ਦੇ ਆਲੋਚਕਾਂ ਨੂੰ ਮੁਬਾਰਕਬਾਦ ਦਿੰਦਾ ਹੋਇਆ ਇਹ ਆਖਦਾ ਹਾਂ ਕਿ ਅਜਿਹੀ ਜਾਣਕਾਰੀ ਪ੍ਰਦਾਨ ਕਰਦੇ ਰਹੋ ਤੁਸੀਂ ਸਾਹਿਤ ਦਾ ਨਿੱਗਰ ਸਾਡੇ ਸਾਹਮਣੇ ਰੱਖ ਰਹੇ ਹੋ।ਸਾਲਾਨਾ ਅੰਕ ਦੇ ਅਖੀਰ ਵਿੱਚ ਲੱਗਿਆ ਲਾਲ ਸਿੰਘ ਦਿਲ ਦੀ ਫੋਟੋ ਵਾਲਾ ਕਲੰਡਰ ਆਪਣੇ ਆਪ ਦੇ ਵਿੱਚ ਮਹੱਤਵਪੂਰਨ ਸੁਨੇਹਾ ਹੈ।ਅਦਾਰਾ ਨਵਾਂ ਜ਼ਮਾਨਾ ਦੀ ਕਾਰਗੁਜ਼ਾਰੀ ਬਹੁਤ ਹੀ ਸਲਾਘਾਯੋਗ ਹੈ।

**-ਡਾ. ਜਗਮੋਹਨ ਸਿੰਘ ਜੇ.ਐਨ.ਯੂ (ਦਿੱਲੀ)**

(7)

'ਨਵਾਂ ਜ਼ਮਾਨਾ' ਐਤਵਾਰਤਾ ਨੇ ਹਰੇਕ ਸਾਲ ਦੀ ਤਰ੍ਹਾਂ ਐਤਕੀਂ ਵੀ ਸਾਲ 2025 ਦੇ ਆਖ਼ਰੀ ਦਿਨ ਐਤਵਾਰ ਮਿਤੀ 28 ਦਸੰਬਰ ਨੂੰ ਸਾਲਾਨਾ ਸਾਹਿਤਕ ਅੰਕ ਦੇ ਅੱਠ ਪੰਨੇ ਸਾਹਿਤਕ ਕਲਾਤਮਿਕਤਾ ਨਾਲ ਪੇਸ਼ ਕੀਤੇ ਹਨ।ਮੁੱਖ ਅਤੇ ਆਖ਼ਰੀ ਪੰਨੇ 'ਤੇ ਪਹਿਲੇ ਸਮਿਆਂ ਦੇ ਨਾਮਵਰ ਰਹੇ ਕਵੀ ਲਾਲ ਸਿੰਘ ਦਿਲ ਨੂੰ ਯਾਦ ਕਰਨਾ ਚੰਗਾ ਲੱਗਾ ਹੈ।ਇਹ ਯਾਦ ਕੈਲੰਡਰ ਦੇ ਜ਼ਰੀਏ ਜਿੱਥੇ 2026 ਦਾ ਸਾਰਾ ਸਾਲ ਸੂਚਨਾਮਈ ਰਹੇਗੀ ਉੱਥੇ, ਡਾ. ਸਰਬਜੀਤ ਸਿੰਘ ਦਾ ਇਸ ਕਵੀ ਲਾਲ ਸਿੰਘ ਦਿਲ ਦੇ ਜੀਵਨ ਤੇ ਕਾਵਿ-ਸਰੋਕਾਰਾਂ ਬਾਰੇ ਸੰਵਾਦ ਰਚਾਉਣ ਵਾਲਾ ਹੈ।ਡਾ. ਸੁਖਪਾਲ ਕੌਰ ਸਮਰਾਲਾ ਨੇ ਪੰਜਾਬੀ ਆਲੋਚਨਾ: 2025 ਦਾ ਦ੍ਰਿਸ਼ ਥੋੜ੍ਹੇ ਸ਼ਬਦਾਂ 'ਚ ਵੱਡੇ ਪ੍ਰਸੰਗ ਵਾਲਾ ਪੇਸ਼ ਕੀਤਾ ਹੈ।ਸ਼ਾਇਰੀ ਤੇ ਕਹਾਣੀ ਅਤੇ ਨਾਵਲ ਦੇ ਬਾਰੇ ਵਿਸਥਾਰ ਸਹਿਤ ਵਿਚਾਰ ਚਰਚਾ ਪੇਸ਼ ਹੋਈ ਹੈ।ਇਨ੍ਹਾਂ ਸਾਹਿਤਕ ਵਿਧਾਵਾਂ 'ਚ ਵਿਸ਼ਾ-ਵਸਤੂ ਦੇ ਪੱਖ ਤੋਂ ਪੇਸ਼ ਕੀਤੀ ਗਈ ਵਿਚਾਰ-ਚਰਚਾ ਆਪਸ ਵਿਚ ਬਹੁਤੀ ਸਾਂਝ ਰੱਖਦੀ ਹੋਣ ਕਰਕੇ ਜਿੱਥੇ ਮਹੱਤਤਾ ਰੱਖਦੀ ਹੈ ਉੱਥੇ, ਇਸ ਸਾਂਝ ਜ਼ਰੀਏ ਬਣਿਆ ਵੱਡਾ ਕਲੇਵਰ ਸਮਕਾਲੀ ਸਮੇਂ ਨੂੰ ਸਮਝਣ ਲਈ ਮਹੱਤਵਪੂਰਨ ਹੈ।ਪੰਜਾਬੀ ਕਹਾਣੀ ਦਾ ਸਾਲਾਨਾ ਮੁਲਾਂਕਣ (ਡਾ.) ਸੰਦੀਪ ਰਾਣਾ ਨੇ ਪੇਸ਼ ਕੀਤਾ ਹੈ।ਮੈਨੂੰ 2024 ਵਾਲੇ ਲੇਖ ਦੇ ਮੁਕਾਬਲੇ ਐਤਕੀਂ 2025 ਵਾਲਾ ਲੇਖ ਵੱਧ ਚੰਗਾ ਲੱਗਿਆ ਹੈ। 'ਨਵਾਂ ਜ਼ਮਾਨਾ' ਦੀ ਸਾਹਿਤ ਜਗਤ ਨੂੰ ਵੱਧ ਤੋਂ ਵੱਧ ਐਤਵਾਰਤਾ ਅੰਕ ਜ਼ਰੀਏ ਪੇਸ਼ ਕਰਨ ਦੀ ਪ੍ਰਤੀਬੱਧਤਾ ਨੇ ਮੇਰੇ ਨਾਟਕ-ਮਨ ਨੂੰ ਬਹੁਤ ਖ਼ੁਸ਼ਨੁਮਾ ਪ੍ਰਭਾਵਿਤ ਕੀਤਾ ਹੋਇਆ ਹੈ।'ਨਵਾਂ ਜ਼ਮਾਨਾ' ਦੇ ਐਤਵਾਰਤਾ ਦਾ 2025 ਵਾਲਾ ਸਾਲਾਨਾ ਅੰਕ ਬਹੁਤ ਸਲਾਹੁਣਯੋਗ ਹੈ।

**- ਜਸਬੀਰ ਕਲਸੀ ਧਰਮਕੋਟ**

(8)

ਇਸ ਵਾਰ ਨਵਾਂ ਜ਼ਮਾਨਾ ਦੇ 'ਐਤਵਾਰਤਾ' ਦਾ ਸਾਲਾਨਾ ਅੰਕ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਇਤਿਹਾਸਕ ਦਸਤਾਵੇਜ਼ ਹੋ ਨਿੱਬੜਿਆ ਹੈ।ਡਾ. ਸਰਬਜੀਤ ਸਿੰਘ ਦੁਆਰਾ ਕਲਮਬੱਧ ਇਨਕਲਾਬੀ ਸ਼ਾਇਰ ਮਰਹੂਮ ਲਾਲ ਸਿੰਘ ਦਿਲ ਨਾਲ ਸੰਬੰਧਤ ਲੇਖ ਜੋ ਕਿ 'ਪਰਵਾਸੀ ਮਨੁੱਖਤਾ ਦਾ ਪ੍ਰਵਕਤਾ, ਲਾਲ ਸਿੰਘ ਦਿਲ' ਸਿਰਲੇਖ ਅਧੀਨ ਛਪਿਆ ਹੈ, ਵਿੱਚ ਲਾਲ ਸਿੰਘ ਦਿਲ ਦੀ ਜ਼ਿੰਦਗੀ ਅਤੇ ਸਮੁੱਚੀ ਸ਼ਾਇਰੀ ਬਾਰੇ ਮੁਕੰਮਲ ਜਾਣਕਾਰੀ ਦਿੱਤੀ ਹੈ।ਜਤਿੰਦਰ ਪਨੂੰ ਦਾ ਸਪਤਾਹਿਕ ਕਾਲਮ, 'ਦ੍ਰਿਸ਼ਟੀਕੋਣ' ਨਿੱਤ ਦਿਨ ਰਾਜਨੀਤਕ ਹਲਕਿਆਂ ਵਿੱਚ ਚਿੱਥੀ ਜਾ ਰਹੀ ਅਕਾਲੀ-ਭਾਜਪਾ ਗਠਜੋੜ ਦੀ ਚਰਚਾ ਦੀ ਵਧੀਆ ਚੀਰਫਾੜ ਕਰਦਾ ਹੈ।ਡਾ. ਸੁਖਪਾਲ ਕੌਰ ਸਮਰਾਲਾ ਵੱਲੋਂ 'ਪੰਜਾਬੀ ਆਲੋਚਨਾ : 2025 ਦਾ ਦ੍ਰਿਸ਼' ਸਿਰਲੇਖ ਅਧੀਨ ਲਿਖੇ ਆਰਟੀਕਲ ਵਿੱਚ ਸੁਖਬੀਰ ਦੇ ਹਵਾਲੇ ਨਾਲ ਇਹ ਕਹਿਣ ਦਾ ਯਤਨ ਕੀਤਾ ਹੈ ਕਿ ਅੱਜ ਦੀ ਪੰਜਾਬੀ ਆਲੋਚਨਾ ਵਿਆਖਿਆ ਮੁਲਕ ਹੋ ਗਈ ਹੈ।

ਡਾ. ਅਰਵਿੰਦਰ ਕੌਰ ਕਾਕੜਾ ਨੇ 'ਬਹੁ ਸੰਕਟਾਂ ਨਾਲ ਜੂਝਦੀ ਸ਼ਾਇਰੀ ਦੀ ਹੋਂਦ ਦਾ ਸੁਆਲ' ਸਿਰਲੇਖ ਅਧੀਨ ਆਪਣੇ ਲੇਖ ਵਿੱਚ 2025 ਦੀ ਪੰਜਾਬੀ ਕਵਿਤਾ ਦੀ ਦਸ਼ਾ ਤੇ ਦਿਸ਼ਾ ਬਾਰੇ ਗੰਭੀਰ ਪੜਚੋਲ ਕਰਨ ਦੇ ਨਾਲ ਨਾਲ ਅਜੋਕੀ ਕਵਿਤਾ ਜਾਂ ਸ਼ਾਇਰੀ ਨੂੰ ਦਰਪੇਸ਼ ਸੰਕਟਾਂ ਦਾ ਵੀ ਜ਼ਿਕਰ ਕੀਤਾ ਹੈ।'ਪੇਚੀਦਾ ਬਿਰਤਾਂਤਕ ਪਰਤਾਂ ਫਰੋਲਦੀ ਪੰਜਾਬੀ ਕਹਾਣੀ' ਸਿਰਲੇਖ ਅਧੀਨ ਡਾ. ਸੰਦੀਪ ਰਾਣਾ ਦਾ 2025 ਦੀ ਪੰਜਾਬੀ ਕਹਾਣੀ ਬਾਰੇ ਬੇਬਾਕ ਟਿੱਪਣੀਆਂ ਕਰਦਿਆਂ ਮੌਜੂਦਾ ਕਹਾਣੀ ਦੀਆਂ ਸਮੁੱਚੀਆਂ ਪਰਤਾਂ ਨੂੰ ਫਰੋਲਦਾ ਪ੍ਰਤੀਤ ਹੁੰਦਾ ਹੈ। ਡਾ. ਜੇ ਬੀ ਸਿੰਘ ਸੇਖੋਂ ਨੇ ਪਿਛਲੇ ਸਾਲ ਛਪੇ ਪੰਜਾਬੀ ਨਾਵਲ ਦੀ ਗੱਲ ਕਰਦਿਆਂ ਇਸ ਸਮੇਂ ਦੀ ਨਾਵਲਕਾਰੀ ਨੂੰ ਇਤਿਹਾਸ ਪ੍ਰਤੀ ਰੁਦਨ ਤੇ ਸਮਾਜਿਕ ਫ਼ਿਕਰਮੰਦੀ ਦਾ ਸੂਚਨਾਮੁਖੀ ਪ੍ਰਗਟਾਵਾ ਕਿਹਾ ਹੈ। ਲੇਖਕ ਨੇ ਅਜੋਕੇ ਇੰਟਰਨੈੱਟ ਦੇ ਯੁੱਗ ਨੂੰ ਸਾਹਿਤ ਸਿਰਜਣਾ ਦੇ ਸੰਕਟ ਲਈ ਆਤੰਕੀ ਦੱਸ ਤੱਕ ਕਹਿ ਦਿੱਤਾ ਹੈ, ਜੋ ਕਿ ਕਾਫ਼ੀ ਹੱਦ ਤੱਕ ਸਹੀ ਹੈ। ਲੇਖਕ ਮਾਨਵ ਕਲਪਨਾ ਦੇ ਖ਼ੀਣ ਹੋਣ, ਸਿਮਰਤੀਆਂ ਦੇ ਅਧੂਰੇ ਅਤੇ ਅਨੁਭਵ ਦੇ ਦ੍ਰਿਸ਼ਕਾਰੀ ਦੇ ਖ਼ੌਫ਼ ਹੇਠ ਸਿਸਕਣ ਦੀ ਗੱਲ ਬੇਬਾਕੀ ਨਾਲ ਕਰਦਾ ਹੈ।ਡਾ. ਚੰਦਰ ਪ੍ਰਕਾਸ਼ ਵੱਲੋਂ ਪੰਜਾਬੀ ਨਾਟਕ ਅਤੇ ਨਾਟਕ ਦੀ ਰੰਗਮੰਚ ਪੇਸ਼ਕਾਰੀ ਬਾਰੇ 'ਪੰਜਾਬੀ ਨਾਟ-ਸਿਰਜਣਕਾਰੀ : ਪਛਾਣ ਅਤੇ ਪੇਸ਼ਕਾਰੀ' ਸਿਰਲੇਖ ਅਧੀਨ ਪਿਛਲੇ ਸਾਲ ਲਿਖੇ ਅਤੇ ਮੰਚਨ ਕੀਤੇ ਗਏ ਨਾਟਕਾਂ ਦੀ ਖ਼ੋਜ ਭਰਪੂਰ ਜਾਣਕਾਰੀ ਪ੍ਰਸਤੁਤ ਕੀਤੀ ਹੈ। ਸਾਹਿਤ ਦੀ ਜਿਸ ਵਿਧਾ ਨਾਲ ਦਰਸ਼ਕ ਸਭ ਤੋਂ ਵੱਧ ਜੁੜਦੇ ਹਨ, ਉਹ ਨਾਟਕ ਹੀ ਹੈ। ਨਾਟਕ ਮੰਚਨ ਲਈ ਡਾ. ਸਾਹਿਬ ਸਿੰਘ, ਅਨੀਤਾ ਸ਼ਬਦੀਸ਼, ਸੋਮਪਾਲ ਹੀਰਾ, ਡਾ. ਸੁਰਿੰਦਰ ਸ਼ਰਮਾ, ਡਾ. ਕੁਲਦੀਪ ਸਿੰਘ ਦੀਪ ਦੇ ਨਾਟਕਾਂ ਦਾ ਜ਼ਿਕਰ ਕੀਤਾ ਹੈ।ਬਲਜਿੰਦਰ ਮਾਨ ਨੇ ਬਾਲ ਸਾਹਿਤ ਦੀ ਵਰਤਮਾਨ ਸਥਿਤੀ ਅਨੁਸਾਰ ਮੁਲਾਂਕਣ ਕਰਦਿਆਂ ਪਾਏਦਾਰ ਬਾਲ ਸਾਹਿਤ ਦੀ ਘਾਟ ਦੀ ਗੱਲ ਕੀਤੀ ਹੈ।

ਅਜੋਕੀਆਂ ਸਥਿਤੀਆਂ ਅਨੁਸਾਰ ਬਾਲ ਸਾਹਿਤ ਦੀ ਰਚਨਾ ਦੀ ਘਾਟ ਇੱਕ ਗੰਭੀਰ ਮੁੱਦਾ ਹੈ, ਜਿਸ ਨੂੰ ਬਾਲ ਲੇਖਕਾਂ ਨੂੰ ਚੁਣੌਤੀ ਵਜੋਂ ਸਵੀਕਾਰ ਕਰਨਾ ਚਾਹੀਦਾ ਹੈ। ਇਤਿਹਾਦ ਕਾਲਮ ਅਧੀਨ ਦੋ ਪੁਸਤਕਾਂ ਦੀ ਚਰਚਾ ਕੀਤੀ ਗਈ ਹੈ, ਜੋ ਕਿ ਸੰਪਾਦਕੀ ਬੋਰਡ ਦਾ ਸਹੀ ਫ਼ੈਸਲਾ ਹੈ।ਪੰਜਾਬੀ ਮਿੰਨੀ ਕਹਾਣੀ ਬਾਰੇ ਮਿੰਨੀ ਕਹਾਣੀ ਦੇ ਜਗਦੀਸ਼ ਰਾਏ ਕੁਲਰੀਆਂ ਨੇ ਸ਼ਾਨਦਾਰ ਵਿਸ਼ਲੇਸ਼ਣ ਕਰਦਿਆਂ ਇੱਕ ਮਹੱਤਵਪੂਰਨ ਹਾਂ-ਪੱਖੀ ਰੁਝਾਨ ਨੂੰ ਰੂਪਮਾਨ ਕੀਤਾ ਹੈ।

**- ਸੁਖਦੇਵ ਧੂਰੀ, ਕੈਨੇਡਾ**

# ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਟਰੰਪ ਦੀ ਤੀਜੇ ਮੁਲਕ 'ਚ ਡੀਪੋਰਟ ਕਰਨ ਦੀ ਨੀਤੀ : ਨਿਵੇਦਿਤਾ ਐੱਸ

ਦੋ ਸਫ਼ਰਨਾਮੇ : ਰਜਿੰਦਰ ਸਿੰਘ ਰਾਜਨ, ਕੇ ਐੱਸ ਅਮਰ

'ਅੰਬਰ ਕਦੇ ਖਾਲੀ ਨੀਂ ਹੁੰਦੇ' : ਹਰਪ੍ਰੀਤ ਸਿੰਘ ਚੰਨੂੰ (ਫੋਕਸ) ਡਾ. ਸੰਦੀਪ ਰਾਣਾ

ਮੋਹਨ ਮਤਿਆਲਵੀ ਦੀਆਂ ਪੰਜ ਨਜ਼ਮਾਂ ਤੇ ਹੋਰ ਬਹੁਤ ਕੁਝ

# ਹਰਵਿੰਦਰ ਰਿਆੜ ਦੀਆਂ ਨਵੀਆਂ ਕਵਿਤਾਵਾਂ



ਹਰਵਿੰਦਰ ਰਿਆੜ ਨੂੰ ਮੈਂ ਇੱਕੋ ਵਾਰ ਮਿਲਿਆ ਸਾਂ, ਦੂਰਦਰਸ਼ਨ ਦੇ ਵਿਹੜੇ, ਭਾਅ ਲਖਵਿੰਦਰ ਜੌਹਲ ਦੇ ਕਮਰੇ ਵਿੱਚ। ਉਸ ਬਹੁਤ ਹੀ ਪਿਆਰੇ ਸ਼ਖ਼ਸ ਨਾਲ ਮੇਰੀ ਇਹ ਪਹਿਲੀ ਤੇ ਆਖ਼ਰੀ ਮਿਲਣੀ ਸੀ। ਓਦੋਂ ਉਹ ਦੂਰਦਰਸ਼ਨ ਦਾ ਸਫ਼ਲ ਪੇਸ਼ਕਾਰ ਸੀ ਤੇ ਆਪਣੀਆਂ ਮਿੱਠੀਆਂ-ਮਿੱਠੀਆਂ ਬਾਤਾਂ ਨਾਲ ਸਰੋਤਿਆਂ ਨੂੰ ਉਹ ਆਪਣੇ ਨਾਲ-ਨਾਲ ਤੋਰ ਲੈਂਦਾ ਸੀ। ਉਸ ਤੋਂ ਬਾਅਦ ਉਹ ਅਮਰੀਕਾ ਦੀ ਉਡਾਰੀ ਭਰ ਗਿਆ ਤੇ ਉਥੇ ਪਹੁੰਚ ਕੇ ਵੀ ਉਸ ਨੇ ਆਪਣੀ ਕਲਾ ਤੇ ਹੁਨਰ ਨਾਲ ਆਪਣਾ ਇੱਕ ਵੱਖਰਾ ਮੁਕਾਮ ਸਿਰਜਿਆ। ਪਹਿਲਾਂ-ਪਹਿਲ ਉਹ 'ਨਾਗਮਣੀ' ਵਿੱਚ ਵੀ ਛਪਦਾ ਰਿਹਾ, ਪਰ ਉਸ ਦੀਆਂ ਉਹ ਕਵਿਤਾਵਾਂ ਮੇਰੀ ਨਜ਼ਰੇ ਨਹੀਂ ਚੜ੍ਹੀਆਂ । ਫਿਰ ਬਹੁਤ ਦੇਰ ਬਾਅਦ ਉਸ ਦੀ ਕਵਿਤਾ ਨੂੰ ਵਾਚਣ ਦਾ ਸਬੱਬ ਬਣਿਆ। ਮੈਂ ਹੈਰਾਨ ਹੋਇਆ ਕਿ ਉਸ ਦੀ ਹਰ ਕਵਿਤਾ ਜ਼ਿੰਦਗੀ ਦੇ ਗਹਿਰੇ ਸੱਚ ਨਾਲ ਜੁੜੀ ਹੋਈ ਮਿਲੀ। ਜਦੋਂ ਮੈਂ ਉਸ ਦੀ ਕਵਿਤਾ 'ਗਿਣਤੀ ਮਿਣਤੀ' ਪੜ੍ਹ ਰਿਹਾ ਸਾਂ ਤਾਂ ਹੈਰਾਨ ਵੀ ਹੋ ਰਿਹਾ ਸਾਂ ਕਿ ਹਰਵਿੰਦਰ ਨੇ ਆਪਣੀ ਇਸ ਕਵਿਤਾ ਵਿੱਚ ਅੜੇ-ਥੁੜ੍ਹੇ ਤੇ ਆਰਥਕ ਪੱਖੋਂ ਥਿੜਕੇ ਹੋਏ ਨਿੱਕੇ ਕਿਸਾਨਾਂ ਦੀ ਬਾਤ ਕਿੱਡੇ ਮਾਰਮਿਕ ਅੰਦਾਜ਼ ਵਿੱਚ ਪਾਈ ਹੈ। ਸਿਰਫ਼ ਇਹ ਇਕੱਲੀ ਕਵਿਤਾ ਹੀ ਨਹੀਂ, ਸਗੋਂ ਉਸ ਦੀਆਂ ਕਿੰਨੀਆਂ ਹੀ ਕਵਿਤਾਵਾਂ ਐਸੀਆਂ ਨੇ, ਜਿਨ੍ਹਾਂ ਨੂੰ ਵਾਰ-ਵਾਰ ਤੇ ਰੁਕ-ਰੁਕ ਕੇ ਪੜ੍ਹਨ ਨੂੰ ਮਨ ਕਰਦਾ ਹੈ, ਜੋ ਤੁਹਾਡੇ ਮਨਾਂ ਨੂੰ ਛੂੰਹਦੀਆਂ ਵੀ ਤੇ ਝੰਜੋੜਦੀਆਂ ਵੀ ਹਨ। ਆਪਣੀ ਮਿੱਟੀ ਤੇ ਆਪਣੀ ਧਰਤੀ ਮਾਈ ਨਾਲ ਗਹਿਰਾ ਜੁੜਿਆ ਹਰਵਿੰਦਰ ਅੱਜ ਭਾਵੇਂ ਸਾਡੇ ਵਿੱਚ ਨਹੀਂ ਹੈ, ਪਰ ਉਹ ਆਪਣੀ ਪਲੇਠੀ ਕਾਵਿ ਪੁਸਤਕ 'ਮਨ ਮੰਦਰ ਦੇ ਬੂਹੇ' ਨਾਲ ਹਮੇਸ਼ਾ ਸਾਡੇ ਚੇਤਿਆਂ ਵਿੱਚ ਵਸਿਆ ਰਹੇਗਾ। — **ਤ੍ਰੈਲੋਚਨ ਲੋਚੀ**

## ਗਿਣਤੀ-ਮਿਣਤੀ

ਧੌਲੀ ਦਾੜ੍ਹੀ ਪੁੱਤ-ਪੋਤਿਆਂ ਵਿਚ
ਬੈਠਾ ਬਾਪੂ
ਖਿਆਲਾਂ ਵਿਚ ਬਚਪਨ ਤੇ
ਉਮਰ ਦੇ ਸਿਖਰਲੇ
ਪੌਡੇ ਤੱਕ ਦੀ
ਗਿਣਤੀ-ਮਿਣਤੀ ਕਰਦੈ ਸੋਚਦੈ
80 ਵਰ੍ਹਿਆਂ ਦੇ
ਇਸ ਖੇਡ ਚੱਕਰ ਵਿਚ ਕੀ ਬਚਿਆ
ਅੱਜ ਵੀ ਜੇ ਬਚੀ ਹੈ
ਤਾਂ ਘਰੋਟੀ ਵਿਚ ਪਏ
ਖਾਣ ਜੋਗੇ ਦਾਣਿਆਂ ਦੀ ਉਮੀਦ
ਮੁਲਕ ਤਰੱਕੀ ਕਰ ਗਏ
ਨੇਤਾ, ਅਫਸਰ ਤਰੱਕੀ ਕਰ ਗਏ
ਤੇ।
ਮੁਲਕ ਦੇ ਜਵਾਨ ਤੇ
ਕਿਸਾਨ ਲਾਰਿਆਂ ਜੋਗੇ ਰਹਿ ਗਏ
ਹਰ ਛੇ ਮਹੀਨੇ ਬਾਅਦ
ਕਦੇ ਕੁਦਰਤੀ ਆਫ਼ਤ
ਕਦੇ ਮੰਡੀਆਂ ਤੇ ਕਦੇ
ਆੜ੍ਹਤੀਆਂ ਨਾਲ
ਜੱਟ ਦੇ ਮੁਕੱਦਰ ਖਹਿ ਗਏ
ਬਾਪੂ ਸੋਚਦੈ ਕਿ
ਹੁਣ ਤੇ ਗਿਰਝਾਂ ਨੇ ਵੀ
ਸ਼ਿਕਾਰ ਲੱਭਣ ਲਈ
ਸੁਭਾਅ ਬਦਲੇ ਲੱਗਦੇ ਨੇ
ਅੱਜ ਕਈ
ਤੁਰੀਆਂ ਫਿਰਦੀਆਂ
ਮਨੁੱਖੀ ਲਾਸ਼ਾਂ 'ਤੇ ਮੰਡਰਾਉਂਦੀਆਂ ਨੇ
ਤਰ੍ਹਾਂ-ਤਰ੍ਹਾਂ ਦੀਆਂ ਗਿਰਝਾਂ
..ਤੇ ਹਰ ਇਕ ਬੰਦਾ ਆਪਣੀ ਲਾਸ਼
ਆਪਣੇ ਮੋਢੇ 'ਤੇ ਚੁੱਕੀ ਫਿਰਦੈ
ਪੰਜਾਬਣਾਂ ਦੇ ਚਿਹਰੇ
ਪਥਰਾ ਗਏ ਨੇ,
ਫਾਂਸੀ ਹੁਣ
ਜੁਰਮ ਤੇ ਜੇਲ੍ਹਾਂ ਵਿਚ ਨਹੀਂ
ਹਰ ਪਿੰਡ ਦੇ ਰੁੱਖ ਨਾਲ
ਫੰਦਾ ਲਟਕਦਾ ਹੈ
ਤੇ ਕਾਗਜ਼ 'ਤੇ ਲਾਇਆ ਅੰਗੂਠਾ ਹੀ
ਹੌਲੀ-ਹੌਲੀ ਜਲਾਦਾਂ ਦਾ ਰੂਪ ਧਾਰ ਲੈਂਦਾ,
ਪਿੰਡਾਂ ਦੇ ਵਿਹੜਿਆਂ ਵਿਚ ਹੁਣ ਵਿਸਾਖੀ ਨਹੀਂ ਨੱਚਦੀ,
ਸਗੋਂ
ਬੇਬਸੀ ਤੇ ਲਾਚਾਰੀ
ਬਿਨ ਢੋਲ ਦੇ ਸਾਜ਼
ਬੇਤਰਤੀਬੇ ਸੰਗੀਤ ਸੰਗ
ਸ਼ੋਰ ਮਚਾਉਂਦੀ ਹੈ।
ਪਤਾ ਨਹੀਂ ਕੋਈ
ਅਭਾਗਣ ਮਾਂ ਤੁਰੀ ਫਿਰਦੀ
ਜਵਾਨ ਪੁੱਤ ਦੀ ਲਾਸ਼ ਨੂੰ
ਦਿਨ ਵਿਚ ਕਿੰਨੀ ਵਾਰ
ਖਾਬਾਂ ਰਾਹੀਂ ਗਲ ਨਾਲ
ਲਾਉਂਦੀ ਹੈ
ਬੱਸ ਬਾਪੂ ਲਈ
80 ਵਰ੍ਹਿਆਂ ਦੀ ਜ਼ਿੰਦਗੀ
ਦੀ ਖੇਡ ਘਰੋਟੀ 'ਚ ਪਾਏ
ਖਾਣ ਜੋਗੇ ਦਾਣਿਆਂ
ਤੋਂ ਵੱਧ ਕੁਝ ਨਹੀਂ ਥਿਆਉਂਦੀ।

## ਦੋ ਗੱਲਾਂ

ਬੱਸ ਦੋ ਗੱਲਾਂ ਹੀ ਕਾਫੀ ਨੇ
ਸੱਚ ਅਤੇ ਝੂਠ ਦੇ ਝੁਰਮਟ ਵਿਚੋਂ
ਨਿਕਲਣ ਲਈ
ਜੇ ਜ਼ਿੰਦਗੀ ਦਾ ਅਮਲ
ਸਿਰਫ ਦੋ ਗੱਲਾਂ
ਮਰਨ ਤੇ ਜੀਣ 'ਤੇ ਮੁੱਕਦਾ ਹੈ
ਤਾਂ ਬਾਕੀ ਬਚਦਾ ਤਾਂ ਸਾਰਾ ਖੌਰੂ ਹੈ
ਗੱਲ ਜੇ ਮੁਕਾਉਣੀ ਹੋਵੇ
ਤਾਂ ਦੋ ਗੱਲਾਂ 'ਤੇ ਮੁੱਕ ਜਾਂਦੀ ਹੈ
ਕਹਿਣ ਨੂੰ ਤਾਂ
ਜ਼ਿੰਦਗੀ ਲੰਮੀ ਇਬਾਰਤ ਵਰਗੀ ਹੈ
ਪਰ ਇਸ ਦੀ ਅਸਲੀਅਤ ਦੀ
ਇਬਾਦਤ ਵਿਚ
ਅਸੀਂ ਦੋ ਪਲ ਵੀ ਨਹੀਂ ਗੁਜ਼ਾਰਦੇ
ਦੋ ਪਲਾਂ ਦਾ ਖੁੰਝਿਆ ਬੰਦਾ
ਦੋ ਗੱਲਾਂ ਦਾ ਮਾਰਿਆ
ਕਿਤੇ ਦਾ ਕਿਤੇ ਜਾ ਪੁੱਜਦੈ
ਆ ਬਹਿ ਜਾ ਮੇਰੇ ਕੋਲ
ਵਕਤ ਤੇਰੇ ਨਾਲੋਂ ਤੇਜ਼ ਤੁਰਦਾ ਹੈ
ਆਪਣੇ ਹਿੱਸੇ ਦੇ ਪਲਾਂ ਵਿਚ
ਦੋ ਗੱਲਾਂ ਕਰ ਲਈਏ

## ਉਨ੍ਹਾਂ ਕਾਨੂੰਨ ਲਿਖਿਆ

ਹੱਟੀ 'ਤੇ ਬੈਠਿਆਂ ਨੇ ਕਾਨੂੰਨ ਲਿਖਿਆ
ਕਿਹਾ ਕਿ ਹੁਣ ਪੈਲੀਆਂ 'ਚ ਫ਼ਸਲਾਂ
ਇੱਕੋ ਹੁਕਮ ਨਾਲ ਉਗਣਗੀਆਂ
ਅਸੀਂ ਹੀ ਭੰਡਾਰੀ
ਅਸੀਂ ਹੀ ਵਪਾਰੀ
ਅਸੀਂ ਹੀ ਸੰਸਾਰੀ

ਜਿਸ ਨੂੰ ਜਦ ਚਾਹਿਆ
ਮਾਰਾਂਗੇ , ਜੀਵਾਵਾਂਗੇ
ਮੁਲਕ ਦੇ ਚੱਪੇ-ਚੱਪੇ 'ਤੇ ਫ਼ੈਲ ਜਾਵਾਂਗੇ।
ਪਰ ਇਹ ਗੱਲ ਭੁੱਲ ਗਏ
ਖਲੋਤੀ ਫਸਲ 'ਤੇ ਜਦ ਗੜੇਮਾਰ ਪਵੇ
ਕੱਖ ਨਾ ਰਵ੍ਹੇ।
ਸੁਪਨੇ ਰਹਿ ਜਾਣ ਧਰੇ-ਧਰਾਏ।
ਮਰਦਾ ਮਾਰਿਆ ਕਿੱਧਰ ਜਾਏ।

ਹੁਣ ਖੇਤਾਂ ਵਾਲੇ ਸੜਕਾਂ 'ਤੇ
ਸੜਕਾਂ 'ਤੇ ਆਏ ਪੁੱਛਦੇ ਹਨ।
ਕੌਣ ਹਨ ਇਹ ਨਵੇਂ ਵਲੀ ਕੰਧਾਰੀ
ਜੋ ਸਾਡੇ ਜੀਣ ਸੋਮਿਆਂ 'ਤੇ
ਝਪਟਣ ਲਈ
ਤਿਆਰ-ਬਰ-ਤਿਆਰ ਖੜ੍ਹੇ
ਗਿਰਝਾਂ ਦਾ ਭਾਈਚਾਰਾ।
ਜਿਨ੍ਹਾਂ ਕਾਨੂੰਨ ਲਿਖਿਆ
ਉਹ ਸਮਝ ਲੈਣ
ਕਿ ਜ਼ਮੀਨ ਜੱਟ ਦੀ ਮਾਂ
ਏਹੀ ਧੁੱਪ ਤੇ ਏਹੀ ਥਾਂ
ਸਾਡੀ ਮਾਂ ਵੱਲ ਉਠੀਆਂ
ਮੈਲੀਆਂ ਅੱਖਾਂ ਕੱਢ ਦਿਆਂਗੇ
ਸਦਾ ਲਈ ਫਸਤਾ ਵੱਢ ਦਿਆਂਗੇ।
ਪਾਸ਼ ਦੇ ਕਹਿਣ ਮੁਤਾਬਕ
ਵਕਤ ਨੇ ਸਾਨੂੰ
ਬਹੁਤ ਬੇਲਿਹਾਜ਼ ਕਰ ਦਿੱਤਾ ਹੈ।

— **ਮੋਬਾਇਲ** 98142-53315

# ਸਾਹਿਤ ਸਭਾ ਬਰਨਾਲਾ ਵੱਲੋਂ ਨਾਟਕ 'ਕਲਿਆਣੀ' 'ਤੇ ਗੋਸ਼ਟੀ



**ਬਰਨਾਲਾ**-ਪੰਜਾਬੀ ਸਾਹਿਤ ਸਭਾ ਬਰਨਾਲਾ ਵੱਲੋਂ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਡਾ. ਕਮਲਜੀਤ ਸਿੰਘ ਟਿੱਬਾ ਦੁਆਰਾ ਰਵਿੰਦਰ ਨਾਥ ਟੈਗੋਰ ਦੀ ਅਨੁਵਾਦਿਤ ਪੁਸਤਕ 'ਗੀਤਾਂਜਲੀ' ਦਾ ਲੋਕ ਅਰਪਣ ਕੀਤਾ ਗਿਆ। ਇਸ ਪੁਸਤਕ ਬਾਰੇ ਬੋਲਦਿਆਂ ਡਾ. ਕਮਲਜੀਤ ਸਿੰਘ ਟਿੱਬਾ ਨੇ ਕਿਹਾ ਕਿ ਇਸ ਗੀਤ ਸੰਗ੍ਰਹਿ ਵਿੱਚ ਟੈਗੋਰ ਦੀ ਕਵਿਤਾ ਨੂੰ ਗੀਤਾਂ ਰਾਹੀਂ ਪਾਠਕਾਂ ਦੇ ਸਨਮੁਖ ਲਿਆਂਦਾ ਹੈ। ਇਸ ਮੌਕੇ ਡਾ. ਤਰਸਪਾਲ ਕੌਰ ਦੇ ਨਾਟਕ 'ਕਲਿਆਣੀ' ਉੱਪਰ ਗੋਸ਼ਟੀ ਕਰਵਾਈ ਗਈ, ਜਿਸ ਉੱਪਰ ਪਰਚਾ ਪੜ੍ਹਦਿਆਂ ਡਾ. ਭੁਪਿੰਦਰ ਸਿੰਘ ਬੇਦੀ ਨੇ ਕਿਹਾ ਕਿ 'ਕਲਿਆਣੀ' ਨਾਟਕ ਵਿੱਚ ਲੇਖਿਕਾ ਨੇ ਪੂੰਜੀਵਾਦੀ ਦੌਰ ਵਿੱਚ ਔਰਤ ਦੀ ਬੁਲੰਦ ਸੋਚ ਅਤੇ ਤਰੱਕੀ ਦੇ ਨਾਲ ਉਸ ਦੀ ਤ੍ਰਾਸਦੀ ਦੇ ਪਹਿਲੂਆਂ ਨੂੰ ਪ੍ਰਤੀਕਾਤਮਕ ਦਵੰਧ ਰਾਹੀਂ ਪ੍ਰਤੱਖ ਤੌਰ 'ਤੇ ਦਰਸਾਇਆ ਹੈ। ਤੇਜਾ ਸਿੰਘ ਤਿਲਕ ਨੇ ਕਿਹਾ ਕਿ ਡਾ. ਤਰਸਪਾਲ ਨੇ ਨਾਟਕ ਲਿਖੇ ਹੀ ਨਹੀਂ, ਸਗੋਂ ਉਹਨਾਂ ਦਾ ਸਫਲ ਮੰਚਨ ਵੀ ਕੀਤਾ ਹੈ। ਹਥਲਾ ਨਾਟਕ ਪੁਸਤਕ ਦੇ ਰੂਪ ਵਿੱਚ ਆਉਣ ਤੋਂ ਪਹਿਲਾਂ ਬਹੁਤ ਵਾਰ ਰੰਗਮੰਚ ਤੋਂ ਖੇਡਿਆ ਜਾ ਚੁੱਕਿਆ ਹੈ। ਸਭਾ ਦੇ ਜਨਰਲ ਸਕੱਤਰ ਪਵਨ ਪਰਿੰਦਾ ਨੇ ਕਿਹਾ ਕਿ ਇਸ ਨਾਟਕ ਦੀਆਂ ਕੁੱਲ 13 ਝਾਕੀਆਂ ਹਨ। ਹਰ ਝਾਕੀ ਨਾਟਕ ਦੇ ਕਾਰਜ ਨੂੰ ਗਤੀਸ਼ੀਲਤਾ ਪ੍ਰਦਾਨ ਕਰਦੇ ਹਨ। ਨਾਟਕ ਦੇ ਵੱਖ-ਵੱਖ ਦ੍ਰਿਸ਼ ਪਾਤਰਾਂ ਦੀ ਮਾਨਸਿਕਤਾ ਨੂੰ ਉਜਾਗਰ ਕਰਨ ਵਿਚ ਸਹਾਈ ਹੁੰਦੇ ਹਨ। ਇਹਨਾਂ ਤੋਂ ਇਲਾਵਾ ਬੂਟਾ ਸਿੰਘ ਚੌਹਾਨ, ਡਾ. ਸੰਪੂਰਨ ਸਿੰਘ ਟੱਲੇਵਾਲੀਆ, ਡਾ. ਰਾਮਪਾਲ ਸਿੰਘ ਸ਼ਾਹਪੁਰੀ, ਪ੍ਰਿੰ. ਕਸ਼ਮੀਰ ਸਿੰਘ, ਦਰਸ਼ਨ ਸਿੰਘ ਗੁਰੂ ਅਤੇ ਡਾ. ਉਜਾਗਰ ਸਿੰਘ ਮਾਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।



# 'ਰੰਗਮੰਚ ਸੰਵਾਦ'

**ਅੰਮ੍ਰਿਤਸਰ**-ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਜਨਵਾਦੀ ਲੇਖਕ ਸੰਘ, ਅੰਮ੍ਰਿਤਸਰ ਦੇ ਸਹਿਯੋਗ ਨਾਲ 'ਰੰਗਮੰਚ ਸੰਵਾਦ' ਰਚਾਇਆ ਗਿਆ, ਜਿਸ ਵਿਚ ਕੈਨੇਡਾ ਤੋਂ ਵਿਸ਼ੇਸ਼ ਤੌਰ 'ਤੇ ਸੰਵਾਦ ਰਚਾਉਣ ਲਈ ਰੰਗਮੰਚ ਦੇ ਖੋਜਾਰਥੀ ਅਜ਼ਲ ਦੁਸਾਂਝ ਨੇ ਸ਼ਮੂਲੀਅਤ ਕੀਤੀ । ਇਸ ਸੰਵਾਦ ਵਿਚ ਮੁੱਖ ਮਹਿਮਾਨ ਵਜੋਂ ਰਜਿਸਟਰਾਰ ਪ੍ਰੋ. ਕਰਮਜੀਤ ਸਿੰਘ ਚਾਹਲ ਅਤੇ ਵਿਸ਼ੇਸ਼ ਮਹਿਮਾਨ ਸ਼੍ਰੋਮਣੀ ਨਾਟਕਕਾਰ ਸ੍ਰੀ ਕੇਵਲ ਧਾਲੀਵਾਲ ਅਤੇ ਨਾਟਕਕਾਰ ਜਗਦੀਸ਼ ਸਚਦੇਵਾ ਨੇ ਸ਼ਿਰਕਤ ਕੀਤੀ, ਜਦੋਂ ਕਿ ਸਮਾਗਮ ਦੀ ਪ੍ਰਧਾਨਗੀ ਪ੍ਰੋ. ਮਨਜਿੰਦਰ ਸਿੰਘ ਹੁਰਾਂ ਕੀਤੀ। ਅਜ਼ਲ ਦੁਸਾਂਝ ਨੇ ਆਪਣੇ ਨਿੱਜੀ ਤਜਰਬਿਆਂ ਰਾਹੀਂ ਗੱਲ ਸਾਂਝੀ ਕਰਦਿਆਂ ਕਿਹਾ ਕਿ ਸੱਚਮੁੱਚ ਨਾਟਕ ਅਤੇ ਰੰਗਮੰਚ ਲੋਕ ਦਿਲਾਂ 'ਤੇ ਆਪਣੀ ਗਹਿਰੀ ਛਾਪ ਛੱਡਦਾ ਹੈ। ਕੇਵਲ ਧਾਲੀਵਾਲ ਨੇ ਪੰਜਾਬੀ ਰੰਗਮੰਚ ਦੀ ਇਤਿਹਾਸਕ ਪਰੰਪਰਾ ਰਾਹੀਂ ਆਪਣੇ ਨਿੱਜੀ ਅਨੁਭਵ ਨੂੰ ਸਾਂਝਾ ਕੀਤਾ. ਇਸ ਮੌਕੇ ਜਗਦੀਸ਼ ਸਚਦੇਵਾ, ਡਾ. ਮਨਜਿੰਦਰ ਸਿੰਘ, ਦੀਪ ਦਵਿੰਦਰ ਤੇ ਹੋਰਨਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਮੰਚ ਸੰਚਾਲਨ ਡਾ. ਬਲਜੀਤ ਕੌਰ ਰਿਆੜ ਨੇ ਕੀਤਾ।

ਸਫ਼ਾ 2 ਦੀ ਬਾਕੀ

# ਬੂਟਾ ਸਿੰਘ ਦਾ ਲਾਇਆ ਰੰਗਮੰਚੀ ਬੂਟਾ...

ਅੰਦਰ, ਪਰਿਵਾਰਕ ਅਤੇ ਸਮਾਜਕ ਰਿਸ਼ਤਿਆਂ ਅੰਦਰ ਕਿਸੇ ਜ਼ਰੂਰਤਮੰਦ ਦੀ ਮਦਦ ਵੇਲੇ ਤਹਿ ਦਿਲੋਂ ਬੇਗਰਜ਼ ਮਦਦ ਲਈ ਯਤਨ ਕਰਦੇ। ਉਹਨਾਂ ਫੂਡ ਇੰਸਪੈਟਰ ਵਜੋਂ ਆਪਣੀ ਸਰਵਿਸ ਨੂੰ ਬਹੁਤ ਇਮਾਨਦਾਰੀ ਨਾਲ ਨਿਭਾਇਆ। ਉਹ ਤਹਿ ਦਿਲੋਂ ਲੋਕ ਹਿਤੈਸ਼ੀ ਸਨ ਅਤੇ ਲੋਕਾਂ ਨਾਲ ਹੁੰਦੀ ਕਿਸੇ ਵਧੀਕੀ ਨੂੰ ਉਹ ਨਿਜੀ ਵਧੀਕੀ ਵਜੋਂ ਮਹਿਸੂਸ ਕਰਦੇ ਅਤੇ ਇਸ ਤਰ੍ਹਾਂ ਦੀ ਸੰਵੇਦਨਸ਼ੀਲ ਪ੍ਰਤੀਕਿਰਿਆ ਕਰਦੇ ਕਿ ਕਈ ਵਾਰ ਉਹ ਜੋਖਮ ਵੀ ਸਹੇੜ ਲੈਂਦੇ। (ਇਕ ਵਾਰ ਉਹਨਾਂ ਦੇ ਕੁਝ ਜਾਣਕਾਰਾਂ ਨੇ ਜੂਸ ਦੀ ਦੁਕਾਨ ਖੋਹਲ ਲਈ ਜਿਸ ਵਿਚ ਉਹਨਾਂ ਨੂੰ ਵੀ ਹਿਸੇਦਾਰ ਬਣਾ ਲਿਆ। ਇਕ ਦਿਨ ਜਦ ਉਹ ਡਿਊਟੀ ਤੋਂ ਆਏ ਤਾਂ ਦੇਖਿਆ ਕੇ ਜੂਸ ਵਾਸਤੇ ਰੱਖੇ ਫਲ ਮਿਆਰੀ ਨਹੀਂ ਸਨ ਤਾਂ ਉਹਨਾਂ ਗੁੱਸੇ 'ਚ ਉਹ ਸਾਰੇ ਫਲ ਉਦੋਂ ਹੀ ਵਗਾਹ ਮਾਰੇ ਅਤੇ ਇਹ ਕਹਿਕੇ ਆਪਣੇ ਨਾਲ ਦੇ ਹਿਸੇਦਾਰਾਂ ਨਾਲ ਰੋਸ ਪ੍ਰਗਟਾਇਆ ਕਿ ਆਪਾਂ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਿਵੇਂ ਕਰ ਸਕਦੇ ਹਾਂ ? ਉਹਨਾਂ ਦੇ ਸੁਭਾਅ ਤੋਂ ਜਾਣੂੰਆਂ ਨੇ ਇਹ ਕਹਿ ਕੇ ਮਾਮਲਾ ਟਾਲਿਆ ਕਿ, ਤੁਸੀਂ ਕਦੇ ਵੀ ਬਿਜਨਸ ਨਹੀਂ ਕਰ ਸਕਦੇ।

ਤਨਜ਼ੀਆ ਅੰਦਾਜ਼ ਵਿਚ ਇਹ ਗੱਲ ਚਰਚਿਤ ਰਹੀ ਕਿ ਬੂਟਾ ਸਿੰਘ ਨੇ ਆਪਣੀ ਹੀ ਦੁਕਾਨ ਤੇ ਫੂਡ ਇੰਸਪੈਕਟਰ ਬਣਕੇ ਛਾਪਾ ਮਾਰ ਲਿਆ।

ਉਹ ਸਾਰੀ ਉਮਰ ਇਨਕਲਾਬੀ ਜਮਹੂਰੀ ਲਹਿਰ ਦੇ ਸੁਹਿਰਦ ਸਮਰਥਕ ਰਹੇ। ਉਹਨਾਂ ਦੇ ਪਰਿਵਾਰਕ ਮੈਂਬਰ ਅਲੱਗ ਅਲੱਗ ਜਥੇਬੰਦੀਆਂ 'ਚ ਸਰਗਰਮ ਰਹੇ ਅਤੇ ਉਹ ਸੰਘਰਸ਼ਾਂ ਦੀ ਸਰਗਰਮੀਆਂ ਨੂੰ ਨੀਝ ਨਾਲ ਸੁਣਦੇ, ਫਿਕਰ ਰੱਖਦੇ ਅਤੇ ਸੰਘਰਸ਼ਾਂ ਦੀ ਸਫ਼ਲਤਾ ਲਈ ਉਹਨਾਂ ਨੂੰ ਬੇਹਦ ਖੁਸ਼ੀ ਹੁੰਦੀ। ਉਹ ਬਹੁਤ ਨਿਰਮਾਣ ਸੁਭਾਅ ਦੇ ਸਨ ਅਤੇ ਸਮਾਜਕ ਜੀਵਨ 'ਚ ਆਪਣੇ ਕਿਸੇ ਵੀ ਯੋਗਦਾਨ ਦਾ ਨਾਮਣਾ ਹਾਸਲ ਕਰਨ ਦੀ ਬਿਲਕੁਲ ਇਛਾ ਨਹੀਂ ਰਖਦੇ ਸਨ ਸਗੋਂ ਆਪਣੇ ਉਚੇਚ ਜਿਕਰ ਤੋਂ ਬਚਣ ਦੀ ਕੋਸ਼ਿਸ਼ ਕਰਦੇ।ਕਹਿ ਸਕਦੇ ਹਾਂ ਕਿ ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਨੇ ਜੋ ਵੀ ਨਿਰੋਈਆਂ ਕਦਰਾਂ ਕੀਮਤਾਂ ਦਾ ਚਾਨਣ ਵੰਡਿਆ ਹੈ ਉਹ ਇਸ ਚਾਨਣ ਦੇ ਬਾਲੇ ਨਿਮਾਣੇ ਦੀਪ ਹਨ ਜੋ ਸਾਰੀ ਉਮਰ ਲਹਿਰ ਦੇ ਹੱਕ 'ਚ ਆਪਣੇ ਦਾਇਰੇ ਅੰਦਰ ਜਗਦੇ ਰਹੇ।

ਉਹਨਾਂ ਦੀ ਇੱਛਾ ਅਨੁਸਾਰ ਉਹਨਾਂ ਦੀਆਂ ਅੰਤਿਮ ਰਸਮਾਂ ਬਿਨਾਂ ਕਿਸੇ ਧਾਰਮਕ ਅਤੇ ਰਿਵਾਇਤੀ ਰਸਮਾਂ ਰਿਵਾਜਾਂ ਤੋਂ ਕੀਤੀ ਜਾ ਰਹੀਆਂ ਹਨ।

ਉਹਨਾਂ ਦੀ ਜੀਵਨ ਸਾਥਣ ਪੁਸ਼ਪ ਲਤਾ ਅਤੇ ਸਮੂਹ ਪਰਵਾਰ ਇਸ ਗਹਿਰੇ ਸਦਮੇ ਨੂੰ ਯਾਦਾਂ ਸੰਭਾਲਣ ਅਤੇ ਬੂਟਾ ਸਿੰਘ ਵੱਲੋਂ ਲਾਏ ਰੰਗ ਮੰਚ ਦੇ ਬੂਟੇ ਦੀ ਮਹਿਕ ਸੰਭਾਲਣ ਦੇ ਅਕੀਦਿਆਂ ਨੂੰ ਪ੍ਰਨਾਇਆ ਸਤਿਕਾਰ ਸਮਾਗਮ ਕਰਨ ਜਾ ਰਿਹਾ ਹੈ ਜਿਸ ਵਿਚ ਬੂਟਾ ਸਿੰਘ ਦਾ ਵਡੇਰਾ ਪਰਿਵਾਰ ਉਹਨਾਂ ਦੇ ਪਰਿਵਾਰ ਦੇ ਅੰਗ ਸੰਗ ਹੋਏਗਾ।

11 ਜਨਵਰੀ ਦਿਨ ਐਤਵਾਰ 11:30 ਵਜੇ ਲਾਰਡ ਰਾਮਾ ਹਾਲ ਦਾਣਾ ਮੰਡੀ ਬਠਿੰਡਾ ਵਿਖੇ ਬੂਟਾ ਸਿੰਘ ਦੀ ਯਾਦ 'ਚ ਪਰਿਵਾਰ ਵੱਲੋਂ ਕੀਤੇ ਜਾ ਰਹੇ ਸ਼ਰਧਾਂਜਲੀ ਸਮਾਗਮ ਮੌਕੇ ਉਹਨਾਂ ਦੀਆਂ ਰੰਗ ਮੰਚੀ, ਲੋਕ ਪੱਖੀ ਅਤੇ ਜਮਹੂਰੀ ਲਹਿਰ ਦੀਆਂ ਪੈੜਾਂ ਨੂੰ ਸਿਜਦਾ ਕੀਤਾ ਜਾ ਰਿਹਾ ਹੈ।

ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਉਹਨਾਂ ਦੇ ਲੋਕਾਂ ਨੂੰ ਸਮਰਪਿਤ ਰੰਗ ਮੰਚ ਦੀ ਸ਼ੈਲੀ ਨੂੰ ਸਦਾ ਬੁਲੰਦ ਰੱਖਣ ਦਾ ਅਹਿਦ ਕਰਦਾ ਹੈ।

**ਸੰਪਰਕ**: 98778-68710

# ਲੋਹੜੀ

ਕੋਹਲੂ ਗੇੜ 'ਚ ਖਪਦਾ ਘੁੰਮਦਾ
ਖੋਪੇ ਲੱਗਾ ਬਲਦ ਨਗੌਰੀ
ਪੈਰਾਂ ਦੀ ਘੁੰਮਣਘੇਰੀ 'ਚੋਂ
ਨਾਬਰ ਹੋ ਜਦ ਵਾਹਰਾ ਹੋ ਕੇ
ਚਾਰੇ ਖੁਰ ਚੱਕ ਸਿੱਧਾ ਹੋਇਆ
ਪੁੱਠੀ ਗਿਣਤੀ ਦਾ ਮੁੱਢ ਬੱਝਣਾ
ਔੜਾਂ ਝੰਬੀ ਲੋਆਂ ਝੁਲਸੀ
ਇਸ ਧਰਤੀ 'ਤੇ
ਮੇਘਾ ਲਹਿਣਾ-ਬੱਦਲਾਂ ਗੱਜਣਾ
ਧਰਤੀ ਡੋਲੂ-ਧੌਲਰ ਕੰਬਣੇ
ਜਿਸ ਪਲ ਇੱਟ, ਇੱਟ ਨਾਲ ਖੜਕੀ
ਗੀਟਾ-ਗੀਟਾ ਹੋਣੇ ਕਿੰਗਰੇ
ਰੋਪੜ ਵਾਲੇ ਤਾਲ਼ੇ ਟੁੱਟਣੇ
ਫੇਰ ਪਰਿੰਦਿਆਂ ਸੂਰਜ ਤੱਕਣਾ
ਖੁੱਲ ਜਾਣੇ ਸਭ ਜਿੰਦਰੇ
ਮਾਂ ਧਰਤੀ ਦੇ ਲਾਡਲਿਆਂ ਨੇ
ਲੋਹੇ-ਲਾਖੇ ਹੋ ਕੇ ਜਦ ਫੇਰ
ਪਰ੍ਹਿਆ ਵਿੱਚ ਖਲਾਰ ਕੇ ਪੁੱਛਣਾ
ਆਪਣੀ ਭੁੱਖ ਤੇ ਦੁੱਖ ਦਾ ਲੇਖਾ
ਆਪਣੇ ਨਾਂ ਦਾ
ਆਪਣੇ ਥਾਂ ਦਾ
ਚੁਰਿਆ ਘੁਰਿਆ ਤੱਕ ਦੀ ਮਿਣਤੀ
ਸਦਮੇ ਮਾਰੀਆਂ-ਥੱਕੀਆਂ ਹਾਰੀਆਂ
ਕੁੱਲ ਸਦੀਆਂ ਦੀਕਰਨੀ ਗਿਣਤੀ
ਅੱਗ ਵਿੱਚ ਡਾਹੁਣੀ-ਚੁੱਲ੍ਹੇ ਪਾਉਣੀ
ਕਾਲ ਬਣੀ ਉਹ ਮੋਹਰ ਕੁਲਹਿਣੀ
ਹਰ ਦਾਣੇ 'ਤੇ ਹਰ ਬੁਰਕੀ 'ਤੇ
ਹੱਥ 'ਚੋਂ ਖੋਹ ਕੇ-ਮੂੰਹੋਂ ਖਿੱਚ ਕੇ
ਠੱਪੇ ਲਾ ਭੜੋਲੇ ਭਰਦੀ
ਚਿਣ ਚਿਣ ਟੀਂਡਾ ਲਾਉਂਦੀ
ਭੁੱਖ-ਨੰਗ ਵਲ ਅੱਖਾਂ ਕੱਢੇ
ਖਿੱਲੀ ਫਿਰੇ ਉਡਾਉਂਦੀ
ਵਹੀਆਂ ਖਾਤੇ ਜਿਸ ਦਿਨ ਸਾੜ੍ਹੇ
ਤਿੰਨ-ਭੇਦ ਦੇ ਵਰਕੇ ਪਾੜ੍ਹੇ
ਉਸ ਦਿਨ ਹੋਣੀ ਲੋਹੜੀ
ਪਾਟੇ ਸਾਲੂ ਗੰਢ ਪਰੋਣੇ
ਪੱਲਿਆਂ ਦੇ ਵਿੱਚ ਸ਼ੱਕਰ ਪਾਉਣੀ
ਵੰਡ ਕੇ ਖਾਣੀ ਰੋੜੀ
ਦੁੱਲੇ ਤੇ ਬੁੱਲੇ ਦੇ ਜਾਇਆਂ
ਫੇਰ ਮਨਾਉਣੀ ਲੋਹੜੀ

**- ਮਦਨ ਵੀਰਾ**
**ਸੰਪਰਕ** : 94178-26296



# ਸ਼ਹੀਦ ਭਾਈ ਮੇਵਾ ਸਿੰਘ ਦਾ ਜੀਵਨ ਅਧਿਆਇ

**ਪਿਰਥੀਪਾਲ ਸਿੰਘ ਮਾੜੀਮੇਘਾ**

ਅੰਗਰੇਜ਼ੀ ਹਕੂਮਤ ਦੇ ਜਸੂਸ ਹਾਪਕਿਨਸਨ ਨੂੰ ਕਤਲ ਕਰਨ ਵਾਲੇ ਮਹਾਨ ਕ੍ਰਾਂਤੀਕਾਰੀ ਭਾਈ ਮੇਵਾ ਸਿੰਘ ਦਾ ਜਨਮ 1880 ਈਸਵੀ ਵਿੱਚ ਪਿੰਡ ਲੋਪੋਕੇ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂਅ ਨੰਦ ਸਿੰਘ ਅਤੇ ਭਰਾ ਦਾ ਨਾਂਅ ਦੇਵਾ ਸਿੰਘ ਔਲਖ ਸੀ। ਉਨ੍ਹਾਂ ਨੇ ਗੁਜ਼ਾਰੇ ਜੋਗਾ ਪੜ੍ਹਨਾ-ਲਿਖਣਾ ਪਿੰਡ ਦੇ ਗੁਰਦੁਆਰੇ 'ਚੋਂ ਸਿੱਖਿਆ। ਭਾਈ ਮੇਵਾ ਸਿੰਘ ਵੀ ਬਾਕੀ ਪੰਜਾਬੀਆਂ ਦੀ ਤਰ੍ਹਾਂ ਹਾਂਗਕਾਂਗ ਤੋਂ ਹੁੰਦੇ ਹੋਏ 1906 ਵਿੱਚ ਕੈਨੇਡਾ ਪਹੁੰਚ ਗਏ।

ਭਾਈ ਮੇਵਾ ਸਿੰਘ ਨੂੰ ਵੈਨਕੂਵਰ ਨੇੜੇ ਦੁਨੀਆ ਦੀ ਸਭ ਤੋਂ ਵੱਡੀ ਸਾਅ ਮਿੱਲ ਵਿੱਚ ਕੰਮ ਮਿਲ ਗਿਆ । ਭਾਈ ਭਾਗ ਸਿੰਘ ਭਿੱਖੀਵਿੰਡ ਵੀ ਇਸੇ ਮਿੱਲ ਵਿੱਚ ਕੰਮ ਕਰਦੇ ਸਨ ਤੇ ਦੋਵੇਂ ਪੱਕੇ ਮਿੱਤਰ ਬਣ ਗਏ । ਸਾਅ ਮਿੱਲ ਵਿੱਚ ਸੈਂਕੜੇ ਸਿੱਖ ਕਾਮੇ ਕੰਮ ਕਰਦੇ ਸਨ, ਪਰ ਉਥੋਂ ਦੇ ਅਸੂਲ ਮੁਤਾਬਕ ਸਿਰ 'ਤੇ 'ਹਾਰਡ ਹੈਟ' ਨਹੀਂ ਸੀ ਪਾਉਂਦੇ। ਮਿੱਲ ਦੇ ਡਾਕਟਰ ਦੀ ਸ਼ਿਕਾਇਤ 'ਤੇ ਮੈਨੇਜਰ ਵੱਲੋਂ ਸਿੱਖ ਕਾਮਿਆਂ ਨੂੰ ਨੋਟਿਸ ਮਿਲ ਗਿਆ ਕਿ ਉਹ ਪੱਗ ਦੇ ਉੱਪਰ ਹੈਟ ਪਾਇਆ ਕਰਨ। ਸਿਰ 'ਤੇ ਹੈਟ ਪਾਉਣਾ ਸਿੱਖ ਧਰਮ ਵਿਰੁੱਧੀ ਸਮਝਦੇ ਸਨ।

ਸਿੱਖ ਕਾਮਿਆਂ ਨੇ ਮਿੱਲ ਦੇ ਗੁਰਦੁਆਰੇ ਵਿੱਚ ਇਕੱਠ ਕੀਤਾ, ਜਿਸ ਵਿੱਚ ਲਾਗਲੀਆਂ ਮਿੱਲਾਂ ਤੋਂ ਵੀ ਕਾਮੇ ਆਏ ਹੋਏ ਸਨ। ਭਾਈ ਮੇਵਾ ਸਿੰਘ ਸੰਗਤ ਦੇ ਚਾਹ-ਪਾਣੀ ਦੀ ਸੇਵਾ ਵਿੱਚ ਰੁੱਝੇ ਹੋਏ ਸਨ। ਦੀਵਾਨ ਵਿੱਚ 'ਹਾਰਡ ਹੈਟ ਨਾ ਪਹਿਨਣ' ਦਾ ਮਤਾ ਪਾਸ ਕੀਤਾ ਗਿਆ। ਜਦੋਂ ਵੱਡੀ ਗਿਣਤੀ ਵਿੱਚ ਸਿੱਖ ਕਾਮੇ ਮਤੇ ਬਾਰੇ ਮਿੱਲ ਦੇ ਮੈਨੇਜਰ ਨੂੰ ਦੱਸਣ ਗਏ ਤੇ ਉਹ ਡਰ ਗਿਆ। ਉਸ ਨੇ ਹਾਰਡ ਹੈਟ ਪਹਿਨਣ ਵਾਲਾ ਹੁਕਮ ਵਾਪਸ ਲੈ ਲਿਆ। ਭਾਈ ਮੇਵਾ ਸਿੰਘ ਤੇ ਬਾਕੀ ਕਾਮਿਆਂ ਨੂੰ ਪਹਿਲੀ ਜਿੱਤ ਦੀ ਬਹੁਤ ਖ਼ੁਸ਼ੀ ਹੋਈ।

ਥੋੜ੍ਹੇ ਅਰਸੇ ਬਾਅਦ ਕੈਨੇਡਾ ਵਾਸੀ ਹਿੰਦੀ ਕਾਮਿਆਂ ਨੂੰ ਤੰਗ-ਪ੍ਰੇਸ਼ਾਨ ਕਰਨ ਲੱਗ ਪਏ। ਕਈ ਵਾਰ ਕੁੱਟ-ਮਾਰ ਵੀ ਕਰ ਦਿੰਦੇ। ਇਨ੍ਹਾਂ ਹਾਲਤਾਂ ਵਿੱਚ ਕਾਮਿਆਂ ਨੇ ਆਪਣੇ ਬਚਾਅ ਲਈ ਵਿਚਾਰ-ਵਟਾਂਦਰਾ ਕਰਨ ਵਾਸਤੇ ਜੁਲਾਈ 1906 ਵਿੱਚ ਇੱਕ ਸੁਸਾਇਟੀ ਬਣਾਈ, ਜਿਸ ਦੇ ਭਾਈ ਮੇਵਾ ਸਿੰਘ ਸਰਗਰਮ ਮੈਂਬਰ ਸਨ। ਸੁਸਾਇਟੀ ਨੇ 19 ਜਨਵਰੀ 1908 ਨੂੰ ਵੈਨਕੂਵਰ ਵਿਖੇ ਗੁਰਦੁਆਰਾ ਬਣਾਇਆ। ਗੁਰਦੁਆਰੇ ਵਿੱਚ ਦੀਵਾਨ ਸਜਦੇ ਅਤੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦੀਆਂ ਵਿਚਾਰਾਂ ਹੁੰਦੀਆਂ ।

ਅੰਗਰੇਜ਼ ਹਾਕਮਾਂ ਦਾ ਜਸੂਸ ਹਾਪਕਿਨਸਨ ਪਹਿਲਾਂ ਹਿੰਦ ਵਿੱਚ ਆਜ਼ਾਦੀ ਦੇ ਚਾਹਵਾਨਾਂ ਦੀ ਜਸੂਸੀ ਕਰਦਾ ਸੀ, ਫਿਰ ਉਹ ਕੈਨੇਡਾ ਪਹੁੰਚ ਗਿਆ। ਹਾਪਕਿਨਸਨ ਦਾ ਪਿਓ ਅੰਗਰੇਜ਼ ਸੀ ਤੇ ਮਾਤਾ ਜਲੰਧਰ ਛਾਉਣੀ ਦੇ ਬ੍ਰਾਹਮਣ ਪਰਵਾਰ ਦੀ ਧੀ ਸੀ। ਇਸ ਕਰਕੇ ਹਾਪਕਿਨਸਨ ਗੁਜ਼ਾਰੇ ਜੋਗੀ ਪੰਜਾਬੀ ਜਾਣਦਾ ਸੀ।ਹਾਪਕਿਨਸਨ ਦੀ ਸਲਾਹ 'ਤੇ ਕੈਨੇਡਾ ਸਰਕਾਰ ਨੇ ਹਿੰਦੀ ਕਾਮਿਆਂ ਨੂੰ ਹਾਂਡੂਰਾਸ ਭੇਜਣ ਦੀ ਯੋਜਨਾ ਬਣਾ ਲਈ। ਭਾਈ ਮੇਵਾ ਸਿੰਘ ਤੇ ਭਾਈ ਭਾਗ ਸਿੰਘ ਸਰਕਾਰ ਦੀ ਇਹ ਤਜਵੀਜ਼ ਮੰਨਣ ਲਈ ਤਿਆਰ ਨਹੀਂ ਸਨ।

ਕੈਨੇਡਾ ਸਰਕਾਰ ਨੇ ਜੇ ਬੀ ਹਾਰਕਿਨ, ਹਾਪਕਿਨਸਨ, ਸਤਨਾਗਰ ਸਿੰਘ ਤੇ ਸ਼ਾਮ ਸਿੰਘ ਨੂੰ ਹਾਂਡੂਰਾਸ ਭੇਜਿਆ ਕਿ ਉਹ ਹਾਲਾਤ ਵੇਖ ਕੇ ਆਉਣ। ਪੰਜਾਬੀ ਕਾਮਿਆਂ ਨੇ ਵੇਖਿਆ ਕਿ ਹਾਂਡੂਰਾਸ ਇਲਾਕਾ ਮਨੁੱਖਾਂ ਦੇ ਰਹਿਣ ਦੇ ਯੋਗ ਨਹੀਂ ਹੈ। ਹਾਪਕਿਨਸਨ ਨੇ ਦੋਵੇਂ ਸਿੱਖਾਂ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਕੀਤੀ ਕਿ ਉਹ ਵਾਪਸ ਜਾ ਕੇ ਇਹ ਰਿਪੋਰਟ ਨਾ ਕਰਨ, ਪਰ ਉਹ ਨਾ ਮੰਨੇ ਤੇ ਉਨ੍ਹਾਂ ਨੇ ਵਾਪਸ ਆ ਕੇ ਸੱਚੋ-ਸੱਚ ਦੱਸ ਦਿੱਤਾ। ਵੈਨਕੂਵਰ ਦੇ ਗੁਰਦੁਆਰੇ ਵਿੱਚ 15 ਨਵੰਬਰ 1908 ਨੂੰ ਕੈਨੇਡੀਅਨ ਸਰਕਾਰ ਦੇ ਅਧਿਕਾਰੀ ਆਏ। ਦੀਵਾਨ ਹਾਲ ਵਿੱਚ ਸੰਗਤ ਹਾਂਡੂਰਾਸ ਬਾਰੇ ਵਿਚਾਰਾਂ ਕਰ ਰਹੀ ਸੀ। ਸੰਗਤ 'ਚੋਂ ਭਾਈ ਮੇਵਾ ਸਿੰਘ ਨੇ, 'ਬੋਲੇ ਸੋ ਨਿਹਾਲ, ਸਤਿ ਸ੍ਰੀ ਆਕਾਲ' ਦਾ ਜੈਕਾਰਾ ਛੱਡ ਦਿੱਤਾ। ਜੈਕਾਰਾ ਸੁਣ ਕੇ ਹੇਠਾਂ ਲੰਗਰ ਹਾਲ ਵਿੱਚ ਬੈਠੇ ਕੈਨੇਡੀਅਨ ਅਧਿਕਾਰੀ ਡਰ ਗਏ। ਸਿੱਖਾਂ ਨੇ ਉਨ੍ਹਾਂ ਨੂੰ ਬੜਾ ਸਮਝਾਇਆ ਕਿ 'ਡਰੋ ਨਾ, ਫੈਸਲਾ ਸੁਣ ਕੇ ਜਾਇਓ' ਪਰ ਉਹ ਦੌੜ ਗਏ।

ਹਾਪਕਿਨਸਨ ਨੇ ਪੰਜਾਬੀਆਂ 'ਚੋਂ ਜਸੂਸਾਂ ਦਾ ਇੱਕ ਗਰੁੱਪ ਕਾਇਮ ਕੀਤਾ ਹੋਇਆ ਸੀ। ਗਰੁੱਪ ਦੇ ਹੁਸ਼ਿਆਰਪੁਰ ਜ਼ਿਲ੍ਹੇ ਦਾ ਬੇਲਾ ਸਿੰਘ ਝੁਟੀ, ਪਿੰਡ ਬੜੀਆਂ ਬਾੜੀਆਂ ਦਾ ਗੰਗਾ ਰਾਮ ਸਹੋਤਾ ਅਤੇ ਜਲੰਧਰ ਜ਼ਿਲ੍ਹੇ ਦੇ ਪਿੰਡ ਲਿਤਰਾਂ ਦਾ ਬਾਬੂ ਸਿੰਘ ਹੇਅਰ ਲੀਡਰ ਸਨ। ਬੇਲਾ ਸਿੰਘ ਜਿਆਣ ਤੇ ਬਾਬੂ ਸਿੰਘ ਲਿਤਰਾਂ ਹਾਪਕਿਨਸਨ ਦੇ ਪੇਡ ਏਜੰਟ ਸਨ। ਹਾਪਕਿਨਸਨ ਲਈ ਬਾਕੀ ਕੰਮ ਕਰਨ ਵਾਲੇ ਸਨ ਨੈਣਾ ਸਿੰਘ ਕੰਦੋਲਾ, ਸੇਵਾ ਸਿੰਘ ਨੁਮਾਣੇ, ਭਗਤ ਸਿੰਘ ਹਰੀਪੁਰ, ਰਤਨ ਸਿੰਘ ਉਰਫ ਪ੍ਰਤਾਪ ਸਿੰਘ ਕੋਟਲੀ, ਪ੍ਰਤਾਪ ਸਿੰਘ ਟੱਟੂਆਂਵਾਲਾ ਪਿੰਡ ਤਾਜੋਕੇ, ਪ੍ਰੇਮ ਸਿੰਘ ਠੌਲੀ, ਸੱਜਣ ਸਿੰਘ, ਪ੍ਰੇਮ ਸਿੰਘ, ਪਾਲ ਸਿੰਘ, ਨੱਥਾ ਸਿੰਘ, ਮੇਲਾ ਸਿੰਘ, ਕਾਬਲ ਸਿੰਘ ਅਤੇ ਜਗਤ ਸਿੰਘ।

ਹਾਪਕਿਨਸਨ ਦੀ ਸ਼ਿਕਾਇਤ 'ਤੇ ਅਮਰੀਕਾ ਸਰਕਾਰ ਨੇ ਇਨਕਲਾਬੀ ਤਾਰਕਨਾਥ ਦਾਸ ਨੂੰ ਇੰਟਰਪ੍ਰੇਟਰ ਦੀ ਨੌਕਰੀ ਤੋਂ ਹਟਾ ਦਿੱਤਾ। ਤਾਰਕਨਾਥ ਦਾਸ ਨੇ ਵੈਨਕੂਵਰ ਵਿਖੇ ਸਾਅ ਮਿੱਲ ਵਿੱਚ ਸਕੂਲ ਖੋਲ੍ਹ ਲਿਆ।ਇਸੇ ਮਿੱਲ ਵਿੱਚ ਭਾਈ ਮੇਵਾ ਸਿੰਘ ਤੇ ਭਾਗ ਸਿੰਘ ਕੰਮ ਕਰਦੇ ਸਨ। ਸਕੂਲ ਖੋਲ੍ਹਣ ਦਾ ਮਕਸਦ ਹਿੰਦੀ ਕਾਮਿਆਂ ਨੂੰ ਹਿੰਦ ਦੀ ਆਜ਼ਾਦੀ ਦੇ ਰਾਹ ਪਾਉਣਾ ਸੀ। ਤਾਰਕਨਾਥ ਦਾਸ ਕਾਮਿਆਂ ਨੂੰ ਹਿੰਦ ਵਿੱਚ ਚੱਲ ਰਹੀਆਂ ਇਨਕਲਾਬੀ ਲਹਿਰਾਂ ਬਾਰੇ ਲੈਕਚਰ ਦਿੰਦਾ ਸੀ।

ਕਾਮਾਗਾਟਾ ਮਾਰੂ ਜਹਾਜ਼ ਕੈਨੇਡਾ ਹਕੂਮਤ ਨੇ ਸਮੁੰਦਰ ਦੇ ਡੂੰਘੇ ਪਾਣੀ ਵਿੱਚ ਰੋਕਿਆ ਹੋਇਆ ਸੀ ਤੇ ਹਿੰਦ ਦੇ ਮੁਸਾਫਰ ਜਹਾਜ਼ ਤੋਂ ਉਤਰਨ ਨਹੀਂ ਸੀ ਦਿੱਤੇ। ਮੁਸਾਫ਼ਰਾਂ ਦੇ ਹੱਕ ਵਿੱਚ ਸੋਸ਼ਲਿਸਟ ਪਾਰਟੀ ਕੈਨੇਡਾ ਦੇ ਵਰਕਰਾਂ ਤੇ ਹਿੰਦੀ ਕਾਮਿਆਂ ਨੇ ਲਾਲ ਝੰਡੇ ਲੈ ਕੇ ਪ੍ਰਦਰਸ਼ਨ ਕੀਤਾ, ਪਰ ਸਰਕਾਰ ਟੱਸ ਤੋਂ ਮੱਸ ਨਾ ਹੋਈ। ਭਾਈ ਮੇਵਾ ਸਿੰਘ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਲਈ ਹਥਿਆਰ ਲੈਣ ਵਾਸਤੇ ਅਮਰੀਕਾ ਚਲੇ ਗਿਆ ਅਤੇ ਵਾਪਸੀ 'ਤੇ ਪਿਸਤੌਲ ਤੇ ਕਾਰਤੂਸ ਲਿਆਉਂਦਾ ਹੋਇਆ ਫੜਿਆ ਗਿਆ। ਹਕੂਮਤ ਨੇ 60 ਦਿਨ ਕੈਦ ਦੀ ਸਜ਼ਾ ਦੇ ਦਿੱਤੀ।

ਬੇਲਾ ਸਿੰਘ ਗਦਾਰ ਦਾ ਇੱਕ ਸਾਥੀ ਮਰ ਗਿਆ ਤੇ ਸਸਕਾਰ ਤੋਂ ਜਦੋਂ ਸੰਗਤ ਵਾਪਸ ਗੁਰਦੁਆਰੇ ਆਈ ਤੇ ਭਾਈ ਭਾਗ ਸਿੰਘ ਗੁਰੂ ਗ੍ਰੰਥ ਸਾਹਿਬ ਵਾਲੇ ਤਖਤਪੋਸ਼ ਦੇ ਕੋਲ ਬੈਠ ਗਿਆ। ਜਦੋਂ ਅਰਦਾਸ ਹੋਣ ਲੱਗੀ ਤੇ ਬੇਲਾ ਸਿੰਘ ਨੇ ਪਿਸਤੌਲ ਦੀਆਂ ਗੋਲੀਆਂ ਨਾਲ ਭਾਈ ਭਾਗ ਸਿੰਘ ਤੇ ਭਾਈ ਬਦਨ ਸਿੰਘ ਦਲੇਲ ਸਿੰਘ ਵਾਲਾ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਉਹ ਸ਼ਹਾਦਤ ਦਾ ਜਾਮ ਪੀ ਗਏ।

ਬੇਲਾ ਸਿੰਘ ਦੇ ਕੇਸ ਵਿੱਚ ਹਾਪਕਿਨਸਨ ਨੇ ਭਾਈ ਮੇਵਾ ਸਿੰਘ ਨੂੰ ਗਵਾਹੀ ਦੇਣ ਤੋਂ ਰੋਕਿਆ ਤੇ ਧਮਕੀਆਂ ਦਿੱਤੀਆਂ, ਪਰ ਉਨ੍ਹਾਂ ਨੇ ਜਾਨ ਦੀ ਪ੍ਰਵਾਹ ਨਾ ਕੀਤੀ ਤੇ ਗਵਾਹੀ ਦੇ ਦਿੱਤੀ। ਜਦੋਂ ਹਾਪਕਿਨਸਨ 21 ਅਕਤੂਬਰ 1914 ਨੂੰ ਕਚਹਿਰੀ ਵਿੱਚ ਬੇਲਾ ਸਿੰਘ ਦੇ ਹੱਕ ਵਿੱਚ ਗਵਾਹੀ ਦੇਣ ਆਇਆ ਤੇ ਭਾਈ ਮੇਵਾ ਸਿੰਘ ਨੇ ਭਰੀ ਕਚਹਿਰੀ ਵਿੱਚ ਹਾਪਕਿਨਸਨ ਨੂੰ ਪਿਸਤੌਲ ਦੀਆਂ ਗੋਲੀਆਂ ਨਾਲ ਜਹੰਨਮ ਪਹੁੰਚਾ ਦਿੱਤਾ ਅਤੇ ਆਰਾਮ ਨਾਲ ਗ੍ਰਿਫਤਾਰੀ ਦੇ ਦਿੱਤੀ। ਹਕੂਮਤ ਨੇ ਹਾਪਕਿਨਸਨ ਕਤਲ ਕੇਸ ਵਿੱਚ ਭਾਈ ਮੇਵਾ ਸਿੰਘ ਨੂੰ 11 ਜਨਵਰੀ 1915 ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

*ਫੋਨ-98760-78731*

ਸਫ਼ਾ 3 ਦੀ ਬਾਕੀ

# ਹਿੰਦੂ ਧਰਮ ਦੇ ਰਹੱਸ ਪੜ੍ਹ ਕੇ ਭਾਰਤ...

ਕੀਤਾ, ਜਿਨ੍ਹਾਂ ਨੂੰ ਇੰਦਰੀਆਂ ਦੁਆਰਾ ਅਨੁਭਵ ਨਹੀਂ ਕੀਤਾ ਜਾ ਸਕਦਾ ਸੀ। ਉਸ ਦੇ ਫਲਸਫ਼ੇ ਨੇ ਬ੍ਰਾਹਮਣਵਾਦ ਦੇ ਮੂਲ ਸਿਧਾਂਤਾਂ ਨੂੰ ਰੱਦ ਕਰ ਦਿੱਤਾ ਸੀ, ਜਿਸ ਕਾਰਨ ਬ੍ਰਾਹਮਣ-ਪੁਜਾਰੀਆਂ ਨੇ ਉਸ ਦੇ ਸਾਹਿਤ ਨੂੰ ਤਬਾਹ ਕਰ ਦਿੱਤਾ ਸੀ।

ਪਦਾਰਥਵਾਦੀਆਂ ਨੇ ਰਿਗਵੇਦ ਦੇ ਬਹੁਤ ਸਾਰੇ ਕਰਮਕਾਂਡਾਂ ਦੀ ਤਰਕ ਦੇ ਅਧਾਰ 'ਤੇ ਨਿਖੇਧੀ ਕੀਤੀ। ਜਿਵੇਂ ਸ਼ਰਾਧ ਕਰਨ ਨਾਲ ਸਵਰਗਵਾਸੀ ਨੂੰ ਭੋਜਨ ਛਕਾਇਆ ਜਾ ਸਕਦਾ ਹੈ, ਜਿਵੇਂ ਪਸ਼ੂਆਂ ਦੀ ਬਲੀ ਨਾਲ ਕੁਝ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ ਭੈਣ ਭਰਾ ਜੰਮ ਤੇ ਜਮੀ ਦੇ ਆਪਸੀ ਸੰਬੰਧ ਬਣਾਉਣ ਦੇ ਲੰਮੇ ਸੰਵਾਦ ਨੂੰ ਵੀ ਉਹਨਾਂ ਨੇ ਆਪਣੇ ਤਰਕ ਦੇ ਅਧਾਰ 'ਤੇ ਰੱਦ ਕੀਤਾ। ਇਹ ਚਿੰਤਕ ਇਹਨਾਂ ਵੇਦਾਂ ਦੇ ਉਹਨਾਂ ਸਲੋਕਾਂ ਦੀ ਵੀ ਨਿਖੇਧੀ ਕਰਦੇ ਸਨ, ਜਿਨ੍ਹਾਂ ਸਲੋਕਾਂ ਰਾਹੀਂ ਕੋਈ ਔਰਤ ਆਪਣੀ ਸੌਂਕਣ ਤੋਂ ਛੁਟਕਾਰਾ ਪਵਾ ਸਕਦੀ ਹੈ।

ਹਿੰਦੂ ਧਰਮ ਅਨੁਸਾਰ ਜਿਹੜੀ ਅਰਾਜਕਤਾ ਕਦੇ ਦਲਿਤ ਦੇ ਭਗਤੀ ਕਰਨ ਨਾਲ ਫੈਲ ਸਕਦੀ ਸੀ, ਕਦੇ ਦਲਿਤ ਦੇ ਸੰਸਕ੍ਰਿਤ ਸਿੱਖਣ ਨਾਲ ਫੈਲ ਸਕਦੀ ਸੀ ਤੇ ਕਦੇ ਧਾਰਮਿਕ ਗ੍ਰੰਥਾਂ ਦਾ ਅਧਿਐਨ ਕਰਨ ਨਾਲ ਫੈਲ ਸਕਦੀ ਸੀ। ਧਰਮਸੂਤਰ ਵੇਦਾਂ ਨੂੰ ਸੁਣਨ 'ਤੇ ਸ਼ੂਦਰਾਂ ਲਈ ਸਖ਼ਤ ਸਜ਼ਾ ਦਾ ਹੁਕਮ ਦਿੰਦਾ ਹੈ: ਸ਼ੂਦਰ ਦੇ (ਅੱਖਰ ਪ੍ਰਾਪਤ ਕਰਨ ਦੀ ਇੱਛਾ ਨਾਲ) ਵੇਦਾਂ ਨੂੰ ਸੁਣਨ 'ਤੇ (ਪਿਘਲੇ ਹੋਏ) ਸੀਸੇ ਅਤੇ ਸਿੱਕੇ ਨਾਲ ਉਸ ਦੇ ਕੰਨ ਭਰੇ ਜਾਣੇ ਚਾਹੀਦੇ ਹਨ। ਵੇਦਾਂ ਦੇ ਅੱਖਰ ਉਚਾਰਨ ਲਈ ਉਸ ਦੀ ਜੀਭ ਕੱਟ ਦਿੱਤੀ ਜਾਣੀ ਚਾਹੀਦੀ ਹੈ ਅਤੇ ਵੇਦ ਮੰਤਰਾਂ ਨੂੰ ਧਾਰਨ ਕਰਨ 'ਤੇ ਉਸ ਦੇ ਸਰੀਰ ਨੂੰ ਕੱਟ ਦੇਣਾ ਚਾਹੀਦਾ ਹੈ। ਜੋ ਸ਼ੂਦਰ, ਦਿਵਯ ਜਾਤੀਆਂ ਨਾਲ ਆਸਣ, ਨੀਂਦ, ਗੱਲਬਾਤ ਅਤੇ ਮਾਰਗ ਵਿਚ ਸਮਾਨਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਹ ਸਜ਼ਾ ਦਾ ਹੱਕਦਾਰ ਹੁੰਦਾ ਹੈ। (ਪਾਂਡੇ, 1966, ਪੰਨਾ 132)

ਡਾ. ਅੰਬੇਡਕਰ ਨੇ ਹਿੰਦੂ ਧਰਮ ਸੰਬੰਧੀ ਬੁਨਿਆਦੀ ਸਵਾਲ ਉਠਾਉਂਦਿਆਂ ਕਿਹਾ

ਇਹ ਜਾਨਣਾ ਦਿਲਚਸਪ ਹੋਵੇਗਾ ਕਿ ਪਾਰਸੀ, ਪਾਰਸੀ ਕਿਉਂ ਹੁੰਦਾ ਹੈ, ਈਸਾਈ ਕਿਉਂ ਈਸਾਈ ਹੁੰਦਾ ਹੈ, ਮੁਸਲਮਾਨ, ਮੁਸਲਮਾਨ ਕਿਉਂ ਹੁੰਦਾ ਹੈ ਅਤੇ ਹਿੰਦੂ, ਹਿੰਦੂ ਕਿਉਂ ਹੁੰਦਾ ਹੈ। ਪਾਰਸੀਆਂ, ਈਸਾਈਆਂ ਅਤੇ ਮੁਸਲਮਾਨਾਂ ਬਾਰੇ ਸਮਝਣਾ ਆਸਾਨ ਹੈ। ਜੇਕਰ ਤੁਸੀਂ ਕਿਸੇ ਪਾਰਸੀ ਨੂੰ ਪੁੱਛੋ ਕਿ ਉਸ ਨੂੰ ਪਾਰਸੀ ਕਿਉਂ ਕਿਹਾ ਜਾਂਦਾ ਹੈ ਤਾਂ ਉਹ ਤੁਹਾਡੇ ਸਵਾਲ ਦਾ ਜਵਾਬ ਆਸਾਨੀ ਨਾਲ ਦੇ ਦੇਵੇਗਾ। ਉਹ ਕਹੇਗਾ ਕਿ ਉਹ ਪਾਰਸੀ ਹੈ ਕਿਉਂਕਿ ਉਹ ਜ਼ਰਥੁਸ਼ਤਰ ਦਾ ਅਨੁਆਈ ਹੈ। ਜੇ ਇਹੀ ਸਵਾਲ ਕਿਸੇ ਮਸੀਹੀ ਨੂੰ ਪੁੱਛਿਆ ਜਾਂਦਾ ਹੈ ਤਾਂ ਉਸ ਨੂੰ ਵੀ ਜਵਾਬ ਦੇਣ ਵਿਚ ਕੋਈ ਮੁਸ਼ਕਿਲ ਨਹੀਂ ਹੋਵੇਗੀ। ਉਹ ਇਕ ਈਸਾਈ ਹੈ, ਕਿਉਂਕਿ ਉਹ ਯਿਸੂ ਮਸੀਹ ਵਿਚ ਵਿਸ਼ਵਾਸ ਰੱਖਦਾ ਹੈ। ਜੇਕਰ ਇਹੀ ਸਵਾਲ ਕਿਸੇ ਮੁਸਲਮਾਨ ਨੂੰ ਪੁੱਛਿਆ ਜਾਵੇ ਤਾਂ ਉਸ ਨੂੰ ਵੀ ਜਵਾਬ ਦੇਣ ਵਿਚ ਕੋਈ ਝਿਜਕ ਨਹੀਂ ਹੋਵੇਗੀ। ਉਹ ਕਹੇਗਾ ਕਿ ਉਹ ਇਸਲਾਮ ਨੂੰ ਮੰਨਦਾ ਹੈ, ਇਸ ਲਈ ਉਹ ਮੁਸਲਮਾਨ ਹੈ। ਸੰਸਾਰ ਦੇ ਦੂਜੇ ਧਰਮਾਂ ਇਸਾਈ ਮੱਤ, ਇਸਲਾਮ, ਬੁੱਧ ਧਰਮ, ਆਦਿ ਵਾਂਙ ਹਿੰਦੂ ਧਰਮ ਦਾ ਕੋਈ ਇਕ ਸੰਸਥਾਪਕ ਨਹੀਂ ਹੈ ਅਤੇ ਨਾ ਹੀ ਇਸ ਦੀ ਕੋਈ ਆਧਾਰ ਪੁਸਤਕ ਹੈ। ਇਸ ਦਾ ਕੋਈ ਈਸਾ ਮਸੀਹ, ਕੋਈ ਮੁਹੰਮਦ ਜਾਂ ਕੋਈ ਬੁੱਧ ਨਹੀਂ, ਕੋਈ ਬਾਈਬਲ, ਕੁਰਾਨ ਅਤੇ ਨਾ ਹੀ ਕੋਈ ਬੁੱਧ ਕਾਨੂੰਨ ਹੈ ।

ਸੱਚ ਤਾਂ ਇਹ ਹੈ ਕਿ ਇਸ ਦਾ ਕੋਈ ਸਿੱਧ ਪੈਗੰਬਰ ਵੀ ਨਹੀਂ । ਇਸ ਦੇ ਧਾਰਮਿਕ ਅਧਿਕਾਰੀ ਤਾਂ ਰਿਸ਼ੀ, ਅਵਤਾਰ, ਮੁਨੀ ਅਤੇ ਸ਼ੰਕਰਾ ਵਰਗੇ ਪ੍ਰਮਾਣਿਤ ਇਤਿਹਾਸਕ ਵਿਅਕਤੀ ਅਤੇ ਸੰਤ ਹੀ ਹਨ। ਪ੍ਰਾਚੀਨਤਮ ਵੇਦਾਂ ਦੇ 'ਆਦਿ' ਹੋਣ ਦੇ ਬਾਵਜੂਦ ਸਿਮਰਤੀਆਂ, ਗੀਤਾ, ਮਹਾਂਭਾਰਤ ਅਤੇ ਪੁਰਾਣ ਆਦਿ ਵਾਸਤਵ ਵਿਚ ਵੇਦਾਂ ਨਾਲੋਂ ਕਿਸੇ ਪੱਖੋਂ ਵੀ ਘੱਟ ਪ੍ਰਮਾਣਿਕ ਧਾਰਮਿਕ ਗ੍ਰੰਥ ਨਹੀਂ ਹਨ । ਦਰਅਸਲ ਇਹ ਗ੍ਰੰਥ ਪਿਛਲੇ 1500 ਤੋਂ 2000 ਸਾਲ ਤੱਕ ਦੇ ਹਿੰਦੂ ਧਰਮ ਵਿਚ ਪਵਿੱਤਰਾਂ ਤੋਂ ਵੀ ਪਵਿੱਤਰ ਵੇਦਾਂ ਨਾਲੋਂ ਵੀ ਵੱਧ ਪ੍ਰਮਾਣਿਕ ਮੰਨੇ ਗਏ ਹਨ ।

ਮਨੂੰ ਨੇ ਮਨੂਸਮ੍ਰਿਤੀ ਦੇ ਅਧਿਆਇ 10 ਵਿਚ ਮਿਸ਼ਰਤ (ਵਰਣ- ਸੰਕਰ) ਜਾਤੀਆਂ ਦੀ ਉੱਤਪਤੀ ਦਾ ਵਿਸਤ੍ਰਿਤ ਵੇਰਵਾ ਦਿੱਤਾ ਹੈ। ਮਨੂੰਸਮ੍ਰਿਤੀ ਦੇ ਸ਼ਲੋਕ 5 ਤੋਂ ਲੈ ਕੇ ਸ਼ਲੋਕ 60 ਤੱਕ, ਮਿਸ਼ਰਤ ਜਾਤੀਆਂ ਦੀ ਉੱਤਪਤੀ 'ਤੇ ਕੇਂਦ੍ਰਿਤ ਹੈ। ਉਸ ਤੋਂ ਬਾਅਦ ਮਨੂੰ ਮਿਸ਼ਰਤ ਜਾਤੀਆਂ ਦੇ ਅਧਿਕਾਰਾਂ ਅਤੇ ਕਰਤੱਵਾਂ ਦਾ ਵਰਣਨ ਕਰਦਾ ਹੈ। ਮਨੂੰ ਕਹਿੰਦਾ ਹੈ ਕਿ ਜੇਕਰ ਬ੍ਰਾਹਮਣ ਦਾ ਬ੍ਰਾਹਮਣ ਵਰਣ ਵਿਚ, ਇੱਕ ਕਸ਼ੱਤਰੀ ਦਾ ਕਸ਼ੱਤਰੀ ਵਰਣ ਵਿਚ, ਇੱਕ ਵੈਸ਼ ਦਾ ਵੈਸ਼ ਵਰਣ ਵਿਚ ਅਤੇ ਇੱਕ ਸ਼ੂਦਰ ਦਾ ਸ਼ੂਦਰ ਵਰਣ ਵਿਚ ਵਿਆਹ ਹੁੰਦਾ ਹੈ, ਤਾਂ ਪੈਦਾ ਹੋਣ ਵਾਲਾ ਬੱਚਾ ਉਸੇ ਵਰਣ ਦਾ ਹੋਵੇਗਾ (ਮਨੂੰਸਮ੍ਰਿਤੀ 10.5), ਪਰ ਜੇਕਰ ਵਰਣ ਤੋਂ ਬਾਹਰ ਮਰਦ ਅਤੇ ਔਰਤ ਦੇ ਜਿਨਸੀ ਸੰਬੰਧਾਂ ਤੋਂ ਬੱਚਾ ਪੈਦਾ ਹੁੰਦਾ ਹੈ, ਤਾਂ ਇਹ ਸੰਕਰ ਵਰਣ ਹੋਵੇਗਾ। ਮਨੂੰ ਵਰਣ ਸੰਕਰ ਵਿਅਕਤੀਆਂ ਦੀਆਂ ਦੋ ਸ਼੍ਰੇਣੀਆਂ ਬਣਾਉਂਦਾ ਹੈ-ਅਨੁਲੋਮ ਸੰਬੰਧਾਂ ਤੋਂ ਪੈਦਾ ਹੋਏ ਬੱਚੇ ਅਤੇ ਪ੍ਰਤਿਲੋਮ ਸੰਬੰਧਾਂ ਤੋਂ ਪੈਦਾ ਹੋਏ ਬੱਚੇ। ਜਦੋਂ ਉੱਚੇ ਵਰਣ ਵਾਲਾ ਪੁਰਸ਼ ਆਪਣੇ ਤੋਂ ਨੀਵੇਂ ਵਰਣ ਵਾਲੀ ਇਸਤਰੀ ਨਾਲ ਸੰਬੰਧ ਬਣਾਉਂਦਾ ਹੈ ਤਾਂ ਉਸ ਨੂੰ ਮਨੂੰ ਅਨੁਲੋਮ ਸੰਬੰਧ ਕਹਿੰਦਾ ਹੈ ਅਤੇ ਜੇਕਰ ਉੱਚ ਵਰਣ ਵਾਲੀ ਇਸਤਰੀ ਨੀਵੇਂ ਵਰਣ ਵਾਲੇ ਪੁਰਸ਼ ਨਾਲ ਸੰਬੰਧ ਬਣਾਉਂਦੀ ਹੈ ਤਾਂ ਇਸ ਨੂੰ ਪ੍ਰਤਿਲੋਮ ਸੰਬੰਧ ਕਿਹਾ ਜਾਂਦਾ ਹੈ। ਮਨੂ ਅਨੁਲੋਮ ਸੰਬੰਧਾਂ ਦੀ ਇਜਾਜ਼ਤ ਦਿੰਦਾ ਹੈ, ਪਰ ਪ੍ਰਤਿਲੋਮ ਸੰਬੰਧਾਂ ਬਾਰੇ ਬਹੁਤ ਸਖ਼ਤ ਹੈ। ਬ੍ਰਾਹਮਣ ਜਾਤੀ ਦੀ ਔਰਤ ਅਤੇ ਸ਼ੂਦਰ ਜਾਤੀ ਦੇ ਮਰਦ ਤੋਂ ਪੈਦਾ ਹੋਏ ਬੱਚੇ ਨੂੰ ਮਨੂ ਚੰਡਾਲ ਕਹਿੰਦਾ ਹੈ। (ਮਨੂੰਸਮ੍ਰਿਤੀ 10.30)। ਮਨੂੰ ਚੰਡਾਲ ਨੂੰ ਸਭ ਤੋਂ ਵਿਨਾਸ਼ਕਾਰੀ ਸ਼੍ਰੇਣੀ ਮੰਨਦਾ ਹੈ।

ਹਿੰਦੂ ਧਰਮ ਸ਼ਾਸਤਰ ਮਨੁੱਖ ਜਾਤੀ ਦੇ ਇਤਿਹਾਸ ਨੂੰ ਚਾਰ ਯੁੱਗਾਂ-ਸਤਿਯੁਗ, ਤ੍ਰੇਤਾ, ਦੁਆਪਰ ਅਤੇ ਕਲਯੁੱਗ ਵਿਚ ਵੰਡਦੇ ਹਨ। ਇਹ ਵੰਡ ਚੱਕਰਵਾਤੀ ਹੈ। ਉਨ੍ਹਾਂ ਅਨੁਸਾਰ ਇਤਿਹਾਸ ਰੇਖਿਕ ਨਹੀਂ, ਸਗੋਂ ਚਕਰਵਰਤੀ ਹੁੰਦਾ ਹੈ। ਉਨ੍ਹਾਂ ਗ੍ਰੰਥਾਂ ਅਨੁਸਾਰ ਸਤਿਯੁੱਗ ਤੋਂ ਬਾਅਦ ਤ੍ਰੇਤਾ ਯੁੱਗ, ਤ੍ਰੇਤਾ ਤੋਂ ਬਾਅਦ ਦੁਆਪਰ ਯੁੱਗ ਅਤੇ ਦੁਆਪਰ ਯੁੱਗ ਤੋਂ ਬਾਅਦ ਕਲਯੁੱਗ ਆਵੇਗਾ। ਕਲਯੁੱਗ ਤੋਂ ਬਾਅਦ ਸਤਿਯੁੱਗ ਫਿਰ ਆਵੇਗਾ। ਹਿੰਦੂ ਧਰਮ ਸ਼ਾਸਤਰ ਅਨੁਸਾਰ ਇਨ੍ਹਾਂ ਯੁੱਗਾਂ ਵਿੱਚੋਂ ਸਭ ਤੋਂ ਉੱਤਮ ਅਤੇ ਮਹਾਨ ਸਤਿਯੁੱਗ ਹੈ ਅਤੇ ਸਭ ਤੋਂ ਨਖਿੱਧ ਕਲਯੁੱਗ ਹੈ।

ਹਿੰਦੂਆਂ ਦੇ ਮੂਲ ਮਹਾਂਕਾਵਿ ਵਾਲਮੀਕ ਰਾਮਾਇਣ ਵਿਚ ਲਿਖਿਆ ਹੈ, 'ਹੇ ਰਾਜੇ! ਪਹਿਲੇ ਸਤਿਯੁੱਗ ਵਿਚ ਕੇਵਲ ਬ੍ਰਾਹਮਣ ਹੀ ਤਪੱਸਿਆ ਕਰਦੇ ਸਨ। ਮਹਾਰਾਜ! ਉਸ ਸਮੇਂ ਗ਼ੈਰ-ਬ੍ਰਾਹਮਣ ਮਨੁੱਖ ਕਿਸੇ ਵੀ ਤਰ੍ਹਾਂ ਤਪੱਸਿਆ ਵੱਲ ਨਹੀਂ ਸੀ ਝੁਕਦਾ।' (ਵਾਲਮੀਕਿ ਰਾਮਾਇਣ, ਭਾਗ 2, ਸਰਗ 74ਵਾਂ, ਛੰਦ-9) ਸਤਿਯੁੱਗ ਦੀ ਵਿਸ਼ੇਸ਼ਤਾ ਦਾ ਵਰਨਣ ਕਰਦੇ ਹੋਏ ਵਾਲਮੀਕ ਰਮਾਇਣ ਕਹਿੰਦੀ ਹੈ ਕਿ ਉਹ ਯੁੱਗ ਤਪੱਸਿਆ ਦੀ ਮਹਿਮਾ ਨਾਲ ਪ੍ਰਕਾਸ਼ਮਾਨ ਸੀ, ਜਿਸ ਵਿਚ ਬ੍ਰਾਹਮਣਾਂ ਦੀ ਪ੍ਰਧਾਨਤਾ ਸੀ। ਉਸ ਸਮੇਂ ਅਗਿਆਨਤਾ ਦਾ ਮਾਹੌਲ ਨਹੀਂ ਸੀ। ਇਸੇ ਕਰਕੇ ਉਸ ਯੁੱਗ ਦੇ ਸਾਰੇ ਮਨੁੱਖ ਅਕਾਲ - ਮੌਤ ਰਹਿਤ ਅਤੇ ਤ੍ਰਿਕਾਲਦਰਸ਼ੀ ਹੁੰਦੇ ਸਨ। (ਉਹੀ, ਸ਼ਲੋਕ-10)।

ਸਤਿਯੁੱਗ ਤੋਂ ਬਾਅਦ ਤ੍ਰੇਤਾ ਯੁੱਗ ਆਇਆ, ਜਿਸ ਵਿਚ ਬਲਵਾਨ ਸਰੀਰ ਵਾਲੇ ਕਸ਼ਤਰੀਆਂ ਦਾ ਬੋਲਬਾਲਾ ਸੀ ਅਤੇ ਉਨ੍ਹਾਂ ਕਸ਼ੱਤਰੀਆਂ ਨੇ ਵੀ ਇਸੇ ਤਰ੍ਹਾਂ ਤਪੱਸਿਆ ਕਰਨੀ ਸ਼ੁਰੂ ਕਰ ਦਿੱਤੀ। (ਉਹੀ, ਛੰਦ-11) ਅਗਲੇ ਸ਼ਲੋਕ ਵਿਚ ਵਾਲਮੀਕ ਸਪੱਸ਼ਟ ਕਰਦੇ ਹਨ ਕਿ ਤ੍ਰੇਤਾ ਯੁੱਗ ਸਤਿਯੁੱਗ ਤੋਂ ਪਤਿਤ ਯੁੱਗ ਸੀ-ਸਤਿਯੁੱਗ ਦੇ ਲੋਕ ਤਪੱਸਿਆ ਅਤੇ ਬਹਾਦਰੀ ਦੇ ਪੱਖੋਂ ਤ੍ਰੇਤੇ ਯੁੱਗ ਵਿਚਲੇ ਮਹਾਂਪੁਰਖਾਂ ਨਾਲੋਂ ਉੱਚੇ ਸਨ। (ਛੰਦ-12) ਰਾਮਾਇਣ ਇਸ ਗੱਲ ਨੂੰ ਰੇਖਾਂਕਿਤ ਕਰਦੀ ਹੈ ਕਿ ਸਤਿਯੁੱਗ ਵਿਚ ਜਿੱਥੇ ਬ੍ਰਾਹਮਣ ਉੱਤਮ ਅਤੇ ਖੱਤਰੀ ਨੀਵੇਂ ਸਨ, ਤ੍ਰੇਤਾ ਯੁੱਗ ਵਿਚ ਉਹ ਬਰਾਬਰ ਦੇ ਸ਼ਕਤੀਸ਼ਾਲੀ ਬਣ ਗਏ (ਉਹੀ, ਛੰਦ-13) ਰਾਮਾਇਣ ਅਨੁਸਾਰ ਸਤਿਯੁੱਗ ਵਿਚ, ਅਧਰਮ ਲਈ ਕੋਈ ਥਾਂ ਨਹੀਂ ਸੀ, ਪਰ ਤ੍ਰੇਤੇ ਯੁੱਗ ਵਿਚ ਅਧਰਮ ਨੇ ਇੱਕ ਪੈਰ ਜ਼ਮੀਨ ਉੱਤੇ ਰੱਖਿਆ (ਉਹੀ, ਛੰਦ-14) ਤ੍ਰੇਤੇ ਯੁੱਗ ਦੀ ਇੱਕ ਹੋਰ ਵਿਸ਼ੇਸ਼ਤਾ ਦਾ ਵਰਨਣ ਕਰਦਿਆਂ ਰਾਮਾਇਣ ਵਿਚ ਕਿਹਾ ਗਿਆ ਹੈ ਕਿ 'ਤ੍ਰੇਤੇ ਯੁੱਗ ਵਿਚ ਬ੍ਰਾਹਮਣ ਅਤੇ ਖੱਤਰੀ ਹੀ ਸਾਰੇ ਤਪੱਸਿਆ ਕਰਦੇ ਹਨ। ਹੋਰ ਵਰਨਾਂ ਦੇ ਲੋਕ ਸੇਵਾ ਦਾ ਕੰਮ ਕਰਦੇ ਹਨ (ਉਹੀ, ਛੰਦ-20)।

ਵੈਸ਼ਾਂ ਨੇ ਖੇਤੀਬਾੜੀ ਆਦਿ ਰਾਹੀਂ ਬ੍ਰਾਹਮਣਾਂ ਆਦਿ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਅਤੇ ਸ਼ੂਦਰਾਂ ਨੇ ਸਾਰੇ ਵਰਣਾਂ [ਤਿੰਨਾਂ ਵਰਣਾਂ] ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। (ਉਹੀ, ਸਲੋਕ-21)

ਵਾਲਮੀਕਿ ਦੁਆਪਰ ਯੁੱਗ ਬਾਰੇ ਲਿਖਦੇ ਹਨ ਕਿ 'ਅਧਰਮ ਧਰਤੀ 'ਤੇ ਆਪਣਾ ਦੂਜਾ ਪੈਰ ਰੱਖਦਾ ਹੈ। ਦੂਜੇ ਪੜਾਅ ਦੇ ਕਾਰਨ, ਉਸ ਯੁੱਗ ਨੂੰ ਦੁਆਪਰ' ਦਾ ਨਾਂਅ ਦਿੱਤਾ ਗਿਆ ਸੀ (ਉਹੀ, ਸਲੋਕ-23)। ਵਰਣ ਆਧਾਰਤ ਦੁਆਪਰ ਯੁੱਗ ਦੀ ਵਿਸ਼ੇਸ਼ਤਾ ਦੀ ਵਿਆਖਿਆ ਕਰਦੇ ਹੋਏ ਵਾਲਮੀਕਿ ਲਿਖਦੇ ਹਨ ਕਿ 'ਦੁਆਪਰ ਯੁੱਗ' ਵਿਚ ਤਪੱਸਿਆ ਦਾ ਕਰਮ ਵੈਸ਼ ਨੂੰ ਵੀ ਪ੍ਰਾਪਤ ਹੋਇਆ। ਇਸ ਤਰ੍ਹਾਂ ਤਿੰਨ ਯੱਗਾਂ ਵਿਚ ਕ੍ਰਮਵਾਰ ਤਿੰਨ ਵਰਣਾਂ ਨੂੰ ਤਪੱਸਿਆ ਦੇ ਰੂਪ ਵਿਚ ਧਰਮ ਦਾ ਅਧਿਕਾਰ ਪ੍ਰਾਪਤ ਹੁੰਦਾ ਹੈ ।

ਕਿਉਂਕਿ ਰਾਮ ਦੇ ਯੁੱਗ (ਤ੍ਰੇਤਾ ਯੱਗ) ਵਿਚ ਸ਼ੂਦਰ ਨੂੰ ਤਪੱਸਿਆ ਕਰਨ ਦਾ ਅਧਿਕਾਰ ਨਹੀਂ ਸੀ ਅਤੇ ਇਸ ਯੁੱਗ ਵਿਚ ਸ਼ੰਬੂਕ ਤਪੱਸਿਆ ਕਰ ਰਿਹਾ ਸੀ, ਇਸ ਲਈ ਵਰਨਾਸ਼ਰਮ ਧਰਮ ਦੀ ਉਲੰਘਣਾ ਕਰਨ ਲਈ ਰਾਮ ਨੇ ਆਪਣੀ ਤਲਵਾਰ ਨਾਲ ਸ਼ੰਬੂਕ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ, ਕਿਉਂਕਿ ਕਲਯੁੱਗ ਦੇ ਸੰਦਰਭ ਵਿਚ ਵਾਲਮੀਕਿ ਜੀ ਲਿਖਦੇ ਹਨ ਕਿ 'ਹੇ ਨ੍ਰਿਪ ਸ਼ਿਰੋਮਣੀ! ਇੱਕ ਸਮਾਂ ਆਵੇਗਾ ਜਦੋਂ ਇੱਕ ਨੀਵੀਂ ਜਾਤ ਦਾ ਮਨੁੱਖ [ਸ਼ੂਦਰ] ਵੀ ਵੱਡੀ ਤਪੱਸਿਆ ਕਰੇਗਾ। ਉਹ ਯੁੱਗ ਕਲਯੁੱਗ ਹੋਵੇਗਾ।'

ਉਪਰੋਕਤ ਤੁਕਾਂ ਨੂੰ ਵੇਖਦਿਆਂ ਸਹਿਜੇ ਹੀ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਚਾਰ ਯੁੱਗਾਂ ਦੀ ਵੰਡ ਪੂਰੀ ਤਰ੍ਹਾਂ ਵਰਨਾਸ਼ਰਮ ਧਰਮ ਅਤੇ ਬ੍ਰਾਹਮਣ ਕੇਂਦਰਤ ਹੈ। ਕਲਯੁੱਗ ਨੂੰ ਸਭ ਤੋਂ ਪਤਿਤ ਯੁੱਗ ਕਿਹਾ ਗਿਆ ਹੈ ਕਿਉਂਕਿ ਇਸ ਵਿਚ ਸ਼ੂਦਰਾਂ ਨੇ ਬ੍ਰਾਹਮਣਾਂ, ਕਸ਼ੱਤਰੀਆਂ ਅਤੇ ਵੈਸ਼ਾਂ ਦੇ ਵਿਸ਼ੇਸ਼ ਅਧਿਕਾਰਾਂ ਨੂੰ ਚੁਣੌਤੀ ਦੇਣਾ ਸ਼ੁਰੂ ਕਰ ਦਿੱਤਾ ਅਤੇ ਦਵਿਜ ਵਰਣਾਂ ਦੁਆਰਾ ਪ੍ਰਾਪਤ ਅਧਿਕਾਰਾਂ ਦਾ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ। ਗੀਤਾ ਵਿਚ ਵਾਲਮੀਕ ਵਾਂਗ ਕਲਯੁੱਗ ਦੀ ਇੱਕ ਵਿਸ਼ੇਸ਼ਤਾ ਦੱਸਦਿਆਂ ਕਿਹਾ ਗਿਆ ਹੈ ਕਿ ਇਸ ਯੁੱਗ ਵਿਚ ਸ਼ੂਦਰ ਬ੍ਰਾਹਮਣਾਂ ਦੇ ਬਰਾਬਰ ਹੋਣ ਲੱਗ ਪੈਂਦੇ ਹਨ।

ਤੁਲਸੀ ਦਾਸ ਲਿਖਦੇ ਹਨ ਕਿ ਕਲਯੁੱਗ ਵਿਚ ਲੋਕ ਸੰਨਿਆਸੀ ਬਣਨ ਲੱਗਦੇ ਹਨ।

(ਹਿੰਦੂ ਧਰਮ ਦੇ ਰਹੱਸ 185,186 )

ਇਹ ਪੁਸਤਕ ਸੰਖੇਪ ਵਿੱਚ ਸਮੁੱਚੇ ਹਿੰਦੂਤਵ ਨੂੰ ਸਮਝਣ ਲਈ ਅੱਜ ਦੇ ਯੁੱਗ ਵਿੱਚ ਹੋਰ ਵੀ ਵਧੇਰੇ ਪ੍ਰਸੰਗਕ ਹੋ ਜਾਂਦੀ ਹੈ, ਜਦੋਂ ਹਿੰਦੂਵਾਦੀ ਸੰਕੀਰਨ ਸੋਚ ਦਿਨ ਪ੍ਰਤੀ ਦਿਨ ਵਿਰੋਧੀਆਂ 'ਤੇ ਤਿੱਖੇ ਹਮਲੇ ਕਰਨ ਵੱਲ ਰੁਚਿਤ ਹੋ ਰਹੀ ਹੋਵੇ।

**ਮੋਬਾ.** 94647-97400

# ਗਿਆਨਪੀਠ ਗੁਰਦਿਆਲ ਸਿੰਘ

# ਜਾਣੇ-ਅਣਜਾਣੇ ਤੱਥ

ਡਾ. ਤਰਸੇਮ ਸ਼ਰਮਾ



ਗਲਪਕਾਰ ਗੁਰਦਿਆਲ ਸਿੰਘ ਅੰਤਰਰਾਸ਼ਟਰੀ ਪ੍ਰਸਿੱਧੀ ਦਾ ਸਾਹਿਤਕਾਰ ਹੈ। ਉਹ ਅਜਿਹੇ ਚੋਣਵੇਂ ਸਾਹਿਤਕਾਰਾਂ ਵਿੱਚੋਂ ਇੱਕ ਹੈ, ਜਿਸ ਦੀਆਂ ਰਚਨਾਵਾਂ ਨੂੰ ਸਧਾਰਨ ਪਾਠਕ ਤੋਂ ਲੈ ਕੇ ਪ੍ਰੋੜ੍ਹ ਵਿਦਵਾਨਾਂ ਨੇ ਗੰਭੀਰਤਾ ਨਾਲ ਵਿਚਾਰਿਆ, ਸਮਝਿਆ ਤੇ ਸਲਾਹਿਆ ਹੈ।

ਗੁਰਦਿਆਲ ਸਿੰਘ ਦਾ ਪੰਜਾਬੀ ਸਾਹਿਤ ਜਗਤ ਵਿੱਚ ਪ੍ਰਵੇਸ਼ ਸਤੰਬਰ, 1957 ਦੇ ਪੰਜ ਦਰਿਆ ਵਿੱਚ ਪਹਿਲੀ ਕਹਾਣੀ 'ਭਾਗਾਂ ਵਾਲੇ' ਦੇ ਪ੍ਰਕਾਸ਼ਿਤ ਹੋਣ ਨਾਲ ਮੰਨਿਆ ਜਾਂਦਾ ਹੈ। ਯੁੱਗ ਕਵੀ ਪ੍ਰੋ. ਮੋਹਨ ਸਿੰਘ ਦੀ ਸੰਪਾਦਨਾ ਵਿੱਚ ਛਪਣ ਵਾਲੀ ਇਹ ਸਾਹਿਤਕ ਪੱਤ੍ਰਿਕਾ ਆਪਣੇ ਸਾਹਿਤਕ ਮਿਆਰ ਲਈ ਜਾਣੀ ਜਾਂਦੀ ਸੀ, ਪਰ ਉਸ ਦੀ ਪਹਿਲੀ ਅਪ੍ਰਕਾਸ਼ਿਤ ਰਚਨਾ ਇਕਾਂਗੀ 'ਇੱਕ ਸੀ ਕੁੜੀ' (05.01.1946) ਪ੍ਰਾਪਤ ਹੋਈ ਹੈ। ਉਂਝ ਉਹਨਾਂ ਦੀਆਂ ਡਾਇਰੀਆਂ ਵਿੱਚੋਂ ਪ੍ਰਾਪਤ ਹਵਾਲੇ ਅਨੁਸਾਰ ਉਹਨਾਂ ਦੀ ਪਹਿਲੀ ਪ੍ਰਕਾਸ਼ਿਤ ਰਚਨਾ 'ਰਹਿਮਤ ਕਿ ਲਾਹਣਤ' ਦਾ ਹਵਾਲਾ 16.12.1952 ਨੂੰ ਪ੍ਰਕਾਸ਼ਿਤ ਰੋਜ਼ਾਨਾ ਰਣਜੀਤ ਬਠਿੰਡਾ ਵਿੱਚ ਪ੍ਰਕਾਸ਼ਿਤ ਲੇਖ ਸੰਬੰਧੀ ਹੈ। ਇਸ ਦਿਨ ਨੂੰ ਉਹ ਆਪਣੀ ਸਾਹਿਤਕ ਲੇਖਕ ਦੇ ਤੌਰ 'ਤੇ ਜਨਮ ਦਿਨ ਮੰਨਦੇ ਹਨ।

"ਸੱਚ ਹੀ ਜ਼ਿੰਦਗੀ ਵਿੱਚ ਸਫਲਤਾ ਲਈ ਅਣਥੱਕ ਮਿਹਨਤ ਦੀ ਲੋੜ ਹੁੰਦੀ ਹੈ। ਨਿਰਾਸ਼ਤਾ ਜੀਵਨ ਦੇ ਖਾਤਮੇ ਦਾ ਦੂਜਾ ਨਾਂਅ ਹੈ। ਪਹਿਲੋਂ-ਪਹਿਲ ਮੇਰੀ ਇਹ ਹਾਲਤ ਰਹੀ ਸੀ ਕਿ ਜੇ ਕੋਈ ਲੇਖ, ਕਹਾਣੀ ਜਾਂ ਕੋਈ ਕਵਿਤਾ ਕਦੇ-ਕਦਾਈਂ ਕਿਸੇ ਨੂੰ ਭੇਜ ਬੈਠਾ ਤੇ ਉਸ ਪ੍ਰਕਾਸ਼ਤ ਨਾ ਕੀਤੀ ਤਾਂ ਮੈਂ ਨਿਰਾਸ਼ ਹੋ ਕੇ ਮੁੜ ਕਈ-ਕਈ ਹਫਤੇ ਤੇ ਮਹੀਨੇ ਕਲਮ ਚੁੱਕਣ ਦੀ ਹਿੰਮਤ ਨਾ ਕੀਤੀ, ਪਰ ਕੁਝ ਸਮੇਂ ਤੋਂ ਮੈਂ ਆਪਣਾ ਇਹ ਰਸਤਾ ਬਦਲ ਲਿਆ ਹੈ। ਕੋਈ ਛਾਪੇ ਜਾਂ ਨਾ, ਮੇਰਾ ਕੰਮ ਹੈ ਲਿਖੀ ਜਾਣਾ ਤੇ ਭੇਜੀ ਜਾਣਾ। ਸੋ ਅੱਜ ਮੇਰੀ ਇਸ ਪਾਲਿਸੀ ਨੇ ਮੈਨੂੰ ਸਫਲਤਾ ਦਾ ਮੂੰਹ ਆਖਰ ਵਿਖਾ ਦਿੱਤਾ।....ਗੱਲ ਕੇ ਅੱਜ ਦਾ ਦਿਨ (16.12.1952) ਮੇਰੇ ਸਾਹਿਤਕ ਜੀਵਨ ਦਾ ਜਨਮ ਦਿਨ ਹੈ। ਅੱਜ ਤੋਂ ਅੱਗੇ ਮੇਰੀ ਸਾਹਿਤਕ ਉਮਰ ਵਧਦੀ ਜਾਏਗੀ ਤੇ ਮੈਨੂੰ ਉਮੀਦ ਹੈ ਉਹ ਦਿਨ ਦੂਰ ਨਹੀਂ ਜਦੋਂ ਮੈਂ ਵੀ ਪੰਜਾਬੀ ਦੇ ਸਾਹਿਤਕਾਰਾਂ ਦੀ ਮੁੱਢਲੀ ਕਤਾਰ ਵਿੱਚ ਖੜ੍ਹਾ ਹੋਵਾਂਗਾ। ਪਰ ਕੇਵਲ ਲੋੜ ਹੈ ਅਣਥੱਕ ਮਿਹਨਤ, ਉੱਚੇ ਖਿਆਲ, ਨਿਰਵੈਰ ਇਰਾਦੇ, ਜਨਤਕ ਪਿਆਰ, ਸ਼ੁੱਧ ਲੇਖਣੀ ਤੇ ਨਵੀਨ ਸਾਹਿਤ ਦੇ ਮੁਤਾਲਿਆਂ ਦੀ। ਉਮੀਦ ਹੈ ਜੇਕਰ ਮੇਰੀ ਘਰੇਲੂ ਹਾਲਤ ਕਿਸੇ ਹੱਦ ਤੱਕ ਅੱਛੀ ਰਹੀ ਤਾਂ ਮੈਂ ਬਹੁਤ ਛੇਤੀ ਕਾਮਯਾਬ ਹੋਵਾਂਗਾ।"



1953-54 ਦੇ ਅਰਸੇ ਦੌਰਾਨ ਗੁਰਦਿਆਲ ਸਿੰਘ ਨੇ ਨਾਵਲ ਅਤੇ ਕਹਾਣੀਆਂ ਲਿਖਣ ਦਾ ਮੁੱਢਲਾ ਅਭਿਆਸ ਆਰੰਭ ਕੀਤਾ। ਇਸ ਅਰਸੇ ਦੌਰਾਨ ਲਿਖੀਆਂ ਗਈਆਂ ਕਈ ਰਚਨਾਵਾਂ ਦੇ ਵੇਰਵੇ ਤਾਂ ਮਿਲਦੇ ਹਨ ਪਰ ਉਹਨਾਂ ਵਿੱਚੋਂ ਇੱਕ ਨਾਵਲ 'ਸ਼ਕੁੰਤਲਾ' ਦਾ ਅਧੂਰਾ ਅਤੇ ਰਫ਼ ਖਰੜਾ ਹੀ ਮਿਲਿਆ ਹੈ। 1953-54 ਵਿੱਚ ਹੀ ਉਹਨਾਂ ਸਿੱਖ ਇਤਿਹਾਸ ਨਾਲ ਸੰਬੰਧਤ ਜੈਤੋ ਦੇ ਪ੍ਰਸਿੱਧ ਮੋਰਚੇ ਬਾਰੇ 'ਗੰਗਸਰ ਦੇ ਸ਼ਹੀਦ' ਨਾਂਅ ਦੀ ਪੁਸਤਕ ਲਿਖੀ ਸੀ। ਸੁਭਾ ਅਨੁਸਾਰ ਇਸ ਦਾ ਖਰੜਾ ਪ੍ਰਸਿੱਧ ਸਿੱਖ ਵਿਦਵਾਨ ਡਾ. ਗੰਡਾ ਸਿੰਘ ਕੋਲ ਵਿਸ਼ੇਸ਼ੱਗ ਰਾਏ ਲੈਣ ਉਪਰੰਤ ਪ੍ਰਕਾਸ਼ਨ ਲਈ ਭੇਜਿਆ। ਇਸ ਦਾ ਪ੍ਰਕਾਸ਼ਨ 1954 ਵਿੱਚ ਦਿੱਲੀ ਤੋਂ ਸੇਵਕ ਸਾਹਿਤ ਭਵਨ ਵੱਲੋਂ ਕੀਤਾ ਗਿਆ।

1955-56 ਦੇ ਕਹਾਣੀ ਲਿਖਣ ਦੇ ਅਭਿਆਸ ਅਤੇ ਸਫਲਤਾ ਨੇ ਗੁਰਦਿਆਲ ਸਿੰਘ ਨੂੰ ਕਹਾਣੀ ਵੱਲ ਆਕਰਸ਼ਿਤ ਕਰ ਲਿਆ। ਇਹ ਉਹ ਸਮਾਂ ਹੈ, ਜਦੋਂ ਸੁਤੰਤਰਤਾ ਉਪਰੰਤ ਰਾਜਨੀਤਕ, ਆਰਥਿਕ, ਸਮਾਜਿਕ ਖੇਤਰ ਵਿੱਚ ਪਸਰੀ ਧੁੰਦ ਲਾਂਭੇ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਪੂੰਜੀਵਾਦੀ ਵਿਕਾਸ ਮਾਰਗ 'ਤੇ ਤੁਰਦੀ ਭਾਰਤ ਦੀ ਅਤੇ ਪੰਜਾਬ ਦੀ ਆਰਥਿਕਤਾ ਦਾ ਮੁਹਾਂਦਰਾ ਆਪਣੇ ਅੰਤਰ-ਵਿਰੋਧਾਂ ਅਤੇ ਤਨਾਉਗ੍ਰਸਤ ਅੰਤਰ-ਸੰਬੰਧਾਂ ਸਮੇਤ ਉੱਘੜ ਕੇ ਸਾਹਮਣੇ ਆ ਜਾਂਦਾ ਹੈ। ਪੇਂਡੂ ਸਮਾਜ ਅਤੇ ਸੰਸਥਾਵਾਂ ਦੇ ਜੀਵਨ ਦੇ ਕਠੋਰ ਯਥਾਰਥ ਦਾ ਵਿਸ਼ਾਲ ਅਨੁਭਵ, ਵਿਪੰਨ ਵਰਗਾਂ ਦੇ ਲੋਕਾਂ ਦੀਆਂ ਨਿੱਤਾਪ੍ਰਤੀ ਦੀਆਂ ਸਮੱਸਿਆਵਾਂ ਅਤੇ ਮਾਲਵਾ ਖਿੱਤੇ ਦੇ ਜੀਵਨ ਦਾ ਅਸਲੋਂ ਅਛੂਤਾ ਅਨੁਭਵ ਉਸ ਦੀ ਕਹਾਣੀ ਦਾ ਵਿਸ਼ਾ ਬਣਿਆ।

ਬਾਲ-ਸਾਹਿਤਕਾਰ ਗੁਰਦਿਆਲ ਸਿੰਘ ਦੀ ਪੰਜਾਹਵਿਆਂ ਦੇ ਅੰਤ ਵਿੱਚ ਪਹਿਲੀ ਨਿਵੇਕਲੀ ਪਛਾਣ ਉਸ ਦੀਆਂ ਰੇਖਾ-ਚਿੱਤਰਨੁਮਾ ਸ਼ੈਲੀ ਵਿੱਚ ਪਾਤਰਾਂ ਦੀ ਮਨੋਦਸ਼ਾ ਬਾਰੇ ਬਕਲਮਖੁਦ ਸਿਰਲੇਖ ਅਧੀਨ ਲਿਖੀਆਂ ਕਹਾਣੀਆਂ ਨਾਲ ਬਣੀ। ਕਥਾ ਰਸ ਨਾਲ ਭਰਪੂਰ ਹਰ ਚਿੱਤਰ ਵਿੱਚ ਲੇਖਕ ਸਮਕਾਲੀ ਜੀਵਨ ਵਿਚਲੇ ਕਿਸੇ ਨਿਵੇਕਲੇ ਪਾਤਰ ਨੂੰ ਅਗਰਭੂਮੀ ਵਿੱਚ ਲਿਆਉਂਦਾ ਸੀ। ਇਹਨਾਂ ਸਭਨਾਂ ਪਾਤਰਾਂ ਦੀ ਵਿਸ਼ੇਸ਼ਤਾ ਇਹ ਸੀ ਕਿ ਉਹ ਤ੍ਰਾਸਦਿਕ ਹੋਣੀ ਦੇ ਬਾਵਜੂਦ ਰੋਂਦੂ ਨਹੀਂ। ਇਹ ਦੱਸਦਿਆਂ ਹੋਇਆਂ ਵੀ ਕਿ ਉਹਨਾਂ ਦੀ ਜ਼ਿੰਦਗੀ ਵਿੱਚ ਕੋਈ ਰਸ ਨਹੀਂ ਅਤੇ ਉਹ ਜੂਨ ਹੀ ਕੱਟ ਰਹੇ ਸਨ, ਜ਼ਿੰਦਗੀ ਨੂੰ ਭਰਪੂਰ ਰੂਪ ਵਿੱਚ ਜਿਉਣ ਤੇ ਮਾਨਣ ਦੀ ਉਹਨਾਂ ਦੀ ਅਕਾਂਖਿਆ ਦੀ ਸਪੱਸ਼ਟ ਝਲਕ ਮਿਲਦੀ ਹੈ ਅਤੇ ਇਹ ਲੱਛਣ ਹੀ ਇਹਨਾਂ ਨੂੰ ਮਹੱਤਵ ਪ੍ਰਦਾਨ ਕਰਦਾ ਸੀ। ਗੁਰਦਿਆਲ ਸਿੰਘ ਅਨੁਸਾਰ, ਸਮਾਂ ਬੀਤਣ ਨਾਲ ਉਸ ਦਾ ਹੌਸਲਾ ਵਧਦਾ ਗਿਆ। ਬੱਚਿਆਂ ਲਈ ਕਹਾਣੀਆਂ ਲਿਖਣੀਆਂ ਉਸ ਨੂੰ ਬੜਾ ਸੌਖਾ ਕੰਮ ਲੱਗਿਆ। ਹੁਣ ਉਸ ਨੇ ਕਹਾਣੀ ਲਿਖਣ ਦਾ ਇੱਕ ਵੱਖਰਾ ਢੰਗ ਵੀ ਲੱਭ ਲਿਆ। ਢੰਗ ਇਹ ਸੀ ਕਿ ਕੋਈ ਬੱਚਾ ਘਰ, ਸਕੂਲ, ਅਧਿਆਪਕ, ਆਪਣੇ ਨਾਲ ਦੇ ਬੱਚਿਆਂ ਬਾਰੇ ਕਿਵੇਂ ਸੋਚ ਸਕਦਾ ਹੈ, ਇਹ ਲਿਖਣਾ ਉਸ ਨੂੰ ਮੁਸ਼ਕਲ ਨਹੀਂ ਸੀ ਲੱਗਦਾ। ਉਦੋਂ ਬੱਚਿਆਂ ਲਈ ਸਭ ਤੋਂ ਪ੍ਰਸਿੱਧ ਤੇ ਚੰਗਾ ਰਸਾਲਾ ਬਾਲ-ਸੰਦੇਸ਼ ਸੀ, ਜਿਹੜਾ ਬਹੁਤ ਪੜ੍ਹਿਆ ਜਾਂਦਾ ਸੀ। ਬਹੁਤ ਸਾਰੀਆਂ ਕਹਾਣੀਆਂ ਲਿਖ ਕੇ ਤੇ ਫੇਰ ਕਈ-ਕਈ ਵਾਰ ਸੋਧ ਕੇ ਉਸ ਨੇ ਇੱਕ ਕਹਾਣੀ ਬਾਲ-ਸੰਦੇਸ਼ ਦੇ ਸੰਪਾਦਕ, ਨਵਤੇਜ ਸਿੰਘ ਨੂੰ ਭੇਜ ਦਿੱਤੀ। ਕਹਾਣੀ ਦਾ ਨਾਂਅ ਸੀ 'ਦੋ ਕੁ ਗੱਲਾਂ' ਪਰ ਕਿਉਂਕਿ ਉਹ ਲਿਖੀ ਇੰਜ ਸੀ, ਜਿਵੇਂ ਬੱਚਾ ਖੁਦ ਆਪਣੀ ਕਹਾਣੀ ਆਪ ਸੁਣਾ ਰਿਹਾ ਹੋਵੇ, ਇਸ ਲਈ ਉਹਦੇ ਅਖੀਰ ਵਿੱਚ ਬੱਚੇ ਦਾ ਕਲਪਿਤ ਨਾਂਅ ਰੱਖ ਕੇ ਉਹਦੇ ਹੇਠ ਸ਼ਬਦ 'ਬਕਲਮਖੁਦ' ਲਿਖ ਦਿੱਤਾ ਸੀ। ਇਹ ਉਰਦੂ ਦਾ ਸ਼ਬਦ ਸੀ, ਜੋ ਉਦੋਂ ਕਚਹਿਰੀਆਂ ਵਿੱਚ ਆਮ ਵਰਤਿਆ ਜਾਂਦਾ ਸੀ। ਇਹਦੇ ਅਰਥ ਹਨ: 'ਆਪਣੇ ਹੱਥ ਨਾਲ ਆਪ ਲਿਖਿਆ ਹੈ'।

ਇਹ ਕਹਾਣੀ ਉਦੋਂ 'ਬਕਲਮਖੁਦ' ਦੇ ਨਾਂਅ 'ਤੇ ਛਪ ਗਈ ਤਾਂ ਬਹੁਤ ਚਰਚਾ ਹੋਈ। ਬਕਲਮਖੁਦ ਦੀ ਮਕਬੂਲੀਅਤ ਨੇ ਗੁਰਦਿਆਲ ਸਿੰਘ ਨੂੰ ਇੱਕ ਰਾਖਵਾਂ ਪਾਠਕ ਵਰਗ ਪ੍ਰਦਾਨ ਕੀਤਾ। ਇਹ ਰਚਨਾਵਾਂ ਸਮਕਾਲੀ ਸਮਾਜਿਕ ਯਥਾਰਥ ਦੀ ਭਰਪੂਰ ਪੇਸ਼ਕਾਰੀ ਕਰ ਰਹੀਆਂ ਸਨ। ਟੁੱਕ ਖੋਹ ਲਏ ਕਾਵਾਂ, ਗੱਪੀਆਂ ਦਾ ਪਿਓ, ਓਮਾ, ਲਿਖਤੁਮ ਬਾਬਾ ਖੇਮਾ ਆਦਿ ਉਸ ਦੀਆਂ ਉਸੇ ਦੌਰ ਦੀਆਂ ਹੋਰ ਸਿਰਜਣਾਵਾਂ ਹਨ। ਜੋ ਵਧਦੀਆਂ-ਵਧਦੀਆਂ ਚੌਵੀ ਬਾਲ ਸਾਹਿਤ ਰਚਨਾਵਾਂ ਤੱਕ ਫੈਲ ਗਈਆਂ।

ਪਰੀ-ਕਥਾ ਦੇ ਮੱਧ-ਕਾਲੀ ਸੁਖਾਂਤ ਅੰਤ ਦੇ ਅਨੁਭਵ ਦੀ ਥਾਂ ਇਹ ਪਹਿਲੀ ਵਾਰ ਸੀ ਕਿ ਦੁਖਾਂਤ ਅੰਤ ਵਾਲੀਆਂ ਗਹਿਰੇ ਮਾਰਮਿਕ ਅਨੁਭਵ ਨਾਲ ਓਤ-ਪੋਤ ਰਚਨਾਵਾਂ ਬਾਲ ਸਾਹਿਤ ਵਜੋਂ ਪ੍ਰਵਾਨਿਤ ਹੋਈਆਂ। ਇਸ ਦੇ ਦੁਖਾਂਤ ਅੰਤ ਬਾਰੇ ਚਰਚਾ ਵੀ ਹੋਈ, ਪਰ ਇਹ ਗੁਰਦਿਆਲ ਸਿੰਘ ਦੀ ਪ੍ਰਾਪਤੀ ਸੀ ਕਿ ਇਹ ਸਾਹਿਤ ਨਾ ਸਿਰਫ ਪ੍ਰਵਾਨ ਹੋਇਆ, ਸਗੋਂ ਨਵੀਂ ਪਰੰਪਰਾ ਦਾ ਆਰੰਭ ਵੀ ਬਣਿਆ।

ਕਹਾਣੀਕਾਰ ਗੁਰਦਿਆਲ ਸਿੰਘ ਦੀਆਂ ਸੱਠਵਿਆਂ ਵਿੱਚ ਪ੍ਰੀਤਲੜੀ ਮਾਸਿਕ ਵਿੱਚ ਵੀ ਕਹਾਣੀਆਂ ਲਗਾਤਾਰ ਛਪਦੀਆਂ ਰਹੀਆਂ।

1962 ਵਿੱਚ ਉਸ ਦੀਆਂ ਕਹਾਣੀਆਂ ਦਾ ਪਹਿਲਾ ਸੰਗ੍ਰਹਿ 'ਸੱਗੀ ਫੁੱਲ' ਪ੍ਰਕਾਸ਼ਿਤ ਹੋਇਆ। ਇਸ ਸੰਗ੍ਰਹਿ ਨੇ ਗੁਰਦਿਆਲ ਸਿੰਘ ਨੂੰ ਨਵੀਂ ਪਹਿਚਾਣ ਦਿੱਤੀ। ਗੁਰਦਿਆਲ ਸਿੰਘ 'ਬਕਲਮਖੁਦ' ਦੇ ਨਾਂਅ ਤੋਂ ਬਾਅਦ ਗੁਰਦਿਆਲ ਸਿੰਘ 'ਸੱਗੀ ਫੁੱਲ' ਦੇ ਨਾਂਅ ਨਾਲ ਜਾਣਿਆ ਜਾਣ ਲੱਗ ਗਿਆ। ਇਸ ਸੰਗ੍ਰਹਿ ਦੀਆਂ ਕਹਾਣੀਆਂ ਬਾਰੇ ਗੁਰਬਖ਼ਸ਼ ਸਿੰਘ ਪ੍ਰੀਤਲੜੀ, ਸੰਤ ਸਿੰਘ ਸੇਖੋਂ, ਪ੍ਰੋ. ਮੋਹਨ ਸਿੰਘ ਅਤੇ ਨਵਤੇਜ ਸਿੰਘ ਵਰਗੇ ਲੇਖਕਾਂ ਨੇ ਆਪਣੇ ਵਿਚਾਰ ਦਿੱਤੇ। ਪ੍ਰਸਿੱਧ ਵਿਦਵਾਨ ਪ੍ਰੋ. ਅਤਰ ਸਿੰਘ ਨੇ 'ਸੱਗੀ ਫੁੱਲ' ਦਾ ਰੀਵਿਊ ਕਰਦਿਆਂ ਲਿਖਿਆ:

"ਗੁਰਦਿਆਲ ਸਿੰਘ ਨੇ ਇਸ ਸੰਗ੍ਰਹਿ ਵਿੱਚ ਭਾਵੇਂ ਪੇਂਡੂ ਤੇ ਸ਼ਹਿਰੀ ਜੀਵਨ ਦੋਹਾਂ ਦੀਆਂ ਕਹਾਣੀਆਂ ਲਿਖੀਆਂ ਹਨ, ਪਰ ਉਸ ਦੀ ਕਲਾ ਪੇਂਡੂ ਜੀਵਨ ਨੂੰ ਚਿਤਰਦਿਆਂ ਬਹੁਤੀ ਨਿੱਖਰੀ ਹੈ। ਉਹ ਮਾਲਵੇ ਦੇ ਪਿੰਡਾਂ ਦਾ ਜੰਮ-ਪਲ ਹੈ। ਇਨ੍ਹਾਂ ਪਿੰਡਾਂ ਦੇ ਵਸਨੀਕਾਂ ਦੇ ਜੀਵਨ ਦੇ ਤਜਰਬੇ ਹੀ ਉਸ ਦੀ ਕਹਾਣੀ ਕਲਾ ਦਾ ਵਿਸ਼ੇਸ਼ ਖੇਤਰ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿੱਚ ਉਸ ਨੇ ਪੇਂਡੂ ਲੋਕਾਂ ਦੇ ਜੀਵਨ ਨੂੰ ਆਪਣਾ ਮਜ਼ਮੂਨ ਬਣਾਇਆ ਹੈ, ਤੇ ਇਹ ਹੀ ਉਸ ਦੀਆਂ ਸਭ ਤੋਂ ਵੱਧ ਜਾਨਦਾਰ ਕਹਾਣੀਆਂ ਹਨ। ਪਹਿਲਾਂ-ਪਹਿਲ ਜਦੋਂ ਪੇਂਡੂ ਜੀਵਨ ਨੂੰ ਪੰਜਾਬੀ ਕਹਾਣੀਆਂ ਵਿੱਚ ਪੇਸ਼ ਕੀਤਾ ਜਾਣ ਲੱਗਾ ਤਾਂ ਬਹੁਤਾ ਜ਼ੋਰ ਇਸ ਨੂੰ ਆਦਰਸਿਆਉਣ ਉੱਤੇ ਸੀ। ਫੇਰ ਯਥਾਰਥਕ ਚਿੱਤਰ ਉਭਰਨੇ ਸ਼ੁਰੂ ਹੋਏ, ਜਿਨ੍ਹਾਂ ਵਿੱਚ ਸਮਾਜਿਕ ਔਖਿਆਈਆਂ ਤੇ ਆਰਥਿਕ ਔਕੜਾਂ ਦਾ ਵਰਣਨ ਸੀ। ਇਨ੍ਹਾਂ ਦੋਹਾਂ ਯਤਨਾਂ ਵਿੱਚ ਧਿਆਨ ਦਾ ਕੇਂਦਰ ਮਨੁੱਖੀ ਜੀਵਨ ਦੇ ਬਾਹਰਲੇ ਅੰਗ ਸਨ। ਪੇਂਡੂ ਲੋਕਾਂ ਨੂੰ ਸਿੱਧੇ-ਸਾਦੇ ਮਨੁੱਖ ਹੀ ਸਮਝਿਆ ਤੇ ਉਸੇ ਰੂਪ ਵਿੱਚ ਉਨ੍ਹਾਂ ਨੂੰ ਪੇਸ਼ ਕੀਤਾ ਜਾਂਦਾ ਸੀ। ਫੇਰ ਇੱਕ ਨਵੀਂ ਰੁਚੀ ਪੇਂਡੂ ਮਨੁੱਖਾਂ ਦੀਆਂ ਮਾਨਸਿਕ ਡੂੰਘਾਈਆਂ ਨਾਪਣ ਦੀ ਸ਼ੁਰੂ ਹੋਈ, ਗੁਰਦਿਆਲ ਸਿੰਘ ਇਸ ਰੁਚੀ ਦਾ ਕਹਾਣੀਕਾਰ ਹੈ।"


ਗੁਰਦਿਆਲ ਸਿੰਘ ਦੀਆਂ ਕਹਾਣੀਆਂ ਨੀਵੀਆਂ ਜਾਤੀਆਂ, ਨਿਮਨ ਤੇ ਮੱਧ ਕਿਸਾਨੀ ਅਤੇ ਨਿਮਨ ਮੱਧ ਸ਼੍ਰੇਣੀ ਦੇ ਜੀਵਨ ਦੇ ਊਣੇਪਣ ਅਤੇ ਅਣਗੌਲੇ ਪੱਖਾਂ ਨੂੰ ਪੇਸ਼ ਕਰਦੀਆਂ ਹਨ। ਉਸ ਦੀ ਪ੍ਰਾਪਤੀ ਇਸ ਗੱਲ ਵਿੱਚ ਹੈ ਕਿ ਉਸ ਨੇ ਰਿਸ਼ਤਿਆਂ ਵਿੱਚ ਵਾਪਰ ਰਹੇ ਤਨਾਓ, ਤਰਕਾਰ ਤੇ ਸੰਤਾਪ ਨੂੰ ਬਿਆਨ ਕਰਦਿਆਂ ਇਸ ਦੇ ਪਿਛੋਕੜ ਵਿੱਚ ਕਾਰਜਸ਼ੀਲ ਮੁੱਲ ਵਿਧਾਨ ਨੂੰ ਵੀ ਪੇਸ਼ ਕੀਤਾ ਹੈ। ਉਹ ਯਥਾਰਥ ਦੀ ਤਹਿ ਹੇਠਾਂ ਵਾਪਰ ਰਹੇ ਮਾਨਸਿਕ ਕਾਰਨਾਂ ਦੀ ਤਲਾਸ਼ ਕਰਦਾ ਹੈ। ਉਸ ਦੀਆਂ ਕਹਾਣੀਆਂ ਸਾਧਨ ਊਣੇ ਅਤੇ ਸਾਧਨ ਵਿਹੂਣੇ ਵਰਗ ਦੀਆਂ ਮੁਸ਼ਕਲਾਂ ਹੀ ਬਿਆਨ ਨਹੀਂ ਕਰਦੀਆਂ, ਸਗੋਂ ਅਜਿਹੇ ਜੀਵਨ ਵਿੱਚੋਂ ਗੁਜ਼ਰਦੇ ਪਾਤਰਾਂ ਦੀ ਮਾਨਸਿਕ ਦਸ਼ਾ ਦੀ ਪੇਸ਼ਕਾਰੀ ਵੀ ਕਰਦੀਆਂ ਹਨ। ਉਹ ਨਿਮਨ-ਜਾਤੀਆਂ ਦੀ ਬੇਗਾਨਗੀ, ਹੀਣ-ਭਾਵਨਾ ਨੂੰ ਸਮਾਜਿਕ ਜੀਵਨ ਦੀਆਂ ਵਿਸੰਗਤੀਆਂ ਤੇ ਜਟਿਲਤਾਵਾਂ ਤਹਿਤ ਪੇਸ਼ ਕਰਦਾ ਹੋਇਆ ਪੇਂਡੂ ਸਮਾਜ ਦੇ ਅਵਚੇਤਨ ਦੀ ਤਸਵੀਰ ਪੇਸ਼ ਕਰਦਾ ਹੈ।

ਉੱਚ ਪੱਧਰ ਦੀਆਂ ਅਜਿਹੀਆਂ ਕਹਾਣੀਆਂ ਕਰਕੇ ਹੀ ਗੁਰਦਿਆਲ ਸਿੰਘ ਛੇਵੇਂ ਦਹਾਕੇ ਵਿੱਚ ਬਤੌਰ ਕਹਾਣੀਕਾਰ ਚਰਚਾ ਵਿੱਚ ਆ ਗਏ ਸਨ। ਸੱਗੀ ਫੁੱਲ, ਚੰਨ ਦਾ ਬੂਟਾ, ਓਪਰਾ ਘਰ, ਕੁੱਤਾ ਤੇ ਆਦਮੀ, ਮਸਤੀ ਬੋਤਾ, ਰੁੱਖੇ ਮਿੱਸੇ ਬੰਦੇ, ਬਿਗਾਨਾ ਪਿੰਡ, ਪੱਕਾ ਟਿਕਾਣਾ ਮੌਲਿਕ ਅਤੇ ਕਰੀਬ ਦੀ ਢਿੰਗੀਰੀ (ਸੰਪਾ.), ਜਿਉਂਦਿਆਂ ਦੇ ਮੇਲੇ (ਸੰਪਾ.), ਚੋਣਵੀਆਂ ਕਹਾਣੀਆਂ (ਸੰਪਾ.) ਉਹਨਾਂ ਦੇ ਮਕਬੂਲ ਕਹਾਣੀ ਸੰਗ੍ਰਹਿ ਹਨ।

ਨਾਵਲਕਾਰ ਗੁਰਦਿਆਲ ਸਿੰਘ ਨੇ ਕਹਾਣੀਆਂ ਦੇ ਨਾਲ-ਨਾਲ 1952-53 ਵਿੱਚ ਨਾਵਲ ਲਿਖਣ ਦਾ ਅਭਿਆਸ ਆਰੰਭ ਵੀ ਕਰ ਦਿੱਤਾ। ਇਸ ਅਭਿਆਸ ਵਿੱਚ ਉਹਨਾਂ ਦੀਆਂ ਡਾਇਰੀਆਂ ਦੇ ਹਵਾਲਿਆਂ ਅਨੁਸਾਰ ਉਹਨਾਂ 'ਮੜ੍ਹੀ ਦਾ ਦੀਵਾ' ਤੋਂ ਪਹਿਲਾਂ ਪੰਜ ਨਾਵਲ ਲਿਖੇ, ਜਿਨ੍ਹਾਂ ਵਿੱਚੋਂ 'ਸ਼ਕੁੰਤਲਾ' (1953) ਦਾ ਅਧੂਰਾ ਰਫ਼ ਖਰੜਾ ਹੀ ਪ੍ਰਾਪਤ ਹੈ। ਇਸ ਦਾ ਇੱਕ ਹੋਰ ਹਵਾਲਾ ਨਾਨਕ ਸਿੰਘ ਦੇ 25.06.1954 ਦੇ ਇੱਕ ਪੱਤਰ ਤੋਂ ਵੀ ਮਿਲਦਾ ਹੈ। ਜਿਸ ਅਨੁਸਾਰ ਗੁਰਦਿਆਲ ਸਿੰਘ ਹੁਰਾਂ ਕਈ ਪੱਤਰ ਨਾਵਲਕਾਰ ਨਾਨਕ ਸਿੰਘ ਨੂੰ ਲਿਖੇ ਅਤੇ ਆਪਣੇ ਵੱਲੋਂ ਸਖ਼ਤ ਮਿਹਨਤ ਨਾਲ ਆਪਣੇ ਵੱਲੋਂ ਦੋ ਸਾਲਾਂ ਵਿੱਚ ਪੰਜ ਨਾਵਲ ਲਿਖਣ ਅਤੇ ਉਹਨਾਂ ਨੂੰ ਲਿਖ ਕੇ ਮੁੜ-ਮੁੜ ਸੋਧਣ ਦਾ ਜ਼ਿਕਰ ਕੀਤਾ। ਉਹ ਇਹ ਨਾਵਲ ਨਾਵਲਕਾਰ ਨਾਨਕ ਸਿੰਘ ਨੂੰ ਪੜ੍ਹਾਉਣਾ ਚਾਹੁੰਦੇ ਸਨ, ਜੋ ਉਹਨਾਂ ਨੂੰ ਇੱਕ ਕੋਰਾ ਝੂਠ ਮਹਿਸੂਸ ਹੋਇਆ। ਨਾਨਕ ਸਿੰਘ ਦੀ ਤਨਜ਼ੀਆ ਲਹਿਜ਼ੇ ਵਿੱਚ ਲਿਖੀ ਚਿੱਠੀ ਇਸ ਪ੍ਰਕਾਰ ਸੀ-

"ਪਿਆਰੇ ਸਰਦਾਰ ਗੁਰਦਿਆਲ ਸਿੰਘ ਜੀ, ਕਾਰਡ ਤੁਹਾਡਾ ਪੁੱਜਾ। ਪਹਿਲੇ ਕਾਰਡ ਵੀ ਪੁੱਜੇ ਸਨ, ਪਰ ਜਵਾਬ ਦੇਣ ਵਾਲੀ ਕੋਈ ਖ਼ਾਸ ਗੱਲ ਨਾ ਹੋਣ ਕਰਕੇ ਨਹੀਂ ਦਿੱਤਾ। ਇਹ ਬੜੀ ਫ਼ਖ਼ਰ ਤੇ ਖੁਸ਼ੀ ਵਾਲੀ ਗੱਲ ਹੈ ਕਿ ਤੁਸਾਂ ਦੋ ਸਾਲਾਂ ਵਿੱਚ ਪੰਜ ਨਾਵਲ ਲਿਖ ਲਏ, ਤੇ ਫਿਰ ਹਰ ਇਕ ਨੂੰ ਤਿੰਨ-ਚਾਰ ਵੇਰਾਂ। ਜੇ ਇਹ ਨਿਰਾ ਗੱਪੂਟੇਸ਼ਨ ਨਹੀਂ ਤਾਂ ਮੈਂ ਤੁਹਾਡੀ ਬਹਾਦਰੀ ਦੀ ਦਾਦ ਦੇਂਦਾ ਹਾਂ, ਤੇ ਜੇ ਗੱਪ ਹੈ ਤਾਂ ਫਿਰ ਕੀ ਕਹਾਂ। ਵੈਸੇ ਦਿਲ ਮੇਰਾ ਨਹੀਂ ਜੇ ਮੰਨਦਾ ਕਿ ਨਾਵਲ ਨਵੀਸੀ ਇੰਨੀ ਸੁਖਾਲੀ ਚੀਜ਼ ਹੈ। ਰੱਬ ਕਰੇ ਤੁਸੀਂ ਇਕ ਹਫ਼ਤੇ ਵਿੱਚ ਇਕ ਹਜ਼ਾਰ ਨਾਵਲ ਲਿਖ ਸਕੋ, ਤਾਂ ਜੁ ਮੈਨੂੰ ਵੀ ਇਕ ਚੰਗਾ ਗੁਰਦੇਵ ਮਿਲ ਜਾਵੇ।..... -ਸ਼ੁਭਚਿੰਤਕ, ਨਾਨਕ ਸਿੰਘ।"

1964 ਵਿੱਚ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦਾ ਦੀਵਾ' ਦੇ ਪ੍ਰਕਾਸ਼ਨ ਨਾਲ ਪੰਜਾਬੀ ਸਾਹਿਤ ਵਿੱਚ ਖਾਸਕਰ ਪੰਜਾਬੀ ਨਾਵਲ ਪਰੰਪਰਾ ਵਿੱਚ ਯਥਾਰਥਬੋਧ ਪੱਖੋਂ ਇੱਕ ਨਵੇਂ ਅਨੁਭਵ ਦਾ ਆਗਾਜ਼ ਹੋਇਆ। ਨਾਨਕ ਸਿੰਘ, ਕੰਵਲ ਪਰੰਪਰਾ ਦੇ ਧਾਰਮਿਕ, ਸਮਾਜਿਕ ਅਤੇ ਆਰਥਿਕ ਵਿਹਾਰ ਵਾਲੀ ਆਦਰਸ਼ਵਾਦੀ ਇਨਕਲਾਬੀ ਸੁਰ ਦੀ ਥਾਂ ਨਵੀਂ ਯਥਾਰਥਵਾਦੀ ਪਰੰਪਰਾ ਦਾ ਪੰਜਾਬੀ ਗਲਪ ਵਿੱਚ ਪ੍ਰਵੇਸ਼ ਹੋਇਆ। ਖਾਸਕਰ ਪੇਂਡੂ ਪਰਿਵੇਸ਼ ਦੇ ਵਰਤਾਰੇ ਨੂੰ ਗੁਰਦਿਆਲ ਸਿੰਘ ਨੇ ਨਾਵਲ ਦੇ ਮਾਧਿਅਮ ਰਾਹੀਂ ਪ੍ਰਗਟਾਇਆ।



ਇਹ ਉਹੋ ਸਮਾਂ ਸੀ ਜਦੋਂ ਪੇਂਡੂ ਸਮਾਜ ਸਾਹਿਤ ਦਾ ਵਿਸ਼ਾ ਤਾਂ ਸੀ, ਪਰ ਸਾਹਿਤ ਵਿੱਚ ਇਸ ਦੀ ਸਤਹੀ ਪੇਸ਼ਕਾਰੀ ਹੀ ਹੋਈ ਸੀ, ਬਲਕਿ ਕਈ ਵਾਰ ਤਾਂ ਇਸ ਨੂੰ ਪੇਸ਼ਕਾਰੀ ਲਾਇਕ ਹੀ ਨਹੀਂ ਸੀ ਮੰਨਿਆ ਜਾਂਦਾ।

ਗੁਰਦਿਆਲ ਸਿੰਘ ਨੇ ਆਪਣੇ ਪਹਿਲੇ ਹੀ ਨਾਵਲ ਨਾਲ ਸੰਤ ਸੇਖੋਂ ਤੇ ਸੁਰਿੰਦਰ ਸਿੰਘ ਨਰੂਲਾ ਦੀ ਯਥਾਰਥਵਾਦੀ ਗਲਪ ਪਰੰਪਰਾ ਨੂੰ ਇੱਕ ਨਵੀਂ ਦਿਸ਼ਾ ਤੇ ਸੰਵੇਦਨਾ ਭਰਪੂਰ ਰੂਪ ਪ੍ਰਦਾਨ ਕਰ ਦਿੱਤਾ। ਇਹੋ ਕਾਰਨ ਸੀ ਕਿ ਇਹ ਨਾਵਲ ਆਪਣੇ ਵਿਸ਼ੇ-ਵਸਤੂ ਅਤੇ ਗਲਪ ਦ੍ਰਿਸ਼ਟੀ ਕਰਕੇ ਸਾਧਾਰਨ ਪਾਠਕਾਂ ਵਿੱਚ ਤਾਂ ਪ੍ਰਵਾਨਿਤ ਹੋਇਆ ਹੈ, ਇਸ ਨੇ ਪ੍ਰੋ. ਅਤਰ ਸਿੰਘ, ਡਾ. ਅਮਰੀਕ ਸਿੰਘ ਵਰਗੇ ਪ੍ਰਬੁੱਧ ਵਿਦਵਾਨਾਂ ਨੂੰ ਵੀ ਪ੍ਰਭਾਵਿਤ ਕੀਤਾ। ਪ੍ਰੋ. ਅਤਰ ਸਿੰਘ ਦੇ ਇਸ ਨਾਵਲ ਬਾਰੇ ਪਹਿਲੇ ਪ੍ਰਤੀਕਰਮ ਇਸ ਤਰ੍ਹਾਂ ਸਨ :

"ਨਾਵਲ ਸੱਚਮੁੱਚ ਸੁੱਚਾ ਹੀਰਾ ਹੈ। ਪੜ੍ਹ ਕੇ ਮਨ ਨੂੰ ਇਤਨੀ ਖੁਸ਼ੀ ਹੋਈ ਹੈ ਕਿ ਬਿਆਨ ਤੋਂ ਬਾਹਰ ਹੈ। ਛੇਤੀ ਹੀ ਰੀਵਿਊ ਵੀ ਕਰਾਂਗਾ। ਵਧੇਰੇ ਖੁਸ਼ੀ ਦੀ ਗੱਲ ਇਹ ਹੈ ਕਿ ਡਾ. ਸਾਹਿਬ (ਡਾ. ਅਮਰੀਕ ਸਿੰਘ) ਹੁਰਾਂ ਨੂੰ ਵੀ ਤੁਹਾਡਾ ਨਾਵਲ ਪੜ੍ਹਾਇਆ ਹੈ ਤੇ ਉਹ ਵੀ ਦੋ ਦਿਨ ਤੋਂ ਬੱਸ ਮੁਕਤ-ਕੰਠ ਤਾਰੀਫ਼ਾਂ ਹੀ ਕਰੀ ਜਾਂਦੇ ਹਨ। ਮੇਰੀ ਵਧਾਈ ਸਵੀਕਾਰ ਕਰੋ। ਜੇ ਤੇਰਾ ਛੇਤੀ ਹੀ ਸਿਰ ਨਾ ਫਿਰ ਗਿਆ (ਤੇ ਕੌਣ ਹੈ ਜਿਸ ਦਾ ਸਿਰ ਇਹ ਨਾਵਲ ਲਿਖ ਕੇ ਨਹੀਂ ਫਿਰੇਗਾ ?) ਤਾਂ ਨਿਸ਼ਚੇ ਹੀ ਤੇਰੇ ਸਾਹਮਣੇ ਮਹਾਨਤਾ ਦੇ ਰਾਹ ਖੁੱਲ੍ਹੇ ਪਏ ਹਨ। ਉਂਝ ਇਹ ਨਾਵਲ ਲਿਖ ਕੇ ਵੀ ਤੂੰ ਸਦਾ ਲਈ ਜੀਉਂਦਾ ਹੋ ਗਿਆ ਏਂ। -ਅਤਰ ਸਿੰਘ (14.12.1964)"

ਗਲਪ-ਅਨੁਭਵ ਦੀ ਮੌਲਿਕਤਾ ਅਤੇ ਵਿਲੱਖਣਤਾ ਕਾਰਨ ਹੀ ਗੁਰਦਿਆਲ ਸਿੰਘ ਦੂਸਰੇ ਨਾਵਲਕਾਰਾਂ ਨਾਲੋਂ ਭਿੰਨ ਸੀ। ਡਾ. ਅਤਰ ਸਿੰਘ ਨੇ 'ਮੜ੍ਹੀ ਦਾ ਦੀਵਾ' ਨੂੰ ਇੱਕ 'ਟ੍ਰੈਂਡ-ਸੈਟਰ' ਨਾਵਲ ਮੰਨਿਆ। ਉਹਨਾਂ ਇਸ ਨੂੰ ਪੰਜਾਬ ਦੇ ਪੇਂਡੂ ਜੀਵਨ ਦੇ ਨਿਰ-ਭੋਇੰ ਵਰਗ ਦੀਆਂ ਅਕਾਂਖਿਆਵਾਂ ਅਤੇ ਅਤ੍ਰਿਪਤੀਆਂ ਦੀ ਇੱਕ ਬੜੀ ਸਰਲ ਪਰ ਭਾਵ-ਪੂਰਤ, ਉਪਭਾਵੁਕਤਾ-ਵਿਹੀਨ ਪਰ ਪ੍ਰੇਰਨਾ ਭਰੀ, ਡੂੰਘੇ ਮਾਨਵ ਮਰਮ ਵਾਲੀ ਤਸਵੀਰ ਪ੍ਰਸਤੁਤ ਕਰਨ ਵਾਲਾ ਸਫਲ ਨਾਵਲ ਸਵੀਕਾਰਿਆ। ਇਸ ਨਾਵਲ ਦੀ ਦੂਜੀ ਵਿਸ਼ੇਸ਼ਤਾ ਉਹਨਾਂ ਨੂੰ ਗੁਰਦਿਆਲ ਸਿੰਘ ਵੱਲੋਂ ਪ੍ਰੇਮੀ, ਯੋਧੇ ਜਾਂ ਜਨ-ਨਾਇਕ ਦੇ ਮੱਧਕਾਲੀਨ ਪਾਤਰ-ਪ੍ਰਕਰਣ ਨੂੰ ਤਿਆਗ ਕੇ ਨਿਰੋਲ ਇੱਕ ਲਘੂ-ਮਾਨਵ ਚਰਿੱਤਰ ਦਾ ਅਧਿਐਨ ਕਰਨ ਦੀ ਪ੍ਰਥਾ ਨੂੰ ਅਪਨਾਉਣ ਲੱਗੀ। ਉਹਨਾਂ ਅਨੁਸਾਰ 'ਮੜ੍ਹੀ ਦਾ ਦੀਵਾ' ਨਾਵਲ ਦਾ ਸਾਰਾ ਬਲ ਉਸ ਮੂਲ ਮਨੁੱਖੀ ਸਥਿਤੀ ਜਾਂ ਉਸ ਬੁਨਿਆਦੀ ਸਮਾਜਿਕ ਰਿਸ਼ਤੇ ਉੱਪਰ ਹੈ, ਜੋ ਵਿਅਕਤੀਆਂ ਦੀ ਹੋਣੀ ਨੂੰ ਆਪਣੇ ਵੇਗ ਅਨੁਸਾਰ ਮੋੜਦਾ-ਤੋੜਦਾ ਜਾਂ ਢਾਹੁੰਦਾ-ਉਸਾਰਦਾ ਹੈ।

ਇੱਧਰ ਪਹਿਲੇ ਨਾਵਲ ਦੀ ਚਰਚਾ ਵਧਦੀ ਗਈ, ਗੁਰਦਿਆਲ ਸਿੰਘ ਉਸੇ ਜ਼ਿੰਮੇਵਾਰੀ ਨਾਲ ਆਪਣਾ ਦੂਜਾ ਨਾਵਲ 'ਅਣਹੋਏ' ਲਿਖਣ ਲੱਗ ਪਏ। ਪ੍ਰਾਪਤੀ ਪ੍ਰਸਥਿਤੀਆਂ ਦੇ ਵਿਰੋਧ ਵਿੱਚ ਬਿਸ਼ਨੇ ਦਾ ਪ੍ਰਤੀਕਰਮ ਬਿਲਕੁਲ ਵੱਖਰੀ ਭਾਂਤ ਦਾ ਸੀ, ਖਾਸਕਰ ਜਗਸੀਰ ਤੋਂ। ਬਿਸ਼ਨਾ ਵਿਅਕਤੀਗਤ ਵਿਦਰੋਹ ਦਾ ਪੈਂਤੜਾ ਅਪਣਾਉਂਦਾ ਹੈ। ਉਸ ਦਾ ਇਹ ਵਿਦਰੋਹ ਜਾਗੀਰਦਾਰੀ ਵਿਵਸਥਾ ਦੇ ਮੰਡੀ-ਸੰਸਕ੍ਰਿਤੀ ਵਿੱਚ ਰੂਪਾਂਤਰਣ ਦੇ ਪਰਿਣਾਮ ਸਰੂਪ ਪੈਦਾ ਹੋ ਰਹੇ ਅਨਿਆਂ ਦਾ ਵਿਰੋਧ ਹੈ। ਉਸ ਵਿੱਚ ਸਾਧਾਰਨ ਮਨੁੱਖ ਦੀ ਤੱਟਫੱਟ ਇਨਸਾਫ ਪ੍ਰਾਪਤ ਕਰਨ ਦੀ ਤੀਬਰ ਇੱਛਾ ਹੈ, ਪਰ ਉਸ ਨੂੰ ਆਪਣੇ ਵਿਅਕਤੀਗਤ ਵਿਦਰੋਹ ਦੀਆਂ ਸੀਮਾਵਾਂ ਦਾ ਗਿਆਨ ਨਹੀਂ। ਇਸ ਗਿਆਨ ਦੇ ਅਭਾਵ ਵਿੱਚ ਸਮਾਜਿਕ-ਇਤਿਹਾਸਕ ਪ੍ਰਸੰਗ ਵਿੱਚ ਪੱਕੇ ਤੌਰ 'ਤੇ ਇਨਸਾਫ ਪ੍ਰਾਪਤ ਕਰਨ ਲਈ ਉਹ ਕਿਸੇ ਜੱਥੇਬੰਦਕ ਚਿੰਤਨ ਜਾਂ ਅਮਲ ਦਾ ਸੰਕਲਪ ਨਹੀਂ ਕਰਦਾ, ਸਗੋਂ ਆਪਣੀ ਵਿਅਕਤੀ-ਮੂਲਕ ਇਨਸਾਫ-ਪਸੰਦ ਚੇਤਨਾ ਦੇ ਬਲ ਉੱਤੇ ਕਠੋਰ ਪ੍ਰਸਥਿਤੀਆਂ ਨਾਲ ਟੱਕਰ ਲੈ ਲੈਂਦਾ ਹੈ। ਉਸ ਦਾ ਹਸ਼ਰ ਅੰਤ ਸਵੈ-ਘਾਤ ਹੀ ਸਾਬਤ ਹੁੰਦਾ ਹੈ, ਪਰ ਜਿਸ ਗਲਪ ਦ੍ਰਿਸ਼ਟੀ ਤੋਂ ਗੁਰਦਿਆਲ ਸਿੰਘ ਨੇ ਬਿਸ਼ਨੇ ਦੇ ਬਲ ਅਤੇ ਵਿਦਰੋਹ ਨੂੰ ਪੇਸ਼ ਕੀਤਾ ਹੈ, ਉਸ ਨੇ ਪਾਠਕ ਅੰਦਰ ਬਿਸ਼ਨੇ ਦੇ ਨਾਇਕਤਿਤਵ ਨੂੰ ਸਥਾਪਤ ਕਰ ਦਿੱਤਾ। 'ਅਣਹੋਏ' ਦਾ ਪਹਿਲਾ ਅਪ੍ਰਕਾਸ਼ਿਤ ਖਰੜਾ ਡਾ. ਅਮਰੀਕ ਸਿੰਘ ਹੁਰਾਂ ਨੂੰ ਦਿੱਤਾ ਗਿਆ, ਉਹਨਾਂ ਦਾ ਪਹਿਲਾ ਪ੍ਰਤੀਕਰਮ ਇਸ ਤਰ੍ਹਾਂ ਸੀ:



"ਪਿਆਰੇ ਗੁਰਦਿਆਲ ਸਿੰਘ ਜੀਓ, ਨਾਵਲ (ਅਣਹੋਏ) ਮੈਂ ਪੜ੍ਹ ਲਿਆ ਹੈ। ਜਿੰਨੀ ਸਿਫਤ ਕਰਾਂ, ਥੋੜ੍ਹੀ ਹੈ। ਪੂਰਨ ਸਿੰਘ ਦੀਆਂ ਲਿਖਤਾਂ ਤੋਂ ਬਾਅਦ ਇਹ ਪਹਿਲੀ ਵਾਰ ਮੈਨੂੰ ਅਜਿਹੀ ਚੀਜ਼ ਲੱਗੀ ਹੈ, ਜਿਸ ਉੱਪਰ ਮੈਨੂੰ ਦਿਲੋਂ ਮਾਣ ਹੈ, ਤੇ ਜਿਸ ਉੱਪਰ ਬੋਲੀ ਨੂੰ ਵੀ ਮਾਣ ਕਰਨਾ ਚਾਹੀਦਾ ਹੈ। ਤੁਹਾਨੂੰ ਪੰਜਾਬ ਦੀ ਜ਼ਿੰਦਗੀ ਦੀ ਸਮਝ ਹੈ, ਖਾਸ ਤੌਰ 'ਤੇ ਉਸ ਸ਼੍ਰੇਣੀ ਦੀ ਜ਼ਿੰਦਗੀ ਦੀ, ਜਿਸ ਬਾਰੇ ਮੇਰੇ ਵਰਗੇ ਸ਼ਹਿਰੀਆਂ ਨੂੰ ਕੁਝ ਨਹੀਂ ਪਤਾ ਹੁੰਦਾ। ਅਸਲ ਦੇ ਨਾਲ ਹੀ ਕਲਪਨਾ ਦੀ ਵੀ ਉਹ ਤਾਕਤ ਹੈ, ਜਿਸ ਬਿਨਾਂ ਭਾਵ-ਭਰਿਆ ਸਾਹਿਤ ਕਦੀ ਨਹੀਂ ਲਿਖਿਆ ਜਾ ਸਕਦਾ। ਤੁਹਾਨੂੰ ਪਾਤਰਾਂ ਨੂੰ ਪੇਸ਼ ਕਰਨ ਦੀ ਜਾਚ ਹੈ, ਉਹਨਾਂ ਦੇ ਅੰਦਰ ਸਭ ਕੁਝ ਵਾਪਰ ਰਹੇ ਨੂੰ ਪੇਸ਼ ਕਰਨ ਦੀ ਜਾਚ ਹੈ, ਤੇ ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਤੁਹਾਨੂੰ ਪਤਾ ਹੈ ਕਿ ਪਾਤਰ ਇੱਕ-ਦੂਜੇ ਨਾਲ ਵਰਤ-ਵਿਹਾਰ ਰੱਖ ਕੇ ਕਿਵੇਂ ਆਪਣੇ-ਆਪ ਨੂੰ ਜ਼ਾਹਰ ਕਰਦੇ ਹਨ। ਇਹ ਸਭ ਉੱਤਮ ਨਾਵਲਿਸਟ ਦੇ ਗੁਣ ਨੇ ਤੇ ਤੁਹਾਡੇ ਵਿੱਚ ਸਭ ਮੌਜੂਦ ਨੇ। ਮੈਂ ਇਸ ਅਤਿ ਸਫਲ ਨਾਵਲ ਉੱਪਰ ਆਪ ਨੂੰ ਵਧਾਈ ਦਿੰਦਾ ਹਾਂ। (17.02.1966)"

'ਅਣਹੋਏ' ਨਾਵਲ ਬਾਰੇ ਵੀ ਭਰਪੂਰ ਚਰਚਾ ਹੋਈ। ਇਸ ਨਾਵਲ ਦੇ ਪ੍ਰਕਾਸ਼ਨ ਨਾਲ ਗੁਰਦਿਆਲ ਸਿੰਘ ਦਾ ਪੰਜਾਬੀ ਨਾਵਲ ਵਿੱਚ ਵੱਖਰਾ ਸਥਾਨ ਬਣ ਗਿਆ ਸੀ। ਹੋਰਨਾਂ ਦੇ ਨਾਲ-ਨਾਲ ਨਾਨਕ ਸਿੰਘ ਵਰਗੇ ਸਥਾਪਤ ਨਾਵਲਕਾਰ ਨੂੰ ਵੀ ਇਸ ਨਾਵਲ ਨੇ ਅਤਿਅੰਤ ਪ੍ਰਭਾਵਿਤ ਕੀਤਾ। ਉਹਨਾਂ ਵੱਲੋਂ ਭਾਪਾ ਪ੍ਰੀਤਮ ਸਿੰਘ ਨੂੰ ਲਿਖਿਆ ਪੱਤਰ ਗੁਰਦਿਆਲ ਸਿੰਘ ਦੇ ਪਾਠਕਾਂ ਲਈ ਅਤਿਅੰਤ ਮਹੱਤਵਪੂਰਨ ਹੈ:

"ਪਿਆਰੇ ਗੁਰਦਿਆਲ ਸਿੰਘ ਜੀ, ਆਪਦਾ ਨਾਵਲ ਪੜ੍ਹ ਕੇ ਨਾਨਕ ਸਿੰਘ ਹੁਰਾਂ ਕੁਝ ਸਤਰਾਂ ਲਿਖੀਆਂ ਹਨ, ਉਹ ਚਿੱਠੀ ਮੈਂ ਤੁਹਾਨੂੰ ਭੇਜ ਰਿਹਾ ਹਾਂ। -ਪ੍ਰੀਤਮ ਸਿੰਘ (20 ਮਈ, 1966)"

"ਮੇਰੇ ਪਿਆਰੇ ਸ. ਪ੍ਰੀਤਮ ਸਿੰਘ ਜੀ, ਤੁਸਾਂ ਵੱਲੋਂ ਭੇਜਿਆ ਹੋਇਆ ਨਾਵਲ 'ਅਣਹੋਏ' ਮਿਲਿਆ। ਅੱਜ ਹੀ ਉਸ ਦੇ ਪਾਠ ਦਾ ਭੋਗ ਪਾਇਆ ਹੈ। ਬੜਾ ਸੁਆਦ ਆਇਆ। ਖਾਸ ਕਰਕੇ ਲੇਖਕ ਦੀ ਬੋਲੀ ਵਿੱਚ ਪੇਂਡੂਪੁਣੇ ਦੀ ਚਾਸ਼ਨੀ ਨੇ ਤਾਂ ਸੋਨੇ ਵਿੱਚ ਸੁਗੰਧੀ ਵਾਲਾ ਕੰਮ ਕੀਤਾ ਹੈ। ਮੇਰੀ ਮਨੋਕਾਮਨਾ ਹੈ ਕਿ ਮੇਰਾ ਇਹ ਨੌਜਵਾਨ ਨਾਵਲਕਾਰ ਨੇੜ-ਭਵਿੱਖ ਵਿੱਚ ਤਾਰਾ ਬਣ ਕੇ ਪੰਜਾਬੀ ਦੇ ਮੰਡਲਾਂ ਵਿੱਚ ਚਮਕੇ। ਸ਼ਾਇਦ ਮੇਰੇ ਲਈ ਇਹ ਪਹਿਲਾ ਮੌਕਾ ਹੈ ਜਦੋਂ ਕਿਸੇ ਪੰਜਾਬੀ ਨਾਵਲ ਨੇ ਮੈਨੂੰ ਨਸ਼ਿਆਇਆ ਹੈ। ਸੁਆਦ ਆਉਣਾ ਹੋਰ ਗੱਲ ਹੈ, ਨਸ਼ਿਆਇਆ ਜਾਣਾ ਹੋਰ। ਮੇਰੇ ਵੱਲੋਂ ਲੇਖਕ ਨੂੰ ਵਧਾਈ ਤੇ ਸ਼ੁੱਭਕਾਮਨਾਵਾਂ ਪਹੁੰਚਾਈਂ।..... ਨਾਨਕ ਸਿੰਘ"

ਗੁਰਦਿਆਲ ਸਿੰਘ ਦੇ ਪ੍ਰਵੇਸ਼ ਨਾਲ ਪੰਜਾਬੀ ਨਾਵਲ ਪਰੰਪਰਾ ਤੋਂ ਰੁਖ ਬਦਲਦਿਆਂ ਨਵੇਂ ਨਿਵੇਕਲੇ ਰਾਹ ਉੱਪਰ ਚੱਲ ਪਿਆ। ਗੁਰਦਿਆਲ ਸਿੰਘ ਦੀ 'ਨਵੀਨਤਾ' ਇਹ ਹੈ ਕਿ ਉਹ ਪਹਿਲ 'ਪਾਤਰ' ਨੂੰ ਦਿੰਦਾ ਹੈ, 'ਸਮੱਸਿਆ' ਨੂੰ ਨਹੀਂ। ਦੁਖਾਂਤਕ ਸਮਾਜਿਕ ਸਥਿਤੀਆਂ ਵਿੱਚ ਘਿਰੇ ਉਸ ਦੇ ਪਾਤਰ ਮਰ ਜਾਂਦੇ ਹਨ ਜਾਂ ਹਾਰ ਜਾਂਦੇ ਹਨ। ਇਸੇ ਲਈ ਉਹ ਪਾਠਕ ਦੀ ਕਲਪਨਾ ਵਿੱਚ ਜੀਉਂਦੇ ਰਹਿੰਦੇ ਹਨ। ਨਾਇਕ ਦੀ ਦ੍ਰਿਸ਼ਟੀ ਤੋਂ ਵੀ ਗੁਰਦਿਆਲ ਸਿੰਘ ਨੇ ਪਹਿਲੀ ਵਾਰ ਪ੍ਰੇਮ ਯੋਧੇ ਅਤੇ ਨਾਇਕ ਪਾਤਰਾਂ ਦੀ ਥਾਂ ਲਘੂ-ਮਾਨਵ ਨੂੰ ਕੇਂਦਰੀ ਧੁਰਾ ਬਣਾਇਆ। ਇਹ ਕੇਂਦਰੀ ਪਾਤਰ ਪੰਜਾਬ ਦੇ ਪਿੰਡਾਂ ਵਿੱਚ ਵੱਸਦੇ ਅਣਜਾਣੇ, ਅਗਿਆਤ ਅਤੇ ਸਾਧਾਰਨ ਮਨੁੱਖ ਹਨ। ਇਹਨਾਂ ਦੇ ਚਰਿੱਤਰ ਵਿੱਚ ਕੋਈ ਵਿਅਕਤੀ-ਵਿਲੱਖਣਤਾ ਜਾਂ ਵਿਸ਼ੇਸ਼ਤਾ ਨਹੀਂ ਹੈ। ਸ਼ਹਿਰਾਂ ਦੀ ਬਦਲ ਰਹੀ ਵਸਤੂ ਸਥਿਤੀ ਦੀ ਥਾਂ ਗੁਰਦਿਆਲ ਸਿੰਘ ਪਿੰਡਾਂ ਦੀ ਨਾ ਬਦਲ ਰਹੀ ਵਸਤੂ ਸਥਿਤੀ ਵਿੱਚ ਦੁਖਾਂਤ ਦੇ ਪਾਤਰ ਬਣ ਰਹੇ ਲੋਕਾਂ ਨੂੰ ਰੂਪਮਾਨ ਕਰਦਾ ਹੈ।

'ਅਣਹੋਏ' ਦੇ ਬਿਸ਼ਨੇ ਦੀ ਜਿਉਂਦੀ ਰੂਹ ਹਰ ਸਮੇਂ ਦੰਭ ਅਤੇ ਅੱਤਿਆਚਾਰ ਵਿਰੁੱਧ ਵਿਦਰੋਹ ਕਰਦੀ ਹੈ। 'ਮੜ੍ਹੀ ਦਾ ਦੀਵਾ' ਦਾ ਜਗਸੀਰ ਆਪਣੀ ਅੰਤਰਮੁਖਤਾ ਕਾਰਨ ਭਾਵੇਂ ਬਿਸ਼ਨੇ ਵਰਗਾ ਵਿਦਰੋਹ ਨਹੀਂ ਕਰਦਾ, ਪਰ ਪ੍ਰਚੱਲਤ ਸਮਾਜਿਕ ਢਾਂਚੇ ਨੂੰ ਪ੍ਰਵਾਨ ਵੀ ਨਹੀਂ ਕਰਦਾ। 'ਅੱਧ ਚਾਨਣੀ ਰਾਤ' ਦਾ ਮੋਦਨ ਆਪਣੇ ਸਹੇੜੇ ਦੁੱਖਾਂ, ਪੀੜਾਂ ਅਤੇ ਮਜਬੂਰੀਆਂ ਦੇ ਬਾਵਜੂਦ ਪ੍ਰਸਥਿਤੀਆਂ ਅੱਗੇ ਹਾਰ ਕੇ, ਗੋਡੇ ਟੇਕ ਕੇ ਜਾਂ ਹੱਥ ਅੱਡ ਕੇ ਆਪਣੇ ਜੀਵਨ ਨੂੰ ਸੁਖੀ ਨਹੀਂ ਬਣਾਉਣਾ ਚਾਹੁੰਦੇ।

'ਅੰਨ੍ਹੇ ਘੋੜੇ ਦਾ ਦਾਨ' ਦੀ ਕਥਾ-ਵਸਤੂ ਅਤੇ ਰੂਪ-ਵਿਧਾ ਨਵੀਂ ਪਰੰਪਰਾ ਦਾ ਮੁੱਢ ਸੀ। ਪੂਰੀ ਕਥਾ ਨੂੰ ਇੱਕ ਵਿਸਫੋਟਕ ਸਥਿਤੀ ਅਤੇ ਇੱਕੋ ਹੀ ਪਰਵਾਰ ਨਾਲ ਸੰਬੰਧਤ ਜਾਂ ਉਹਨਾਂ ਦੇ ਆਲੇ-ਦੁਆਲੇ ਫੈਲੇ ਪਾਤਰਾਂ ਦੇ ਕਰਮ-ਪ੍ਰਤੀਕਰਮ ਰਾਹੀਂ ਕਥਾ ਦਾ ਤਾਣਾ-ਬਾਣਾ ਉਘਾੜਿਆ ਗਿਆ ਹੈ। ਨਾਵਲ 'ਪਰਸਾ' ਪੰਜਾਬੀ ਨਾਵਲ ਪਰੰਪਰਾ ਵਿੱਚ ਹੀ ਨਹੀਂ, ਗੁਰਦਿਆਲ ਸਿੰਘ ਦੇ ਪੂਰਵਲੇ ਨਾਵਲੀ ਪ੍ਰਸੰਗ ਤੋਂ ਵੀ ਬਿਲਕੁਲ ਵੱਖਰਾ ਹੈ। ਜਿੱਥੇ ਗੁਰਦਿਆਲ ਸਿੰਘ ਨੇ ਆਪਣੇ ਪੂਰਵਲੇ ਨਾਵਲਾਂ ਵਿੱਚ ਲਘੂ-ਮਾਨਵ ਦੀ ਤ੍ਰਾਸਦਿਕ ਸਥਿਤੀ ਨੂੰ ਬੜੇ ਅਰਥਪੂਰਨ ਤਰੀਕੇ ਨਾਲ ਪੇਸ਼ ਕੀਤਾ ਹੈ, ਉੱਥੇ ਉਸ ਨੇ 'ਪਰਸਾ' ਵਿੱਚ ਇੱਕ ਅਜਿਹੇ ਭਰੇ-ਪੂਰੇ ਵਿਅਕਤੀ ਨੂੰ ਪੇਸ਼ ਕੀਤਾ ਹੈ, ਜੋ ਤ੍ਰਾਸਦਿਕ ਸਥਿਤੀਆਂ ਵਿੱਚ ਡੋਲਦਾ ਨਹੀਂ। ਇਸ ਤਰ੍ਹਾਂ ਇਹ ਨਾਵਲ ਪੰਜਾਬੀ ਜੀਵਨ-ਜਾਚ ਦੇ ਇੱਕ ਵਿਸ਼ੇਸ਼ ਅਤੇ ਵਿਚਾਰਨਯੋਗ ਪੱਖ ਨੂੰ ਉਜਾਗਰ ਕਰਦਾ ਹੈ।

ਗੁਰਦਿਆਲ ਸਿੰਘ ਦੀਆਂ ਡਾਇਰੀਆਂ ਦੇ ਆਧਾਰ 'ਤੇ ਮੜ੍ਹੀ ਦਾ ਦੀਵਾ, ਅਣਹੋਏ, ਰੇਤੇ ਦੀ ਇਕ ਮੁੱਠੀ, ਕੁਵੇਲਾ, ਅੱਧ ਚਾਨਣੀ ਰਾਤ, ਆਥਣ-ਉਗਣ, ਪਹੁ ਫੁਟਾਲੇ ਤੋਂ ਪਹਿਲਾਂ, ਅੰਨ੍ਹੇ ਘੋੜੇ ਦਾ ਦਾਨ, ਪਰਸਾ, ਆਹਣ ਸਮੇਤ ਉਹਨਾਂ ਛੋਟੇ-ਵੱਡੇ ਕੁੱਲ 19 ਨਾਵਲ ਲਿਖੇ, ਪਰ ਨਿੱਜੀ ਜ਼ਿੰਦਗੀ ਦੇ ਰੁਝੇਵਿਆਂ, ਬਿਮਾਰੀ ਅਤੇ ਸਮੇਂ-ਸਮੇਂ ਬਦਲਦੀ ਮਾਨਸਿਕਤਾ ਕਰਕੇ ਕਈ ਖਰੜੇ ਅਧੂਰੇ ਛੱਡ ਕੇ ਨਵੇਂ ਨਾਵਲ ਨੂੰ ਲਿਖਣ ਬੈਠਣ ਦੀ ਆਦਤ ਕਾਰਨ ਇਹਨਾਂ ਨਾਵਲਾਂ ਦੇ ਖਰੜੇ ਜਾਂ ਗੁਆਚ ਗਏ ਜਾਂ ਉਹਨਾਂ ਦੇ ਚੇਤੇ ਤੋਂ ਓਝਲ ਹੋ ਗਏ। ਹੁਣ ਇਹਨਾਂ ਖਰੜਿਆਂ ਵਿੱਚੋਂ ਸ਼ਕੁੰਤਲਾ (1953) (ਅਧੂਰਾ), ਲਾਸ਼, ਨੂਰਾਂ, ਰੰਗੀ, ਦੇਵਾ (1978), ਨਾਵਲ ਆਹਣ ਦਾ ਬੀਜ ਰੂਪ ਇਹੋ ਨਾਵਲ ਹੈ ਭਾਵੇਂ ਆਹਣ (ਭਾਗ ਪਹਿਲਾ) ਇਸ ਨਾਲ ਆਂਸ਼ਿਕ ਤੌਰ 'ਤੇ ਹੀ ਮੇਲ ਖਾਂਦਾ ਹੈ। ਉਹਨਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਲਗਾਤਾਰ ਦੇ ਪਰਵਾਰਕ ਝਗੜੇ ਅਤੇ ਮਾੜੀ ਸਿਹਤ ਕਾਰਨ ਆਹਣ (ਭਾਗ ਦੂਜਾ) ਅਧੂਰਾ ਅਤੇ ਅਪ੍ਰਕਾਸ਼ਿਤ ਰਹਿ ਗਏ।

ਨਾਟਕਕਾਰ ਗੁਰਦਿਆਲ ਸਿੰਘ ਆਰੰਭਲੇ ਦੌਰ ਵਿੱਚ ਇਕਾਂਗੀਕਾਰ ਸੀ। ਉਸ ਦੇ ਅਪ੍ਰਕਾਸ਼ਿਤ ਇਕਾਂਗੀ 'ਇੱਕ ਸੀ ਕੁੜੀ' (1946) ਅਤੇ 'ਦੋਸਤੀ' (1952) ਦੇ ਆਧਾਰ 'ਤੇ ਕਹਿ ਸਕਦੇ ਹਾਂ ਕਿ ਉਸ ਦੀਆਂ ਕਹਾਣੀਆਂ ਅਤੇ ਨਾਵਲਾਂ ਦੇ ਸੰਵਾਦ ਦੀ ਸ਼ੈਲੀ ਅੰਦਰ ਨਾਟਕੀ ਅੰਸ਼ਾਂ ਦੀ ਭਰਮਾਰ ਉਸ ਦੇ ਮੁੱਢਲੇ ਦੌਰ 'ਚ ਇਕਾਂਗੀਕਾਰ ਹੋਣ ਕਰਕੇ ਹੀ ਹੈ।

ਨਾਟਕਾਂ ਵੱਲ ਗੁਰਦਿਆਲ ਸਿੰਘ ਦੀ ਰੁਚੀ ਹੋਣ ਦਾ ਇੱਕ ਕਾਰਨ, ਅਚਨਚੇਤ ਵਾਪਰੀ ਇੱਕ ਘਟਨਾ ਹੈ। ਇੱਕ ਦਿਨ ਉਸ ਦੇ ਦੋ ਮਿੱਤਰ (ਪ੍ਰੋ. ਟੀ.ਆਰ. ਵਿਨੋਦ ਤੇ ਪ੍ਰੋ. ਪ੍ਰੇਮ ਪਾਲੀ) ਕਹਿਣ ਲੱਗੇ, 'ਅਸੀਂ ਤੇਰੀ ਨਵੀਂ ਛਪੀ ਕਹਾਣੀ ਦਾ ਨਾਟਕ ਬਣਾ ਕੇ ਕਾਲਜ ਵਿੱਚ ਖਿਡਾਉਣਾ ਹੈ। ਇਸ ਕਹਾਣੀ ਉੱਤੇ ਆਧਾਰਤ ਇਕਾਂਗੀ ਲਿਖ ਦੇ।' ਬਹੁਤ ਚਿਰ ਤੋਂ ਉਸ ਦੀ ਨਾਟਕਾਂ ਵਿੱਚ ਦਿਲਚਸਪੀ ਸੀ, ਪਰ ਨਾਟਕ ਦੀਆਂ 'ਤਕਨੀਕੀ ਬਰੀਕੀਆਂ' ਬਾਰੇ ਉਹ ਲੱਗਭੱਗ ਅਣਜਾਣ ਸੀ। ਉਹਨਾਂ ਮਿੱਤਰਾਂ ਦੀ ਦੱਸੀ ਕਹਾਣੀ ਉੱਤੇ ਆਧਾਰਤ ਉਸ ਨੇ ਇਕਾਂਗੀ ਲਿਖ ਦਿੱਤਾ। ਜਦੋਂ ਇਹ ਨਾਟਕ ਯੂਨੀਵਰਸਿਟੀ ਦੇ ਨਾਟਕ-ਮੁਕਾਬਲਿਆਂ ਵਿੱਚ ਪਹਿਲੇ ਨੰਬਰ 'ਤੇ ਆਇਆ। ਇਹ ਇਕਾਂਗੀ ਮਗਰੋਂ 'ਨਿੱਕੀ ਮੋਟੀ ਗੱਲ' ਦੇ ਨਾਂਅ ਹੇਠ ਛਪਿਆ। ਕੁਝ ਚਿਰ ਮਗਰੋਂ ਉਸ ਨੇ ਇੱਕ ਇਕਾਂਗੀ ਹੋਰ ਲਿਖਿਆ- 'ਵਿਦਾਇਗੀ ਤੋਂ ਪਿੱਛੋਂ'। ਇਹ ਪਹਿਲੀ ਵਾਰ 'ਦ੍ਰਿਸ਼ਟੀ' ਰਸਾਲੇ ਵਿੱਚ ਛਪਿਆ। ਤੇ ਇਸ ਪਿੱਛੋਂ ਤੀਸਰਾ ਇਕਾਂਗੀ, ਸੂਰਜ ਦੀ ਉਡੀਕ ਵੀ ਤ੍ਰੈ-ਮਾਸਿਕ ਸਿਰਜਣਾ ਵਿੱਚ ਛਪਿਆ। ਉਹਨਾਂ ਰਸਾਲਿਆਂ ਵਿੱਚੋਂ ਲੈ ਕੇ ਹੀ, ਇਹ ਪੰਜਾਬ ਦੀਆਂ ਕਈ ਨਾਟਕ-ਮੰਡਲੀਆਂ ਨੇ ਕਈ-ਕਈ ਵਾਰ ਖੇਡੇ। ਉਸ ਪਿੱਛੋਂ ਆਪਣੇ ਦੋ ਨਾਵਲਾਂ-ਮੜ੍ਹੀ ਦਾ ਦੀਵਾ ਤੇ ਅੱਧ ਚਾਨਣੀ ਰਾਤ ਉੱਤੇ ਆਧਾਰਤ ਦੋ ਪੂਰੇ ਨਾਟਕ ਵੀ ਗੁਰਦਿਆਲ ਸਿੰਘ ਨੇ ਲਿਖੇ। ਇਹ ਵੀ ਕਈ-ਕਈ ਵਾਰ ਖੇਡੇ ਗਏ। ਮੜ੍ਹੀ ਦਾ ਦੀਵਾ ਦਾ ਨਾਟਕੀ ਰੂਪ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਵੱਲੋਂ 1970 ਵਿੱਚ ਤਿਆਰ ਕੀਤਾ ਗਿਆ। ਨਾਟ-ਨਿਰਦੇਸ਼ਕ ਗੁਰਸ਼ਰਨ ਸਿੰਘ ਦੀ ਅਗਵਾਈ 'ਚ ਮੜ੍ਹੀ ਦਾ ਦੀਵਾ ਦਾ ਨਾਟਕੀ ਰੂਪਾਂਤਰਣ ਇੱਕ ਤਜਰਬੇ ਵਜੋਂ ਖੇਡਿਆ ਗਿਆ ਸੀ।

ਗੁਰਦਿਆਲ ਸਿੰਘ ਵੱਲੋਂ ਇਕਾਂਗੀ/ਨਾਟਕਾਂ ਦੇ ਰਫ ਖਰੜੇ ਵੀ ਪ੍ਰਾਪਤ ਹੋਏ ਮਿਲਦੇ ਹਨ, ਜੋ ਸ਼ਾਇਦ ਉਹਨਾਂ ਦੀ ਜਾਚ ਵਿੱਚ 'ਸੰਪੂਰਨ' ਨਹੀਂ ਸਨ। ਇਸ ਲਈ ਇੱਕ ਸੀ ਕੁੜੀ (1946), ਦੋਸਤੀ (1952), ਮੜ੍ਹੀ ਦਾ ਦੀਵਾ, ਪਿੰਡ ਦੀ ਸੱਥ 'ਚੋਂ (ਲੜੀਵਾਰ) ਸਿਰਲੇਖ ਅਧੀਨ ਲਿਖੀਆਂ ਇਕਾਂਗੀ/ਨਾਟਕ ਅੱਜ ਵੀ ਅਪ੍ਰਕਾਸ਼ਿਤ ਹਨ। ਫੀਚਰ ਫਿਲਮ ਲੇਖਨ ਦੇ ਖੇਤਰ ਵਿੱਚ ਗੁਰਦਿਆਲ ਸਿੰਘ ਨੇ ਮੜ੍ਹੀ ਦਾ ਦੀਵਾ ਦੇ ਡਾਇਲਾਗ ਲਿਖਣ ਦਾ ਤਜਰਬਾ ਕੀਤਾ। ਇੱਕ ਹੋਰ ਪੰਜਾਬੀ ਫਿਲਮ 'ਭਾਬੋ' ਦੇ ਡਾਇਲਾਗ ਵੀ ਉਹਨਾਂ ਲਿਖੇ, ਜੋ ਉਹਨਾਂ ਅਨੁਸਾਰ ਉਹਨਾਂ ਸਿਰਫ ਸੇਵਾ-ਫਲ ਲਈ ਹੀ ਲਿਖੇ। ਟੀ.ਵੀ. ਸੀਰੀਅਲ 'ਰੇਤੇ ਦੀ ਇੱਕ ਮੁੱਠੀ' ਦਾ ਟੀ.ਵੀ. ਰੂਪਾਂਤਰਨ ਅਤੇ ਡਾਇਲਾਗ ਵੀ ਉਹਨਾਂ ਸੁਰਿੰਦਰ ਸਿੰਘ ਦੀ ਸਹਾਇਤਾ ਨਾਲ ਲਿਖੇ। ਜਿਸ ਦਾ ਦੂਰਦਰਸ਼ਨ ਜਲੰਧਰ 'ਤੇ ਸਫਲਤਾਪੂਰਵਕ ਪ੍ਰਸਾਰਣ ਹੋਇਆ। ਹਰਜੀਤ ਸਿੰਘ ਦੀ ਨਿਰਦੇਸ਼ਨਾ ਵਿਚ ਅੱਧ ਚਾਨਣੀ ਰਾਤ, ਅਣਹੋਏ ਟੀ.ਵੀ. ਸੀਰੀਅਲ ਦੂਰਦਰਸ਼ਨ ਵੱਲੋਂ ਪ੍ਰਸਾਰਿਤ ਹੋਇਆ। ਉਹਨਾਂ ਦੀਆਂ ਕਈ ਕਹਾਣੀਆਂ ਅਤੇ ਨਾਵਲ ਪਰਸਾ ਦਾ ਟੀ.ਵੀ. ਸੀਰੀਅਲ ਵਜੋਂ ਵੀ ਰੂਪਾਂਤਰਣ ਕੀਤਾ ਜਾ ਚੁੱਕਾ ਹੈ। ਸੁਰਿੰਦਰ ਸਿੰਘ ਦੀ ਨਿਰਦੇਸ਼ਨਾ ਵਿਚ ਫ਼ਿਲਮ ਮੜ੍ਹੀ ਦਾ ਦੀਵਾ ਅਤੇ ਗੁਰਵਿੰਦਰ ਸਿੰਘ ਦੀ ਨਿਰਦੇਸ਼ਨਾ ਵਿਚ ਫ਼ਿਲਮ ਅੰਨ੍ਹੇ ਘੋੜੇ ਦਾ ਦਾਨ ਅਤੇ ਅੱਧ ਚਾਨਣੀ ਰਾਤ ਪੰਜਾਬੀ ਹੀ ਨਹੀਂ, ਭਾਰਤੀ ਸਿਨੇਮਾ ਦੀਆਂ ਸ਼ਾਨਦਾਰ ਪ੍ਰਾਪਤੀਆਂ ਹਨ।

ਵਾਰਤਕਕਾਰ ਗੁਰਦਿਆਲ ਸਿੰਘ ਦੇ ਨਿਬੰਧਾਂ ਦਾ 'ਵਿਚਾਰਧਾਰਕ ਧੁਰਾ' ਅਤੇ 'ਧੁਨੀ' ਮਨੁੱਖ ਦੇ ਰਹਿਣ ਯੋਗ ਸਮਾਜ ਦੀ ਸਿਰਜਣਾ ਦਾ ਆਹਰ ਹੈ। ਜਦ ਬਰਜਿੰਦਰ ਸਿੰਘ ਹਮਦਰਦ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਸਨ ਤਾਂ ਉਨ੍ਹਾਂ ਦੇ ਜ਼ੋਰ ਪਾਉਣ 'ਤੇ ਗੁਰਦਿਆਲ ਸਿੰਘ ਨੇ ਪਹਿਲੇ ਲੇਖ ਉਨ੍ਹਾਂ ਲਈ ਲਿਖੇ। ਲੰਬਾ ਸਮਾਂ ਅਜੀਤ ਲਈ ਉਹ ਲੱਗਭੱਗ ਹਰ ਹਫ਼ਤੇ ਲੇਖ ਲਿਖਦੇ ਰਹੇ। ਸਮਕਾਲੀ ਸਮਾਜ ਵਿੱਚ ਨਿੱਤ ਪ੍ਰਤੀ ਦਾ ਜੀਵਨ ਜਿਉਂਦੇ ਜਿਨ੍ਹਾਂ ਸਮੱਸਿਆਵਾਂ ਦੇ ਨਾਲ ਅਸੀਂ ਰੂਬਰੂ ਹੁੰਦੇ ਹਾਂ ਤੇ ਕੁਝ ਪਲਾਂ ਲਈ ਬੇਚੈਨੀ ਦਾ ਆਲਮ ਹੰਢਾਉਂਦੇ ਹਾਂ, ਜ਼ਿੰਦਗੀ ਦੇ ਰੁਝੇਵਿਆਂ ਵਿੱਚ ਕੁਸੈਲੇ ਜਿਹੇ ਅਨੁਭਵਾਂ ਦੀ ਘੁੱਟ ਭਰ ਕੇ ਵਿਸਾਰ ਵੀ ਦਿੰਦੇ ਹਾਂ। ਗੁਰਦਿਆਲ ਸਿੰਘ ਚੇਤੰਨ ਬੁੱਧ ਲੇਖਕ ਤੇ ਸੁਹਿਰਦ ਚਿੰਤਕ ਵਜੋਂ ਆਪਣੇ ਲੇਖਾਂ ਵਿਚ ਉਹਨਾਂ ਸਮੱਸਿਆਵਾਂ ਦੇ ਅਸਲ ਕਾਰਨਾਂ ਦੀ ਪਛਾਣ ਵੀ ਕਰਦਾ ਹੈ ਤੇ ਇਨ੍ਹਾਂ ਦੇ ਯੋਗ ਹੱਲ ਲੱਭਣ ਲਈ ਸਮਾਜ ਦੀਆਂ 'ਜ਼ਿੰਮੇਵਾਰ ਧਿਰਾਂ' ਨੂੰ ਸੁਚੇਤ ਹੋਣ ਲਈ ਵੀ ਕਹਿੰਦਾ ਹੈ। ਪੰਜਾਬ ਦੇ ਮੇਲੇ ਤੇ ਤਿਉਹਾਰ (1986), ਲੇਖਕ ਦਾ ਅਨੁਭਵ ਤੇ ਸਿਰਜਣ-ਪ੍ਰਕਿਰਿਆ (1995) ਵਾਰਤਕ ਪੁਸਤਕਾਂ ਤੋਂ ਇਲਾਵਾ ਦੁਖੀਆ ਦਾਸ ਕਬੀਰ ਹੈ (1996), ਸਤਜੁਗ ਦੇ ਆਉਣ ਤੱਕ (2002), ਡਗਮਗ ਛਾਡਿ ਰੇ ਮਨ ਬਾਉਰਾ (2004), ਬੇੜਾ ਬੰਧਿ ਨ ਸਕਿਓ (2014) ਉਹਨਾਂ ਦੇ ਪ੍ਰਸਿੱਧ ਨਿਬੰਧ ਸੰਗ੍ਰਹਿ ਹਨ।

ਗੁਰਦਿਆਲ ਸਿੰਘ ਦੀ ਸਵੈ-ਜੀਵਨੀ ਨਿਆਣ-ਮੱਤੀਆਂ ਅਤੇ ਦੂਜੀ ਦੇਹੀ ਵਿੱਚ ਉਸ ਸਮੇਂ ਦੇ ਲੋਕਾਂ ਦੇ ਜੀਵਨ ਦਾ ਸਮਾਜਿਕ, ਆਰਥਿਕ ਪੱਖ ਬੜੇ ਸੁਚੱਜੇ ਅਤੇ ਸਮਾਜ-ਸ਼ਾਸਤਰੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸ ਵਿੱਚ ਉਸ ਸਮੇਂ ਦੇ ਸਮਾਜਿਕ ਜੀਵਨ ਭਲੀ-ਭਾਂਤ ਦਿਖਦਾ ਹੈ। ਕਿਸੇ ਲੇਖਕ ਦੇ ਨਿੱਜੀ ਜੀਵਨ ਅਤੇ ਉਹ ਕਿਹੋ ਜਿਹੇ ਵਾਤਾਵਰਣ ਵਿੱਚ ਜੰਮਿਆ-ਪਲਿਆ ਤੇ ਵੱਡਾ ਹੋਇਆ, ਉਸ ਉੱਤੇ ਕਿਹੜੇ ਪ੍ਰਭਾਵ ਪਏ, ਆਦਿ ਬਾਰੇ ਜਾਣਕਾਰੀ ਹਾਸਲ ਕਰ ਲੈਣ ਤੋਂ ਬਾਅਦ ਹੀ ਉਸ ਦੀਆਂ ਸਿਰਜਣਾਵਾਂ ਦਾ ਸਹੀ ਮੁਲਾਂਕਣ ਕੀਤਾ ਜਾ ਸਕਦਾ ਹੈ। ਇਸ ਪੱਖੋਂ 'ਜੀਵਨ ਤੇ ਸਾਹਿਤ' ਦੀ ਅਤਿਅੰਤ ਮਹੱਤਵਪੂਰਨ ਪੁਸਤਕ ਹੈ।

'ਲੈਨਿਨ ਤੇ ਹਿਟਲਰ ਦੇ ਦੇਸ਼ ਵਿੱਚ' ਸਿਰਲੇਖ ਅਧੀਨ ਪ੍ਰਕਾਸ਼ਿਤ ਉਸ ਦੇ ਸਫਰਨਾਮੇ ਵਿੱਚ ਵੀ ਇਹੋ ਦ੍ਰਿਸ਼ਟੀਕੋਣ ਅਪਣਾਇਆ ਗਿਆ ਹੈ। ਪੂਰੇ ਸਫਰ ਦੌਰਾਨ ਉਹ ਉੱਥੋਂ ਦੇ ਨਾਗਰਿਕਾਂ ਦੇ ਵਰਤ-ਵਰਤਾਰੇ ਨੂੰ ਦੇਖਦਾ-ਮਾਣਦਾ ਹੀ ਨਹੀਂ, ਨਾਲ-ਨਾਲ ਨਿਰੀਖਣ ਵੀ ਕਰਦਾ ਜਾਂਦਾ ਹੈ। ਗੁਰਦਿਆਲ ਸਿੰਘ ਦੇ ਸਫਰ ਦੇ ਵੇਰਵਿਆਂ ਤੋਂ ਵੱਧ ਇਸ ਸਫਰਨਾਮੇ ਦੀ ਮਹੱਤਤਾ ਉਹਨਾਂ ਦੇਸ਼ਾਂ ਦੇ ਪੇਸ਼ ਵੇਰਵਿਆਂ ਦੇ ਸਮਾਜ-ਸ਼ਾਸਤਰੀ ਪੱਖ ਕਾਰਨ ਵੀ ਵੱਧ ਹੈ।

ਇਹਨਾਂ ਤੋਂ ਇਲਾਵਾ ਗੁਰਦਿਆਲ ਸਿੰਘ ਵੱਲੋਂ ਆਪਣੇ ਸਫਰ ਦੇ ਵੇਰਵਿਆਂ ਦਾ ਅਪ੍ਰਕਾਸ਼ਿਤ ਰੂਪ ਬੰਬਈ ਸ਼ਹਿਰ (ਰੋਜ਼ਾਨਾ ਅਜੀਤ ਵਿੱਚ ਲੜੀਵਾਰ ਪ੍ਰਕਾਸ਼ਿਤ), ਰੂਸ ਯਾਤਰਾ, ਜਰਮਨੀ ਦਾ ਪੁਸਤਕ ਮੇਲਾ ਆਦਿ ਅੱਜ ਵੀ ਅਪ੍ਰਕਾਸ਼ਿਤ ਹੈ।

ਮੁੱਢਲੀ ਜ਼ਿੰਦਗੀ ਦੇ ਹਵਾਲਿਆਂ ਤੋਂ ਹੀ ਗੁਰਦਿਆਲ ਸਿੰਘ ਦੀ ਸਥਿਤੀ ਸਪੱਸ਼ਟ ਹੈ ਕਿ ਚਾਲੀਵਿਆਂ ਅਤੇ ਪੰਜਾਹਵਿਆਂ ਵਿੱਚ ਉਸ ਦੀ ਸਿਹਤ ਅਤੇ ਆਰਥਿਕ ਸਥਿਤੀ ਬਹੁਤ ਮੰਦੀ ਸੀ। ਤਪਦਿਕ ਅਤੇ ਕਰਜ਼ਾ, ਪਰਵਾਰਕ ਜ਼ਿੰਮੇਵਾਰੀਆਂ ਅਤੇ ਸਾਹਿਤ ਪੜ੍ਹਨ ਦੀ ਚੇਟਕ, ਉਪਜੀਵਿਕਾ ਲਈ ਕਾਰੀਗਰੀ/ਨੌਕਰੀ ਅਤੇ ਪੜ੍ਹਾਈ ਆਦਿ ਵਿਰੋਧੀ ਸਥਿਤੀਆਂ ਸਨ, ਜੋ ਉਸ ਦੇ ਲਈ ਮਾਨਸਿਕ ਤੌਰ 'ਤੇ ਪਰੇਸ਼ਾਨੀ ਦਾ ਕਾਰਨ ਬਣੇ। ਨਾ-ਸਾਜ਼ਗਾਰ ਪ੍ਰਸਥਿਤੀਆਂ ਦੇ ਬਾਵਜੂਦ ਸਿਰੜ ਅਤੇ ਮਿਹਨਤ ਉਸ ਨੂੰ ਅੱਗੇ ਵਧਣ ਲਈ ਪ੍ਰੇਰਦੇ ਰਹੇ।

ਸੱਤਰਵਿਆਂ ਵਿੱਚ ਉਹ ਘੋਰ ਨਿਰਾਸ਼ਾ ਅਤੇ ਉਦਾਸੀ ਦਾ ਸ਼ਿਕਾਰ ਰਿਹਾ। ਹਰ ਥਾਂ ਵਿੱਦਿਆ, ਪਰਵਾਰਕ ਜ਼ਿੰਮੇਵਾਰੀਆਂ, ਨੌਕਰੀ, ਸਾਹਿਤ ਸਿਰਜਣਾ ਅਤੇ ਹੋਰ ਸਮਾਜਿਕ ਜ਼ਿੰਮੇਵਾਰੀਆਂ ਵਿੱਚ ਆਪਣੇ-ਆਪ ਨੂੰ 'ਲੇਟ' ਮਹਿਸੂਸ ਕਰਨ ਵਾਲੇ ਗੁਰਦਿਆਲ ਸਿੰਘ ਨੂੰ ਸਾਹਿਤ ਦੇ ਖੇਤਰ ਵਿੱਚ ਮੁੱਢਲੀਆਂ ਮੁਸ਼ਕਲਾਂ ਦੇ ਬਾਵਜੂਦ ਪਹਿਲਾਂ ਬਾਲ-ਸਾਹਿਤਕਾਰ, ਫਿਰ ਕਹਾਣੀਕਾਰ ਅਤੇ ਸਭ ਤੋਂ ਵੱਧ ਨਾਵਲਕਾਰ ਵਜੋਂ ਸਫਲਤਾ ਅਤੇ ਪ੍ਰਸਿੱਧੀ ਹਾਸਲ ਹੋਈ। 'ਇੱਕ ਵੀ ਸ਼ਬਦ ਫਾਲਤੂ ਨਾ ਲਿਖਣ ਜਾਂ ਛਾਪਣ' ਲਈ ਦ੍ਰਿੜ੍ਹ ਗੁਰਦਿਆਲ ਸਿੰਘ ਵੱਲੋਂ ਇੱਕੋ ਹੀ ਰਚਨਾ ਦੇ ਚਾਰ-ਚਾਰ, ਪੰਜ-ਪੰਜ ਹੱਥ-ਲਿਖਤ ਖਰੜੇ ਪ੍ਰਾਪਤ ਹੋਣਾ ਇਸ ਗੱਲ ਦਾ ਸਬੂਤ ਹਨ ਕਿ ਉਸ ਨੇ ਕਿਸੇ ਇੱਕ ਰਚਨਾ ਉੱਪਰ ਸਮਾਂ ਹੀ ਨਹੀਂ, ਸਿਰਜਣਾਤਮਕ ਮੁਸ਼ੱਕਤ ਦੀ ਵੀ ਕੋਈ ਕਸਰ ਨਹੀਂ ਰਹਿਣ ਦਿੱਤੀ। ਭਰਪੂਰ ਮਾਤਰਾ ਵਿੱਚ ਅਨੁਵਾਦ ਕਰਨ ਅਤੇ ਸਾਹਿਤ ਸਿਰਜਣ ਦੇ ਬਾਵਜੂਦ ਗੁਰਦਿਆਲ ਸਿੰਘ ਅਕਸਰ 'ਸਮੇਂ ਦੀ ਕਮੀ' ਕਾਰਨ ਘੱਟ ਲਿਖ ਸਕਣ ਦਾ ਝੋਰਾ ਕਰਦਾ ਰਿਹਾ। ਆਪਣੇ ਵੱਲੋਂ ਕੀਤੇ ਕੰਮ ਤੋਂ ਉਹ ਸੰਤੁਸ਼ਟ ਸੀ, ਪਰ ਅਧੂਰੇ ਰਹਿ ਗਏ ਪ੍ਰੋਜੈਕਟਾਂ ਦਾ ਅਕਸਰ ਝੋਰਾ ਕਰਦਾ। ਉਹ ਅਕਸਰ ਕਹਿੰਦਾ, 'ਜੇ ਮੇਰੇ ਕੋਲ ਹੋਰ ਚੰਗੀ ਸਿਹਤ ਅਤੇ ਮਜ਼ਬੂਤ ਆਰਥਿਕ ਸਥਿਤੀ ਹੁੰਦੀ ਤਾਂ ਮੈਂ ਕਿਸੇ ਨੌਕਰੀ ਤੇ 'ਸਮਾਂ ਅਜਾਈਂ ਗਵਾਉਣ' ਦੀ ਥਾਂ ਰੱਜ ਕੇ ਪੜ੍ਹਦਾ ਤੇ ਖੂਬ ਮਿਹਨਤ ਨਾਲ ਮਨ ਆਇਆ ਲਿਖਦਾ। ਸਿਰਫ ਪੜ੍ਹਦਾ ਤੇ ਲਿਖਦਾ, ਰੱਜ ਕੇ ਪੜ੍ਹਦਾ।'

ਨਿਰਸੰਦੇਹ ਗੁਰਦਿਆਲ ਸਿੰਘ ਪੰਜਾਬੀ ਦਾ ਸਰਬਾਂਗੀ ਸਾਹਿਤਕਾਰ ਹੈ। ਪੰਜਾਬੀ ਸਾਹਿਤ ਦੀ ਝੋਲੀ ਉਸ ਦੀ ਮਾਰਫ਼ਤ ਹੀ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ, ਪਦਮਸ੍ਰੀ ਅਤੇ ਗਿਆਨਪੀਠ ਵਰਗੇ ਵਕਾਰੀ ਸਨਮਾਨ ਪਏ ਹਨ।

*ਸੰਪਰਕ : 98149-31880*